20-APRIL-PAGE-1.qxd 4/19/2025 11:02 PM Page 1

ਐਤਵਾਰ, 20 ਅਪ੍ਰੈਲ, 2025
8 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 319

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 20 APRIL, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

## ਟਰੰਪ ਨਾਲ ਜੱਫੀਆਂ ਪਾ ਕੇ ਗੱਲ ਨਹੀਂ ਬਣਨੀ : ਰਾਹੁਲ



**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਕਿਹਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਜੱਫੀਆਂ ਪਾਉਣ ਨਾਲ ਅਮਰੀਕਾ ਵੱਲੋਂ ਵਧਾਏ ਟੈਰਿਫ ਨਾਲ ਪੈਦਾ ਆਰਥਕ ਸੰਕਟ ਨਾਲ ਸਿੱਝਣ ਵਿੱਚ ਕੋਈ ਫਾਇਦਾ ਨਹੀਂ ਹੋਣਾ।

ਦਿੱਲੀ ਕਾਂਗਰਸ ਦੇ ਆਗੂ ਸੰਦੀਪ ਦੀਕਸ਼ਤ ਨਾਲ ਸੰਵਾਦ ਦੌਰਾਨ ਰਾਹੁਲ ਨੇ ਕਿਹਾ ਕਿ ਭਾਰਤ ਇਸ ਵੇਲੇ ਸੱਚਾਈ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ। ਸੱਚਾਈ ਦਾ ਸਾਹਮਣਾ ਜਿਗਰੇ ਨਾਲ ਕਰਨਾ ਪੈਣਾ।

ਦੇਸ਼ ਵਿੱਚ ਵੱਡੀ ਪੱਧਰ 'ਤੇ ਬੇਰੁਜ਼ਗਾਰੀ ਹੈ, ਸਮੁੱਚਾ ਆਰਥਕ ਸਿਸਟਮ ਫੇਲ੍ਹ ਹੋ ਚੁੱਕਾ ਹੈ। ਅਮਰੀਕੀ ਟੈਰਿਫ ਨੇ ਗੰਭੀਰ ਆਰਥਕ ਸਿੱਟੇ ਕੱਢਣੇ ਹਨ। ਮੋਦੀ ਦੀਆਂ ਟਰੰਪ ਨਾਲ ਜੱਫੀਆਂ ਨਾਲ ਗੱਲ ਨਹੀਂ ਬਣਨੀ। ਉਹ ਸਿਰ ਝੁਕਾ ਕੇ ਅਮਰੀਕਾ ਤੋਂ ਪਰਤੇ। ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਤੇ ਇੰਦਰਾ ਗਾਂਧੀ ਨੇ ਇੰਜ ਨਹੀਂ ਸੀ ਕਰਨਾ।

ਕਾਂਗਰਸ ਵੱਲੋਂ ਸੋਸ਼ਲ ਮੀਡੀਆ 'ਤੇ ਸਾਂਝੇ ਕੀਤੇ ਗਏ ਸੰਵਾਦ ਵਿੱਚ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਰਾਹੁਲ 'ਤੇ ਪ੍ਰਭਾਵ ਝਲਕਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਰਾਹੁਲ ਨੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਆਪੋਜ਼ੀਸ਼ਨ ਦੇ ਆਗੂ ਵਜੋਂ ਲੋਕ ਸਭਾ ਵਿੱਚ ਕਹੀ ਇਸ ਗੱਲ ਨੂੰ ਦੁਹਰਾਇਆ ਕਿ ਭਾਰਤ ਵਿੱਚ ਦੋ ਧਾਰਮਕ ਫਲਸਫੇ ਹਨ। ਸ਼ੈਵ ਫਲਸਫਾ ਪੂਰੀ ਤਰ੍ਹਾਂ ਜਮਹੂਰੀ ਹੈ। ਗੁਰੂ ਨਾਨਕ ਤੇ ਕਬੀਰ ਪੂਰੀ ਤਰ੍ਹਾਂ ਜਮਹੂਰੀ ਸਨ। ਉਹ ਜਾਤ ਸਿਸਟਮ ਵਿੱਚ ਵਿਸ਼ਵਾਸ ਨਹੀਂ ਕਰਦੇ। ਮਹਾਤਮਾ ਗਾਂਧੀ ਤੇ ਅੰਬੇਡਕਰ ਉਨ੍ਹਾਂ ਦੀ ਧਾਰਾ ਦੇ ਸਨ। ਨਹਿਰੂ ਵੀ ਉਨ੍ਹਾਂ ਦੀ ਧਾਰਾ ਦੇ ਸਨ। ਆਪਣੇ ਨੁਕਤੇ ਨੂੰ ਵਿਸਥਾਰ ਦਿੰਦਿਆਂ ਰਾਹੁਲ ਨੇ ਕਿਹਾ ਕਿ ਆਰ ਐੱਸ ਐੱਸ ਦੇ ਤਹਿਤ ਸਿਰਫ ਅਦਾਰਿਆਂ ਨੂੰ ਹੀ ਸੰਕਟ ਦਰਪੇਸ਼ ਨਹੀਂ। ਸਾਡੇ ਸੰਵਿਧਾਨ ਵਿਚਲੇ ਵਿਚਾਰ ਤਿੰਨ ਹਜ਼ਾਰ ਸਾਲ ਪੁਰਾਣੇ ਹਨ। ਸੰਵਿਧਾਨ ਦੀ ਕਿਤਾਬ ਹੀ ਹਮਲੇ ਹੇਠ ਨਹੀਂ। ਉਹ ਫਲਸਫੇ ਹਮਲੇ ਹੇਠ ਹਨ, ਜਿਹੜੇ ਆਰ ਐੱਸ ਐੱਸ ਨੂੰ ਸੂਤ ਨਹੀਂ ਬੈਠਦੇ। ਮਹਾਤਮਾ ਗਾਂਧੀ ਦਾ ਕਤਲ ਇਸ ਕਰਕੇ ਕੀਤਾ ਗਿਆ, ਕਿਉਂਕਿ ਉਹ ਭਾਰਤੀ ਫਲਸਫਾਈ ਰਵਾਇਤ ਦੀ ਰਾਖੀ ਕਰ ਰਹੇ ਸਨ।

ਰਾਹੁਲ ਨੇ ਅੱਗੇ ਕਿਹਾ—ਅੱਜਕੱਲ੍ਹ ਲੋਕ ਸੱਚ ਨਹੀਂ ਸੁਣਨਾ ਚਾਹੁੰਦੇ, ਪਰ ਕਿਸੇ ਨੂੰ ਤਾਂ ਦੱਸਣਾ ਪੈਣਾ। ਮੈਂ ਬਿਨਾਂ ਡਰ ਦੇ ਸੱਚਾਈ ਦੱਸ ਰਿਹਾ ਹਾਂ।

ਅੱਜ ਦੀ ਸਥਿਤੀ ਤੇ 90 ਸਾਲ ਪਹਿਲਾਂ ਦੀ ਸਥਿਤੀ ਦੀ ਤੁਲਨਾ ਕਰਦਿਆਂ ਰਾਹੁਲ ਨੇ ਕਿਹਾ ਕਿ ਉਦੋਂ ਅੰਗਰੇਜ਼ਾਂ ਅਤੇ ਮਹਾਰਾਜਿਆਂ ਤੇ ਉਨ੍ਹਾਂ ਦੇ ਅਹਿਲਕਾਰਾਂ ਤੇ ਫੌਜਾਂ ਵਿਚਾਲੇ ਭਾਈਵਾਲੀ ਸੀ। ਉਦੋਂ ਲੋਕ ਉਸੇ ਤਰ੍ਹਾਂ ਨਪੀੜੇ ਜਾ ਰਹੇ ਸਨ, ਜਿਵੇਂ ਅੱਜ ਅਡਾਨੀ, ਅੰਬਾਨੀ ਤੇ ਉਨ੍ਹਾਂ ਦੇ ਜੋਟੀਦਾਰਾਂ ਵੱਲੋਂ ਨਪੀੜੇ ਜਾ ਰਹੇ ਹਨ।

## ਕਾਫੀ ਅਸਲੇ ਸਣੇ 13 ਗ੍ਰਿਫ਼ਤਾਰ




**ਚੰਡੀਗੜ੍ਹ (ਗੁਰਜੀਤ ਬਿੱਲਾ)**-ਅੱਤਵਾਦੀਆਂ ਦੀ ਸਾਜ਼ਿਸ਼ ਨੂੰ ਨਾਕਾਮ ਕਰਦਿਆਂ ਪੁਲਸ ਨੇ ਪਾਕਿ ਖੁਫੀਆ ਏਜੰਸੀ ਆਈ ਐੱਸ ਆਈ ਤੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ ਕੇ ਆਈ) ਨਾਲ ਜੁੜੇ ਇੱਕ ਨਾਬਾਲਗ ਸਮੇਤ 13 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ ਹੈ। ਚਾਰ ਦਿਨਾਂ ਤੋਂ ਚੱਲ ਰਹੇ ਪੰਜਾਬ ਪੁਲਸ ਦੇ ਅਪ੍ਰੇਸ਼ਨ 'ਚ ਦੋ ਅੱਤਵਾਦੀ ਮਡਿਊਲ ਦਾ ਸਫਾਇਆ ਕੀਤਾ ਗਿਆ ਹੈ। ਪੁਲਸ ਦਾ ਦਾਅਵਾ ਹੈ ਕਿ ਇਨ੍ਹਾਂ ਦੇ ਨਿਸ਼ਾਨੇ 'ਤੇ ਥਾਣੇ ਅਤੇ ਪ੍ਰਮੁੱਖ ਲੋਕ ਸਨ। ਅੱਤਵਾਦੀਆਂ ਤੋਂ ਇਕ ਲਾਂਚਰ ਸਮੇਤ ਦੋ ਰਾਕੇਟ ਪ੍ਰੋਪੇਲਡ ਗ੍ਰਨੇਡ (ਆਰ ਪੀ ਜੀ), ਢਾਈ-ਢਾਈ ਕਿੱਲੋ ਦੀਆਂ ਦੋ ਇੰਪਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ ਈ ਡੀ), 2 ਗ੍ਰਨੇਡ, ਰਿਮੋਟ ਕੰਟਰੋਲ ਤੇ ਦੋ ਕਿੱਲੋ ਰਾਇਲਡ ਡਿਮੋਲਿਸ਼ਨ ਐਕਸਪਲੋਸਿਵ (ਆਰ ਡੀ ਈ), ਪੰਜ ਪਿਸਤੌਲ (ਬੇਰੇਟਾ ਤੇ ਗਲੌਕ), 6 ਮੈਗਜ਼ੀਨ, 44 ਕਾਰਤੂਸ, ਇਕ ਵਾਇਰਲੈੱਸ ਸੈੱਟ ਤੇ ਤਿੰਨ ਵਾਹਨ ਬਰਾਮਦ ਕੀਤੇ ਗਏ ਹਨ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਲੋਕ ਆਈ ਐੱਸ ਆਈ ਦੇ ਇਸ਼ਾਰੇ 'ਤੇ ਦੇਸ਼ ਵਿਰੋਧੀ ਗਤੀਵਿਧੀਆਂ 'ਚ ਸ਼ਾਮਲ ਸਨ। ਗ੍ਰਿਫਤਾਰ ਅੱਤਵਾਦੀਆਂ ਨੇ ਕਈ ਥਾਣਿਆਂ ਨੂੰ ਵੀ ਟਾਰਗੈੱਟ ਕਰਨਾ ਸੀ। ਜਲਦ ਸਾਰਿਆਂ ਨੂੰ ਅਦਾਲਤ 'ਚ ਪੇਸ਼ ਕਰ ਕੇ ਰਿਮਾਂਡ 'ਤੇ ਲਿਆ ਜਾਵੇਗਾ। ਯਾਦਵ ਨੇ ਦੱਸਿਆ ਕਿ ਪਹਿਲੇ ਮਡਿਊਲ ਨੂੰ ਫਰਾਂਸ ਰਹਿੰਦਾ ਸਤਨਾਮ ਸਿੰਘ ਉਰਫ ਸੱਤਾ ਤੇ ਦੂਜੇ ਨੂੰ ਯੂਨਾਨ ਰਹਿੰਦਾ ਜਸਵਿੰਦਰ ਉਰਫ ਮਨੂੰ ਅਗਵਾਨ ਚਲਾ ਰਿਹਾ ਸੀ। ਯਾਦਵ ਨੇ ਕਿਹਾ ਕਿ ਇਸ ਅਪ੍ਰੇਸ਼ਨ ਦੌਰਾਨ ਕਪੂਰਥਲਾ ਦੇ ਜਤਿੰਦਰ ਉਰਫ ਹਨੀ ਤੇ ਜਗਜੀਤ ਉਰਫ ਜੱਗਾ, ਹੁਸ਼ਿਆਰਪੁਰ ਦੇ ਜਗਰੂਰ ਤੇ ਹਰਪ੍ਰੀਤ ਨੂੰ ਫੜਿਆ ਗਿਆ, ਜਿਹੜੇ ਸੱਤਾ ਦੇ ਇਸ਼ਾਰੇ 'ਤੇ ਸਰਗਰਮੀ ਕਰ ਰਹੇ ਸਨ। ਇਨ੍ਹਾਂ ਖਿਲਾਫ ਗੈਰਕਾਨੂੰਨੀ ਸਰਗਰਮੀਆਂ ਰੋਕਥਾਮ ਕਾਨੂੰਨ (ਯੂ ਏ ਪੀ ਏ) ਤਹਿਤ ਅੰਮ੍ਰਿਤਸਰ ਵਿੱਚ ਕੇਸ ਦਰਜ ਕੀਤਾ ਗਿਆ ਹੈ। ਦੂਜੇ ਮਡਿਊਲ ਦੇ 9 ਜਣਿਆਂ ਖਿਲਾਫ ਯੂ ਏ ਪੀ ਏ ਤਹਿਤ ਬਟਾਲਾ ਵਿੱਚ ਕੇਸ ਦਰਜ ਕੀਤਾ ਗਿਆ ਹੈ।

## ਬਿਸ਼ਨੋਈ ਇੰਟਰਵਿਊ ਮਾਮਲੇ 'ਚ ਛੇ ਪੁਲਸਮੈਨਾਂ ਦਾ ਪੌਲੀਗ੍ਰਾਫ ਟੈਸਟ ਹੋਵੇਗਾ

**ਮੁਹਾਲੀ** : ਜੇਲ੍ਹ ਵਿੱਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਵਿਵਾਦ ਵਿੱਚ ਸਥਾਨਕ ਅਦਾਲਤ ਨੇ ਮਾਮਲੇ ਨਾਲ ਜੁੜੇ ਛੇ ਪੁਲਸ ਅਧਿਕਾਰੀਆਂ ਦਾ ਪੌਲੀਗ੍ਰਾਫ ਟੈਸਟ ਕਰਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਜਦੋਂ ਜੇਲ੍ਹ ਵਿੱਚ ਬੰਦ ਗੈਂਗਸਟਰ ਦੀ ਇੰਟਰਵਿਊ ਕੀਤੀ ਗਈ ਸੀ, ਤਾਂ ਇੱਕ ਏ ਐੱਸ ਆਈ ਅਤੇ ਪੰਜ ਕਾਂਸਟੇਬਲ ਕ੍ਰਾਈਮ ਇਨਵੈਸਟੀਗੇਸ਼ਨ ਏਜੰਸੀ (ਸੀ ਆਈ ਏ) ਮੁਹਾਲੀ ਵਿੱਚ ਤਾਇਨਾਤ ਸਨ।

ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ ਘਟਨਾ ਦੇ ਪਿੱਛੇ ਦੀ ਸੱਚਾਈ ਦਾ ਪਰਦਾ ਫਾਸ਼ ਕਰਨ ਲਈ ਪੌਲੀਗ੍ਰਾਫ ਟੈਸਟ ਲਈ ਅਦਾਲਤ ਦੀ ਪ੍ਰਵਾਨਗੀ ਮੰਗੀ ਸੀ। ਅਦਾਲਤ ਨੇ ਸੁਪਰੀਮ ਕੋਰਟ ਦੀਆਂ ਸੇਧਾਂ ਦਾ ਹਵਾਲਾ ਦਿੰਦਿਆਂ ਨੋਟ ਕੀਤਾ ਕਿ ਅਜਿਹੇ ਟੈਸਟਾਂ ਲਈ ਸੰਬੰਧਤ ਵਿਅਕਤੀਆਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਸੂਤਰਾਂ ਨੇ ਪੁਸ਼ਟੀ ਕੀਤੀ ਕਿ ਸਾਰੇ ਛੇ ਪੁਲਸਮੈਨਾਂ ਨੇ ਲਿਖਤੀ ਸਹਿਮਤੀ ਦੇ ਦਿੱਤੀ, ਜਿਸ ਕਾਰਨ ਅਦਾਲਤ ਦੀ ਮਨਜ਼ੂਰੀ ਮਿਲ ਗਈ। ਸਤੰਬਰ 2022 ਵਿੱਚ ਬਿਸ਼ਨੋਈ ਦੀ ਇੰਟਰਵਿਊ ਦੇ ਦੋ ਵੀਡੀਓ ਸਾਹਮਣੇ ਆਏ ਸਨ, ਜਿਨ੍ਹਾਂ ਵਿੱਚੋਂ ਇੱਕ ਮੁਹਾਲੀ ਦੇ ਖਰੜ ਸਥਿਤ ਸੀ ਆਈ ਏ ਦਫਤਰ ਵਿੱਚ ਰਿਕਾਰਡ ਕੀਤੀ ਗਈ ਸੀ ਅਤੇ ਦੂਜੀ ਰਾਜਸਥਾਨ ਵਿੱਚ ਹੋਈ ਸੀ। ਮਾਰਚ 2023 ਵਿੱਚ ਇੱਕ ਟੈਲੀਵਿਜ਼ਨ ਚੈਨਲ 'ਤੇ ਪ੍ਰਸਾਰਤ ਇੰਟਰਵਿਊਜ਼ ਨੇ ਵਿਆਪਕ ਵਿਵਾਦ ਪੈਦਾ ਕਰ ਦਿੱਤਾ ਅਤੇ ਪੁਲਸ ਦੀਆਂ ਅੰਦਰੂਨੀ ਖਾਮੀਆਂ ਬਾਰੇ ਸਵਾਲ ਖੜ੍ਹੇ ਕੀਤੇ। ਪੌਲੀਗ੍ਰਾਫ ਟੈਸਟਾਂ ਦਾ ਉਦੇਸ਼ ਇਹ ਪਤਾ ਲਾਉਣਾ ਹੈ ਕਿ ਇੱਕ ਕੈਮਰਾ, ਇੱਕ ਪੱਤਰਕਾਰ ਅਤੇ ਸਵਾਲ ਬਿਸ਼ਨੋਈ ਤੱਕ ਕਿਵੇਂ ਪਹੁੰਚੇ, ਜੋ ਉਸ ਸਮੇਂ ਪੁਲਸ ਹਿਰਾਸਤ ਵਿੱਚ ਸੀ।

ਪੁਲਸ ਵਿਭਾਗ ਦੇ ਅੰਦਰ ਸੰਭਾਵਤ ਮਿਲੀਭੁਗਤ ਦੇ ਦੋਸ਼ਾਂ ਦੇ ਵਿਚਕਾਰ ਜਾਂਚ ਨੂੰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਟੈਸਟਾਂ ਦੇ ਨਤੀਜੇ ਵੱਲੋਂ ਮਾਮਲੇ ਦੀ ਦਿਸ਼ਾ ਤੈਅ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਉਮੀਦ ਹੈ, ਜਿਸ ਨੇ ਪੰਜਾਬ ਪੁਲਸ ਦੀ ਭਰੋਸੇਯੋਗਤਾ ਨੂੰ ਸਵਾਲਾਂ ਦੇ ਘੇਰੇ ਵਿੱਚ ਪਾ ਦਿੱਤਾ ਹੈ। ਇਸ ਸਾਲ ਦੇ ਸ਼ੁਰੂ ਵਿੱਚ 2 ਜਨਵਰੀ ਨੂੰ ਪੰਜਾਬ ਸਰਕਾਰ ਨੇ ਡੀ ਐੱਸ ਪੀ ਗੁਰਸ਼ੇਰ ਸਿੰਘ ਸੰਧੂ ਨੂੰ ਸੀ ਆਈ ਏ ਖਰੜ ਵਿੱਚ ਹਿਰਾਸਤ 'ਚ ਇੱਕ ਟੀ ਵੀ ਚੈਨਲ ਦੁਆਰਾ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਇੰਟਰਵਿਊ ਦੀ ਰਿਕਾਰਡਿੰਗ ਦੀ ਸਹੂਲਤ ਦੇਣ ਦੇ ਦੋਸ਼ ਵਿੱਚ ਬਰਖਾਸਤ ਕਰ ਦਿੱਤਾ ਸੀ। ਬਰਖਾਸਤਗੀ ਦਾ ਹੁਕਮ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਗੁਰਕੀਰਤ ਕਿਰਪਾਲ ਸਿੰਘ ਦੁਆਰਾ ਜਾਰੀ ਕੀਤਾ ਗਿਆ ਸੀ।

ਸਰਕਾਰ ਨੇ 25 ਅਕਤੂਬਰ, 2024 ਤੋਂ ਮੁਅੱਤਲ ਕੀਤੇ ਗਏ ਡੀ ਐੱਸ ਪੀ ਨੂੰ ਬਰਖਾਸਤ ਕਰਨ ਲਈ ਸੰਵਿਧਾਨ ਦੀ ਧਾਰਾ 311 ਦੀ ਵਰਤੋਂ ਕੀਤੀ ਸੀ। ਆਦੇਸ਼ ਵਿੱਚ ਕਿਹਾ ਗਿਆ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੁਆਰਾ ਗਠਿਤ ਐੱਸ ਆਈ ਟੀ ਨੇ ਇਹ ਸਿੱਟਾ ਕੱਢਿਆ ਕਿ ਸੰਧੂ ਨੇ 'ਇੱਕ ਟੀ ਵੀ ਚੈਨਲ ਦੁਆਰਾ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੀ ਰਿਕਾਰਡਿੰਗ ਦੀ ਸਹੂਲਤ ਦਿੱਤੀ ਸੀ, ਜਦੋਂ ਉਹ ਸੀ ਆਈ ਏ ਖਰੜ ਦੀ ਹਿਰਾਸਤ ਵਿੱਚ ਸੀ।'

## ਸਾਲ ਦੇ ਅਖੀਰ 'ਚ ਭਾਰਤ ਦਾ ਗੇੜਾ ਮਾਰਾਂਗਾ : ਮਸਕ

ਨਵੀਂ ਦਿੱਲੀ : ਟੈਸਲਾ ਦੇ ਮਾਲਕ ਐਲੋਨ ਮਸਕ, ਜੋ ਕਿ ਅਮਰੀਕੀ ਪ੍ਰਸ਼ਾਸਨ ਵਿੱਚ ਮਜ਼ਬੂਤ ਪ੍ਰਭਾਵ ਵਾਲੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ, ਨੇ ਸਨਿੱਚਰਵਾਰ ਐਲਾਨ ਕੀਤਾ ਕਿ ਉਹ ਇਸ ਸਾਲ ਦੇ ਅੰਤ ਵਿੱਚ ਭਾਰਤ ਆਉਣਗੇ। ਉਨ੍ਹਾ 'ਐੱਕਸ' ਉੱਤੇ ਪਾਈ ਪੋਸਟ ਵਿਚ ਕਿਹਾ, 'ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨਾ ਸਨਮਾਨ ਦੀ ਗੱਲ ਸੀ। ਮੈਂ ਇਸ ਸਾਲ ਦੇ ਅੰਤ ਵਿੱਚ ਭਾਰਤ ਆਉਣ ਦੀ ਉਮੀਦ ਕਰ ਰਿਹਾ ਹਾਂ।' ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਸਕ ਨਾਲ ਗੱਲ ਕਰਕੇ ਤਕਨਾਲੋਜੀ ਅਤੇ ਨਵੀਨਤਾ ਦੇ ਖੇਤਰਾਂ ਵਿੱਚ ਸਹਿਯੋਗ ਲਈ ਅਥਾਹ ਸੰਭਾਵਨਾ 'ਤੇ ਚਰਚਾ ਕੀਤੀ ਸੀ। ਮੋਦੀ ਨੇ ਕਿਹਾ ਸੀ ਕਿ ਉਨ੍ਹਾ ਮਸਕ ਨਾਲ ਵੱਖ-ਵੱਖ ਮੁੱਦਿਆਂ ਬਾਰੇ ਗੱਲ ਕੀਤੀ, ਜਿਸ ਵਿੱਚ ਉਹ ਵਿਸ਼ੇ ਵੀ ਸ਼ਾਮਲ ਸਨ, ਜੋ ਇਸ ਸਾਲ ਫਰਵਰੀ ਵਿੱਚ ਵਾਸ਼ਿੰਗਟਨ ਡੀ ਸੀ ਵਿੱਚ ਹੋਈ ਮੁਲਾਕਾਤ ਸਮੇਂ ਵਿਚਾਰੇ ਗਏ ਸਨ।

## ਹਵਾਲਾ ਰੈਕੇਟ 'ਚ ਸਿਪਾਹੀ ਸਣੇ ਪੰਜ ਫੜੇ

ਅੰਮ੍ਰਿਤਸਰ : ਪੁਲਸ ਨੇ ਨਸ਼ਿਆਂ ਨਾਲ ਜੁੜੇ ਹਵਾਲਾ ਰੈਕੇਟ ਵਿੱਚ ਇੱਕ ਪੁਲਸ ਕਾਂਸਟੇਬਲ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 46.91 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਹੈ। ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਪਹਿਲਾਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਉਸ ਕੋਲੋਂ ਕੀਤੀ ਪੁੱਛਗਿਛ ਦੇ ਅਧਾਰ 'ਤੇ ਅਗਲੇਰੀ ਜਾਂਚ ਵਿੱਚ ਇਹ ਰੈਕੇਟ ਸਾਹਮਣੇ ਆਇਆ। ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਕਿ ਬੜੇ ਸੰਗਠਤ ਢੰਗ ਨਾਲ ਇਸ ਹਵਾਲਾ ਰੈਕੇਟ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਰਕਮ ਦੇ ਭੁਗਤਾਨ ਵੇਲੇ ਵਧੇਰੇ ਚੌਕਸੀ ਵਰਤੀ ਜਾਂਦੀ ਸੀ। ਭੁਗਤਾਨ ਕਰਨ ਵਾਲੇ ਅਤੇ ਲੈਣ ਵਾਲੇ ਦੋਵਾਂ ਕੋਲ ਨੋਟਾਂ ਦੇ ਨੰਬਰ ਹੁੰਦੇ ਸਨ, ਜਿਨ੍ਹਾਂ ਦੇ ਮਿਲਾਨ ਤੋਂ ਬਾਅਦ ਭੁਗਤਾਨ ਹੁੰਦਾ ਸੀ। ਇਹ ਹਵਾਲਾ ਕਾਰਜ ਦੁਬਈ ਅਤੇ ਅਮਰੀਕਾ ਰਸਤੇ ਚੱਲ ਰਿਹਾ ਸੀ। ਉਨ੍ਹਾ ਕਿਹਾ ਕਿ ਸੰਬੰਧਤ ਏਜੰਸੀਆਂ ਦੇ ਕੋਲ ਵੀ ਇਹ ਮਾਮਲਾ ਉਠਾਇਆ ਜਾ ਰਿਹਾ ਹੈ, ਤਾਂ ਜੋ ਵਿਦੇਸ਼ ਵਿੱਚ ਵੀ ਇਸ ਸੰਬੰਧੀ ਕਾਰਵਾਈ ਕੀਤੀ ਜਾ ਸਕੇ।

## ਜੇ ਈ ਈ (ਮੇਨ) ਦੇ ਚੌਵੀ ਪ੍ਰੀਖਿਆਰਥੀਆਂ ਦੇ 100/100 ਨੰਬਰ

**ਨਵੀਂ ਦਿੱਲੀ** : ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਐਲਾਨੇ ਗਏ ਜੇ ਈ ਈ (ਮੇਨ) ਪ੍ਰੀਖਿਆ ਦੇ ਨਤੀਜਿਆਂ ਵਿੱਚ ਚੌਵੀ ਉਮੀਦਵਾਰਾਂ ਨੇ ਸੰਪੂਰਨ 100 ਅੰਕ ਪ੍ਰਾਪਤ ਕੀਤੇ। ਰਾਜਸਥਾਨ ਵਿੱਚ ਸੰਪੂਰਨ ਅੰਕ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਦੀ ਗਿਣਤੀ ਸਭ ਤੋਂ ਵੱਧ ਹੈ। ਇਕ ਵਿਦਿਆਰਥਣ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਲ ਹੈ। ਇਸ ਦੌਰਾਨ ਜਾਲ੍ਹੀ ਦਸਤਾਵੇਜ਼ਾਂ ਸਮੇਤ ਗਲਤ ਤਰੀਕਿਆਂ ਦੀ ਵਰਤੋਂ ਕਰਦੇ ਹੋਏ ਪਾਏ ਗਏ 110 ਉਮੀਦਵਾਰਾਂ ਦੇ ਨਤੀਜੇ ਰੋਕ ਦਿੱਤੇ ਗਏ ਹਨ। ਮਹੱਤਵਪੂਰਨ ਪ੍ਰੀਖਿਆ ਦੇ ਦੂਜੇ ਐਡੀਸ਼ਨ ਲਈ 9.92 ਲੱਖ ਤੋਂ ਵੱਧ ਉਮੀਦਵਾਰਾਂ ਨੇ ਪ੍ਰੀਖਿਆ ਦਿੱਤੀ ਸੀ। ਜੇ ਈ ਈ (ਮੇਨ) ਪੇਪਰ 1 ਅਤੇ ਪੇਪਰ 2 ਦੇ ਨਤੀਜਿਆਂ ਦੇ ਆਧਾਰ 'ਤੇ ਉਮੀਦਵਾਰਾਂ ਨੂੰ ਜੇ ਈ ਈ (ਐਡਵਾਂਸਡ) ਲਈ ਸ਼ਾਰਟਲਿਸਟ ਕੀਤਾ ਜਾਵੇਗਾ, ਜੋ ਕਿ 23 ਪ੍ਰਮੁੱਖ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ (ਆਈ ਆਈ ਟੀ) ਵਿੱਚ ਦਾਖਲੇ ਲਈ ਇੱਕ-ਸਟਾਪ ਪ੍ਰੀਖਿਆ ਹੈ।

## ਪੁੱਠਾ ਪਾਠ ਪੜ੍ਹਾਉਣ ਵਾਲਾ ਅਧਿਆਪਕ ਮੁਅੱਤਲ

**ਕਟਨੀ** : ਮੱਧ ਪ੍ਰਦੇਸ਼ ਦੇ ਕਟਨੀ ਜ਼ਿਲ੍ਹੇ ਵਿੱਚ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਨੂੰ ਸ਼ਰਾਬ ਪਿਲਾਉਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ ਤੋਂ ਬਾਅਦ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਬਰਵਾੜਾ ਬਲਾਕ ਦੇ ਖਿਰਹਾਨੀ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਅਧਿਆਪਕ ਲਾਲ ਨਵੀਨ ਪ੍ਰਤਾਪ ਸਿੰਘ ਦਾ ਵੀਡੀਓ ਵਾਇਰਲ ਹੋਇਆ ਸੀ। ਅਧਿਆਪਕ ਨੂੰ ਦੁਰਵਿਹਾਰ, ਬੱਚਿਆਂ ਨੂੰ ਸ਼ਰਾਬ ਪੀਣ ਲਈ ਉਤਸ਼ਾਹਤ ਕਰਨ ਅਤੇ ਇਕ ਅਧਿਆਪਕ ਦੀ ਸ਼ਾਨ ਨੂੰ ਢਾਹ ਲਾਉਣ ਦੇ ਦੋਸ਼ਾਂ ਵਿੱਚ ਐੱਮ ਪੀ ਸਿਵਲ ਸੇਵਾਵਾਂ (ਆਚਾਰ) ਨਿਯਮਾਂ ਤਹਿਤ ਤੁਰੰਤ ਮੁਅੱਤਲ ਕਰ ਦਿੱਤਾ ਗਿਆ। ਵੀਡੀਓ ਵਿੱਚ ਅਧਿਆਪਕ ਨੂੰ ਇਕ ਕਮਰੇ ਵਿੱਚ ਕੱਪਾਂ 'ਚ ਬੱਚਿਆਂ ਨੂੰ ਸ਼ਰਾਬ ਪੀਣ ਦੀ ਪੇਸ਼ਕਸ਼ ਕਰਦੇ ਹੋਏ ਦਿਖਾਇਆ ਗਿਆ ਹੈ ਅਤੇ ਉਸ ਨੂੰ ਪੀਣ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਇਕ ਨੂੰ ਪਾਣੀ ਮਿਲਾਉਣ ਲਈ ਕਹਿੰਦੇ ਸੁਣਿਆ ਜਾ ਸਕਦਾ ਹੈ।

## ਕਸ਼ਮੀਰ 'ਚ ਬਰਫਬਾਰੀ

**ਸ੍ਰੀਨਗਰ** : ਕਸ਼ਮੀਰ ਦੇ ਉਤਲੇ ਖੇਤਰਾਂ ਵਿੱਚ ਬਰਫਬਾਰੀ ਹੋਈ ਤੇ ਵਾਦੀ ਵਿੱਚ ਕਈ ਥਾਈਂ ਮੀਂਹ ਪਿਆ। ਤੁਲੈਲ ਤੇ ਗੁਰੇਜ਼ 'ਚ ਬਰਫਬਾਰੀ ਤੇ ਖਰਾਬ ਮੌਸਮ ਕਾਰਨ ਸਕੂਲਾਂ ਨੂੰ ਬੰਦ ਕਰ ਦਿੱਤਾ ਗਿਆ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਬਾਂਦੀਪੋਰਾ ਦੇ ਤੁਲੈਲ ਤੇ ਗੁਰੇਜ਼ ਅਤੇ ਦੱਖਣੀ ਕਸ਼ਮੀਰ ਦੇ ਸਿੰਥਨ ਟੌਪ ਵਿੱਚ ਬਰਫਬਾਰੀ ਹੋਈ। ਇਸ ਕਾਰਨ ਗੁਰੇਜ਼-ਬਾਂਦੀਪੋਰਾ ਸੜਕ ਬੰਦ ਕਰਨੀ ਪਈ। ਸ੍ਰੀਨਗਰ-ਲੇਹ ਮਾਰਗ ਤੇ ਜੋਜ਼ੀਲਾ, ਮੁਗਲ ਰੋਡ ਤੇ ਹੋਰ ਖੇਤਰਾਂ ਵਿੱਚ ਵੀ ਬਰਫਬਾਰੀ ਹੋਈ। ਜੋਜ਼ੀਲਾ ਤੇ ਮੁਗਲ ਰੋਡ 'ਤੇ ਆਵਾਜਾਈ ਬੰਦ ਕਰਨੀ ਪਈ। ਕਸ਼ਮੀਰ ਦੇ ਕਈ ਖੇਤਰਾਂ ਵਿੱਚ ਭਾਰੀ ਮੀਂਹ ਵੀ ਪਿਆ।



ਗੁਲਮਰਗ ਦੇ ਸਕੀ ਰਿਜ਼ੋਰਟ ਵਿੱਚ ਬਰਫਬਾਰੀ ਦਾ ਆਨੰਦ ਮਾਣਦੇ ਹੋਏ ਸੈਲਾਨੀ।

## ਕੈਨੇਡਾ 'ਚ ਬੱਸ ਉਡੀਕਦੀ ਕੁੜੀ ਦੀ ਗੋਲੀ ਲੱਗਣ ਨਾਲ ਮੌਤ

**ਵਿਨੀਪੈਗ** : ਕੈਨੇਡਾ ਵਿੱਚ 21 ਸਾਲਾ ਭਾਰਤੀ ਵਿਦਿਆਰਥਣ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ, ਜਦੋਂ ਉਹ ਕੰਮ 'ਤੇ ਜਾਣ ਲਈ ਬੱਸ ਸਟਾਪ 'ਤੇ ਬੱਸ ਦੀ ਉਡੀਕ ਕਰ ਰਹੀ ਸੀ। ਕਾਰ ਸਵਾਰ ਵੱਲੋਂ ਚਲਾਈਆਂ ਗੋਲੀਆਂ 'ਚੋਂ ਇਕ ਗੋਲੀ ਹਰਸਿਮਰਤ ਕੌਰ ਰੰਧਾਵਾ ਦੀ ਛਾਤੀ 'ਚ ਲੱਗੀ। ਹੈਮਿਲਟਨ, ਓਨਟਾਰੀਓ ਦੇ ਮੋਹੌਕ ਕਾਲਜ ਦੀ ਵਿਦਿਆਰਥਣ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ।



ਵੀਡੀਓ ਜ਼ਰੀਏ ਜਾਂਚਕਰਤਾਵਾਂ ਨੇ ਪਤਾ ਲਗਾਇਆ ਹੈ ਕਿ ਕਾਲੇ ਰੰਗ ਦੀ ਮਰਸੀਡੀਜ਼ ਐੱਸ ਯੂ ਵੀ ਦੇ ਸਵਾਰ ਨੇ ਇਕ ਚਿੱਟੀ ਕਾਰ ਵਿੱਚ ਸਵਾਰ ਲੋਕਾਂ 'ਤੇ ਗੋਲੀ ਚਲਾਈ ਸੀ। ਗੋਲੀਬਾਰੀ ਤੋਂ ਥੋੜ੍ਹੀ ਦੇਰ ਬਾਅਦ ਦੋਵੇਂ ਚਾਲਕ ਗੱਡੀਆਂ ਸਮੇਤ ਫਰਾਰ ਹੋ ਗਏ। ਗੋਲੀਆਂ ਐਲਨਬੀ ਐਵੇਨਿਊ ਦੀ ਇਕ ਰਿਹਾਇਸ਼ ਦੀ ਪਿਛਲੀ ਖਿੜਕੀ ਵਿੱਚ ਵੀ ਦਾਖਲ ਹੋਈਆਂ, ਜਿੱਥੇ ਰਹਿਣ ਵਾਲੇ ਕੁਝ ਫੁੱਟ ਦੀ ਦੂਰੀ 'ਤੇ ਟੈਲੀਵਿਜ਼ਨ ਦੇਖ ਰਹੇ ਸਨ। ਹਾਲਾਂਕਿ ਘਰ 'ਚ ਕੋਈ ਜ਼ਖ਼ਮੀ ਨਹੀਂ ਹੋਇਆ।

ਪੜਤਾਲਕਾਰਾਂ ਨੇ ਅੱਪਰ ਜੇਮਜ਼ ਅਤੇ ਸਾਊਥ ਬੈਂਡ ਨੇੜੇ ਸ਼ਾਮ 7:15 ਵਜੇ ਤੋਂ 7:45 ਵਜੇ ਦੇ ਵਿਚਕਾਰ ਡੈਸ਼ਕੈਮ ਜਾਂ ਸੁਰੱਖਿਆ ਕੈਮਰੇ ਦੀ ਫੁਟੇਜ਼ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ ਸਾਰਜੈਂਟ ਐਲੇਕਸ ਬਕ ਨਾਲ 905-546-4123 'ਤੇ ਸੰਪਰਕ ਕਰਨ ਲਈ ਅਪੀਲ ਕੀਤੀ ਹੈ। ਥਾਣਾ ਗੋਇੰਦਵਾਲ ਸਾਹਿਬ ਅਧੀਨ ਆਉਂਦੇ ਪਿੰਡ ਧੂੰਦਾ ਨਾਲ ਸੰਬੰਧਤ ਹਰਸਿਮਰਤ ਦੋ ਸਾਲ ਪਹਿਲਾਂ ਚੰਗੇ ਭਵਿੱਖ ਲਈ ਕੈਨੇਡਾ ਪੜ੍ਹਨ ਗਈ ਸੀ।

## ਭਲਕੇ ਗ਼ਦਰ ਪਾਰਟੀ ਸਥਾਪਨਾ ਦਿਵਸ 'ਤੇ ਲੋਕ ਅਰਪਣ ਹੋ ਰਿਹਾ 'ਵਿਰਸਾ' ਛੇੜੇਗਾ ਮੁੱਲਵਾਨ ਸੰਵਾਦ




**ਜਲੰਧਰ** : ਦੇਸ਼ ਭਗਤ ਯਾਦਗਾਰ ਕਮੇਟੀ ਦੀ ਇਤਿਹਾਸ ਸਬ-ਕਮੇਟੀ ਨੇ ਖੋਜ ਭਰਪੂਰ ਸਮਗਰੀ ਨੂੰ ਕਮੇਟੀ ਦੀ ਪੱਤ੍ਰਿਕਾ 'ਵਿਰਸਾ' ਵਿਚ ਆਪਣੀਆਂ ਸਿਰਜਣਾਤਮਕ ਰਚਨਾਵਾਂ ਵਿਚ ਸੰਜੋਂਦੇ ਹੋਏ ਮਹੱਤਵਪੂਰਨ ਕਾਰਜ ਕੀਤਾ ਹੈ, ਜਿਸ ਉਪਰ ਗੰਭੀਰ ਸੰਵਾਦ ਛੇੜਨ ਅਤੇ ਅਣਗੌਲੇ ਅਮੁੱਲੇ ਇਤਿਹਾਸ ਨੂੰ ਲੜ ਬੰਨ੍ਹਣ ਲਈ ਸਵੈ-ਚਿੰਤਨ ਦੇ ਤਿੱਖੇ ਸੁਆਲਾਂ ਦੇ ਸਨਮੁੱਖ ਹੋਣ ਦੀ ਲੋੜ ਹੈ।ਇਹਨਾਂ ਸ਼ਬਦਾਂ ਦਾ ਜ਼ਿਕਰ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਗ਼ਦਰ ਪਾਰਟੀ ਦੇ ਸਥਾਪਨਾ ਦਿਵਸ ਸਮਾਗਮ ਮੌਕੇ 21 ਅਪ੍ਰੈਲ ਨੂੰ ਇਹ ਵਿਰਸਾ ਬੁਲੇਟਿਨ ਲੋਕ ਅਰਪਣ ਕੀਤਾ ਜਾਇਗਾ।

ਵਿਰਸਾ ਬੁਲੇਟਿਨ ਦੀ ਬੁੱਕਲ ਵਿਚ ਪਾਠਕਾਂ ਨੂੰ 'ਚੌਰਾਚੌਰੀ ਵਿਦਰੋਹ ਦੀ • ਬਾਕੀ ਸਫਾ 2 'ਤੇ

## ਅਨੁਰਾਗ ਕਸ਼ਯਪ ਦੇ ਪਰਵਾਰ ਤੇ ਦੋਸਤਾਂ ਨੂੰ ਧਮਕੀਆਂ



**ਨਵੀਂ ਦਿੱਲੀ** : ਬ੍ਰਾਹਮਣ ਭਾਈਚਾਰੇ 'ਤੇ ਟਿੱਪਣੀ ਕਰਕੇ ਵੱਡਾ ਵਿਵਾਦ ਖੜ੍ਹਾ ਕਰਨ ਵਾਲੇ ਫਿਲਮ ਨਿਰਮਾਤਾ ਅਨੁਰਾਗ ਕਸ਼ਯਪ ਨੇ ਦਾਅਵਾ ਕੀਤਾ ਹੈ ਕਿ ਉਨ੍ਹਾ ਦੇ ਪਰਵਾਰ ਤੇ ਦੋਸਤਾਂ ਨੂੰ ਮਾਰਨ ਅਤੇ ਜਬਰ-ਜ਼ਨਾਹ ਦੀਆਂ ਧਮਕੀਆਂ ਮਿਲ ਰਹੀਆਂ ਹਨ। ਕਸ਼ਯਪ ਨੇ ਸੋਸ਼ਲ ਮੀਡੀਆ ਉਪਭੋਗਤਾ ਦੇ ਜਵਾਬ ਵਿੱਚ ਭਾਈਚਾਰੇ 'ਤੇ ਇਹ ਅਸਹਿਜ ਟਿੱਪਣੀ ਕੀਤੀ ਸੀ। ਸ਼ੁੱਕਰਵਾਰ ਸ਼ਾਮ ਨੂੰ 52 ਸਾਲਾ ਫਿਲਮ ਨਿਰਮਾਤਾ ਨੇ ਇੰਸਟਾਗ੍ਰਾਮ 'ਤੇ ਇਕ ਬਿਆਨ ਪੋਸਟ ਕੀਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਉਨ੍ਹਾ ਦੀ ਟਿੱਪਣੀ ਨੂੰ ਸੰਦਰਭ ਤੋਂ ਬਾਹਰ ਲਿਆ ਗਿਆ ਹੈ। ਕਸ਼ਯਪ ਨੇ ਕਿਹਾ, 'ਕੋਈ ਵੀ ਕਾਰਵਾਈ ਜਾਂ ਭਾਸ਼ਣ ਇਸ ਯੋਗ ਨਹੀਂ ਕਿ ਤੁਹਾਡੀ ਧੀ, ਪਰਵਾਰ, ਦੋਸਤਾਂ ਅਤੇ ਸਾਥੀਆਂ ਨੂੰ ਸੰਸਕਾਰ ਦੇ ਬਾਦਸ਼ਾਹਾਂ ਤੋਂ ਬਲਾਤਕਾਰ ਅਤੇ ਮੌਤ ਦੀਆਂ ਧਮਕੀਆਂ ਮਿਲਣ। ਮੈਂ ਆਪਣੀ ਕਹੀ ਗੱਲ ਵਾਪਸ ਨਹੀਂ ਲਵਾਂਗਾ। ਤੁਸੀਂ ਜਿੰਨਾ ਚਾਹੋ ਮੈਨੂੰ ਗਾਲ੍ਹਾਂ ਕੱਢੋ। ਮੇਰੇ ਪਰਵਾਰ ਨੇ ਕੁਝ ਨਹੀਂ ਕਿਹਾ। ਜੇ ਤੁਸੀਂ ਮੁਆਫੀ ਚਾਹੁੰਦੇ ਹੋ, ਤਾਂ ਇਹ ਇੱਥੇ ਹੈ। ਆਪਣੀਆਂ ਇੰਸਟਾਗ੍ਰਾਮ ਸਟੋਰੀਜ਼ 'ਤੇ ਇੱਕ ਹੋਰ ਪੋਸਟ ਵਿੱਚ ਕਸ਼ਯਪ ਨੇ ਵਿਵਾਦਪੂਰਨ ਟਿੱਪਣੀ ਦਾ ਇਕ ਸਕਰੀਨ ਸ਼ਾਟ ਸਾਂਝਾ ਕੀਤਾ ਅਤੇ ਕੈਪਸ਼ਨ ਵਿਚ ਲਿਖਿਆ, 'ਸਾਰਿਆਂ ਨੇ ਜਵਾਬ ਪੜ੍ਹ ਲਿਆ ਹੈ ਅਤੇ ਉਹ ਸਾਰੇ ਗੁੱਸੇ ਵਿੱਚ ਵੀ ਹਨ। ਲਿਖਣ ਤੋਂ ਪਹਿਲਾਂ ਘੱਟੋ-ਘੱਟ ਸੰਦਰਭ ਨੂੰ ਤਾਂ ਦੇਖੋ।' ਜ਼ਿਕਰਯੋਗ ਹੈ ਕਿ ਨਿਰਮਾਤਾ ਕਸ਼ਯਪ ਮਹਾਨ ਸਮਾਜ ਸੁਧਾਰਕ ਮਹਾਤਮਾ ਜੋਤੀਬਾ ਫੂਲੇ ਅਤੇ ਮਾਤਾ ਸਵਿਤਰੀ ਬਾਈ ਫੂਲੇ ਬਾਰੇ ਬਣੀ ਬਾਇਓਪਿਕ 'ਫੂਲੇ' ਦੀ ਰਿਲੀਜ਼ ਬਾਰੇ ਸੋਸ਼ਲ ਮੀਡੀਆ 'ਤੇ ਸਰਗਰਮੀ ਨਾਲ ਪੋਸਟ ਕਰ ਰਹੇ ਹਨ। ਇਹ ਫਿਲਮ 25 ਅਪਰੈਲ ਨੂੰ ਸਿਨੇਮਾਘਰਾਂ ਵਿੱਚ ਆਵੇਗੀ। ਫਿਲਮ 'ਫੂਲੇ' ਦੇ ਟਰੇਲਰ ਦੇ 10 ਅਪਰੈਲ ਨੂੰ ਆਨਲਾਈਨ ਰਿਲੀਜ਼ ਹੋਣ ਤੋਂ ਬਾਅਦ ਬ੍ਰਾਹਮਣ ਭਾਈਚਾਰੇ ਦੇ ਕੁਝ ਮੈਂਬਰਾਂ ਨੇ ਇਤਰਾਜ਼ ਉਠਾਇਆ ਕਿ ਫਿਲਮ ਵਿੱਚ ਉਨ੍ਹਾਂ ਦੇ ਭਾਈਚਾਰੇ ਨੂੰ ਮਾੜੇ ਢੰਗ ਨਾਲ ਦਰਸਾਇਆ ਗਿਆ ਹੈ।

## ਇਮਾਰਤ ਢਹਿਣ ਨਾਲ 11 ਮੌਤਾਂ



**ਨਵੀਂ ਦਿੱਲੀ** : ਮੁਸਤਫਾਬਾਦ ਖੇਤਰ ਵਿੱਚ ਸਨਿੱਚਰਵਾਰ ਤੜਕਸਾਰ ਚਾਰ ਮੰਜ਼ਲਾ ਇਮਾਰਤ ਡਿੱਗਣ ਨਾਲ 11 ਲੋਕਾਂ ਦੀ ਮੌਤ ਹੋ ਗਈ, ਜਦਕਿ 11 ਲੋਕਾਂ ਨੂੰ ਬਚਾ ਲਿਆ ਗਿਆ ਹੈ। ਮਰਨ ਵਾਲਿਆਂ ਵਿੱਚ ਇਮਾਰਤ ਦਾ ਮਾਲਕ 60 ਸਾਲਾ ਤਹਿਸੀਨ ਵੀ ਹੈ। ਇੱਕ ਪਰਵਾਰ ਦੇ 8 ਜੀਅ ਮਾਰੇ ਗਏ ਹਨ। ਮਰਨ ਵਾਲਿਆਂ 'ਚ ਤਿੰਨ ਔਰਤਾਂ ਤੇ ਚਾਰ ਬੱਚੇ ਸ਼ਾਮਲ ਹਨ। ਸੀਵਰੇਜ ਦੇ ਪਾਣੀ ਨਾਲ ਆਏ ਸਲ੍ਹਾਬੇ ਕਾਰਨ ਇਮਾਰਤ ਡਿੱਗੀ।

## ਅੱਜ-ਨਾਮਾ

ਮੁਜਰਮ ਰਾਤ-ਦਿਨ ਫੜੇ ਆ ਬੜੇ ਜਾਂਦੇ,
ਖਬਰ ਨਿੱਤ ਅਖਬਾਰ ਵਿੱਚ ਆਏ ਬੇਲੀ।
ਦੋ ਤਿੰਨ ਦੋਸ਼ੀ ਨੇ ਫੋਟੋ ਦੇ ਵਿੱਚ ਦਿੱਸਦੇ,
ਬਹੁਤੇ ਪੁਲਸ ਵਾਲੇ ਰਹਿੰਦੇ ਛਾਏ ਬੇਲੀ।
ਕਿੰਨੇ ਦੋਸ਼ੀ ਜਾਂ ਕਿੰਨਾ ਸੀ ਮਾਲ ਫੜਿਆ,
ਚੁਣ-ਚੁਣ ਅੰਕੜੇ ਜਾਣ ਲਿਖਵਾਏ ਬੇਲੀ।
ਕਿਉਂ ਨਾ ਠੱਲ੍ਹ ਅਪਰਾਧਾਂ ਨੂੰ ਕਦੇ ਪੈਂਦੀ,
ਲੱਭੀਏ ਕਿਹੜਾ ਜੋ ਭੇਦ ਸਮਝਾਏ ਬੇਲੀ।
ਸਰਗਰਮੀ ਕਰੀ ਸਰਕਾਰ ਤਾਂ ਸਭ ਜਾਵੇ,
ਨੰਬਰ ਦੋਸ਼ੀਆਂ ਦਾ ਕੋਈ ਨਾ ਘਟੇ ਬੇਲੀ।
ਮੁਜਰਮ ਆਮ ਹੀ ਜਿਵੇਂ ਨੇ ਤੁਰੇ ਫਿਰਦੇ,
ਫਿਕਰ ਲੋਕਾਂ ਦਾ ਕਿੱਦਾਂ ਫਿਰ ਹਟੇ ਬੇਲੀ।

-ਤੀਸ ਮਾਰ ਖਾਂ

## ਬੰਦਿਆਂ ਨਾਲ ਰੋਬੋਟ ਵੀ ਦੌੜੇ

**ਬੀਜਿੰਗ** : ਇੱਥੇ ਸਨਿੱਚਰਵਾਰ 21 ਕਿੱਲੋਮੀਟਰ (13 ਮੀਲ) ਦੀ ਯਿਜ਼ੂਆਂਗ ਹਾਫ ਮੈਰਾਥਨ ਵਿੱਚ ਮਨੁੱਖਾਂ ਦੇ ਨਾਲ ਪਹਿਲੀ ਵਾਰ 21 ਰੋਬੋਟਾਂ ਨੇ ਵੀ ਹਿੱਸਾ ਲਿਆ। ਡਰੋਆਇਡ ਵੀ ਪੀ ਤੇ ਨੋਇਟਿਕਸ ਰੋਬੋਟਿਕਸ ਕੰਪਨੀਆਂ ਦੇ 120 ਸੈਂਟੀਮੀਟਰ (3.9 ਫੁੱਟ) ਤੋਂ ਲੈ ਕੇ 1.8 ਮੀਟਰ (5.9 ਫੁੱਟ) ਤੱਕ ਦੇ ਆਕਾਰ ਵਾਲੇ ਰੋਬੋਟ ਦੌੜੇ। ਰੋਬੋਟ ਮਨੁੱਖਾਂ ਵਾਂਗ ਮੁਸਕਰਾ ਰਹੇ ਸਨ। ਰੋਬੋਟਾਂ ਨੂੰ ਆਸਰਾ ਦੇਣ ਲਈ ਟਰੇਨਰ ਵੀ ਨਾਲ ਚੱਲ ਰਹੇ ਸਨ। ਕੁਝ ਰੋਬੋਟਾਂ ਨੇ ਜੁੱਤੇ ਪਾਏ ਹੋਏ ਸਨ, ਇੱਕ ਨੇ ਮੁੱਕੇਬਾਜ਼ੀ ਵਾਲੇ ਦਸਤਾਨੇ ਤੇ ਇੱਕ ਹੋਰ ਨੇ ਲਾਲ ਰੰਗ ਦਾ ਹੈੱਡਬੈਂਡ ਲਾਇਆ ਹੋਇਆ ਸੀ, ਜਿਸ 'ਤੇ ਲਿਖਿਆ ਹੋਇਆ ਸੀ—ਜਿੱਤਣਾ ਹੀ ਜਿੱਤਣਾ।

ਕੁਝ ਰੋਬੋਟਾਂ ਨੇ ਦੌੜ ਪੂਰੀ ਕੀਤੀ, ਕੁਝ ਸੰਘਰਸ਼ ਕਰਦੇ ਨਜ਼ਰ ਆਏ ਅਤੇ ਇੱਕ ਤਾਂ ਸ਼ੁਰੂਆਤ ਵਿੱਚ ਹੀ ਡਿੱਗ ਪਿਆ ਤੇ ਕੁਝ ਚਿਰ ਲੰਮਾ ਪੈਣ ਤੋਂ ਬਾਅਦ ਉੱਠ ਕੇ ਫਿਰ ਦੌੜਿਆ। ਇੱਕ ਕੁਝ ਮੀਟਰ ਦੂਰ ਜਾ ਕੇ ਰੇਲਿੰਗ ਨਾਲ ਟਕਰਾਅ ਕੇ ਡਿੱਗ ਪਿਆ। ਹਾਲਾਂਕਿ ਰੋਬੋਟ ਪਿਛਲੇ ਸਾਲ ਵੀ ਮੈਰਾਥਨਾਂ ਵਿੱਚ ਦੌੜੇ ਸਨ, ਪਰ ਮਨੁੱਖਾਂ ਨਾਲ ਪਹਿਲੀ ਵਾਰ ਦੌੜੇ।



## ਅਫਗਾਨਿਸਤਾਨ 'ਚ ਤਕੜਾ ਭੁਚਾਲ

**ਕਾਬੁਲ** : ਸਨਿੱਚਰਵਾਰ 5.8 ਸ਼ਿੱਦਤ ਦੇ ਭੁਚਾਲ ਨੇ ਅਫਗਾਨਿਸਤਾਨ ਨੂੰ ਹਿਲਾ ਕੇ ਰੱਖ ਦਿੱਤਾ। ਭੁਚਾਲ ਦਾ ਕੇਂਦਰ ਅਫਗਾਨਿਸਤਾਨ-ਤਾਜ਼ਿਕਸਤਾਨ ਸਰਹੱਦ ਦੇ ਕਰੀਬ ਅਫਗਾਨਿਸਤਾਨ ਵਾਲੇ ਪਾਸੇ ਸੀ। ਭੁਚਾਲ 130 ਕਿੱਲੋਮੀਟਰ ਦੀ ਡੂੰਘਾਈ 'ਤੇ ਆਇਆ।

ਇਸ ਤੋਂ ਪਹਿਲਾਂ 16 ਅਪਰੈਲ ਨੂੰ ਵੀ ਅਫਗਾਨਿਸਤਾਨ ਵਿੱਚ 5.9 ਸ਼ਿੱਦਤ ਦਾ ਭੁਚਾਲ ਆਇਆ ਸੀ। ਅਫਗਾਨਿਸਤਾਨ ਦਾ ਸ਼ਕਤੀਸ਼ਾਲੀ ਭੁਚਾਲਾਂ ਦਾ ਇਤਿਹਾਸ ਹੈ ਅਤੇ ਰੈੱਡ ਕਰਾਸ ਦੇ ਅਨੁਸਾਰ ਹਿੰਦੂਕੁਸ਼ ਪਹਾੜੀ ਖਿੱਤਾ ਭੂ-ਵਿਗਿਆਨਕ ਤੌਰ 'ਤੇ ਭੁਚਾਲਾਂ ਲਈ ਇਕ ਸਰਗਰਮ ਖੇਤਰ ਹੈ, ਜਿੱਥੇ ਹਰ ਸਾਲ ਭੁਚਾਲ ਆਉਂਦੇ ਹਨ। ਭੁਚਾਲ ਦੇ ਝਟਕੇ ਪਾਕਿਸਤਾਨ ਦੇ ਬਹੁਤ ਸਾਰੇ ਇਲਾਕਿਆਂ ਵਿੱਚ ਵੀ ਮਹਿਸੂਸ ਕੀਤੇ ਗਏ। ਭੁਚਾਲ ਪਾਕਿਸਤਾਨੀ ਸਮੇਂ ਮੁਤਾਬਕ ਸਵੇਰੇ 11:47 ਵਜੇ ਦਰਜ ਕੀਤਾ ਗਿਆ। ਪਾਕਿਸਤਾਨ ਦੇ ਇਸਲਾਮਾਬਾਦ, ਲਾਹੌਰ, ਪਿਸ਼ਾਵਰ, ਰਾਵਲਪਿੰਡੀ ਅਤੇ ਖ਼ੈਬਰ ਪਖ਼ਤੂਨਖ਼ਵਾ ਦੇ ਵੱਖ-ਵੱਖ ਹਿੱਸੇ ਭੁਚਾਲ ਨਾਲ ਹਿੱਲੇ। ਭੁਚਾਲ ਦੇ ਸਭ ਤੋਂ ਤੇਜ਼ ਝਟਕੇ ਖ਼ੈਬਰ ਪਖ਼ਤੂਨਖ਼ਵਾ ਦੇ ਹੇਠਲੇ ਦੀਰ, ਬਾਜੌਰ, ਮਲਕੰਦ, ਨੌਸ਼ੇਰਾ, ਦੀਰ ਬਾਲਾ, ਸ਼ਬਕਦਰ ਅਤੇ ਮੋਹਮੰਦ ਖੇਤਰਾਂ ਵਿੱਚ ਮਹਿਸੂਸ ਕੀਤੇ ਗਏ, ਜਿਸ ਕਾਰਨ ਵਸਨੀਕਾਂ ਵਿੱਚ ਭਾਰੀ ਦਹਿਸ਼ਤ ਫੈਲ ਗਈ। ਭੁਚਾਲ ਦੇ ਝਟਕੇ ਜੰਮੂ-ਕਸ਼ਮੀਰ ਵਿਚਿ ਵੀ ਮਹਿਸੂਸ ਕੀਤੇ ਗਏ, ਪਰ ਇਸ ਕਾਰਨ ਕਿਸੇ ਵੀ ਜਾਨੀ ਜਾਂ ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਸੀ।

### ਆਸਾਮ 'ਚ ਵੀ ਝਟਕੇ

**ਨੌਗਾਂਵ** : ਆਸਾਮ ਦੇ ਨੌਗਾਂਵ 'ਚ ਸਨਿੱਚਰਵਾਰ ਸਵੇਰ ਸੱਤ ਵੱਜ ਕੇ ਅਠੱਤੀ ਮਿੰਟ 'ਤੇ ਭੁਚਾਲ ਦੇ ਝਟਕੇ ਮਹਿਸੂਸ ਕੀਤੇ ਗਏ, ਜਿਨ੍ਹਾਂ ਦੀ ਰਿਕਟਰ ਸਕੇਲ 'ਤੇ ਤੀਬਰਤਾ 2.9 ਮਾਪੀ ਗਈ। ਕਿਸੇ ਨੁਕਸਾਨ ਦੀ ਸੂਚਨਾ ਨਹੀਂ ਸੀ।

20-APRIL-PAGE-1.qxd 4/19/2025 11:02 PM Page 2



## ਮਾਨ-ਸਨਮਾਨ ਦੀ ਬਹਾਲੀ ਲਈ ਜ਼ਿਲ੍ਹੇ ਭਰ ਦੇ ਪੱਤਰਕਾਰਾਂ ਵੱਲੋਂ ਇਕ ਪਲੇਟਫਾਰਮ 'ਤੇ ਇੱਕਠਾ ਹੋਣ ਦਾ ਫੈਸਲਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਮਾਲੇਰਕੋਟਲਾ ਜ਼ਿਲ੍ਹਾ ਪ੍ਰੈਸ ਕਲੱਬ ਦੀ ਇੱਕ ਅਹਿਮ ਮੀਟਿੰਗ ਜ਼ਿਲ੍ਹਾ ਪ੍ਰਧਾਨ ਸ਼ਹਾਬੁਦੀਨ ਦੀ ਪ੍ਰਧਾਨਗੀ ਹੇਠ ਇਥੇ ਮਾਲੇਰਕੋਟਲਾ ਕਲੱਬ ਵਿਖੇ ਹੋਈ, ਜਿਸ 'ਚ ਤਿੰਨ ਦਰਜਨ ਦੇ ਕਰੀਬ ਪੱਤਰਕਾਰਾਂ ਨੇ ਸ਼ਿਰਕਤ ਕੀਤੀ। ਮੀਟਿੰਗ 'ਚ ਪੱਤਰਕਾਰਾਂ ਨੂੰ ਫੀਲਡ ਅੰਦਰ ਕਵਰੇਜ ਕਰਨ ਦੌਰਾਨ ਪੇਸ਼ ਆਉਂਦੀਆਂ ਸਮੱਸਿਆਵਾਂ ਸਬੰਧੀ ਚਰਚਾ ਕਰਨ ਤੋਂ ਇਲਾਵਾ ਜ਼ਿਲ੍ਹੇ ਦੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਪੱਤਰਕਾਰਾਂ ਨੂੰ ਬਣਦਾ ਮਾਨ-ਸਨਮਾਨ ਨਾ ਦੇਣ ਦੇ ਮੁੱਦੇ 'ਤੇ ਵੀ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਸ਼ਹਾਬੁਦੀਨ ਨੇ ਕਿਹਾ ਕਿ ਪ੍ਰਸ਼ਾਸਨਕ ਅਧਿਕਾਰੀ ਪੱਤਰਕਾਰਾਂ ਨੂੰ ਸਿਰਫ ਆਪਣੀ ਵਾਹ-ਵਾਹ ਕਰਾਉਣ ਲਈ ਹੀ ਵਰਤ ਰਹੇ ਹਨ। ਪੱਤਰਕਾਰ ਵਰਗ ਆਪਣਾ ਕੀਮਤੀ ਸਮਾਂ ਖਰਾਬ ਕਰਕੇ ਪ੍ਰਸ਼ਾਸਨਕ ਅਧਿਕਾਰੀਆਂ ਦੇ ਪ੍ਰੈਸ ਨੋਟ ਲਿਖਦਾ ਤੇ ਛਾਪਦਾ ਹੈ, ਪ੍ਰੰਤੂ ਇਨ੍ਹਾਂ ਅਧਿਕਾਰੀਆਂ ਕੋਲ ਪੱਤਰਕਾਰਾਂ ਦੀਆਂ ਸਮੱਸਿਆਵਾਂ ਸੁਨਣ ਲਈ ਵੀ ਸਮਾਂ ਤੱਕ ਨਹੀਂ ਹੈ। ਇਥੋਂ ਤੱਕ ਕਿ ਜੇਕਰ ਪੱਤਰਕਾਰ ਕਿਸੇ ਖਬਰ ਦੇ ਸਬੰਧ 'ਚ ਜ਼ਿਲ੍ਹਾ ਪ੍ਰਸ਼ਾਸਨ ਦਾ ਪੱਖ ਲੈਣ ਲਈ ਫੋਨ ਕਰਦੇ ਹਨ ਤਾਂ ਇਹ ਅਧਿਕਾਰੀ ਪੱਤਰਕਾਰਾਂ ਦੇ ਫੋਨ ਸੁਨਣਾ ਵੀ ਮੁਨਾਸਿਬ ਨਹੀਂ ਸਮਝਦੇ। ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਰਵੱਈਏ 'ਤੇ ਨਰਾਜ਼ਗੀ ਜ਼ਾਹਰ ਕਰਦਿਆਂ ਪੱਤਰਕਾਰਾਂ ਨੇ ਮੀਡੀਆ ਦਾ ਬਣਦਾ ਮਾਨ-ਸਨਮਾਨ ਬਹਾਲ ਰੱਖਣ ਲਈ ਜ਼ਿਲ੍ਹੇ ਦੇ ਸਮੂਹ ਪੱਤਰਕਾਰਾਂ ਦੀ ਅਗਲੇ ਦੋ ਦਿਨਾਂ ਅੰਦਰ ਮੀਟਿੰਗ ਬੁਲਾ ਕੇ ਸਖਤ ਸਟੈਂਡ ਲੈਣ ਦਾ ਫੈਸਲਾ ਕੀਤਾ ਹੈ ਅਤੇ ਸਮੂਹ ਪੱਤਰਕਾਰਾਂ ਦੀ ਉਕਤ ਹੋਣ ਵਾਲੀ ਮੀਟਿੰਗ ਤੱਕ ਜ਼ਿਲ੍ਹੇ ਦੇ ਮੁੱਖ ਸਿਵਲ ਤੇ ਪੁਲਸ ਅਧਿਕਾਰੀਆਂ ਦੀ ਕਵਰੇਜ ਨਾ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ। ਮੀਟਿੰਗ 'ਚ ਇੱਕ ਹੋਰ ਮਤੇ ਰਾਹੀਂ ਸਮੁੱਚੇ ਜ਼ਿਲ੍ਹੇ ਭਰ ਦੇ ਪੱਤਰਕਾਰਾਂ ਨੂੰ ਇੱਕ ਪਲੇਟਫਾਰਮ 'ਤੇ ਇੱਕਠਾ ਕਰਨ ਦੀ ਰੂਪ ਰੇਖਾ ਉਲੀਕਦਿਆਂ 6 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਜਿਸ 'ਚ ਸ਼ਹਾਬੁਦੀਨ, ਮੁਨਸ਼ੀ ਫਾਰੂਕ ਅਹਿਮਦ, ਦਲਜਿੰਦਰ ਸਿੰਘ ਕਲਸੀ, ਯਾਸੀਨ ਅਲੀ, ਭੁਪੇਸ਼ ਜੈਨ, ਮੁਹੰਮਦ ਅਸਲਮ ਨਾਜ਼ ਤੇ ਸੁਮੰਤ ਤਲਵਾਨੀ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਤੋਂ ਇਲਾਵਾ ਹੋਰ ਪੱਤਰਕਾਰ ਸਾਥੀ ਵੀ ਇਸ ਕਮੇਟੀ ਨੂੰ ਆਪਣਾ ਸਹਿਯੋਗ ਦੇਣਗੇ।

## ਫੁਲਕਾਰੀ ਨੂੰ ਅੰਤਰਰਾਸ਼ਟਰੀ ਮੰਚ 'ਤੇ ਪਛਾਣ ਦਿਵਾਉਣ ਵੱਲ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦਾ ਇਤਿਹਾਸਕ ਕਦਮ



**ਤਲਵੰਡੀ ਸਾਬੋ (ਜਗਦੀਪ ਗਿੱਲ)**
ਪੰਜਾਬ ਦੀ ਪ੍ਰਾਚੀਨ ਹਥਕਲਾ ਫੁਲਕਾਰੀ ਨੂੰ ਜਿਉਂਦਾ ਰੱਖਣ ਤੇ ਮਹਿਲਾ ਸਸ਼ਕਤੀਕਰਨ ਦੀ ਦਿਸ਼ਾ ਵਿੱਚ ਐੱਚ.ਐੱਮ.ਈ.ਐੱਲ. ਵੱਲੋਂ ਨਾਭਾ ਫਾਊਂਡੇਸ਼ਨ ਨਾਲ ਮਿਲ ਕੇ ਸ਼ੁਰੂ ਕੀਤਾ ਗਿਆ ਫੁਲਕਾਰੀ ਪ੍ਰੋਜੈਕਟ ਹੁਣ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਛਾਪ ਛੱਡਣ ਲੱਗਾ ਹੈ। ਗੁਰੂ ਗੋਬਿੰਦ ਸਿੰਘ ਰਿਫਾਈਨਰੀ ਬਠਿੰਡਾ ਦੇ ਆਲੇ-ਦੁਆਲੇ ਦੇ ਪਿੰਡਾਂ ਦੀਆਂ 300 ਤੋਂ ਵੱਧ ਮਹਿਲਾਵਾਂ ਨੂੰ ਫੁਲਕਾਰੀ ਤਾਲੀਮ ਦੇਣ ਤੋਂ ਬਾਅਦ, ਇਸ ਪ੍ਰੋਜੈਕਟ ਦੇ ਤਹਿਤ ਚੁਣੇ ਗਏ ਇੱਕ ਵਿਸ਼ੇਸ਼ ਪ੍ਰਤੀਨਿਧੀ ਮੰਡਲ ਨੇ 19 ਤੋਂ 23 ਮਾਰਚ 2025 ਤੱਕ ਜਰਮਨੀ ਦੇ ਡਾਰਟਮੁੰਡ ਸ਼ਹਿਰ ਦਾ ਦੌਰਾ ਕੀਤਾ ਅਤੇ ਯੂਰਪ ਦੀ ਸਭ ਤੋਂ ਵੱਡੀ ਰਚਨਾਤਮਕ ਪ੍ਰਦਰਸ਼ਨੀ 'ਕ੍ਰੀਏਟਿਵਾ' ਵਿੱਚ ਭਾਗ ਲਿਆ।ਐੱਚ.ਐੱਮ.ਈ.ਐੱਲ. ਦੇ ਸਹਿਯੋਗ ਨਾਲ ਹੋਏ ਇਸ ਅੰਤਰਰਾਸ਼ਟਰੀ ਦੌਰੇ ਦਾ ਮਕਸਦ ਸੀ ਭਾਰਤ ਦੀ ਪ੍ਰੰਪਰਿਕ ਕਲਾ ਫੁਲਕਾਰੀ ਨੂੰ ਵਿਸ਼ਵ ਮੰਚ 'ਤੇ ਪੇਸ਼ ਕਰਨਾ, ਵਿਦੇਸ਼ੀ ਉਪਭੋਗਤਾ ਰੁਝਾਨਾਂ ਨੂੰ ਸਮਝਣਾ ਤੇ ਹਥਕਲਾ ਖੇਤਰ ਵਿੱਚ ਸੰਭਾਵਿਤ ਭਾਗੀਦਾਰੀਆਂ ਦੀ ਪਛਾਣ ਕਰਨੀ।ਇਹ ਯਾਤਰਾ ਸਿਰਫ਼ ਇੱਕ ਦੌਰਾ ਨਹੀਂ ਸੀ, ਇਹ ਇਕ ਇਤਿਹਾਸਕ ਕਦਮ ਸੀ, ਜਿਸ ਨੇ ਸਧਾਰਣ ਪਿਛੋਕੜ ਵਾਲੀਆਂ ਪੇਂਡੂ ਮਹਿਲਾਵਾਂ ਨੂੰ ਆਪਣੀ ਕਲਾ ਵਿਦੇਸ਼ 'ਚ ਦਰਸਾਉਣ ਦਾ ਮੌਕਾ ਦਿੱਤਾ।ਇਸ ਦੌਰੇ ਨੇ ਟਰੇਨਰ ਮਹਿਲਾਵਾਂ ਨੂੰ ਨਵੀਂ ਪ੍ਰੇਰਣਾ, ਅਧੁਨਿਕ ਡਿਜ਼ਾਈਨ ਸੋਚ ਤੇ ਵਿਸ਼ਵ ਫੈਸ਼ਨ ਦੀ ਸਮਝ ਦਿੱਤੀ।ਇਸ ਨਾਲ ਭਾਰਤ ਦੇ ਹਥਕਲਾ ਉਦਯੋਗ ਲਈ ਨਵੇਂ ਆਵਿਸ਼ਕਾਰ ਤੇ ਸੰਭਾਵਿਤ ਅੰਤਰਰਾਸ਼ਟਰੀ ਸਾਂਝਾਂ ਦੇ ਰਾਹ ਖੁੱਲ੍ਹੇ ਹਨ।

ਇਸ ਦੌਰੇ ਦੀ ਅਗਵਾਈ ਐੱਚ.ਐੱਮ.ਈ.ਐੱਲ. ਬਠਿੰਡਾ ਦੇ ਸੀ ਐੱਸ ਆਰ ਮੁਖੀ ਸ੍ਰੀ ਵਿਸ਼ਵ ਮੋਹਨ ਪ੍ਰਸਾਦ ਤੇ ਨਾਭਾ ਫਾਊਂਡੇਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਸ਼ੁਭਰਾ ਸਿੰਘ ਨੇ ਕੀਤੀ।ਟੀਮ ਵਿੱਚ ਚਾਰ ਟਰੇਨਰ ਮਹਿਲਾਵਾਂ ਸਤਵੀਰ ਕੌਰ (ਪਿੰਡ ਰਾਮਸਰਾ), ਮਨਪ੍ਰੀਤ ਕੌਰ (ਪਿੰਡ ਮਾਹੀਨੰਗਲ), ਸੰਦੀਪ ਕੌਰ (ਪਿੰਡ ਮਲਕਾਣਾ) ਤੇ ਲਖਬੀਰ ਕੌਰ ਨੇ ਭਾਗ ਲਿਆ, ਜਿਨ੍ਹਾਂ ਨੇ ਆਪਣੀ ਕਲਾ ਤੇ ਰਚਨਾਤਮਕਤਾ ਰਾਹੀਂ ਵਿਦੇਸ਼ੀ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ।ਡਾਰਟਮੁੰਡ ਵਿੱਚ ਹੋਈ 'ਕ੍ਰੀਏਟਿਵਾ' ਪ੍ਰਦਰਸ਼ਨੀ ਵਿੱਚ ਦੁਨੀਆ ਭਰ ਤੋਂ 700 ਤੋਂ ਵੱਧ ਪ੍ਰਦਰਸ਼ਕਾਂ ਨੇ ਹਿੱਸਾ ਲਿਆ।ਇਸ ਵਿੱਚ ਉਪਭੋਗਤਾ ਸਾਮਾਨ, ਰਚਨਾਤਮਕ ਕਲਾ, ਫੈਸ਼ਨ, ਟੈਕਸਟਾਈਲ ਤੇ ਪ੍ਰੰਪਰਿਕ ਹੱਥਕਲਾ ਦੀ ਵਿਸ਼ੇਸ਼ ਝਲਕ ਦਿਖਾਈ ਗਈ।ਭਾਰਤੀ ਟੀਮ ਨੇ ਵਿਸ਼ੇਸ਼ ਰੂਪ ਵਿੱਚ ਹੱਥ ਦੀ ਕਢਾਈ, ਪ੍ਰੰਪਰਿਕ ਕਲਾ ਤੇ ਫੈਸ਼ਨ ਡਿਜ਼ਾਈਨ ਨਾਲ ਸੰਬੰਧਤ ਸਟਾਲਾਂ ਦਾ ਅਧਿਐਨ ਕੀਤਾ।

## ਆਪ ਸਰਕਾਰ ਲੋਕਾਂ ਦੀ ਸੱਚੀ ਹਮਦਰਦ : ਕੁਲਵੰਤ ਸਿੰਘ ਬਾਜ਼ੀਗਰ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਰਾਜ ਦੇ ਅਨੁਸੂਚਿਤ ਜਾਤੀਆਂ ਤੇ ਅਨੁਸੂਚਿਤ ਜਨ ਜਾਤੀਆਂ ਦੇ ਲੋਕਾਂ ਦੀ ਸੱਚੀ ਹਮਦਰਦ ਸਾਬਿਤ ਹੋਈ ਹੈ। ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ 'ਤੇ ਪਹਿਰਾ ਦਿੱਤਾ ਹੈ। ਇਸੇ ਸਦਕਾ ਐਡਵੋਕੇਟ ਜਨਰਲ ਦੇ ਦਫ਼ਤਰ, ਸਰਕਾਰੀ ਵਕੀਲਾਂ, ਖਾਸ ਕਰਕੇ ਹਾਈ ਕੋਰਟ 'ਚ, ਅਨੁਸੂਚਿਤ ਜਾਤੀਆਂ ਤੇ ਜਨ ਜਾਤੀਆਂ ਦੇ ਵਕੀਲਾਂ ਨੂੰ ਰਾਖਵੇਂਕਰਨ ਦਾ ਲਾਭ ਦਿੱਤਾ ਗਿਆ ਹੈ, ਜਦੋਂਕਿ ਪਹਿਲਾਂ ਹਾਈ ਕੋਰਟਾਂ ਸਮੇਤ ਕਿਸੇ ਵੀ ਰਾਜ ਵਿੱਚ ਵਕੀਲਾਂ ਜਾਂ ਸਰਕਾਰੀ ਵਕੀਲਾਂ ਦੀ ਭਰਤੀ ਲਈ ਐੱਸਸੀ, ਐੱਸਟੀ ਲਈ ਕੋਈ ਰਾਖਵਾਂਕਰਨ ਨਹੀਂ ਸੀ।

ਵਿਧਾਇਕ ਬਾਜ਼ੀਗਰ ਨੇ ਕਿਹਾ ਕਿ 2017 'ਚ ਵੀ ਆਮ ਆਦਮੀ ਪਾਰਟੀ ਨੇ ਇਹ ਮੰਗ ਚੁੱਕੀ ਸੀ, ਪਰ ਉਸ ਸਮੇਂ ਕਾਂਗਰਸ ਸਰਕਾਰ ਨੇ ਸਾਡੀ ਮੰਗ ਵੱਲ ਕੋਈ ਧਿਆਨ ਨਾ ਦਿੱਤਾ, ਪ੍ਰੰਤੂ 2022 'ਚ ਮਾਨ ਸਰਕਾਰ ਨੇ 2017 ਦੇ ਐਕਟ ਵਿੱਚ ਸੋਧ ਕਰਕੇ ਪਹਿਲੀ ਵਾਰ 58 ਅਸਾਮੀਆਂ ਵਿੱਚ ਰਾਖਵੇਂਕਰਨ ਦੀ ਵਿਵਸਥਾ ਲਿਆਂਦੀ।

ਹੁਣ ਸੀਨੀਅਰ ਐਡਵੋਕੇਟ ਜਨਰਲ ਹੋਣ ਜਾਂ ਵਧੀਕ ਐਡਵੋਕੇਟ ਜਨਰਲ ਜਾਂ ਸੀਨੀਅਰ ਡਿਪਟੀ ਐਡਵੋਕੇਟ ਜਨਰਲ ਜਾਂ ਡਿਪਟੀ ਐਡਵੋਕੇਟ ਜਨਰਲ, ਸਹਾਇਕ ਐਡਵੋਕੇਟ ਜਨਰਲ ਜਾਂ ਐਡਵੋਕੇਟ ਆਨ ਰਿਕਾਰਡ ਦੀ ਭਰਤੀ ਵਿੱਚ ਅਨੁਸੂਚਿਤ ਜਾਤੀਆਂ ਤੇ ਜਨ ਜਾਤੀਆਂ ਦੇ ਵਕੀਲਾਂ ਨੂੰ ਰਾਖਵਾਂਕਰਨ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਸਰਕਾਰ ਨੇ ਪੰਜਾਬ ਦੇ ਦਲਿਤਾਂ ਤੇ ਪੰਜਾਬ ਦੇ ਅਨੁਸੂਚਿਤ ਜਨਜਾਤੀਆਂ ਦੇ ਹੱਕ 'ਚ ਵੱਡਾ ਤੇ ਇਤਿਹਾਸਕ ਫੈਸਲਾ ਕੀਤਾ ਹੈ। ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਇਮਾਨਦਾਰ ਸੋਚ ਹੈ, ਜਿਸ ਨੇ ਇੱਕ ਵਾਰ ਫਿਰ ਪੰਜਾਬ ਦੇ ਦਲਿਤਾਂ ਤੇ ਉਨ੍ਹਾਂ ਦੇ ਬੱਚਿਆਂ ਪ੍ਰਤੀ ਆਪਣਾ ਦਰਦ ਦਰਸਾਇਆ ਹੈ।

## ਹਲਕਾ ਵਿਧਾਇਕ ਨੇ ਦਾਣਾ ਮੰਡੀ ਆਸਾ ਬੁੱਟਰ ਤੇ ਮੱਲਣ ਦੇ ਨਵੀਨੀਕਰਨ ਦਾ ਕੀਤਾ ਉਦਘਾਟਨ



**ਗਿੱਦੜਬਾਹਾ/ਦੋਦਾ (ਜਸਵੰਤ ਗਿੱਲ ਛੱਤਿਆਣਾ/ਵਕੀਲ ਬਰਾੜ)**-ਮੁੱਖ ਮੰਤਰੀ ਭਗਵੰਤ ਸਿੰਘ ਅਗਵਾਈ ਵਾਲੀ ਸਰਕਾਰ ਵਲੋਂ ਅਨਾਜ ਮੰਡੀਆਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਇੱਥੇ ਕਿਸਾਨਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।ਇਹ ਜਾਣਕਾਰੀ ਹਰਦੀਪ ਸਿੰਘ ਡਿੰਪੀ ਢਿੱਲੋਂ ਹਲਕਾ ਵਿਧਾਇਕ ਗਿੱਦੜਬਾਹਾ ਨੇ ਦਾਣਾ ਮੰਡੀ ਆਸਾ ਬੁੱਟਰ ਅਤੇ ਮੱਲਣ ਦਾ ਨਵੀਨੀਕਰਨ ਦਾ ਉਦਘਾਟਨ ਕਰਦਿਆਂ ਦਿੱਤੀ।ਉਹਨਾਂ ਦਾਣਾ ਮੰਡੀਆਂ ਦਾ ਦੌਰਾ ਕਰਦਿਆਂ ਕਿਹਾ ਕਿ ਮੰਡੀਆਂ ਵਿੱਚ ਕਿਸੇ ਵੀ ਕਿਸਾਨ, ਮਜ਼ਦੂਰ ਜਾਂ ਆੜ੍ਹਤੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇਗਾ।ਉਨ੍ਹਾਂ ਮੰਡੀ ਬੋਰਡ ਵਲੋਂ ਦਾਣਾ ਮੰਡੀ ਆਸਾ ਬੁੱਟਰ ਵਿੱਚ 1.65 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਪੱਕੇ ਫੜ੍ਹ ਅਤੇ ਨਵੇਂ ਸ਼ੈਡ ਦਾ ਉਦਘਾਟਨ ਕੀਤਾ। ਇਸੇ ਤਰ੍ਹਾਂ ਉਨ੍ਹਾਂ ਦਾਣਾ ਮੰਡੀ ਮੱਲਣ ਵਿਖੇ 1.9 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਫੜ੍ਹ ਅਤੇ ਨਵੇਂ ਸ਼ੈਡ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਕਣਕ ਦੀ ਆਮਦ ਦਾ ਜਾਇਜ਼ਾ ਵੀ ਲਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਰਜਕਾਰੀ ਇੰਜੀਨੀਅਰ ਮੰਡੀ ਬੋਰਡ ਜਸਬੀਰ ਸਿੰਘ ਮੱਤਾ, ਵੀਰਪਾਲ ਕੌਰ ਸਰਪੰਚ, ਜੱਥੇਦਾਰ ਗੁਰਪਿਆਰ ਸਿੰਘ ਮੱਲਣ, ਅਵਤਾਰ ਸਿੰਘ ਸਰਪੰਚ,ਬਲਕਰਨ ਸਿੰਘ ਬਾਲੀ ਵੀ ਮੌਜੂਦ ਸਨ।

## ਦਸਤਾਰ ਚੇਤਨਾ ਮਾਰਚ ਕਮੇਟੀ ਵੱਲੋਂ 12ਵਾਂ ਕਿਰਦਾਰ-ਏ-ਦਸਤਾਰ ਸਮਾਰੋਹ



**ਮੋਗਾ (ਇਕਬਾਲ ਸਿੰਘ ਖਹਿਰਾ)**-ਦਸਤਾਰ ਦੀ ਮਹੱਤਤਾ ਨੂੰ ਘਰ ਘਰ 'ਚ ਪਹੁੰਚਾਉਣ ਲਈ ਦਸਤਾਰ ਚੇਤਨਾ ਮਾਰਚ ਕਮੇਟੀ ਮੋਗਾ ਵੱਲੋਂ ਇਸ ਸਾਲ 12ਵਾਂ ਦਸਤਾਰ ਚੇਤਨਾ ਸਮਾਰੋਹ ਕਿਰਦਾਰ-ਏ-ਦਸਤਾਰ ਐਵਰਗਰੀਨ ਪਾਰਕ ਮੋਗਾ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵੱਖ-ਵੱਖ ਖੇਤਰਾਂ 'ਚ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਓਪਨ ਦਸਤਾਰ ਮੁਕਾਬਲੇ ਜੋ ਕਿ ਬਿਨਾਂ ਸ਼ੀਸ਼ੇ ਤੋਂ ਕਰਵਾਏ ਗਏ, ਵਿੱਚੋਂ ਪਹਿਲਾ ਸਥਾਨ ਏਕਮਪ੍ਰੀਤ ਸਿੰਘ, ਦੂਜਾ ਸਥਾਨ ਖੁਸਾਲਦੀਪ ਸਿੰਘ, ਤੀਜਾ ਸਥਾਨ ਅਰਮਾਨਜੋਤ ਸਿੰਘ ਤੇ ਵਿਸ਼ੇਸ਼ ਸਥਾਨ ਜਸਕਰਨ ਸਿੰਘ ਨੇ ਪ੍ਰਾਪਤ ਕੀਤਾ ਤੇ ਬਾਕੀ ਬੱਚਿਆਂ ਨੂੰ ਦਸਤਾਰ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਗਤਕਾ ਪ੍ਰਦਰਸ਼ਨ ਬਾਬਾ ਫਤਿਹ ਸਿੰਘ ਕੇ ਜੱਥੇ ਸਿੰਘ ਲੁਧਿਆਣਾ, ਕੋਰਿਓਗ੍ਰਾਫੀ ਜਾਗੋ ਲਹਿਰ ਘੱਲ ਕਲਾਂ, ਧਾਰਮਿਕ ਨਾਟਕ ਅਨੰਦ ਰੰਗਮੰਚ ਮਲਟੀ ਮੀਡੀਆ ਮੁਕਤਸਰ ਤੇ ਵੀਰਾਂ ਭੈਣਾਂ ਵੱਲੋਂ ਗੁਰਸਿੱਖ ਮਾਡਲਿੰਗ ਕੀਤੀ ਗਈ। ਪ੍ਰਬੰਧਕ ਹਰਦਿਆਲ ਸਿੰਘ, ਜਗਰੂਪ ਸਿੰਘ ਨੇ ਜਾਣਕਾਰੀ ਦਿੱਤੀ ਕਿ ਪੰਜਾਬੀ ਫਿਲਮ ਇੰਡਸਟਰੀ ਵਿੱਚੋਂ ਮਲਕੀਤ ਸਿੰਘ ਰੌਣੀ ਪੰਜਾਬੀ ਫਿਲਮੀ ਅਦਾਕਾਰ, ਅਮਨਮੀਤ ਸਿੰਘ ਫਿਲਮੀ ਅਦਾਕਾਰ, ਮਨਿੰਦਰ ਸਿੰਘ ਮੋਗਾ ਫਿਲਮੀ ਅਦਾਕਾਰ ਤੇ ਜਗਵਿੰਦਰ ਸਿੰਘ ਮੋਟੀਵੇਸ਼ਨਲ ਸਪੀਕਰ, ਜਿਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਾਬਤ ਸੂਰਤ ਅਦਾਕਾਰ ਹੋਣ 'ਤੇ ਕਿਰਦਾਰ-ਏ-ਦਸਤਾਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਕੁਲਵੰਤ ਸਿੰਘ ਕਾਂਤੀ ਤੇ ਨਿਰਮਲ ਸਿੰਘ ਖੀਵਾ ਨੇ ਦੱਸਿਆ ਕਿ ਇਸ ਵਿੱਚ ਗਿਆਨੀ ਗੁਰਮੀਤ ਸਿੰਘ ਖੋਸਾ ਕੋਟਲਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਮੇਅਰ ਬਲਜੀਤ ਸਿੰਘ ਚਾਨੀ, ਗਿਆਨੀ ਸਤਨਾਮ ਸਿੰਘ ਜਨੇਰ ਟਕਸਾਲ, ਗਿਆਨੀ ਅਜੀਤ ਸਿੰਘ ਖੋਸਾ ਕੋਟਲਾ ਬਾਬਾ ਸੁਰਜੀਤ ਸਿੰਘ ਜੀ ਮਹਰੋ ਮਾਤਾ ਚਰਨਜੀਤ ਕੌਰ, ਬਾਬਾ ਹਰਮੇਲ ਦਾਸ ਡਾਲਾ, ਗਿਆਨੀ ਸੋਹਣ ਸਿੰਘ ਮੋਗਾ, ਗਿਆਨੀ ਜਸਵਿੰਦਰ ਸਿੰਘ ਜੋਗੇਵਾਲਾ ਟਕਸਾਲ, ਭਾਈ ਅੰਮ੍ਰਿਤਪਾਲ ਸਿੰਘ ਮਹਰੋ, ਬਾਬਾ ਕੁਲਦੀਪ ਸਿੰਘ ਸੇਖੋਂ, ਸਪੀਕਰ ਸਿੰਘ, ਬਾਬਾ ਭੋਲਾ ਸਿੰਘ ਬੱਡੂਵਾਲ, ਬਾਬਾ ਬਲਵਿੰਦਰ ਸਿੰਘ ਰੋਡੇ, ਗੁਰਪ੍ਰੀਤ ਸਿੰਘ ਕੋਮਲ ਨੇ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ ਲੁਧਿਆਣਾ ਤੋਂ ਜਸਪ੍ਰੀਤ ਸਿੰਘ, ਜਿਨ੍ਹਾਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਦਸਤਾਰ ਸਜਾਈ, ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮਨਦੀਪ ਸਿੰਘ, ਨਵਕਰਨ ਸਿੰਘ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿੱਚ ਵਿਸ਼ੇਸ਼ ਸਹਿਯੋਗ ਮੀਰੀ ਪੀਰੀ ਅਖਾੜਾ ਮੋਗਾ ਤੇ ਆਜ਼ਾਦ ਵੈੱਲਫੇਅਰ ਕਲੱਬ ਮੋਗਾ ਵੱਲੋਂ ਪਾਇਆ ਗਿਆ। ਇਸ ਮੌਕੇ ਸ਼ਹਿਰ ਦੀਆਂ ਵੱਖ-ਵੱਖ ਜਥੇਬੰਦੀਆਂ ਪਰਮੇਸ਼ਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ, ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦਸਮੇਸ਼ ਨਗਰ ਅਖੰਡ ਕੀਰਤਨੀ ਜੱਥਾ ਮੋਗਾ, ਸੋਢੀ ਸੁਲਤਾਨ ਗੁਰੂ ਰਾਮਦਾਸ ਸੇਵਾ ਸੋਸਾਇਟੀ, ਸਿੱਖ ਫੁਲਵਾੜੀ ਵਿਕਾਸ ਗੁਰਮਤਿ ਕੇਂਦਰ ਡਾਲਾ, ਗਲੋਬਲ ਇਮੀਗਰੇਸ਼ਨ, ਸਕਾਈ ਡ੍ਰਮ ਇਮੀਗ੍ਰੇਸ਼ਨ, ਬਾਬੇ ਕੇ ਕਾਲਜ, ਡਾਕਟਰ ਜਗਤਾਰ ਸੇਖੋਂ, ਬ੍ਰਦਰ ਡਰੈਸਰ ਸੈਂਟਰ, ਖੋਖਰ ਸੀਸੀ ਟੀਵੀ, ਸ਼ੇਰੇ ਪੰਜਾਬ ਪਗੜੀ ਸੈਂਟਰ, ਨਾਗੀ ਸਟੀਲ ਹਾਊਸ, ਸਟਾਰ ਇਲੈਕਟ੍ਰਿਕ, ਬੀ ਆਰ ਫੈਸ਼ਨ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਜਸਪ੍ਰੀਤ ਸਿੰਘ ਤੇ ਜਸਲੀਨ ਸਿੰਘ ਨੇ ਦੱਸਿਆ ਕਿ ਵਿਦੇਸ਼ਾਂ ਵਿੱਚ ਬੈਠੇ ਐਨ ਆਰ ਆਈ ਵੀਰਾਂ ਨੇ ਵੀ ਇਸ ਸਮਾਗਮ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ।

## ਪੁਲਸ ਨੇ ਨਸ਼ਾ ਤਸਕਰ ਦੀ ਨਜਾਇਜ਼ ਉਸਾਰੀ ਨੂੰ ਢਾਹਿਆ

### ਮੁਲਜ਼ਮ ਖਿਲਾਫ ਦਰਜ ਹਨ ਐੱਨ ਡੀ ਪੀ ਐੱਸ ਐਕਟ ਦੇ 2 ਪਰਚੇ



**ਬਸੀ ਪਠਾਣਾ/ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਬਸੀ ਪਠਾਣਾ ਪੁਲਸ ਵੱਲੋਂ ਜ਼ਿਲ੍ਹਾ ਪੁਲਸ ਮੁਖੀ ਸ੍ਰੀ ਸ਼ੁਭਮ ਅਗਰਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਾਰਡ ਨੰਬਰ 12 ਵਿੱਚ ਇੱਕ ਨਸ਼ਾ ਤਸਕਰ ਵੱਲੋਂ ਸਰਕਾਰੀ ਜ਼ਮੀਨ 'ਤੇ ਕੀਤੀ ਗਈ ਨਜਾਇਜ਼ ਉਸਾਰੀ ਨੂੰ ਢਾਹਿਆ ਗਿਆ।ਇਸ ਮੌਕੇ ਐੱਸ. ਪੀ. (ਡੀ) ਰਾਕੇਸ਼ ਯਾਦਵ ਨੇ ਦੱਸਿਆ ਕਿ ਬਸੀ ਪਠਾਣਾ ਦੇ ਵਾਰਡ ਨੰਬਰ 12 ਵਿੱਚ ਰਹਿਣ ਵਾਲੇ ਨਸ਼ਾ ਤਸਕਰ ਅਮਿਤ ਕੁਮਾਰ ਤੇ ਐੱਨ. ਡੀ. ਪੀ. ਐੱਸ. ਐਕਟ ਤਹਿਤ 2 ਪਰਚੇ ਦਰਜ ਹਨ ਅਤੇ ਇਹ ਮੁਲਜ਼ਮ ਅਜੇ ਵੀ ਭਗੌੜਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ ਤੇ ਨਸ਼ਿਆਂ ਦੇ ਤਸਕਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ।ਐੱਸ ਪੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫਤ ਵਿੱਚੋਂ ਕੱਢਣ ਲਈ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ ਤੇ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੇ ਦਲ ਦਲ ਵਿੱਚ ਫਸਾਉਣ ਵਾਲੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ ਮੁਹਿੰਮ' ਨਿਰੰਤਰ ਜਾਰੀ ਰਹੇਗੀ।ਇਸ ਮੌਕੇ ਡੀਐੱਸਪੀ ਬੱਸੀ ਪਠਾਣਾ ਰਾਜ ਕੁਮਾਰ, ਨਗਰ ਕੌਂਸਲ ਬਸੀ ਪਠਾਣਾ ਦੇ ਕਾਰਜ ਸਾਧਕ ਅਫਸਰ ਸੁਖਦੇਵ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪੁਲਸ ਮੁਲਾਜ਼ਮ ਹਾਜ਼ਰ ਸਨ।

## ਐਡਵੋਕੇਟ ਇਕਬਾਲ ਸਿੰਘ ਆਈ ਐਸ ਐਫ ਕਾਲਜ ਮੋਗਾ ਦੇ ਕਾਨੂੰਨੀ ਸਲਾਹਕਾਰ ਨਿਯੁਕਤ



**ਦੋਰਾਹਾ (ਹਰਮਿੰਦਰ ਸੇਠ)**-ਲੁਧਿਆਣਾ ਦੇ ਨਾਮਵਰ ਅਤੇ ਸੀਨੀਅਰ ਵਕੀਲ ਇਕਬਾਲ ਸਿੰਘ ਜਿੱਥੇ ਦੇਸ਼ ਦੀਆ ਵੱਖ ਵੱਖ ਉੱਚ ਦਰਜੇ ਦੀਆਂ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਵਿਚ ਉੱਚ ਅਹੁਦਿਆਂ 'ਤੇ ਸੇਵਾ ਨਿਭਾਅ ਰਹੇ ਹਨ, ਉਥੇ ਹੀ ਪੰਜਾਬ ਦੇ ਪ੍ਰਸਿੱਧ ਅਤੇ ਨਾਕ ਵੱਲੋਂ ਏ ਗ੍ਰੇਡ ਪ੍ਰਾਪਤ ਆਈ ਐਸ ਐਫ ਕਾਲਜ ਆਫ ਫਾਰਮੇਸੀ, ਮੋਗਾ ਜੋ ਕਿ ਐਨ ਆਈ ਆਰ ਐਫ ਐਡਵੋਕੇਟ ਇਕਬਾਲ ਸਿੰਘ ਨੂੰ ਆਪਣਾ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਹੈ। ਇਹ ਨਿਯੁਕਤੀ ਪੱਤਰ ਆਈ ਐਸ ਐਫ ਕਾਲਜ ਦੇ ਉਪ ਪ੍ਰਿੰਸੀਪਲ ਪ੍ਰੋ. ਰਾਜ ਕੇ. ਨਾਰੰਗ ਵੱਲੋਂ ਜਾਰੀ ਕੀਤਾ ਗਿਆ। ਜਿਸ ਵਿਚ ਇਕਬਾਲ ਸਿੰਘ ਦੀ 25 ਸਾਲ ਤੋਂ ਵੱਧ ਦੀ ਕਾਨੂੰਨੀ ਤਜਰਬੇਦਾਰੀ ਅਤੇ ਉੱਚ ਪੇਸ਼ਾਵਰ ਮਾਨਤਾ ਨੂੰ ਮਨਜ਼ੂਰ ਕਰਦੇ ਹੋਏ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਕਾਨੂੰਨੀ ਸਲਾਹਕਾਰ ਵਜੋਂ, ਸ. ਇਕਬਾਲ ਸਿੰਘ ਲੀਟਿਗੇਸ਼ਨ, ਕੰਪਲਾਇੰਸ, ਰੈਗੂਲੈਟਰੀ ਅਫੇਅਰਜ਼, ਦਸਤਾਵੇਜ਼ੀ ਕਾਰਵਾਈ ਅਤੇ ਅਨੁਬੰਧ ਸੰਬੰਧੀ ਮਾਮਲਿਆਂ 'ਚ ਕਾਲਜ ਨੂੰ ਸਲਾਹ ਦੇਣਗੇ। ਉਨ੍ਹਾਂ ਦੀ ਵਡਮੁੱਲੀ ਸਲਾਹ ਕਾਲਜ ਦੇ ਕਾਨੂੰਨੀ ਹਿੱਤਾਂ ਦੀ ਰਾਖੀ ਕਰਨ ਅਤੇ ਪ੍ਰਸ਼ਾਸਨਕ ਮਜ਼ਬੂਤੀ ਲਈ ਮੂਲ ਭੂਮਿਕਾ ਨਿਭਾਏਗੀ। ਐਡਵੋਕੇਟ ਇਕਬਾਲ ਸਿੰਘ ਨੇ ਕਿਹਾ ਕਿ ਉਹ ਕਾਲਜ ਵਲੋ ਅਹੁਦੇ ਦੇ ਰੂਪ ਵਿਚ ਮਿਲੀ ਸੇਵਾਂ ਨੂੰ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਉਣਗੇ। ਉਨ੍ਹਾ ਵਿਸ਼ਵਾਸ ਦਿਵਾਇਆ ਕਿ ਉਹ ਕਾਨੂੰਨ ਦੇ ਤਰਾਜੂ ਨੂੰ ਡੋਲਣ ਨਹੀਂ ਦੇਣਗੇ।

## ਗੜਿਆਂ ਤੇ ਅੱਗ ਨਾਲ ਨੁਕਸਾਨੀ ਕਣਕ ਦੀ ਜਲਦੀ ਗਿਰਦਾਵਰੀ ਕਰਵਾ ਕੇ ਮੁਆਵਜ਼ੇ ਦਾ ਪ੍ਰਬੰਧ ਕਰੇ ਸਰਕਾਰ : ਡੱਲੇਵਾਲਾ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੇ ਵੱਡੇ ਆਗੂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪੰਜਾਬ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਬੀਤੇ ਕੱਲ੍ਹ ਕਿਸਾਨਾਂ ਦੀਆਂ ਫਸਲਾਂ ਕਣਕ, ਪਿਆਜ਼ ਤੇ ਹਰੇ ਚਾਰੇ ਦੇ ਬੇ-ਮੌਸਮੀ ਬਰਸਾਤ ਗੜੇਮਾਰੀ ਤੇ ਅੱਗ ਲੱਗਣ ਨਾਲ ਹੋਏ ਨੁਕਸਾਨ 'ਤੇ ਚਿੰਤਾ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਕਿਸਾਨਾਂ ਦੇ ਹੋਏ ਨੁਕਸਾਨ ਦੀ ਤੁਰੰਤ ਗਿਰਦਾਵਰੀ ਕਰਵਾਕੇ ਕਿਸਾਨਾਂ ਨੂੰ ਮੁਆਵਜ਼ਾ ਦੇਣ ਦਾ ਸਰਕਾਰ ਪ੍ਰਬੰਧ ਕਰੇ।ਉਨ੍ਹਾਂ ਕਿਹਾ ਕਿ ਦੇਸ਼ ਦਾ ਕਿਸਾਨ ਫਸਲਾਂ ਦੇ ਸਹੀ ਭਾਅ ਮਿਲਣ ਕਾਰਨ ਪਹਿਲਾਂ ਹੀ ਬਹੁਤ ਵੱਡੇ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋ ਚੁੱਕਿਆ ਹੈ ਤੇ ਬੀਤੇ ਕੱਲ੍ਹ ਹੋਈ ਬੇਮੌਸਮੀ ਗੜੇਮਾਰੀ ਤੇ ਅੱਗ ਲੱਗਣ ਦੀਆਂ ਘਟਨਾਵਾਂ ਸਰਕਾਰਾਂ ਦੀ ਬੇਰੁਖੀ ਕਾਰਨ ਘਾਟੇ ਦਾ ਸੌਦਾ ਬਣਾ ਦਿੱਤੀ ਗਈ ਖੇਤੀ ਨੂੰ ਹੋਰ ਵੀ ਨਿਘਾਰ ਵੱਲ ਲੈ ਕੇ ਜਾਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਬੇਮੌਸਮੀ ਬਰਸਾਤ ਤੇ ਗੜੇਮਾਰੀ ਨੇ ਕਿਸਾਨਾਂ ਦਾ 100 ਪ੍ਰਤੀਸ਼ਤ ਦਾ ਨੁਕਸਾਨ ਕਰ ਦਿੱਤਾ ਹੈ ਅਤੇ ਬਹੁਤ ਸਾਰੇ ਇਲਾਕਿਆਂ ਵਿੱਚ ਤਾਂ ਕਣਕ ਦੀ ਫ਼ਸਲ ਦੇ ਨਾਲ ਨਾਲ ਪਸ਼ੂ ਧਨ ਤੇ ਹਰੇ ਚਾਰੇ ਦਾ ਵੀ ਵੱਡੇ ਪੱਧਰ 'ਤੇ ਨੁਕਸਾਨ ਹੋਣ ਦੀਆਂ ਖਬਰਾਂ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀਆਂ ਹਨ।ਇਸ ਮੌਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਪਿੰਡ ਡੱਲੇਵਾਲ ਵਿਖੇ ਪੰਜਾਬ ਸਰਕਾਰ ਦੀ ਧੋਖਾਧੜੀ ਖਿਲਾਫ਼ ਚੱਲ ਰਹੇ ਰੋਸ ਮੋਰਚੇ ਵਿੱਚ ਸ਼ਾਮਲ ਹੋਣ ਲਈ ਪਹੁੰਚੇ ਸਨ ਅਤੇ ਉਨ੍ਹਾਂ ਦੱਸਿਆ ਕਿ ਇਸ ਮੋਰਚੇ ਵਿੱਚ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀਆਂ ਸਮੁੱਚੀਆਂ ਜਥੇਬੰਦੀਆਂ ਦੇ ਆਗੂਆਂ ਵੱਲੋਂ 24 ਅਪ੍ਰੈਲ ਨੂੰ ਇੱਕ ਅਹਿਮ ਮੀਟਿੰਗ ਕੀਤੀ ਜਾਵੇਗੀ ਅਤੇ ਚੱਲ ਰਹੇ ਇਸ ਮੋਰਚੇ ਦੀ ਅਗਲੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।ਇਸ ਮੌਕੇ ਉਨ੍ਹਾਂ ਨਾਲ ਬੀਕੇਯੂ ਏਕਤਾ ਸਿੱਧੂਪੁਰ ਜ਼ਿਲ੍ਹਾ ਫ਼ਰੀਦਕੋਟ ਦੇ ਪ੍ਰਧਾਨ ਬੋਹੜ ਸਿੰਘ ਰੁਪਈਆਂ ਵਾਲਾ, ਸਾਦਿਕ ਬਲਾਕ ਦੇ ਪ੍ਰਧਾਨ ਨਾਇਬ ਸਿੰਘ ਸ਼ੇਰ ਸਿੰਘ ਵਾਲਾ, ਸੁਖਚਰਨ ਸਿੰਘ ਕਾਲਾ ਪ੍ਰਧਾਨ ਬਲਾਕ ਗੋਲੇਵਾਲਾ, ਗੁਰਾਂਦਿੱਤਾ ਸਿੰਘ ਨੰਬਰਦਾਰ ਜ਼ਿਲ੍ਹਾ ਖਜ਼ਾਨਚੀ, ਬਾਬਾ ਵੀਰ ਸਿੰਘ ਬਾਜ਼ਾਖਾਨਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਤੇ ਬੀਬੀਆਂ ਹਾਜ਼ਰ ਸਨ।

## ਤੇਜ਼ ਹਨੇਰੀ ਤੇ ਮੀਂਹ ਨੇ ਕਿਸਾਨਾਂ ਦੀਆਂ ਸੱਧਰਾਂ 'ਤੇ ਫੇਰਿਆ ਪਾਣੀ



**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਇਲਾਕੇ ਵਿੱਚ ਦੇਰ ਸ਼ਾਮ ਨੂੰ ਚੱਲੀ ਤੇਜ਼ ਹਨੇਰੀ ਤੋਂ ਬਾਅਦ ਪਏ ਮੀਂਹ ਕਾਰਨ ਖੜੀਆਂ ਕਣਕਾਂ ਤੇ ਮੱਕੀ ਦੀ ਫ਼ਸਲ ਦਾ ਭਾਰੀ ਨੁਕਸਾਨ ਹੋਣ ਦਾ ਅਨੁਮਾਨ ਹੈ, ਉੱਥੇ ਸੜਕ 'ਤੇ ਕਈ ਥਾਵਾਂ 'ਤੇ ਖੜੇ ਦਰੱਖਤ ਡਿੱਗ ਪਏ, ਪਰ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਲਗਭਗ ਸ਼ਾਮੀ ਪੰਜ ਵਜੇ ਆਸਮਾਨ ਵਿੱਚ ਇੱਕਦਮ ਹਨੇਰਾ ਪੈਣ ਤੋਂ ਬਾਅਦ ਮੀਂਹ ਤੇ ਹਲਕੀ ਗੜੇਮਾਰੀ ਸ਼ੁਰੂ ਹੋ ਗਈ।ਜਾਣਕਾਰੀ ਅਨੁਸਾਰ ਸੜਕਾਂ 'ਤੇ ਖੜ੍ਹੇ ਦਰੱਖ਼ਤ ਡਿੱਗਣ ਕਾਰਨ ਲੋਕਾਂ ਨੂੰ ਖੱਜਲ ਖੁਆਰ ਹੋਣਾ ਪਿਆ ਤੇ ਆਸ-ਪਾਸ ਦੇ ਲੋਕਾਂ ਨੇ ਦਰੱਖਤਾਂ ਨੂੰ ਸੜਕਾਂ ਤੋਂ ਹਟਾ ਕੇ ਆਵਾਜਾਈ ਬਹਾਲ ਕੀਤੀ। ਮੰਡੀਆਂ 'ਚ ਵਿਕਣ ਆਈ ਤੇ ਵਿੱਕ ਚੁੱਕੀ ਕਣਕ ਦੇ ਮੀਂਹ ਨਾਲ ਭਿੱਜਣ ਕਾਰਨ ਕਣਕ ਦੀ ਖ਼ਰੀਦ ਤੇ ਅਸਰ ਪਿਆ। ਇਲਾਕੇ ਦੇ ਸਮਾਜਸੇਵੀ ਅਮਨਦੀਪ ਸਿੰਘ ਮਾਂਗਟ ਨੇ ਦੱਸਿਆ ਕਿ ਉਹ ਜਦੋਂ ਚੱਲ ਰਹੀ ਹਨੇਰੀ ਦੌਰਾਨ ਆ ਰਹੇ ਸਨ ਤਾਂ ਸੜਕ 'ਤੇ ਕਈ ਦਰੱਖਤ ਟੁੱਟ ਕੇ ਡਿੱਗੇ ਹੋਏ ਸਨ, ਜਿਨ੍ਹਾਂ ਨੂੰ ਉਨ੍ਹਾਂ ਆਪਣੇ ਸਾਥੀ ਨਵਜੋਤ ਸਿੰਘ ਦੀ ਮਦਦ ਨਾਲ ਸੜਕ ਤੋਂ ਪਰਾ ਕਰਵਾਇਆ।ਕਿਸਾਨ ਆਗੂ ਬਾਈ ਪਰਮਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਇਲਾਕੇ ਵਿੱਚ ਇਸ ਵਾਰ ਮੱਕੀ ਦੀ ਕਾਫੀ ਬਿਜਾਈ ਹੋਈ ਹੈ, ਪਰ ਅੱਜ ਚੱਲੀ ਹਨੇਰੀ ਤੇ ਪਏ ਮੀਂਹ ਕਾਰਨ ਮੱਕੀ ਦਾ ਵੱਡਾ ਨੁਕਸਾਨ ਹੋ ਸਕਦਾ ਹੈ, ਉੱਥੇ ਹੀ ਹੱਥੀ ਕਟਾਈ ਕੀਤੀ ਗਈ ਕਣਕ ਦਾ ਵੀ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

## ਪ੍ਰਾਇਮਰੀ ਸਕੂਲ ਬੁਆਣੀ 'ਚ ਮਾਪੇ ਤੇ ਅਧਿਆਪਾਂ 'ਚ ਰਾਜ਼ੀਨਾਮਾ



**ਦੋਰਾਹਾ (ਹਰਮਿੰਦਰ ਸੇਠ)**-ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਬੁਆਣੀ ਬਲਾਕ ਦੋਰਾਹਾ ਜ਼ਿਲ੍ਹਾ ਲੁਧਿਆਣਾ ਦੇ ਪੈਂਦੇ ਪਿੰਡ ਸਰਕਾਰੀ ਪ੍ਰਾਇਮਰੀ ਸਕੂਲ ਬੁਆਣੀ ਵਿੱਚ ਇੱਕ ਵੀਡੀਓ ਜਾਰੀ ਹੋਈ ਸੀ ਇਸ ਸਬੰਧੀ ਮਾਪੇ ਅਧਿਆਪਕ ਅਤੇ ਪਿੰਡ ਬੁਆਣੀ ਦੇ ਸਾਰੇ ਨਗਰ ਨਿਵਾਸੀ ਅਤੇ ਪਤਵੰਤੇ ਸੱਜਣ ਹਾਜ਼ਰ ਹੋਏ ਸਨ। ਇਸ ਵਿੱਚ ਨਗਰ ਨਿਵਾਸੀਆਂ ਨੇ ਆਪਣੀ ਸਹਿਮਤੀ ਨਾਲ ਮਾਪਿਆਂ ਨੂੰ ਸਮਝਾ ਕੇ ਆਪਸੀ ਰਾਜ਼ੀਨਾਮਾ ਕਰਵਾ ਦਿੱਤਾ, ਜਿਸ ਵਿੱਚ ਮਾਪਿਆਂ ਦੀ ਬੇਨਤੀ ਉੱਪਰ ਇਸ ਸਕੂਲ ਵਿੱਚ ਮੁੱਖ ਅਧਿਆਪਕਾ ਸ੍ਰੀਮਤੀ ਸੰਗੀਤਾ ਛਾਬੜਾ ਦੇ ਪਤੀ ਇਸ ਸਕੂਲ ਵਿੱਚ ਹਾਜ਼ਰ ਨਹੀਂ ਹੋਣੇ ਚਾਹੀਦੇ, ਉਹ ਬਾਹਰ ਤੋਂ ਹੀ ਆਪਣੀ ਪਤਨੀ ਨੂੰ ਛੱਡ ਕੇ ਜਾਣਗੇ, ਆਪਣੇ ਸੁਭਾਅ ਵਿੱਚ ਮਿਠਤ ਰੱਖਣਗੇ, ਮੈਡਮ ਜੀ ਆਪਣੇ ਸਟਾਫ ਨਾਲ ਵਧੀਆ ਵਿਹਾਰ ਕਰਨਗੇ, ਸਕੂਲ ਵਿੱਚ ਇਨ੍ਹਾਂ ਦੇ ਬੱਚਿਆਂ ਨਾਲ ਦੁਰਵਿਹਾਰ ਨਹੀਂ ਕਰਨਗੇ ਅਤੇ ਜੋ ਬੱਚਿਆਂ ਦੇ ਸਰਟੀਫਿਕੇਟ ਦਾ ਮਸਲਾ ਸੀ ਅਤੇ ਬੱਚਿਆਂ ਦੇ ਮਾਤਾ ਪਿਤਾ ਨੂੰ ਸਰਟੀਫਿਕੇਟ ਵੀ ਮੌਕੇ 'ਤੇ ਹੀ ਦਿੱਤੇ ਗਏ। ਇਸ ਮੌਕੇ ਮਨਜੀਤ ਸਿੰਘ ਬੀ ਪੀ ਈ ਓ ਦੋਰਾਹਾ, ਅਮਰੀਕ ਸਿੰਘ ਸੀ ਐਚ ਟੀ ਇੰਚਾਰਜ ਸਰਕਾਰੀ ਪ੍ਰਾਇਮਰੀ ਸਕੂਲ ਬਿਲਾਸਪੁਰ, ਕੁਲਜਿੰਦਰ ਸਿੰਘ ਲਹਿਲ ਬੀ ਐਸ ਪੀ ਪ੍ਰਧਾਨ ਹਲਕਾ ਪਾਇਲ, ਧਰਮਿੰਦਰ ਸਿੰਘ ਬੀ ਐਸ ਪੀ ਵਰਕਰ, ਮੀਨਾ ਰਾਣੀ, ਜਸਵਿੰਦਰ ਕੌਰ, ਸਰਬਜੀਤ ਕੌਰ, ਗੁਰਵਿੰਦਰ ਸਿੰਘ, ਸੋਹਨਪ੍ਰੀਤ ਕੌਰ, ਸੁਖਨੰਦਨ ਕੌਰ ਅਤੇ ਸਮੂਹ ਸਟਾਫ ਇਸ ਮੌਕੇ ਹਾਜ਼ਰ ਰਿਹਾ।

## ਸਰਕਾਰੀ ਸਕੂਲ ਚੱਕ ਸੈਦੋਕੇ 'ਚ ਨਸ਼ਿਆਂ ਬਾਰੇ ਕੀਤਾ ਜਾਗਰੂਕ



**ਜਲਾਲਾਬਾਦ (ਜੀਤ ਕੁਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ ਨਸ਼ਿਆਂ ਖਿਲਾਫ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਚਲਾਈ ਮੁਹਿੰਮ ਤਹਿਤ ਸਵੇਰ ਦੀ ਸਭਾ ਦੌਰਾਨ ਨਸ਼ਿਆਂ ਦੇ ਸਿਹਤ 'ਤੇ ਪੈਣ ਵਾਲੇ ਬੁਰੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਰਾਣੀ ਨੇ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਪੜ੍ਹਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਡੀ. ਪੀ. ਲਖਵਿੰਦਰ ਸਿੰਘ ਨੇ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਤੇ ਭਵਿੱਖ ਵਿੱਚ ਇਸ ਨਾਲ ਹੋਣ ਵਾਲੇ ਨੁਕਸਾਨ ਤੋਂ ਵੀ ਰੂਬਰੂ ਕਰਵਾਇਆ ਗਿਆ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀ ਮੌਜੂਦ ਸੀ। ਵਿਦਿਆਰਥੀਆਂ ਨੇ ਪ੍ਰਣ ਲਿਆ ਕਿ ਨਾ ਸਿਰਫ ਉਹ ਆਪ ਨਸ਼ਿਆਂ ਦਾ ਵਿਰੋਧ ਕਰਨਗੇ, ਬਲਕਿ ਆਪਣੇ ਆਲੇ-ਦੁਆਲੇ ਵੀ ਇਸ ਨਸ਼ਿਆਂ ਰੂਪੀ ਕੋਹੜ ਖਿਲਾਫ ਜਾਗਰੂਕਤਾ ਮੁਹਿੰਮ ਚਲਾਉਣਗੇ। ਅੰਤ ਵਿੱਚ ਸਾਰੇ ਵਿਦਿਆਰਥੀਆਂ ਨੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰਣ ਵੀ ਲਿਆ ਤੇ ਨਸ਼ੇ ਵਿਰੋਧੀ ਨਾਅਰੇ ਵੀ ਲਗਾਏ ਗਏ।

## ਤੇਜ਼ ਹਨੇਰੀ ਤੇ ਝੱਖੜ ਨਾਲ ਅਕਾਲ ਅਕੈਡਮੀ ਦੀ ਕੰਧ ਢਹਿ ਢੇਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ ਫਫੜੇ ਭਾਈ ਕੇ ਵਿਖੇ ਕੱਲ੍ਹ ਸ਼ਾਮ ਆਈ ਤੇਜ਼ ਹਨੇਰੀ ਤੇ ਝੱਖੜ ਕਾਰਨ ਚਾਰਦੀਵਾਰੀ ਦੀ ਕੰਧ ਢਹਿ-ਢੇਰੀ ਹੋ ਗਈ।ਇਸ ਸਬੰਧੀ ਅਕਾਲ ਅਕੈਡਮੀ ਦੀ ਪ੍ਰਿੰਸੀਪਲ ਸ੍ਰੀਮਤੀ ਜਸਦੀਪ ਕੌਰ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕੱਲ੍ਹ ਸ਼ਾਮ ਦੇ ਸਮੇਂ ਆਈ ਤੇਜ਼ ਹਨੇਰੀ ਇੰਨੀ ਭਿਆਨਕ ਸੀ, ਜਿਸ ਨਾਲ ਅਕਾਲ ਅਕੈਡਮੀ ਫਫੜੇ ਭਾਈ ਕੇ ਚਾਰਦੀਵਾਰੀ ਦੀ ਕੰਧ ਬੁਰੀ ਤਰ੍ਹਾਂ ਢਹਿ ਢੇਰੀ ਹੋ ਗਈ।ਉਨ੍ਹਾਂ ਦੱਸਿਆ ਕਿ ਛੁੱਟੀ ਹੋਣ ਕਾਰਨ ਬੱਚੇ ਤੇ ਅਧਿਆਪਕ ਉੱਥੇ ਹਾਜ਼ਰ ਨਹੀਂ ਸਨ, ਜਿਸ ਕਰਕੇ ਜਾਨੀ ਨੁਕਸਾਨ ਹੋਣ ਤੋਂ ਤਾਂ ਬਚਾਅ ਹੋ ਗਿਆ, ਪ੍ਰੰਤੂ ਇਸ ਨਾਲ ਅਕੈਡਮੀ ਦਾ ਮਾਲੀ ਨੁਕਸਾਨ ਜ਼ਰੂਰ ਹੋ ਗਿਆ।

## ਕਿੰਡਰਗਾਰਟਨ ਦੇ ਬੱਚਿਆਂ ਨੇ ਮੈਜਿਕ ਸ਼ੋਅ ਦਾ ਮਾਣਿਆ ਅਨੰਦ



**ਨਾਭਾ (ਵਰਿੰਦਰ ਵਰਮਾ)**-ਦਿ ਕਿੰਡਰਗਾਰਟਨ ਸਕੂਲ ਨਾਭਾ ਦੇ ਚੇਅਰਮੈਨ ਸੰਦੀਪ ਬਾਂਸਲ, ਆਪਣੇ ਵਿਦਿਆਰਥੀਆਂ ਨੂੰ ਨਾਭਾ ਵਿਖੇ ਕੀਤੇ ਜਾ ਰਹੇ ਜਾਦੂਈ ਸ਼ੋਅ ਦੇ ਦੌਰੇ 'ਤੇ ਲੈ ਗਏ ਤਾਂ ਜੋ ਉਨ੍ਹਾਂ ਨੂੰ ਕਲਾਸਰੂਮ ਤੋਂ ਪਰ੍ਹੇ ਸਿੱਖਣ ਤੇ ਨਵੇਂ ਤਜਰਬਿਆਂ ਰਾਹੀਂ ਸਮਾਜਿਕ ਤੇ ਸੱਭਿਆਚਾਰਕ ਤੌਰ 'ਤੇ ਵਧਣ ਦਾ ਮੌਕਾ ਪ੍ਰਦਾਨ ਕੀਤਾ ਜਾ ਸਕੇ।ਇਸ ਦੌਰਾਨ ਮੌਂਟ-2 ਤੇ ਮੌਂਟ-3 ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਦਿਲਚਸਪ ਖੇਡ ਵਿੱਚ ਵਿਦਿਆਰਥੀਆਂ ਨੇ ਜਾਦੂਈ ਗਤੀਵਿਧੀਆਂ ਵਿੱਚ ਵੀ ਹਿੱਸਾ ਲਿਆ।ਜਾਦੂਗਰ ਨੇ ਰੁਮਾਲਾਂ ਦੀ ਵਰਤੋਂ ਕਰਕੇ ਤਿਰੰਗਾ ਬਣਾਉਣ ਵਰਗੀਆਂ ਵੱਖ-ਵੱਖ ਗਤੀਵਿਧੀਆਂ ਰਾਹੀਂ ਬੱਚਿਆਂ ਵਿੱਚ ਦੇਸ਼ ਭਗਤੀ ਦੀ ਭਾਵਨਾ ਪੈਦਾ ਕੀਤੀ।ਪ੍ਰੋਗਰਾਮ ਦੌਰਾਨ ਸਾਰੇ ਵਿਦਿਆਰਥੀਆਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ, ਉੱਥੇ ਮੌਜੂਦ ਅਧਿਆਪਕ ਤੇ ਵਿਦਿਆਰਥੀ ਜਾਦੂਗਰ ਦੇ ਕਰਤੱਬ ਦੇਖ ਕੇ ਹੈਰਾਨ ਰਹਿ ਗਏ। ਸਕੂਲ ਦੀ ਵਾਈਸ ਪ੍ਰਿੰਸੀਪਲ ਦਿਵਿਆ ਸ਼ਰਮਾ ਨੇ ਕਿਹਾ ਕਿ ਦਿ ਕਿੰਡਰਗਾਰਟਨ ਨੇ ਆਪਣੇ ਬੱਚਿਆਂ ਨੂੰ ਸਿਹਤਮੰਦ ਮਨੋਰੰਜਨ ਦੇ ਮੌਕੇ ਪ੍ਰਦਾਨ ਕਰਨ ਲਈ ਅੱਜ ਇਹ ਮੈਜਿਕ ਸ਼ੋਅ ਦਿਖਾ ਕੇ ਇੱਕ ਸਕਾਰਾਤਮਕ ਮਾਹੌਲ ਬਣਾਉਣ ਦੀ ਪਹਿਲ ਕੀਤੀ ਹੈ।

## ਤੇਜ਼ ਮੀਂਹ ਤੇ ਝੱਖੜ ਕਾਰਨ ਗਰਗ ਐਗਰੋ ਫੂਡ ਦੀ ਕੰਧ ਡਿੱਗੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੱਥੋਂ ਨੇੜਲੇ ਪਿੰਡ ਘੋਲੀਆਂ ਕਲਾਂ ਵਿਖੇ ਸਥਿਤ ਗਰਗ ਐਗਰੋ ਦੀ 215 ਫੁੱਟ ਦੇ ਕਰੀਬ ਕੰਧ ਨੂੰ ਬੀਤੀ ਰਾਤ ਚੱਲੀ ਤੇਜ਼ ਹਨੇਰੀ ਨੇ ਢਹਿ ਢੇਰੀ ਕਰ ਦਿੱਤਾ, ਜਿਸ ਕਾਰਨ ਉਕਤ ਇੰਡਸਟਰੀ ਦਾ ਦੋ ਲੱਖ ਦੇ ਕਰੀਬ ਨੁਕਸਾਨ ਹੋਇਆ ਹੈ, ਪਰ ਜਾਨੀ ਨੁਕਸਾਨ ਹੋਣੋਂ ਬਚਾਅ ਰਿਹਾ।ਗਰਗ ਐਗਰੋ ਫੂਡ ਦੇ ਮਾਲਕ ਲਲਿਤ ਕੁਮਾਰ ਗਰਗ ਨੇ ਕਿਹਾ ਕਿ ਬੀਤੀ ਰਾਤ ਮੀਂਹ ਹਨੇਰੀ ਇੰਨੀ ਤੇਜ਼ ਸੀ ਕਿ ਉਨ੍ਹਾਂ ਦੇ ਗਰਗ ਐਗਰੋ ਫੂਡ ਦੀ 215 ਫੁੱਟ ਦੇ ਕਰੀਬ ਕੰਧ ਡਿੱਗ ਪਈ, ਜਿਸ ਨਾਲ ਉਨ੍ਹਾਂ ਦਾ ਕਾਫ਼ੀ ਨੁਕਸਾਨ ਹੋਇਆ ਹੈ।

## ਗਲੋਬਲ ਡਿਸਕਵਰੀ ਸਕੂਲ ਵੱਲੋਂ 'ਕਦਰਾਂ ਕੀਮਤਾਂ ਦੀ ਪ੍ਰੇਰਣਾ' ਵਿਸ਼ੇ 'ਤੇ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਨੇ ਸਕੂਲ ਪ੍ਰਿੰਸੀਪਲ ਦੀ ਨਿਗਰਾਨੀ ਹੇਠ ਸਕੂਲ ਦੇ ਵਿਹੜੇ ਵਿੱਚ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਇੱਕ ਵਿਸ਼ੇਸ਼ ਸੈਮੀਨਾਰ ਕੀਤਾ।ਇਸ ਸੈਮੀਨਾਰ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਮੁੱਢਲੀਆਂ ਕਦਰਾਂ-ਕੀਮਤਾਂ ਪੈਦਾ ਕਰਨ ਬਾਰੇ ਜਾਗਰੂਕ ਕਰਨਾ ਸੀ।ਡਾ. ਵਾਲੀਆ ਨੇ ਬੱਚਿਆਂ ਨੂੰ ਜਾਗਰੂਕ ਕਰਨ ਲਈ ਨਿੱਜੀ ਤੌਰ 'ਤੇ ਸਕੂਲ ਦਾ ਦੌਰਾ ਕੀਤਾ।ਉਨ੍ਹਾਂ ਬੱਚਿਆਂ ਨੂੰ ਦੱਸਿਆ ਕਿ ਉਹ ਕਦਰਾਂ-ਕੀਮਤਾਂ ਦੀ ਸਿੱਖਿਆ ਨੂੰ ਸਵੈ-ਸਮਰਪਤ ਹੋਣ, ਸਕਾਰਾਤਮਕ ਰਵੱਈਆ ਅਪਣਾਉਣ, ਦੂਜਿਆਂ ਨਾਲ ਸਹਿਯੋਗ ਕਰਨ, ਹਮਦਰਦੀ ਰੱਖਣ ਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵਿਕਸਤ ਕਰਨ ਵਿੱਚ ਮਦਦ ਕਰਦੀ ਹੈ।ਕਦਰਾਂ-ਕੀਮਤਾਂ ਨੂੰ ਪੈਦਾ ਕਰਕੇ ਅਸੀਂ ਆਪਣੇ ਜੀਵਨ ਦੇ ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਵੀ ਹੁੰਦੇ ਹਾਂ।ਸਕੂਲ ਦੇ ਚੇਅਰਮੈਨ ਇੰਜੀਨੀਅਰ ਸ਼੍ਰੀ ਕਮਲੇਸ਼ ਤੇ ਵਾਇਸ-ਚੇਅਰਮੈਨ ਅਮਿਤ ਸਰਾਫ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਕਿਹਾ ਕਿ ਸਾਨੂੰ ਆਪਣੀਆਂ ਯੋਗਤਾਵਾਂ 'ਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਸਪੱਸ਼ਟ ਟੀਚੇ ਨਿਰਧਾਰਤ ਕਰਨੇ ਚਾਹੀਦੇ ਹਨ।ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਸਫਲਤਾ ਸਿਰਫ਼ ਸੱਚਾਈ, ਇਮਾਨਦਾਰੀ, ਵਫ਼ਾਦਾਰੀ, ਪਿਆਰ, ਸ਼ਾਂਤੀ ਆਦਿ ਵਰਗੇ ਬੁਨਿਆਦੀ ਮਨੁੱਖੀ ਮੁੱਲਾਂ ਨੂੰ ਜੀਵਨ ਵਿੱਚ ਸ਼ਾਮਲ ਕਰਕੇ ਹੀ ਸੰਭਵ ਹੈ।ਸਕੂਲ ਪ੍ਰਿੰਸੀਪਲ ਸ੍ਰੀਮਤੀ ਅੰਜੂ ਨਾਗਪਾਲ ਨੇ ਡਾ. ਵਾਲੀਆ ਦਾ ਧੰਨਵਾਦ ਕੀਤਾ।ਬੱਚਿਆਂ ਨੂੰ ਸੰਬੋਧਨ ਕਰਦਿਆਂ ਉਨ੍ਹਾ ਕਿਹਾ ਕਿ ਕਦਰਾਂ-ਕੀਮਤਾਂ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਉਨ੍ਹਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ।ਕਦਰਾਂ-ਕੀਮਤਾਂ ਦੀ ਸਿੱਖਿਆ ਬੱਚਿਆਂ ਨੂੰ ਆਪਣੇ ਆਪ 'ਤੇ ਮਾਣ ਕਰਨ ਤੇ ਆਪਣੇ ਹੱਕਾਂ ਲਈ ਲੜਨ ਵਿੱਚ ਮਦਦ ਕਰਦੀ ਹੈ।

## ...ਸ.ਫਾ 1 ਦੇ ਬਾਕੀ

### ਭਲਕੇ .ਗਦਰ ਪਾਰਟੀ ...

ਅਣਛੋਹੀ ਦਾਸਤਾਂ', 'ਪਛੜੇ ਵਰਗਾਂ ਦੇ ਗ਼ਦਰੀ ਬਾਬੇ', 'ਮਈ ਦਿਹਾੜਾ', 'ਅਮਰੀਕਾ ਤੋਂ ਕਾਲਾ ਨਾ.ਗ', 'ਹਿੰਦੂ-ਮੁਸਲਮਾਨਾਂ ਦਾ ਇਤਿਫਾਕ', 'ਗ਼ਦਰ ਪਾਰਟੀ ਅਤੇ ਮਜ਼ਬੀ ਝਗੜੇ' ਅਤੇ 'ਅਸੀਂ ਅੱਡ ਮੁਲਕ ਲਈ ਤਾਂ ਨਹੀਂ ਸੀ ਲੜੇ' ਆਦਿ ਮਹੱਤਵਪੂਰਨ ਸਮਗਰੀ ਪੜ੍ਹਨ, ਅਧਿਐਨ ਕਰਨ ਲਈ ਪ੍ਰਾਪਤ ਹੋਏਗੀ।ਉਹਨਾਂ ਹਰਵਿੰਦਰ ਭੰਡਾਲ (ਸੰਪਾਦਕ), ਚਰੰਜੀ ਲਾਲ ਕੰਗਣੀਵਾਲ (ਸਹਿ-ਸੰਪਾਦਕ), ਵਿਜੈ ਬੰਬੇਲੀ (ਸਹਿਯੋਗੀ ਸੰਪਾਦਕ) ਨੂੰ ਉਚੇਚੇ ਤੌਰ 'ਤੇ ਵਧਾਈ ਦਿੰਦੇ ਹੋਏ ਪਾਠਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਅਜਿਹੇ ਉੱਦਮ ਭਵਿੱਖ ਵਿੱਚ ਵੀ ਜਾਰੀ ਰੱਖੇਗੀ।ਜ਼ਿਕਰਯੋਗ ਹੈ ਕਿ ਇਸ ਤੋਂ ਇਲਾਵਾ 'ਨਵੀਂ ਮੰਡੀ ਅਤੇ ਖੇਤੀ ਨੀਤੀ' ਉਪਰ ਗੰਭੀਰ ਵਿਚਾਰ-ਚਰਚਾ ਕਰਨ ਲਈ ਬਲਦੇਵ ਸਿੰਘ ਨਿਹਾਲਗੜ੍ਹ, ਸਤਨਾਮ ਸਿੰਘ ਅਜਨਾਲਾ, ਜੋਗਿੰਦਰ ਸਿੰਘ ਉਗਰਾਹਾਂ, ਰਾਮਿੰਦਰ ਸਿੰਘ ਪਟਿਆਲਾ ਅਤੇ ਬਲਬੀਰ ਸਿੰਘ ਰਾਜੇਵਾਲ ਉਚੇਚੇ ਤੌਰ 'ਤੇ ਪੁੱਜੇ ਰਹੇ ਹਨ।ਕਮੇਟੀ ਦੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ। ਇਸ ਮਸਲੇ ਤੋਂ ਇਲਾਵਾ ਕੌਮੀ, ਕੌਮਾਂਤਰੀ ਅਤੇ ਸੂਬਾਈ ਪੱਧਰ 'ਤੇ ਚਰਚਿਤ ਮੁੱਦਿਆਂ ਉਪਰ ਮਤੇ ਵੀ ਸਮਾਗਮ ਦੀ ਪ੍ਰਵਾਨਗੀ ਲਈ ਰੱਖੇ ਜਾਣਗੇ।

## ਖਰਾਬ ਮੌਸਮ ਦੇ ਬਾਵਜੂਦ ਕਣਕ ਦੀ ਖ਼ਰੀਦ ਨਿਰੰਤਰ ਜਾਰੀ



**ਭੀਖੀ (ਧਰਮਵੀਰ ਸ਼ਰਮਾ)**-ਬੀਤੇ ਦਿਨ ਆਏ ਝੱਖੜ, ਹਨੇਰੀ ਤੇ ਮੀਂਹ ਕਾਰਨ ਕਈ ਪਿੰਡਾਂ ਵਿੱਚ ਕਣਕ ਦੀ ਕਟਾਈ 'ਚ ਰੁਕਾਵਟ ਆਈ ਹੈ, ਪ੍ਰੰਤੂ ਭੀਖੀ ਖੇਤਰ ਵਿੱਚ ਕਣਕ ਦੀ ਕਟਾਈ ਤੇ ਖ਼ਰੀਦ ਨਿਰਵਿਘਨ ਜਾਰੀ ਹੈ।ਅੱਜ ਬਾਅਦ ਦੁਪਹਿਰ ਤੋਂ ਹੀ ਮੁੱਖ ਯਾਰਡ ਭੀਖੀ ਵਿਖੇ ਕਣਕ ਦੀ ਤੁਲਾਈ ਚਾਲੂ ਸੀ ਤੇ ਕਣਕ ਦੀ ਆਮਦ ਨਿਰੰਤਰ ਚੱਲ ਰਹੀ ਹੈ।ਪਨਸਪ ਦੇ ਖ਼ਰੀਦ ਅਧਿਕਾਰੀ ਮੋਹਿਤ ਕੁਮਾਰ ਨੇ ਦੱਸਿਆ ਕਿ ਮੁੱਖ ਯਾਰਡ ਭੀਖੀ ਤੇ ਇਸ ਦੇ ਆਲੇ-ਦੁਆਲੇ ਪਿੰਡਾਂ ਦੇ ਖ਼ਰੀਦ ਕੇਂਦਰਾਂ ਤੇ ਕਣਕ ਖ਼ਰੀਦ ਵਿੱਚ ਕੋਈ ਪ੍ਰੇਸ਼ਾਨੀ ਨਹੀਂ ਆਈ ਅਤੇ ਆੜ੍ਹਤੀਆਂ ਨੇ ਮੰਡੀ ਵਿੱਚ ਪਈ ਕਣਕ ਨੂੰ ਢਕਣ ਦੇ ਬੰਦੋਬਸਤ ਕੀਤੇ ਹੋਏ ਸਨ।

ਉੱਧਰ ਮੰਡੀ ਵਿੱਚ ਮੌਜੂਦ ਕਿਸਾਨ ਸੁਖਦੇਵ ਸਿੰਘ ਨੇ ਦੱਸਿਆ ਕਿ ਲੰਘੀ ਕੱਲ੍ਹ ਪਏ ਮੀਂਹ ਕਾਰਨ ਹਾਲੇ ਕੋਈ ਨੁਕਸਾਨ ਦਰਪੇਸ਼ ਨਹੀਂ ਹੈ, ਜੇਕਰ ਮੌਸਮ ਸਾਫ਼ ਰਿਹਾ ਤਾਂ ਕਣਕ ਦੀ ਵਢਾਈ ਦਾ ਕੰਮ ਇਸੇ ਹਫ਼ਤੇ ਹੀ ਨਿਬੜ ਜਾਵੇਗਾ।ਕਿਸਾਨ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ 5 ਏਕੜ ਦੀ ਕਣਕ ਖ਼ਰੀਦ ਕੇਂਦਰ ਵਿੱਚ ਲਿਆਂਦੀ ਹੈ ਤੇ ਖ਼ਰੀਦ ਵਿੱਚ ਕੋਈ ਦਿੱਕਤ ਨਹੀਂ।ਇਸ ਸਬੰਧੀ ਮਾਰਕਿਟ ਕਮੇਟੀ ਦੇ ਸਕੱਤਰ ਕਿੰਮੀ ਗਰਗ ਨੇ ਦੱਸਿਆ ਕਿ ਕਮੇਟੀ ਅਧੀਨ ਆਉਂਦੇ 26 ਖ਼ਰੀਦ ਕੇਂਦਰਾਂ ਤੇ ਕਣਕ ਦੀ ਆਮਦ ਅਤੇ ਖ਼ਰੀਦ ਨਿਰਵਿਘਨ ਜਾਰੀ ਹੈ।ਆੜ੍ਹਤੀਆਂ ਨੂੰ ਖ਼ਰੀਦ ਕੇਂਦਰਾਂ 'ਤੇ ਕਣਕ ਨੂੰ ਭਿੱਜਣ ਤੋਂ ਬਚਾਉਣ ਲਈ ਲੋੜੀਦੇਂ ਪ੍ਰਬੰਧ ਕਰਨ ਲਈ ਹਦਾਇਤ ਕੀਤੀ ਗਈ ਹੈ।

## ਅਧਿਆਪਕਾਂ ਦੀ ਤਨਖਾਹ ਤੁਰੰਤ ਜਾਰੀ ਹੋਵੇ : ਜੀ ਟੀ ਯੂ

### 22 ਤੱਕ ਤਨਖਾਹ ਜਾਰੀ ਨਾ ਹੋਣ 'ਤੇ ਖਜ਼ਾਨਾ ਦਫਤਰ ਦੇ ਘਿਰਾਓ ਦਾ ਐਲਾਨ

**ਪਟਿਆਲ਼ਾ (ਰਾਜਿੰਦਰ ਸਿੰਘ ਥਿੰਦ)**-ਗੌਰਮਿੰਟ ਟੀਚਰਜ਼ ਯੂਨੀਅਨ ਨੇ ਅਪ੍ਰੈਲ ਦਾ ਅੱਧੇ ਤੋਂ ਵੱਧ ਮਹੀਨਾ ਬੀਤ ਜਾਣ ਦੇ ਬਾਵਜੂਦ ਅਧਿਆਪਕਾਂ ਦੀਆਂ ਤਨਖਾਹਾਂ ਨਾ ਜਾਰੀ ਹੋਣ 'ਤੇ ਸਰਕਾਰ ਦੀ ਨਿਖੇਧੀ ਕੀਤੀ ਹੈ।ਇੱਥੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਗੁਰਬਿੰਦਰ ਸਿੰਘ ਸਸਕੌਰ ਤੇ ਜਨਰਲ ਸਕੱਤਰ ਧਰਮਿੰਦਰ ਸਿੰਘ ਭੰਗੂ ਤੇ ਸਕੱਤਰ ਸਿਮਰਨਜੀਤ ਸਿੰਘ ਰੱਕੜ ਨੇ ਦੱਸਿਆ ਕਿ ਅਪ੍ਰੈਲ ਮਹੀਨਾ ਹਰ ਇੱਕ ਲਈ ਬੇਹੱਦ ਖਰਚੇ ਵਾਲਾ ਹੁੰਦਾ ਹੈ, ਕਿਉਂਕਿ ਜਿੱਥੇ ਮੁਲਾਜ਼ਮਾਂ ਤੇ ਅਧਿਆਪਕਾਂ ਨੇ ਆਪਣੇ ਬੱਚਿਆਂ ਦੀਆਂ ਸਾਲਾਨਾ ਫੀਸਾਂ ਭਰਨੀਆਂ ਹੁੰਦੀਆਂ ਹਨ, ਉੱਥੇ ਸਾਲ ਭਰ ਦਾ ਅਨਾਜ ਵੀ ਖ੍ਰੀਦਣਾ ਹੁੰਦਾ ਹੈ, ਪਰ ਸਿੱਖਿਆ ਵਿਭਾਗ ਦੀ ਅਣਗਹਿਲੀ ਸਦਕਾ ਵੱਡੀ ਗਿਣਤੀ ਵਿੱਚ ਅਧਿਆਪਕ ਖਾਸ ਕਰ ਪ੍ਰਾਇਮਰੀ ਅਧਿਆਪਕ ਤਨਖਾਹਾਂ ਤੋਂ ਅਜੇ ਤੱਕ ਵਾਂਝੇ ਹਨ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ 22 ਅਪ੍ਰੈਲ ਤੱਕ ਸਾਰਿਆਂ ਅਧਿਆਪਕਾਂ ਦੀਆਂ ਤਨਖਾਹਾਂ ਜਾਰੀ ਕੀਤੀਆਂ ਜਾਣ ਨਹੀਂ ਤਾਂ ਜਥੇਬੰਦੀ ਨੂੰ ਜ਼ਿਲ੍ਹਾ ਖਜ਼ਾਨਾ ਦਫਤਰ ਦਾ ਘੇਰਾਓ ਕਰਨ ਲਈ ਮਜਬੂਰ ਹੋਣਾ ਪਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਅਧਿਕਾਰੀਆਂ ਦੀ ਹੋਵੇਗੀ।ਇਸ ਮੌਕੇ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਹੀਰਾ, ਗੁਰਚਰਨ ਸਿੰਘ, ਕੁਲਵੀਰ ਸਿੰਘ ਕੰਧੋਲਾ, ਅਵਨੀਤ ਚੱਢਾ, ਕੁਲਦੀਪ ਸਿੰਘ ਗਿੱਲ, ਦਵਿੰਦਰ ਸਿੰਘ, ਇਕਬਾਲ ਸਿੰਘ, ਗੁਰਦੀਪ ਸਿੰਘ, ਰੂਪ ਚੰਦ, ਜਗਦੀਪ ਸਿੰਘ ਤੇ ਦਵਿੰਦਰ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**



## ਖਾਲਸਾ ਕਾਲਜ ਮਹਿਤਾ ਦੇ ਵਿਦਿਆਰਥੀਆਂ ਦਾ ਧਾਰਮਿਕ ਟੂਰ ਕਰਵਾਇਆ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**— ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਜਿੱਥੇ ਵਿੱਦਿਆ ਦੇ ਖੇਤਰ ਵਿੱਚ ਮੋਹਰੀ ਮੱਲਾਂ ਮਾਰ ਰਿਹਾ, ਇਸ ਦੇ ਨਾਲ ਇੱਥੇ ਪੜ੍ਹਦੇ ਬੱਚਿਆਂ ਨੂੰ ਧਾਰਮਿਕ ਸਿੱਖਿਆ ਬਾਰੇ ਜਾਣਕਾਰੀ ਦੇਣ ਦੇ ਮੰਤਵ ਨਾਲ ਸਮੇਂ-ਸਮੇਂ ਉਪਰਾਲੇ ਵੀ ਕਰ ਰਿਹਾ ਹੈ।ਅੱਜ ਖਾਲਸਾ ਕਾਲਜ ਮਹਿਤਾ ਦੇ ਵਿਦਿਆਰਥੀਆਂ ਨੂੰ ਬਾਬਾ ਬੁੱਢਾ ਸਾਹਿਬ ਕੱਥੂ ਨੰਗਲ ਵਿਖੇ ਧਾਰਮਿਕ ਟੂਰ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਟੂਰ ਨੂੰ ਰਵਾਨਾ ਕਰਨ ਮੌਕੇ ਇਸ ਅਸਥਾਨ ਦੇ ਇਤਿਹਾਸ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।ਇਸ ਮੌਕੇ ਪ੍ਰਿੰਸੀਪਲ ਨੇ ਧਾਰਮਿਕ ਟੂਰ ਦੀ ਮਹੱਤਤਾ ਦੱਸਦਿਆਂ ਕਿਹਾ ਕਿ ਅਜੋਕੇ ਸਮੇਂ ਵਿੱਚ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਿੱਖ ਗੁਰਦੁਆਰਿਆਂ ਦੇ ਦਰਸ਼ਨ ਕਰਨੇ ਅਤੇ ਸਿੱਖ ਕੌਮ ਦੇ ਇਤਿਹਾਸਿਕ ਪਿਛੋਕੜ ਨੂੰ ਜਾਣਨ ਲਈ ਟੂਰ ਬਹੁਤ ਹੀ ਮਹੱਤਵਪੂਰਨ ਹਨ ਅਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਬਾਣੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ।ਇਸ ਦੌਰਾਨ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਵਾਏ ਗਏ।ਸਮੂਹ ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਨੇ ਸਰਬੱਤ ਦੇ ਭਲੇ ਲਈ ਅਤੇ ਅਦਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਅਤੇ ਇਸ ਉਪਰੰਤ ਸਮੂਹ ਸੰਗਤਾਂ ਨੇ ਲੰਗਰ ਛਕਿਆ।ਟੂਰ ਵਿੱਚ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ, ਪ੍ਰਿੰ. ਹਰਜਿੰਦਰ ਸਿੰਘ ਰੰਧਾਵਾ, ਕੁਲਦੀਪ ਕੌਰ, ਮਨਜੀਤ ਕੌਰ, ਪ੍ਰਭਜੋਤ ਸ਼ਰਮਾ, ਗੁਰਵਿੰਦਰ ਕੌਰ ਗੁਰਸ਼ਰਨਪ੍ਰੀਤ ਕੌਰ, ਸੁਪ੍ਰੀਤ ਕੌਰ, ਰੁਪਿੰਦਰ ਕੌਰ, ਅਮਨਦੀਪ ਕੌਰ, ਪਵਨਪ੍ਰੀਤ ਕੌਰ ਅਤੇ ਕਾਬਲ ਸਿੰਘ ਆਦਿ ਵੀ ਸ਼ਾਮਲ ਸਨ।

## ਸੇਖਵਾਂ ਨੇ ਮਾਰਕੀਟ ਕਮੇਟੀ ਧਾਰੀਵਾਲ, ਕਾਦੀਆਂ ਤੇ ਕਾਹਨੂੰਵਾਨ ਦੀਆਂ ਮੰਡੀਆਂ 'ਚ ਕਣਕ ਦੀ ਖਰੀਦ ਸ਼ੁਰੂ ਕਰਵਾਈ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਦਾਣਾ ਮੰਡੀ ਧਾਰੀਵਾਲ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਕਰਵਾਈ ਅਤੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਧਾਰੀਵਾਲ ਦੇ ਪ੍ਰਧਾਨ ਮੰਗਲ ਸਿੰਘ ਸਰਵਣ ਸਮੇਤ ਸਮੂਹ ਆੜ੍ਹਤੀਆਂ ਵੱਲੋਂ ਚੇਅਰਮੈਨ ਜਗਰੂਪ ਸਿੰਘ ਸੇਖਵਾਂ, ਮਾਰਕੀਟ ਕਮੇਟੀ ਧਾਰੀਵਾਲ ਦੇ ਸਕੱਤਰ ਜਗਰੂਪ ਸਿੰਘ, ਪਨਗ੍ਰੇਨ ਦੇ ਏਐਫਐੱਸਓ ਪ੍ਰਦੀਪ ਖੰਨਾ, ਇੰਸਪੈਕਟਰ ਪ੍ਰਤੀਕ ਮਹਾਜਨ, ਪਨਸਪ ਦੇ ਇੰਸਪੈਕਟਰ ਸਚਿਨ ਸਿਆਲ, ਇੰਸਪੈਕਟਰ ਰਾਕੇਸ਼ ਕੁਮਾਰ, ਵੇਅਰਹਾਊਸ ਦੇ ਇੰਸਪੈਕਟਰ ਕਰਨ ਸਿੰਘ, ਮਾਰਕਫੈੱਡ ਦੇ ਇੰਸਪੈਕਟਰ ਨਵਰਾਜ ਸਿੰਘ ਆਦਿ ਨੂੰ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਹਲਕੇ ਦੀ ਦਾਣਾ ਮੰਡੀ ਕਾਹਨੂੰਵਾਨ ਅਤੇ ਕਾਦੀਆਂ ਵਿਖੇ ਵੀ ਕਣਕ ਦੀ ਖਰੀਦ ਸ਼ੁਰੂ ਕਰਵਾਈ ਹੈ। ਧਾਰੀਵਾਲ ਦਾਣਾ ਮੰਡੀ ਵਿਖੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਨੂੰ ਨਿਰਵਿਘਨ ਅਤੇ ਪਾਰਦਰਸ਼ਤਾ ਢੰਗ ਨਾਲ ਕਰਨ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ ਅਤੇ ਪੰਜਾਬ ਸਰਕਾਰ ਕਿਸਾਨਾਂ ਦੀ ਕਣਕ ਦੀ ਫਸਲ ਦਾ ਇੱਕ-ਇੱਕ ਦਾਣਾ ਖਰੀਦ ਕਰਨ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਉਹ ਆਪਣੀ ਕਣਕ ਸਰਕਾਰੀ ਮਾਪ-ਦੰਡ ਤਹਿਤ ਸੁੱਕਾ ਕੇ ਮੰਡੀਆਂ ਵਿੱਚ ਲਿਆਉਣ ਤਾਂ ਜੋ ਕੋਈ ਦਿੱਕਤ ਨਾ ਆਵੇ। ਇਸ ਮੌਕੇ ਮਾਰਕੀਟ ਕਮੇਟੀ ਧਾਰੀਵਾਲ ਤੇ ਕਾਦੀਆਂ ਦੇ ਸਕੱਤਰ ਜਗਰੂਪ ਸਿੰਘ ਨੇ ਦੱਸਿਆ ਕਿ ਮਾਰਕੀਟ ਕਮੇਟੀ ਧਾਰੀਵਾਲ ਅਧੀਨ ਆਉਂਦੀਆਂ ਕੁੱਲ 10 ਮੰਡੀਆਂ ਅਤੇ ਕਾਦੀਆਂ ਅਧੀਨ ਆਉਂਦੀਆਂ ਕੁੱਲ 8 ਮੰਡੀਆਂ ਵਿੱਚ ਕਣਕ ਲੈ ਕੇ ਆਉਣ ਵਾਲੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਚੇਅਰਮੈਨ ਭੁਪਿੰਦਰ ਰਿੰਕਾ, ਸਰਪੰਚ ਗੁਰਸ਼ਰਨ ਸਿੰਘ ਸਹਾਰੀ, ਸਾਬਕਾ ਕੌਂਸਲਰ ਰਮੇਸ਼ ਮੇਸ਼ਾ, ਆੜ੍ਹਤੀ ਰੂਪ ਸਿੰਘ ਜਫਰਵਾਲ, ਕਰਤਾਰ ਸਿੰਘ ਭੰਗੂ, ਰੋਸ਼ਨ ਵੱਧਰਾ, ਤਰਲੋਕ ਸਿੰਘ, ਸੁਰਜੀਤ ਸਿੰਘ ਚਾਹਲ, ਰਾਮ ਪ੍ਰਕਾਸ਼ ਸ਼ਾਸਤਰੀ, ਜਸਪਾਲ ਸਿੰਘ, ਸੁਭਾਸ਼ ਜੋਸ਼ਾ, ਰਵੀ ਮਹਾਜਨ, ਗੁਰਵਿੰਦਰ ਸਿੰਘ ਖਹਿਰਾ, ਗੁਰਸ਼ਰਨ ਸਿੰਘ ਮਿੰਟਾ, ਮਨਜੀਤ ਸਿੰਘ ਕੰਗ ਆਦਿ ਤੋਂ ਇਲਾਵਾ ਵੀ ਕਿਸਾਨ ਹਾਜ਼ਰ ਸਨ।

## ਨਹਿਰ ਅਪਰਬਾਰੀ ਦੁਆਬ ਤੇ ਨਹਿਰ ਕਸੂਰ ਬਰਾਂਚ 'ਤੇ ਬਣਿਆ ਪੁਲ ਸੋਲਰ ਲਾਈਟਾਂ ਤੋਂ ਸੱਖਣਾ





**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਪੈਂਦੀ ਨਹਿਰ ਅਪਰਬਾਰੀ ਦੁਆਬ ਅਤੇ ਨਹਿਰ ਕਸੂਰ ਬਰਾਂਚ ਉਪਰ ਬਣੇ ਪੁਲ 'ਤੇ ਲੱਗੀਆਂ ਸੋਲਰ ਲਾਈਟਾਂ ਰਾਤ ਨੂੰ ਨਾ ਜਗਣ ਕਾਰਨ ਹਾਦਸੇ ਹੋਣ ਦਾ ਡਰ ਬਣਿਆ ਰਹਿੰਦਾ ਹੈ ਜਿਸ ਕਾਰਨ ਇਲਾਕਾ ਵਾਸੀਆਂ ਦਾ ਪੰਜਾਬ ਸਰਕਾਰ ਤੇ ਸਬੰਧਿਤ ਵਿਭਾਗ ਵੱਲ ਧਿਆਨ ਨਾ ਦੇਣ ਕਰਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਸਾਲ ਪਹਿਲਾ ਨਹਿਰ ਅਪਰਬਾਰੀ ਦੁਆਬ ਤੇ ਕਸੂਰ ਬਰਾਂਚ ਨਹਿਰ ਤੋਂ ਲੰਘਣ ਵਾਸਤੇ ਇਕ ਹੀ ਪੁਲ ਬਣਾਇਆ ਗਿਆ ਸੀ ਜਿਸ ਦਾ ਉਦਘਾਟਨ ਉਸ ਸਮੇਂ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਕੈਬਨਿਟ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਵਿਨੋਦ ਖੰਨਾ ਐੱਮ. ਪੀ. ਅਤੇ ਵਿਧਾਇਕ ਗੁਰਬਚਨ ਸਿੰਘ ਬੱਬੇਹਾਲੀ ਵੱਲੋਂ 26 ਅਪ੍ਰੈਲ 2007 ਵਿਚ ਸਾਂਝੇ ਤੌਰ 'ਤੇ ਕੀਤਾ ਗਿਆ ਸੀ। ਪੁਲਸ ਉਤੇ ਰਾਤ ਨੂੰ ਰੋਸ਼ਨੀ ਵਾਸਤੇ ਸੋਲਰ ਲਾਈਟਾਂ ਦੇ ਕਰੀਬ 18 ਪੋਲ ਲਗਾਏ ਗਏ ਸੀ ਜੋ ਕੁਝ ਸਮੇਂ ਬਾਅਦ ਹੀ ਲਾਈਟਾਂ ਜਗਣੋਂ ਬੰਦ ਹੋ ਗਈਆਂ ਅਤੇ ਖੰਭੇ ਵੀ ਟੁੱਟ ਭੱਜ ਗਏ ਸਨ। ਹੁਣ ਇਹ ਪੋਲ ਟੁੱਟੇ ਭੱਜੇ ਜਿੱਥੇ ਨਜ਼ਰ ਆਉਂਦੇ ਹਨ ਉਥੇ ਹੀ ਇਨ੍ਹਾਂ ਖੰਭਿਆਂ 'ਤੇ ਲਗੀਆਂ ਬੈਟਰੀਆਂ ਵੀ ਗਾਇਬ ਹੋ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਨਹਿਰ 'ਤੇ ਬਣੇ ਪੁਲ ਰਾਹੀਂ ਰੋਜ਼ਾਨਾ ਦਿਨ-ਰਾਤ ਸੈਂਕੜਿਆਂ ਦੀ ਗਿਣਤੀ ਵਿਚ ਛੋਟੇ ਵੱਡੇ ਵਾਹਨ ਦਿਲੀ, ਜਲੰਧਰ, ਚੰਡੀਗੜ੍ਹ ਆਦਿ ਤੋਂ ਆਉਂਦੇ ਹੋਏ ਜੰਮੂ, ਊਧਮਪੁਰ, ਸ੍ਰੀਨਗਰ ਸ਼ਹਿਰਾਂ ਨੂੰ ਆਉਂਦੇ-ਜਾਂਦੇ ਹਨ। ਲੋਕਾਂ ਨੇ ਦੱਸਿਆ ਕਿ ਪੁਲ 'ਤੇ ਰਾਤ ਸਮੇਂ ਹਨੇਰਾ ਹੋਣ ਕਾਰਨ ਕਈ ਵਾਰ ਦੋ ਪਹੀਆ ਵਾਹਨ ਆਪਸ ਵਿਚ ਟਕਰਾ ਕੇ ਹਾਦਸਾਗ੍ਰਸਤ ਹੋ ਚੁੱਕੇ ਹਨ ਅਤੇ ਕਿਸੇ ਵੇਲੇ ਵੀ ਵਾਹਨਾਂ ਦੇ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਲਾਕਾ ਵਾਸੀਆਂ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਪਾਸੋਂ ਮੰਗ ਕੀਤੀ ਕਿ ਲੋਕ ਨਿਰਮਾਣ ਵਿਭਾਗ ਦੇ ਇਲੈਕਟ੍ਰੀਕਲ ਵਿੰਗ ਨੂੰ ਹਦਾਇਤਾਂ ਕਰਕੇ ਪੁਲ 'ਤੇ ਬੰਦ ਅਤੇ ਖਰਾਬ ਹੋਈਆਂ ਲਾਈਟਾਂ ਨੂੰ ਚਾਲੂ ਕੀਤਾ ਜਾਵੇ ਤਾਂ ਜੋ ਕਿਸੇ ਵੇਲੇ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ। ਇਸ ਸਬੰਧੀ ਜਦੋਂ ਇਲੈਕਟ੍ਰੀਕਲ ਵਿੰਗ ਦੇ ਅਧਿਕਾਰੀ ਨਾਲ ਗੱਲਬਾਤ ਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਮੋਬਾਈਲ 'ਤੇ ਸੰਪਰਕ ਨਹੀਂ ਹੋ ਸਕਿਆ।

## ਫ਼ਿਸ਼ ਪਾਰਕ 'ਚ ਡਿੱਗੇ ਦਰੱਖ਼ਤ ਸੈਰ ਕਰਨ ਵਾਲਿਆਂ ਦੇ ਰਾਹ 'ਚ ਬਣ ਰਹੇ ਹਨ ਅੜਿੱਕਾ



**ਗੁਰਦਾਸਪੁਰ (ਜਨਕ ਮਹਾਜਨ)**- ਪਿਛਲੇ ਦਿਨੀਂ ਆਏ ਤੇਜ਼ ਹਨੇਰੀ ਝੱਖੜ ਕਾਰਨ ਫਿਸ਼ ਪਾਰਕ ਗੁਰਦਾਸਪੁਰ ਵਿਖੇ ਪਰਛੱਤੀ 'ਤੇ ਦਰੱਖ਼ਤ ਡਿੱਗਣ ਕਾਰਨ ਇਥੇ ਸੈਰ ਕਰਨ ਵਾਲੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਸਿਟੀਜ਼ਨ ਜਗਦੀਸ਼ ਰਾਜ, ਮੱਖਣ ਸਿੰਘ, ਤਰਲੋਚਨ ਸਿੰਘ ਅਤੇ ਰਾਮ ਪ੍ਰਕਾਸ਼ ਸ਼ਰਮਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਦਰੱਖ਼ਤਾਂ ਦੇ ਡਿੱਗਿਆਂ ਨੂੰ ਦੋ ਦਿਨ ਹੋ ਚੁੱਕੇ ਹਨ ਪਰ ਅਜੇ ਤੀਕ ਸਬੰਧਿਤ ਵਿਭਾਗ ਵਲੋਂ ਇਨ੍ਹਾਂ ਨੂੰ ਚੁੱਕਿਆ ਨਹੀਂ ਗਿਆ। ਉਨ੍ਹਾਂ ਕਿਹਾ ਉਹ ਰੋਜ਼ਾਨਾ ਸਵੇਰ, ਸ਼ਾਮ ਨੂੰ ਇਥੇ ਸੈਰ ਕਰਨ ਲਈ ਆਉਂਦੇ ਹਨ ਪਰ ਪਰਛੱਤੀਆਂ 'ਤੇ ਡਿੱਗੇ ਦਰੱਖ਼ਤ ਉਨ੍ਹਾਂ ਦੇ ਰਸਤੇ ਵਿਚ ਰੁਕਾਵਟ ਬਣੇ ਹੋਏ ਹਨ। ਇਥੇ ਜ਼ਿਕਰਯੋਗ ਹੈ ਕਿ ਫਿਸ਼ ਦੇ ਰੱਖ-ਰਖਾਓ ਦਾ ਜਿੰਮਾ ਨਗਰ ਕੌਂਸਲ ਗੁਰਦਾਸਪੁਰ ਕੋਲ ਹੈ ਜਿਨ੍ਹਾਂ ਦੀ ਲਾਪ੍ਰਵਾਹੀ ਦਾ ਨਤੀਜਾ ਲੋਕਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਸਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਫ਼ਿਸ਼ ਪਾਰਕ ਵਿਚ ਹਨੇਰੀ ਕਾਰਨ ਡਿੱਗੇ ਰੁੱਖਾਂ ਨੂੰ ਇੱਥੋਂ ਉਠਾਇਆ ਜਾਵੇ ਤਾਂ ਸੈਰ ਕਰਨ ਵਾਲੇ ਲੋਕਾਂ ਨੂੰ ਆ ਰਹੀ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ। ਜਦ ਇਸ ਸਬੰਧੀ ਨਗਰ ਕੌਂਸਲ ਦੇ ਇੰਸਪੈਕਟਰ ਭੱਟੀ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਨ੍ਹਾਂ ਡਿੱਗੇ ਪਏ ਦਰੱਖਤਾਂ ਨੂੰ ਅੱਜ ਹੀ ਚੁਕਵਾ ਦਿੱਤਾ ਜਾਵੇਗਾ।

## ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂਆਂ ਵੱਲੋਂ ਵਿਧਾਇਕ ਟੌਂਗ ਦਾ ਤਿੱਖਾ ਵਿਰੋਧ

### ● ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇਣ ਤੋਂ ਭੱਜਿਆ ਐੱਮ ਐੱਲ ਏ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧਾ)**- ਪਿੰਡ ਘੱਗੇ ਅਤੇ ਜਲਾਲਾਬਾਦ ਵਿਖੇ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਜੋ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਬਣੇ ਬਾਥਰੂਮ ਦਾ ਉਦਘਾਟਨ ਕਰਨ ਲਈ ਪਹੁੰਚੇ ਤਾਂ ਇਸ ਭਿਣਕ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜਥੇਬੰਦੀ ਦੇ ਆਗੂਆਂ ਨੂੰ ਪਈ ਤਾਂ ਜ਼ਿਲ੍ਹਾ ਤਰਨਤਾਰਨ ਦੇ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ ਅਤੇ ਜ਼ੋਨ ਪ੍ਰਧਾਨ ਮੁਖਤਾਰ ਸਿੰਘ ਬਿਹਾਰੀਪੁਰ ਦੀ ਅਗਵਾਈ ਵਿੱਚ ਇਕੱਠੇ ਹੋ ਕੇ ਹਲਕਾ ਵਿਧਾਇਕ ਨੂੰ ਰੋਕ ਕੇ ਸਵਾਲ ਕੀਤੇ ਕਿ ਸਾਡਾ ਕੀ ਕਸੂਰ ਸੀ, ਸਾਨੂੰ ਬਾਰਡਰਾਂ 'ਤੇ ਜ਼ਬਰਦਸਤੀ ਪੰਜਾਬ ਪੁਲਸ ਅਤੇ ਹੋਰ ਫੋਰਸਾਂ ਰਾਹੀਂ ਤਸ਼ੱਦਦ ਕਰਵਾ ਕੇ ਕਿਉਂ ਉਠਾਇਆ ਗਿਆ ਅਤੇ ਸਾਡਾ ਸਾਮਾਨ ਟਰੈਕਟਰ ਟਰਾਲੀਆਂ ਅਤੇ ਟੈਂਟ ਜੋ ਪ੍ਰਸ਼ਾਸਨ ਅਤੇ ਉਥੋਂ ਦੇ ਆਮ ਆਦਮੀ ਪਾਰਟੀ ਦੇ ਲੀਡਰਾਂ ਦੀ ਸ਼ਹਿ 'ਤੇ ਚੋਰੀ ਹੋਇਆ ਉਸ ਦੀ ਭਰਪਾਈ ਕੌਣ ਕਰੇਗਾ ਅਤੇ ਹੋਰ ਕਈ ਸਵਾਲ ਕੀਤੇ ਤਾਂ ਐੱਮ ਐੱਲ ਏ ਟੌਂਗ ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਇਧਰ ਉਧਰ ਦੀਆਂ ਗੱਲਾਂ ਵਿੱਚ ਕਿਸਾਨ ਆਗੂਆਂ ਨੂੰ ਉਲਝਾਉਣ ਦੀ ਕੋਸ਼ਿਸ਼ ਕਰਨ ਲੱਗਾ। ਕਿਸਾਨਾਂ ਤਹਿਸ਼ ਵਿੱਚ ਆ ਕੇ ਪੰਜਾਬ ਸਰਕਾਰ ਅਤੇ ਹਲਕਾ ਵਿਧਾਇਕ ਦੇ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਵਿਧਾਇਕ ਨੇ ਉਥੋਂ ਭੱਜਣ ਵਿੱਚ ਹੀ ਆਪਣੀ ਭਲਾਈ ਸਮਝੀ। ਇਸ ਮੌਕੇ ਸਤਨਾਮ ਸਿੰਘ ਖੋਜਕੀਪੁਰ, ਹਰਜਿੰਦਰ ਸਿੰਘ ਘੱਗੇ, ਸਾਹਿਬ ਸਿੰਘ ਨਰੋਤਮਪੁਰ, ਬਲਜਿੰਦਰ ਸਿੰਘ ਆਲਮਪੁਰ, ਗੁਰਪਾਲ ਸਿੰਘ ਜਲਾਲਾਬਾਦ, ਜਗਜੀਤ ਸਿੰਘ ਭਲੋਜਲਾ, ਵਿਰਸਾ ਸਿੰਘ ਜਲਾਲਾਬਾਦ, ਹਰਜਿੰਦਰ ਸਿੰਘ ਜਲਾਲਾਬਾਦ, ਸੁਖਦੇਵ ਸਿੰਘ ਘੱਗੇ, ਗੁਰਪ੍ਰੀਤ ਸਿੰਘ ਘੱਗੇ, ਬਲਜੀਤ ਸਿੰਘ ਘੱਗੇ, ਬਲਬੀਰ ਸਿੰਘ ਰਾਮਪੁਰ, ਧਰਮਿੰਦਰ ਸਿੰਘ ਆਲਮਪੁਰ, ਜਤਿੰਦਰ ਸਿੰਘ ਆਲਮਪੁਰ, ਤਰਲੋਚਨ ਸਿੰਘ ਨਰੋਤਮਪੁਰ, ਹਰਵਿੰਦਰ ਸਿੰਘ ਭਲੋਜਲਾ, ਜਸਬੀਰ ਸਿੰਘ ਜਲਾਲਾਬਾਦ ਖ਼ੁਰਦ, ਇੰਦਰਜੀਤ ਸਿੰਘ ਜਲਾਲਾਬਾਦ ਖ਼ੁਰਦ, ਬਿਕਰਮਜੀਤ ਸਿੰਘ ਮੀਆਂ ਵਿੰਡ, ਲਵਜੀਤ ਸਿੰਘ ਖੋਜਕੀਪੁਰ, ਜਸਵਿੰਦਰ ਸਿੰਘ ਖੋਜਕੀਪੁਰ, ਬਿੱਕਰ ਸਿੰਘ ਲਿੱਧੜ, ਸਵਰਨ ਸਿੰਘ ਲਿੱਧੜ, ਪ੍ਰਭਜੋਤ ਸਿੰਘ ਜਲਾਲਾਬਾਦ ਤੋਂ ਇਲਾਵਾ ਵੱਖ ਵੱਖ ਪਿੰਡਾਂ ਤੋ ਕਿਸਾਨ ਮਜ਼ਦੂਰ ਹਾਜ਼ਰ ਸਨ।

## ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਵੱਖ-ਵੱਖ ਫੀਸਾਂ 'ਚ ਕੀਤਾ ਵਾਧਾ ਰੱਦ ਕਰਨ ਦੀ ਮੰਗ

**ਵੇਰਕਾ (ਰਾਣਾ)**- ਪੰਜਾਬ ਸਕੂਲ ਸਿੱਖਿਆ ਬੋਰਡ ਅਜੀਤਗੜ੍ਹ (ਪੀਐੱਸਈਬੀ) ਵੱਲੋਂ ਅਕਾਦਮਿਕ ਸੈਸ਼ਨ 2025-2026 ਤੋਂ ਆਪਣੀਆਂ ਵੱਖ-ਵੱਖ ਫੀਸਾਂ ਵਿੱਚ ਕੀਤੇ ਗਏ ਵਾਧੇ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕਰਦੇ ਹੋਏ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੂਬਾਈ ਕਾਨੂੰਨੀ ਸਲਾਹਕਾਰ ਮਨਜੀਤ ਸਿੰਘ ਵਿਰਕ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਸੂਬਾਈ ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਸੂਬਾ ਜਨਰਲ ਸਕੱਤਰ ਦਰਸ਼ਨ ਲਾਲ ਕਲੋਤਰਾ, ਸੂਬਾ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਜ਼ਲਾ ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਕਸਮੀਰ ਸਿੰਘ ਸੋਹੀਆ ਖੁਰਦ, ਸੇਵਾਮੁਕਤ ਪ੍ਰਿੰਸੀਪਲ ਜਗਤਾਰ ਸਿੰਘ, ਸੇਵਾਮੁਕਤ ਲੈਕ: ਮੁਖਤਿਆਰ ਸਿੰਘ, ਸੀ. ਐੱਚ. ਟੀ. ਹਰਵਿੰਦਰ ਸਿੰਘ ਕੱਥੂਨੰਗਲ ਅਤੇ ਵਰਿੰਦਰ ਸਿੰਘ ਸੈਂਸਰਾ ਕਲਾਂ ਆਦਿ ਨੇ ਬੋਰਡ ਵੱਲੋਂ ਕੀਤੀਆਂ ਗਈਆਂ ਆਪਣੀਆਂ ਵੱਖ-ਵੱਖ ਫੀਸਾਂ ਵਿੱਚ ਵਾਧਾ ਤੁਰੰਤ ਪ੍ਰਭਾਵ ਨਾਲ ਵਾਪਸ ਲਏ ਜਾਣ ਦੀ ਮੰਗ ਕੀਤੀ ਹੈ।ਇਸ ਮੌਕੇ ਜਥੇਬੰਦਕ ਆਗੂਆਂ ਨੇ ਆਖਿਆ ਕਿ ਪੀਐੱਸਈਬੀ ਅਜੀਤਗੜ੍ਹ ਵੱਲੋਂ ਵਧਾਈਆਂ ਫੀਸਾਂ ਨਾਲ ਲੋਕਾਂ ਦੀਆਂ ਜੇਬਾਂ ਉਪਰ ਬੇਲੋੜਾ ਬੋਝ ਪਵੇਗਾ।ਇੱਥੇ ਦੱਸਣਯੋਗ ਹੈ ਕਿ ਅਕਾਦਮਿਕ ਸੈਸ਼ਨ 2025-2026 ਤੋਂ ਸਰਟੀਫਿਕੇਟ ਦੀ ਦੂਜੀ ਕਾਪੀ, ਤਸਦੀਕ ਸਰਟੀਫਿਕੇਟ ਅਤੇ ਟ੍ਰਾਂਸਕ੍ਰਿਪਟ ਦੀ ਫੀਸ 900 ਰੁਪਏ ਕਰ ਦਿੱਤੀ ਗਈ ਹੈ, ਜਦੋਂਕਿ ਮਾਈਗ੍ਰੇਸ਼ਨ ਸਰਟੀਫਿਕੇਟ ਫੀਸ਼ 600 ਰੁਪਏ, ਟ੍ਰਾਂਸਕ੍ਰਿਪਟ ਫੀਸ 6000 ਰੁਪਏ ਅਤੇ ਸਰਟੀਫਿਕੇਟ 'ਚ ਵੇਰਵੇ ਵਿੱਚ ਸੁਧਾਰ (ਪ੍ਰਤੀ ਗਲਤੀ) ਫੀਸ 1300 ਰੁਪਏ ਨਿਰਧਾਰਤ ਕੀਤੀ ਗਈ ਹੈ।ਇਸੇ ਤਰ੍ਹਾਂ ਹੀ 10ਵੀਂ ਕਲਾਸ ਦੇ ਰੈਗੂਲਰ ਵਿਦਿਆਰਥੀਆਂ ਦੀ ਇਮਤਿਹਾਨ ਫੀਸ 1500 ਰੁਪਏ ਰੱਖੀ ਗਈ ਹੈ ਜਿਸ ਵਿੱਚ ਪ੍ਰੈਕਟੀਕਲ ਇਮਤਿਹਾਨ ਵੀ ਸ਼ਾਮਿਲ ਹੈ।ਕੰਮਪਾਰਟਮੈਂਟ/ਵਾਧੂ ਵਿਸ਼ੇ ਲਈ ਪ੍ਰੀਖਿਆ ਫੀਸ 1200, ਸ਼੍ਰੇਣੀ ਸੁਧਾਰ ਲਈ ਪ੍ਰੀਖਿਆ ਫੀਸ 2000 ਰੁਪਏ, ਸਾਰੇ ਵਿਸ਼ਿਆਂ ਦੇ ਨਾਲ ਵਾਧੂ ਵਿਸ਼ੇ ਲੈਣ ਲਈ ਪ੍ਰਤੀ ਵਿਸ਼ਾ 400 ਰੁਪਏ ਅਤੇ ਸਰਟੀਫਿਕੇਟ ਫੀਸ 200 ਰੁਪਏ ਨਿਰਧਾਰਤ ਕਰ ਦਿੱਤੀ ਹੈ। 12ਵੀਂ ਜਮਾਤ ਦੇ ਆਰਟਸ ਗਰੁੱਪ, ਕਾਮਰਸ, ਸਾਇੰਸ, ਵੋਕੇਸ਼ਨਲ, ਖੇਤੀਬਾੜੀ ਅਤੇ ਤਕਨੀਕੀ ਗਰੁੱਪ ਦੇ ਰੈਗੂਲਰ ਵਿਦਿਆਰਥੀਆਂ ਲਈ ਪ੍ਰੀਖਿਆ ਫੀਸ 1900 ਰੁਪਏ (ਪ੍ਰੈਕਟੀਕਲ ਪ੍ਰੀਖਿਆ ਸਮੇਤ) ਕੰਮਪਾਰਟਮੈਂਟ/ਵਾਧੂ ਵਿਸ਼ੇ ਦੀ ਫੀਸ 1600 ਰੁਪਏ, ਸ਼੍ਰੇਣੀ ਸੁਧਾਰ ਫੀਸ 2300 ਰੁਪਏ, ਸਾਰੇ ਵਿਸ਼ਿਆਂ ਦੇ ਨਾਲ ਵਾਧੂ ਵਿਸ਼ੇ ਲੈਣ ਲਈ ਪ੍ਰਤੀ ਵਿਸ਼ਾ ਪ੍ਰੀਖਿਆ ਫੀਸ 400 ਰੁਪਏ ਅਤੇ ਸਰਟੀਫਿਕੇਟ ਫੀਸ 270 ਰੁਪਏ ਰੱਖੀ ਗਈ ਹੈ।ਇਸ ਸੰਬੰਧ ਵਿੱਚ ਉਪਰੋਕਤ ਜਥੇਬੰਦਕ ਅਹੁਦੇਦਾਰਾਂ ਨੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ ਅਤੇ ਮਾਨਯੋਗ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਐੱਸ. ਅ. ਸ. ਨਗਰ ਪਾਸੋਂ ਬੋਰਡ ਵੱਲੋਂ ਉਕਤ ਵਧਾਈਆਂ ਗਈਆਂ ਵੱਖ-ਵੱਖ ਬੇਲੋੜੀਆਂ ਫੀਸਾਂ ਦਾ ਫੈਸਲਾ ਫੌਰੀ ਰੱਦ ਕਰਨ ਦੀ ਗੁਹਾਰ ਲਗਾਈ ਹੈ।

## ਸੀਤਲ ਸਿੰਘ ਤਲਵੰਡੀ ਨੂੰ ਇਨਕਲਾਬੀ ਨਾਅਰਿਆਂ ਨਾਲ ਅੰਤਿਮ ਵਿਦਾਇਗੀ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤਕਸ਼ ਲੋਕਾਂ ਦੇ ਹੱਕਾਂ 'ਚ ਮੋਹਰਲੀਆਂ ਸਫ਼ਾਂ 'ਚ ਸੰਘਰਸ਼ ਕਰਨ ਵਾਲੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤੇ ਜਮੂਹਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਤੇ ਕ੍ਰਾਂਤੀਕਾਰੀ ਯੋਧੇ ਸਾਥੀ ਸੀਤਲ ਸਿੰਘ ਤਲਵੰਡੀ ਨੂੰ ਇਨਕਲਾਬੀ ਨਾਅਰਿਆਂ ਨਾਲ ਅੰਤਿਮ ਵਿਦਾਇਗੀ ਦਿੱਤੀ ਗਈ ਜਿੱਥੇ ਪਾਰਟੀ ਦੇ ਸੂਬਾ ਪ੍ਰਧਾਨ ਸਾਥੀ ਰਤਨ ਸਿੰਘ ਰੰਧਾਵਾ, ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਅਤੇ ਹੋਰ ਪਾਰਟੀ ਆਗੂਆਂ ਕੁਲਵੰਤ ਸਿੰਘ ਮੱਲ੍ਹੂਨੰਗਲ, ਗੁਰਨਾਮ ਸਿੰਘ ਉਮਰਪੁਰਾ, ਦੇਸਾ ਸਿੰਘ ਭਿੰਡੀ ਔਲਖ, ਹੋਣਾ ਨੇ ਉਨ੍ਹਾਂ ਦੀ ਦੇਹ 'ਤੇ ਲਾਲ ਦੁਸ਼ਾਲੇ ਨਾਅਰੇ ਮਾਰਦਿਆਂ ਪਾਏ! ਉਨ੍ਹਾਂ ਦੇ ਵੱਡੇ ਪੁੱਤਰ ਸਵਿੰਦਰ ਸਿੰਘ ਤਲਵੰਡੀ ਨੇ ਉਨ੍ਹਾਂ ਦੀ ਚਿਖ਼ਾ ਨੂੰ ਅੱਗ ਲਗਾਈ ਉਨ੍ਹਾਂ ਦੀਆਂ ਇਨ੍ਹਾਂ ਰਸਮਾਂ ਵਿੱਚ ਸੈਂਕੜੇ ਦੀ ਗਿਣਤੀ ਵਿਚ ਮਜ਼ਦੂਰ ਕਿਸਾਨ ਨੌਜਵਾਨ ਤੇ ਔਰਤਾਂ ਆਪਣੇ ਵੱਖ-ਵੱਖ ਝੰਡੇ ਲੈ ਕੇ ਇਨਕਲਾਬੀ ਨਾਅਰਿਆਂ ਮਾਰਦੇ ਸ਼ਾਮਿਲ ਹੋਏ ਜਿਨ੍ਹਾਂ ਵਿੱਚ ਹੋਰਨਾਂ ਤੋਂ ਇਲਾਵਾ ਉਨ੍ਹਾਂ ਦੇ ਛੋਟੇ ਪੁੱਤਰ ਬਾਗਾਂ ਤੇ ਹੋਰ ਪਰਿਵਾਰ ਦੇ ਸਮੂਹ ਮੈਂਬਰ ਸ਼ਾਮਿਲ ਸਨ! ਇਸ ਮੌਕੇ ਸ਼ਹੀਦ ਭਗਤ ਨੌਜਵਾਨ ਸਭਾ ਦੇ ਸੀਨੀਅਰ ਆਗੂ ਜੱਗਾ ਸਿੰਘ ਡੱਲਾ ਤੇ ਸਤਵਿੰਦਰ ਸਿੰਘ ਉਠੀਆਂ, ਸੁੱਚਾ ਸਿੰਘ ਘੋਗਾ, ਗਾਇਕ ਗੁਰਪਾਲ ਗਿੱਲ ਸੈਦਪੁਰ, ਦਿਹਾਤੀ ਮਜ਼ਦੂਰ ਸਭਾ ਦੇ ਸੀਨੀਅਰ ਆਗੂ ਸੁਰਜੀਤ ਸਿੰਘ ਦੁਹਰਾਏ, ਔਰਤ ਮੁਕਤੀ ਮੋਰਚਾ ਵੱਲੋਂ ਬੀਬੀ ਅਜੀਤ ਕੌਰ ਕੋਟ ਰਜ਼ਾਦਾ, ਵਿਰਸਾ ਸਿੰਘ ਟਪਿਆਲਾ, ਚੇਅਰਮੈਨ ਗੁਰਨਾਮ ਸਿੰਘ ਸੈਦੋਗਾਜੀ, ਟਹਿਲ ਸਿੰਘ ਚੇਤਨਪੁਰ, ਬਲਬੀਰ ਸਿੰਘ ਕੱਕੜ, ਵਿਸਾਖਾ ਸਿੰਘ ਭਗਵਾਂ, ਬਿਕਰਮਜੀਤ ਸਿੰਘ ਕੁਹਾਲੀ, ਸਤਨਾਮ ਸਿੰਘ ਚੱਕ ਔਲ, ਜਥੇਦਾਰ ਤਸਬੀਰ ਸਿੰਘ ਹਾਸਮਪੁਰ, ਬਲਕਾਰ ਸਿੰਘ ਗੁੱਲਗੜ, ਸੁਰਜੀਤ ਸਿੰਘ ਭੂਰੇ ਗਿੱਲ, ਬਾਬਾ ਬਕਾਲਾ ਤਹਿਸੀਲ ਦੀ ਤਰਫੋਂ ਪਲਵਿੰਦਰ ਸਿੰਘ ਮਹਿਸਮਪੁਰ ਤੇ ਗੁਰਨਾਮ ਸਿੰਘ ਭਿੰਡਰ, ਕਰਨੈਲ ਸਿੰਘ ਭਿੰਡੀ ਸੈਦਾਂ, ਪ੍ਰੋ: ਮਾਲਕ ਸਿੰਘ ਗੁਰਾਲਾ, ਮਜੀਠਾ ਤਹਿਸੀਲ ਵੱਲੋਂ ਮਾਸਟਰ ਹਰਭਜਨ ਸਿੰਘ ਟਰਪਈ ਤੇ ਸੁੱਚਾ ਸਿੰਘ ਵੇਗੇਵਾਲ, ਬਲਕਾਰ ਸਿੰਘ ਜੋਸ਼ ਆਦਿ ਨੇ ਆਪਣੀ ਨਮ ਅੱਖਾਂ ਨਾਲ ਆਪਣੇ ਹੱਥਾਂ ਵਿੱਚ ਲਾਲ ਫੁਲੇਰੇ ਲੈ ਕੇ ਸੀਤਲ ਸਿੰਘ ਨੂੰ ਅੰਤਿਮ ਵਿਦਾਇਗੀ ਦਿੱਤੀ! ਪਰਿਵਾਰ ਦੀ ਤਰਫੋਂ ਉਨ੍ਹਾਂ ਦੀ ਨਹੂੰ ਬੇਟੀ ਕੁਲਜੀਤ ਕੌਰ ਤਲਵੰਡੀ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਸਾਡੇ ਸਹੁਰਾ ਪਿਤਾ ਸੀਤਲ ਸਿੰਘ ਤਲਵੰਡੀ ਦੀ ਯਾਦ ਵਿੱਚ 27 ਅਪ੍ਰੈਲ ਨੂੰ ਪਾਏ ਜਾ ਰਹੇ ਭੋਗ ਵਿੱਚ ਸ਼ਾਮਿਲ ਹੋਵੋ।

## ਪੀਐੱਮਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਪੇਂਡੂ ਖੇਤਰ ਦੇ ਵਿਦਿਆਰਥੀਆਂ ਲਈ ਵਰਦਾਨ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਅਜੋਕੇ ਸਮੇਂ ਵਿਚ ਪੇਂਡੂ ਖੇਤਰ ਦੇ ਬੱਚਿਆਂ ਨੂੰ ਉਚੇਰੀ ਤੇ ਗੁਣਵੰਤੀ ਸਿੱਖਿਆ ਦੇ ਕੇ ਬੱਚਿਆਂ ਦਾ ਭਵਿੱਖ ਉਜਵਲ ਬਣਾਉਣ ਨਾਲ ਕਾਦੀਆਂ ਸ਼ਹਿਰ ਵਿਚ ਸਥਿਤ ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਇਲਾਕੇ ਵਿੱਚ ਚਾਨਣ ਮੁਨਾਰਾ ਬਣਿਆ ਹੈ।ਇਸ ਸਕੂਲ ਦੇ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਦੀ ਲਿਆਕਤ ਤੇ ਚੰਗੀ ਸਿੱਖਿਆ ਵਿੱਚ ਮੁਹਾਰਤ ਰੱਖਣ ਵਾਲੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਦਿੱਤੀ ਜਾਂਦੀ ਤਾਲੀਮ ਸਦਕਾ ਬੱਚਿਆਂ ਦੀ ਗਿਣਤੀ ਵਧਦੀ ਜਾ ਰਹੀ ਹੈ।ਸਕੂਲ ਮੁਖੀ ਨੇ ਦੱਸਿਆ ਕਿ ਉਹ ਬੱਚਿਆਂ ਨੂੰ ਸਮੇਂ ਸਮੇਂ ਤੇ ਸਿੱਖਿਆ ਨਾਲ ਸਬੰਧਤ ਹਰੇਕ ਸਹੂਲਤ ਦੇਣ ਲਈ ਵਚਨਬੱਧ ਰਹਿਣਗੇ। ਸਕੂਲ ਵੱਲੋਂ ਬੱਚਿਆਂ ਵਿੱਚ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ ਸਵੇਰ ਦੀ ਸਭਾ ਵਿੱਚ ਰੋਜ਼ਾਨਾ ਹੀ ਵੱਖ-ਵੱਖ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਹਰੇਕ ਬੱਚੇ ਨੂੰ ਸਟੇਜ ਤੇ ਬੋਲਣ ਦਾ ਮੌਕਾ ਦਿੱਤਾ ਜਾਂਦਾ ਹੈ ਜਿਸ ਨਾਲ ਬੱਚਿਆਂ ਵਿੱਚ ਆਤਮਵਿਸ਼ਵਾਸ ਵਧਦਾ ਹੈ।ਸਕੂਲ ਵਿਖੇ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਅੰਗਰੇਜ਼ੀ ਅਤੇ ਪੰਜਾਬੀ ਮਾਧਿਅਮ ਵਿਚ ਪੜ੍ਹਾਈ ਕਰਵਾਈ ਜਾਂਦੀ ਹੈ।ਮੈਡੀਕਲ, ਨਾਨ-ਮੈਡੀਕਲ, ਆਰਟਸ, ਵੋਕੇਸ਼ਨਲ ਸਟਰੀਮ ਚਲ ਰਹੀ ਹੈ।ਸੰਸਥਾ ਦੀ ਸਾਫ਼ ਸੁਥਰੇ ਤੇ ਹਰਿਆਵਲ ਭਰੇ ਵਾਤਾਵਰਣ ਵਿੱਚ ਆਲੀਸ਼ਾਨ ਇਮਾਰਤ ਵਿੱਚ ਖੁੱਲ੍ਹੇ ਤੇ ਹਵਾਦਾਰ ਕਮਰੇ, ਵੱਡਾ ਹਾਲ ਦੋ ਬੱਚਿਆਂ ਦੀ ਪੜ੍ਹਾਈ ਅਤੇ ਹੋਰ ਗਤੀਵਿਧੀਆਂ ਲਈ ਕਾਰਗਰ ਸਿੱਧ ਹੁੰਦਾ ਹੈ। ਸਕੂਲ ਦੀ ਹਰੇਕ ਗਤੀਵਿਧੀ ਤੇ ਨਜ਼ਰ ਰੱਖਣ ਲਈ ਕੈਮਰੇ ਲਗਾਏ ਹੋਏ ਹਨ।ਕੰਪਿਊਟਰ ਲੈਬ ਵਿਦਿਆਰਥੀਆਂ ਨੂੰ ਮਾਡਰਨ ਕੰਪਿਊਟਰਾਈਜੇਸ਼ਨ ਦੀ ਸਿਖਲਾਈ ਦੇ ਰਿਹਾ ਹੈ।ਸਕੂਲ ਵਿਖੇ ਆਧੁਨਿਕ ਸਮਾਰਟ ਜਮਾਤਾਂ ਤੋਂ ਇਲਾਵਾ ਬੱਚਿਆਂ ਦੇ ਪੜ੍ਹਨ ਲਈ ਲਾਇਬ੍ਰੇਰੀ ਤੇ ਖੇਡ ਦਾ ਮੈਦਾਨ ਹੈ।ਰਾਸ਼ਟਰੀ ਪੱਧਰ ਦੇ ਕੋਚ ਦਾ ਪ੍ਰਬੰਧ ਹੈ। ਬੱਚਿਆਂ ਨੂੰ ਰੁਚੀ ਅਨੁਸਾਰ ਸੰਗੀਤ ਨਾਲ ਜੋੜਨ ਲਈ ਹਾਰਮੋਨੀਅਮ, ਤਬਲਾ, ਗਿਟਾਰ ਤੇ ਸਾਰੀਆਂ ਲੋੜੀਂਦੀਆਂ ਸਹੂਲਤਾਂ ਨਾਲ ਭਰਪੂਰ ਸੰਗੀਤ ਕਮਰਾ ਹੈ। ਵਿਦਿਆਰਥੀਆਂ ਦੇ ਉੱਚ ਆਚਰਣ, ਆਦਰਸ਼ ਜੀਵਨ ਲਈ ਨੈਤਿਕ ਸਿੱਖਿਆ ਦਾ ਲੋੜੀਂਦਾ ਪ੍ਰਬੰਧ ਹੈ।ਸਕੂਲ ਵਿਖੇ ਨਵੀਂ ਤਕਨੀਕ ਨਾਲ ਪੜ੍ਹਾਈ ਕਰਵਾਉਣ ਲਈ ਡਿਜੀਟਲ ਪ੍ਰਾਜੈਕਟਰ ਸਥਾਪਿਤ ਕੀਤੇ ਗਏ ਹਨ ਜੋ ਬੱਚਿਆਂ ਨੂੰ ਸਮੇਂ ਦਾ ਹਾਣੀ ਬਣਾਉਣ ਲਈ ਸਹਾਇਕ ਹੋਇਆ ਹੈ।ਇਥੇ ਐਕਸਪੋਜ਼ਰ, ਸਟੱਡੀ, ਇੰਡਸਟਰੀ ਵਿਜ਼ਿਟ ਕਰਵਾਈਆਂ ਜਾਂਦੀਆਂ ਹਨ। ਵੋਕੇਸ਼ਨਲ ਸਿੱਖਿਆ ਤਹਿਤ ਟੈਲੀਕਾਮ, ਲਾਜਿਸਟਿਕ ਟ੍ਰੇਡ ਮੌਜੂਦ ਹਨ।ਲੜਕੀਆਂ ਨੂੰ ਆਤਮ ਸੁਰੱਖਿਆ ਲਈ ਕਰਾਟੇ ਕੋਚ ਦੁਆਰਾ ਕਰਾਟੇ ਸਿਖਾਏ ਜਾਂਦੇ ਹਨ ।ਵਿਦਿਆਰਥੀਆਂ ਦੀ ਕਿੱਤੇ ਸੰਬੰਧੀ ਅਗਵਾਈ ਕਰਨ ਲਈ ਗਾਈਡੈਂਸ ਕਾਊਂਸਲਰ ਦਾ ਪ੍ਰਬੰਧ ਹੈ।ਸਕੂਲ ਵਿਖੇ ਬਿਜ਼ਨਸ ਬਲਾਸਟਰ ਪ੍ਰੋਜੈਕਟ ਗਿਆਰਵੀਂ, ਬਾਰ੍ਹਵੀਂ ਜਮਾਤ ਲਈ ਚਲ ਰਿਹਾ ਹੈ ਜਿਸ ਤਹਿਤ ਵਿਦਿਆਰਥੀਆਂ ਵਿੱਚ ਬਿਜ਼ਨਸ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ।ਸਕੂਲ ਵਿਖੇ ਆਰਟ ਵਰਕਸ਼ਾਪ, ਬਿਜ਼ਨਸ ਬਲਾਸਟਰ ਮੇਲੇ, ਸਮਰ ਕੈਂਪ, ਵਿੰਟਰ ਕੈਂਪ ਲਗਾਏ ਜਾਂਦੇ ਹਨ। ਵਿਸ਼ਾ ਮਾਹਿਰਾਂ ਤੋਂ ਗੈਸਟ ਲੈਕਚਰ ਕਰਵਾਏ ਜਾਂਦੇ ਹਨ, ਮਹੀਨੇ ਵਿੱਚ ਦੋ ਵਾਰ ਬੈਗਲੈੱਸ ਡੇ ਮਨਾਇਆ ਜਾਂਦਾ ਹੈ।ਨੀਟ, ਜੇਈਈ ਅਤੇ ਹੋਰ ਦਾਖਲਾ ਪ੍ਰੀਖਿਆ ਲਈ ਸਪੈਸ਼ਲ ਤਿਆਰੀ ਕਰਵਾਈ ਜਾਂਦੀ ਹੈ ਅਤੇ ਸਟੱਡੀ ਮਟੀਰੀਅਲ ਉਪਲਬਧ ਕਰਵਾਇਆ ਜਾਂਦਾ ਹੈ।ਸਕੂਲ ਮੁੱਖੀ ਦੁਆਰਾ ਇਲਾਕਾ ਵਾਸੀਆਂ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਬੱਚਿਆਂ ਨੂੰ ਵਧੀਆ ਸਿੱਖਿਆ ਦਵਾਉਣ ਲਈ ਪੀ. ਐੱਮ. ਸ੍ਰੀ ਸਰਕਾਰੀ ਸਕੂਲ ਵਿਖੇ ਦਾਖਲ ਕਰਵਾਉਣ ਅਤੇ ਸਰਕਾਰੀ ਸਹੂਲਤਾਂ ਦਾ ਫਾਇਦਾ ਲੈਣ।

## ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਨੌਵੇਂ ਪਾਤਸ਼ਾਹ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਧੰਨ-ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ ਜਿਸ ਸਬੰਧੀ ਗੁਰਦੁਆਰਾ ਸਾਹਿਬ ਦੇ ਮੀਰੀ ਪੀਰੀ ਦੀਵਾਨ ਹਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਹੈੱਡ ਗ੍ਰੰਥੀ ਗਿਆਨੀ ਸੁਖਵੰਤ ਸਿੰਘ ਸੁਰਸਿੰਘ ਵਾਲ਼ਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਦਾ ਇਤਿਹਾਸ ਸਰਵਣ ਕਰਵਾਇਆ ਗਿਆ।ਇਸ ਮੌਕੇ ਮੈਨੇਜਰ ਸਰਬਦਿਆਲ ਸਿੰਘ, ਮੀਤ ਮੈਨੇਜਰ ਗੁਰਜੀਤ ਸਿੰਘ ਠੱਠਾ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਨਿਰਮਲ ਸਿੰਘ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਬਿਕਰਮਜੀਤ ਸਿੰਘ ਸੁਰਸਿੰਘ, ਬੇਅੰਤ ਸਿੰਘ ਸਮਰਾ, ਗੁਰਜੀਤ ਸਿੰਘ ਪੰਜਵੜ, ਜਗਜੀਤ ਸਿੰਘ ਪੰਜਵੜ, ਬਲਜੀਤ ਸਿੰਘ ਝਬਾਲ, ਮਨਜੀਤ ਸਿੰਘ ਮੰਨਣ, ਪ੍ਰਤਾਪ ਸਿੰਘ ਚੀਮਾ, ਬਿਕਰਮ ਸਿੰਘ, ਹੁਸਨਪ੍ਰੀਤ ਸਿੰਘ, ਸੁਖਦੇਵ ਸਿੰਘ ਆਦਿ ਸਮੁੱਚਾ ਸਟਾਫ ਤੇ ਸੰਗਤਾਂ ਵੀ ਹਾਜ਼ਰ ਸਨ।

## ਧਾਲੀਵਾਲ ਨੇ ਵੱਖ-ਵੱਖ ਪਿੰਡਾਂ ਦੇ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸਕੂਲਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਲਿਆਉਂਦਿਆਂ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੇਡਾਂ ਵਿੱਚ ਸਮੇਂ ਦਾ ਹਾਣੀ ਬਣਾਇਆ ਜਾ ਰਿਹਾ ਹੈ, ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਬੱਚੇ ਵੀ ਪ੍ਰਤੀਯੋਗੀ ਪ੍ਰੀਖਿਆਵਾਂ ਵਿਚ ਸ਼ਾਮਲ ਹੋ ਸਕਣ ਅਤੇ ਸੂਬੇ ਦਾ ਨਾਂ ਰੌਸ਼ਨ ਕਰ ਸਕਣ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕੈਬਿਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਹਲਕੇ ਅਜਨਾਲਾ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ ਮਾਛੀਨੰਗਲ, ਸਰਕਾਰੀ ਐਲੀਮੈਂਟਰੀ ਸਕੂਲ ਖਤਰਾਏ ਖੁਰਦ, ਸਰਕਾਰੀ ਹਾਈ ਸਕੂਲ ਖਤਰਾਏ ਕਲਾਂ ਅਤੇ ਸਰਕਾਰੀ ਹਾਈ ਸਕੂਲ ਝੰਡੇਰ ਵਿਖੇ ਕਰੀਬ 64 ਲੱਖ ਰੁਪਏ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ। ਸ: ਧਾਲੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਵਲੋਂ ਸਕੂਲਾਂ ਵਿੱਚ ਆਧੁਨਿਕ ਸਿੱਖਿਆ ਦੇਣ ਦੇ ਨਾਲ ਵਿਦਿਆਰਥੀਆਂ ਨੂੰ ਖੇਡਾਂ ਦੇ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਵਿਦਿਆਰਥੀ ਖੇਡਾਂ ਵਿੱਚ ਵੀ ਵਿਸ਼ੇਸ਼ ਉਪਲੱਬਧੀਆਂ ਹਾਸਲ ਕਰ ਸਕਣ।ਉਨ੍ਹਾਂ ਕਿਹਾ ਕਿ ਇਨ੍ਹਾਂ ਸਕੂਲਾਂ ਦੇ ਬੁਨਿਆਦੀ ਢਾਂਚੇ ਵਿਚ ਸੁਧਾਰ ਲਿਆਉਣ ਲਈ ਨਵੇ ਕਲਾਸ ਰੂਮ, ਸਕੂਲਾਂ ਦੀ ਚਾਰਦੀਵਾਰੀ ਅਤੇ ਸਕੂਲਾਂ ਦੀ ਰਿਪੇਅਰ ਤੋ ਇਲਾਵਾਂ ਇਕ ਸਾਇੰਸ ਲੈਬ ਵੀ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਮੁੱਖ ਉਦੇਸ਼ ਸੂਬੇ ਦੇ ਬੱਚਿਆਂ ਨੂੰ ਹੁਨਰਮੰਦ ਬਣਾਉਣਾ ਹੈ,ਜਿਸ ਤਹਿਤ ਸਕੂਲਾਂ ਵਿਚ ਸਕਿਲ ਟ੍ਰੇਨਿੰਗ ਵੀ ਕਰਵਾਈ ਜਾ ਰਹੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸੂਬਾ ਸਰਕਾਰ ਦੀ ਨਿਵੇਕਲੀ ਪਹਿਲਕਦਮੀ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਵਿਦੇਸ਼ਾਂ ਵਿੱਚ ਸਿਖਲਾਈ ਲਈ ਭੇਜ ਕੇ ਚੰਗੀ ਮੁਹਾਰਤ ਹਾਸਲ ਕਰਵਾਈ ਜਾ ਰਹੀ ਹੈ ਤਾਂ ਜੋ ਵਿਦਿਆਰਥੀਆਂ ਨੂੰ ਵਧੀਆਂ ਸਿੱਖਿਆ ਮੁਹੱਈਆ ਕਰਵਾਈ ਜਾ ਸਕੇ।ਇਸ ਮੌਕੇ ਖੁਸ਼ਪਾਲ ਸਿੰਘ ਧਾਲੀਵਾਲ, ਦਿਲਬਾਗ ਸਿੰਘ ਖਤਰਾਏ ਕਲਾਂ,ਮਾਰਕੀਟ ਕਮੇਟੀ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਕੰਵਲਜੀਤ ਸਿੰਘ ਭੱਟੀ ਖਤਰਾਏ ਕਲਾਂ, ਸਰਪੰਚ ਥੰਮਣ ਸਿੰਘ ਬਾਠ, ਸਰਪੰਚ ਸਰਤਾਜ ਸਿੰਘ ਬਾਊ ਝੰਡੇਰ, ਸਕੂਲ ਮੁਖੀ ਅਮਨਪ੍ਰੀਤ ਕੌਰ, ਮੈਡਮ ਸੋਨਿਕਾ, ਮੈਡਮ ਮਿਨਾਕਸ਼ੀ, ਸ: ਅਵਤਾਰ ਸਿੰਘ, ਸਮੂਹ ਸਟਾਫ, ਵਿਦਿਆਰਥੀ ਉਨ੍ਹਾਂ ਦੇ ਮਾਪੇ ਅਤੇ ਪਿੰਡਾਂ ਦੀਆਂ ਪੰਚਾਇਤਾਂ ਦੇ ਪੰਚ ਸਰਪੰਚ ਅਤੇ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

## ਟਰੈਕਟਰ ਦੀ ਟੱਕਰ ਵੱਜਣ 'ਤੇ ਸਕੂਟਰੀ ਸਵਾਰ ਲੜਕੀ ਦੀ ਮੌਤ; ਇਕ ਗੰਭੀਰ ਜ਼ਖਮੀ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਤਿੱਬੜ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਮੇਸ਼ ਕੁਮਾਰ ਪੁੱਤਰ ਸਵਰਨ ਦਾਸ ਵਾਸੀ ਤਿੱਬੜ ਨੇ ਦੱਸਿਆ ਕਿ ਮਿਤੀ 18 ਅਪ੍ਰੈਲ ਨੂੰ ਮੇਰੀ ਲੜਕੀ ਪ੍ਰਿਅੰਕਾ ਅਤੇ ਭਤੀਜੀ ਸ਼ਬਨਮ ਜੋ ਆਪਣੀ ਸਕੂਟਰੀ ਐਕਟਿਵਾ 'ਤੇ ਸਵਾਰ ਹੋ ਕੇ ਗੁਰਦਾਸਪੁਰ ਤੋਂ ਨਿੱਜੀ ਕੰਮ ਕਰਕੇ ਵਾਪਿਸ ਆਪਣੇ ਘਰ ਨੂੰ ਆ ਰਹੀਆਂ ਸਨ ਤਾਂ ਜਦ ਉਹ ਸਾਹਿਬ ਬੰਦਗੀ ਬੱਬੇਹਾਲੀ ਨੇੜੇ ਪੁੱਜੀਆਂ ਤਾਂ ਸਾਹਮਣੇ ਤੋਂ ਇੱਕ ਟਰੈਕਟਰ ਟਰਾਲੀ ਤੇਜ ਰਫਤਾਰ ਨਾਲ ਆਈ ਜਿਸ ਨੂੰ ਬਿਕਰਮ ਸਿੰਘ ਚਲਾ ਰਿਹਾ ਸੀ, ਉਸ ਨੇ ਆਪਣੀ ਟਰੈਕਟਰ ਟਰਾਲੀ ਤੇਜ ਰਫਤਾਰ ਲਾਪ੍ਰਵਾਹੀ ਨਾਲ ਚਲਾ ਕੇ ਪ੍ਰਿਅੰਕਾ ਦੀ ਸਕੂਟਰੀ ਵਿੱਚ ਮਾਰ ਦਿੱਤੀ ਜਿਸ ਨਾਲ ਸੜਕ 'ਤੇ ਡਿੱਗਣ ਕਰਕੇ ਪ੍ਰਿਅੰਕਾ ਦੀ ਮੌਤ ਹੋ ਗਈ ਹੈ ਅਤੇ ਸ਼ਬਨਮ ਦਿਉਲ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਥਾਣਾ ਤਿੱਬੜ ਪੁਲਸ ਨੇ ਟਰੈਕਟਰ ਚਾਲਕ ਖ਼ਿਲਾਫ਼ ਜ਼ੇਰੇ ਧਾਰਾ 106, 281, 125(ਏ), 125(ਬੀ) 324(4) ਬੀਐੱਨਐੱਸ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਬੱਬੂ ਮਾਨ ਦਾ ਪਿੰਡ ਲੇਹਲ 'ਚ ਲੱਗਾ ਖੁੱਲ੍ਹਾ ਅਖਾੜਾ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਗੱਦੀ ਲੇਹਲ ਯੂਥ ਸਪੋਰਟਸ ਕਲੱਬ ਟ੍ਰਿਬਿਊਟ ਟੂ ਸ਼ਹੀਦ ਭਗਤ ਸਿੰਘ ਵੱਲੋਂ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਵਿਸਾਖੀ ਦਿਵਸ ਨੂੰ ਸਮਰਪਿਤ ਪਿੰਡ ਲੇਹਲ (ਧਾਰੀਵਾਲ) 'ਚ ਧਾਰਮਿਕ ਸਥਾਨ ਗੱਦੀ ਬਾਬਾ ਕਮਲ ਦਾਸ ਵਿਖੇ ਸੰਸਾਰ ਪ੍ਰਸਿੱਧ ਗਾਇਕ ਬੱਬੂ ਮਾਨ ਦਾ ਸ਼ਾਮ ਨੂੰ ਖੁੱਲ੍ਹਾ ਅਖਾੜਾ ਲਗਾਇਆ ਗਿਆ। ਮਾਝੇ ਦੀ ਧਰਤੀ 'ਤੇ ਗਾਇਕ ਬੱਬੂ ਮਾਨ ਦੇ ਇਸ ਪਹਿਲੇ ਖੁੱਲ੍ਹਾ ਅਖਾੜੇ ਵਿੱਚ ਇਲਾਕੇ ਭਰ ਅਤੇ ਦੂਰ ਦੁਰਾਡੇ ਤੋਂ ਸ਼ਰੋਤਿਆਂ ਦਾ ਹੜ੍ਹ ਉਮੜਿਆ। ਕਲੱਬ ਦੇ ਪ੍ਰਧਾਨ ਗਗਨ ਲੇਹਲ ਅਤੇ ਸਮੁੱਚੀ ਟੀਮ ਦੇ ਪ੍ਰਬੰਧਾਂ ਹੇਠ ਕਰਵਾਏ ਲੱਗੇ ਗਾਇਕ ਬੱਬੂ ਮਾਨ ਦੇ ਖੁੱਲ੍ਹੇ ਅਖਾੜੇ ਵਿੱਚ ਆਮ ਆਦਮੀ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਤੌਰ ਮੁੱਖ ਮਹਿਮਾਨ ਸਾਮਲ ਹੋ ਕੇ ਬੱਬੂ ਮਾਨ ਦੇ ਗਾਇਕੀ ਕਲਾ ਪ੍ਰਦਰਸ਼ਨ ਨੂੰ ਦੇਖਿਆ। ਪੁਲਸ ਪ੍ਰਸ਼ਾਸਨ ਦੇ ਸਖਤ ਪ੍ਰਬੰਧ ਹੇਠ ਪੰਡਾਲ ਸ਼ਰੋਤਿਆਂ ਨਾਲ ਭਰ ਜਾਣ ਕਾਰਨ ਬੈਰੀਗੇਟਿੰਗ ਦੇ ਬਾਹਰ ਵੀ ਵੱਡੀ ਤਦਾਦ ਵਿੱਚ ਸਰੋਤੇ ਮਜਬੂਰਨ ਖੜ੍ਹੇ ਹੋ ਕੇ ਬੱਬੂ ਮਾਨ ਦੀ ਗਾਇਕ 'ਤੇ ਝੂਮਦੇ ਰਹੇ। ਅਖਾੜੇ ਦੌਰਾਨ ਗਾਇਕ ਬੱਬੂ ਮਾਨ ਨੇ ਆਪਣੇ ਚਰਚਿੱਤ ਗੀਤਾਂ ਜਿਵੇਂ 'ਉਤੋਂ ਕੋਰਾ ਵਰ੍ਹਦਾ, ਮਰਨੋਂ ਮੂਲ ਨਾ ਡਰਦੇ, ਦੁਨੀਆਂ 'ਤੇ ਵੱਖਰਾ ਟੌਹਰ ਸਰਦਾਰਾਂ ਦਾ, ਵੇ ਚੁੰਨੀ ਲੈ ਲਈ ਤੇਰੀ ਪੱਖ ਨਾਲ ਦੀ, ਵੇ ਜ਼ਾਲਮਾ ਰੇਤੇ 'ਚ ਰੋਲ 'ਤੀ ਜਵਾਨੀ, ਦਿਲ ਤਾਂ ਪਾਗਲ ਹੈ, ਮਿੱਤਰਾਂ ਦੀ ਛੱਤਰੀ ਤੋਂ ਉਡ ਗਈ, ਸਾਉਣ ਦੀ ਝੜੀ ਵਿੱਚ ਤੇਰੇ ਨਾਲ ਨੱਚਣੇ ਨੂੰ ਜੀਅ ਕਰਦੈ, ਪਿੰਡ ਪਹਿਰਾ ਲੱਗਦੇ, ਜੱਟ ਨੇ ਟਰਾਲਾ ਪਾਉਣਾ ਆਦਿ ਆਪਣੇ ਚਰਚਿੱਤ ਗੀਤਾਂ ਦੁਆਰਾ ਦਰਸ਼ਕ ਨੂੰ ਕੀਲੀ ਰੱਖਿਆ। ਇਸ ਮੌਕੇ ਮੁੱਖ ਮਹਿਮਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਪ੍ਰਬੰਧਕਾਂ ਵਲੋਂ ਗਾਇਕ ਬੱਬੂ ਮਾਨ ਨੂੰ ਸ਼ਹੀਦ ਭਗਤ ਸਿੰਘ ਦੀ ਯਾਦਗਾਰੀ ਤਸਵੀਰ ਭੇਟ ਕਰਕੇ ਸਨਮਾਲਿਤ ਕੀਤਾ ਗਿਆ।

## ਸਰਕਾਰ ਦੇ ਹੁਕਮਾਂ ਨੂੰ ਤਾਂ ਟਿੱਚ ਜਾਣਦੇ ਨੇ ਸਿੱਖਿਆ ਮਹਿਕਮੇ ਦੇ ਉੱਚ ਅਧਿਕਾਰੀ

**ਵੇਰਕਾ (ਰਾਣਾ)**- ਰਾਜ ਅੰਦਰ ਸਿੱਖਿਆ ਕ੍ਰਾਂਤੀ ਲਿਆਉਣ ਵਾਲੀ ਮੌਜੂਦਾ ਸਰਕਾਰ ਦੇ ਹੁਕਮਾਂ ਨੂੰ ਸਿੱਖਿਆ ਵਿਭਾਗ ਦੇ ਉੱਚ ਅਫਸਰ ਟਿੱਚ ਸਮਝਦੇ ਹਨ।ਭਾਵ ਸਰਕਾਰ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨ ਤੇ ਕਰਵਾਉਣ ਦੀ ਬਜਾਏ ਮਹਿਜ਼ ਡੰਗ ਹੀ ਟਪਾ ਰਹੇ ਹਨ।ਦੂਜੇ ਪਾਸੇ ਫਿਰ ਸਰਕਾਰ ਦੇ ਨਿਯਮਾਂ ਨੂੰ ਨਜ਼ਰ-ਅੰਦਾਜ਼ ਕਰਨ ਵਾਲੇ ਇਨ੍ਹਾਂ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਵੀ ਨਾ ਹੋਣਾ ਅਨੇਕਾਂ ਤਰਾਂ ਦੇ ਸ਼ੰਕੇ ਉਤਪੰਨ ਕਰਦਾ ਹੈ।ਜਦੋਂ ਵਿਭਾਗ ਦਾ ਆਲਮ ਇਹ ਬਣਿਆ ਹੋਵੇ, ਤਦ ਫਿਰ ਸਕੂਲਾਂ ਦੀ ਸਿੱਖਿਆ ਪ੍ਰਭਾਵਿਤ ਹੋਣੀ ਤਾਂ ਲਾਜ਼ਮੀ ਤੈਅ ਹੈ।ਇਸ ਸੰਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਬੀਤੇ ਮਿਤੀ 6/3/2025 ਨੂੰ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਪੰਜਾਬ ਰਾਜ ਐਲੀਮੈਂਟਰੀ ਸਿੱਖਿਆ (ਟੀਚਿੰਗ ਕੇਡਰ) ਗਰੁੱਪ-ਸੀ ਸਰਵਸਿਜ਼ ਰੂਲਜ 2018 'ਚ ਸੋਧ ਕੀਤੀ ਸੀ, ਜਿਹੜੀ ਲਗਭਗ 2 ਮਹੀਨੇ ਦਾ ਸਮਾਂ ਲੰਘਣ ਉਪਰੰਤ ਵੀ ਹਾਲੇ ਤੱਕ ਸਿੱਖਿਆ ਵਿਭਾਗ ਦੇ ਉੱਚ ਅਫਸਰਾਂ ਵੱਲੋਂ ਆਪ ਲਾਗੂ ਨਹੀਂ ਕੀਤੀ ਗਈ ਹੈ।ਸਰਕਾਰ ਨੇ ਪੰਜਾਬ ਰਾਜ ਐਲੀਮੈਂਟਰੀ ਸਿੱਖਿਆ ਸਕੂਲ (ਟੀਚਿੰਗ ਕੇਡਰ) ਗਰੁੱਪ-ਸੀ ਸੇਵਾ ਨਿਯਮ 2025 ਵਿੱਚ ਕੀਤੀ ਗਈ ਸੋਧ ਅਨੁਸਾਰ ਸਮੂਹ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ 60 ਤੋਂ ਵੱਧ ਗਿਣਤੀ ਵਾਲੇ ਵਿਦਿਆਰਥੀਆਂ ਪਿੱਛੇ ਹੀ ਹੁਣ ਸਕੂਲ 'ਚ ਹੈੱਡਟੀਚਰ ਦੀ ਮੰਨਜ਼ੂਰਸ਼ੁਦਾ ਆਸਾਮੀ ਹੋਵੇਗੀ।ਇਸ ਸੰਬੰਧੀ ਮਾਨਯੋਗ ਸਕੱਤਰ ਸਿੱਖਿਆ ਪੰਜਾਬ ਸਰਕਾਰ ਅਨਿੰਦਿੱਤਾ ਮਿੱਤਰਾ ਵੱਲੋਂ ਜਾਰੀ ਕੀਤੇ ਗਏ ਹੁਕਮ ਲਗਭਗ 2 ਮਹੀਨੇ ਬੀਤਣ ਉਪਰੰਤ ਵੀ ਅਜੇ ਤੱਕ ਲਾਗੂ ਨਹੀਂ ਹੋਏ ਹਨ।ਇੱਥੇ ਵਰਣਨਯੋਗ ਹੈ ਕਿ ਰਾਜ ਦੇ ਸਰਕਾਰੀ ਸਕੂਲਾਂ ਅੰਦਰ ਨਵਾਂ ਵਿਦਿਅਕ ਸੈਸ਼ਨ 2025-2026 ਆਰੰਭ ਹੋ ਜਾਣ ਤੇ ਵੀ ਸਰਕਾਰ ਦੇ ਉਕਤ ਹੁਕਮਾਂ ਦੀ ਪ੍ਰਵਾਹ ਕੀਤੇ ਬਗੈਰ ਅਧਿਆਪਕਾਂ ਵੱਲੋਂ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ 60 ਤੋਂ ਵਧਾਉਣ ਲਈ ਕੀਤੇ ਜਾਣ ਵਾਲੇ ਉਪਰਾਲੇ ਨਾ ਮਾਤਰ ਦਿਖਾਈ ਦਿੰਦੇ ਹਨ।ਸਗੋਂ ਕਈ ਸਕੂਲਾਂ 'ਚ ਬੱਚਿਆਂ ਦੀ ਗਿਣਤੀ ਸਰਕਾਰ ਦੇ ਨਿਯਮਾਂ ਦੇ ਉਲਟ ਬਿਲਕੁਲ ਘੱਟ ਹੋਣ ਦੇ ਬਾਵਜੂਦ ਵੀ ਹੈੱਡਟੀਚਰ ਫਾਲਤੂ ਹਾਜ਼ਰ ਕਰਵਾਏ ਗਏ ਹਨ ਜਿਸ ਬਾਬਤ ਸਿੱਖਿਆ ਮਹਿਕਮੇ ਦੇ ਦਰਜਾ-ਬਾ-ਦਰਜਾ ਸਾਰੇ ਅਧਿਕਾਰੀ ਭਲੀਭਾਂਤ ਜਾਣਦੇ ਹੋਏ ਵੀ ਮੂਕ-ਦਰਸ਼ਕ ਬਣੇ ਹੋਏ ਹਨ, ਜਾਂ ਫਿਰ ਅਪਣਾ ਟਾਈਮ ਟਪਾਉਣ ਲਈ ਮੱਖੀ 'ਤੇ ਮੱਖੀ ਨਿਰੰਤਰ ਮਾਰ ਰਹੇ ਹਨ।ਹੁਣ ਸਵਾਲ ਉਤਪੰਨ ਹੁੰਦਾ ਹੈ ਕਿ ਜੇਕਰ ਸਰਕਾਰ ਦੇ ਮਹਿਕਮੇ ਅੰਦਰ ਆਪਣੇ ਬਣਾਏ ਕਾਨੂੰਨ/ਨਿਯਮ ਹੀ ਲਾਗੂ ਨਹੀਂ ਹੁੰਦੇ ਹਨ ਤਾਂ ਇਨ੍ਹਾ ਸਕੂਲਾਂ 'ਚ ਫਿਰ ਪੜ੍ਹਾਈ ਦਾ ਮਿਆਰ ਕੀ ਹੋਵੇਗਾ। ਅਰਥਾਤ ਸਿੱਖਿਆ ਵਿਭਾਗ ਦੇ ਉੱਚ ਅਫਸਰ ਸਰਕਾਰ ਦੇ ਹੁਕਮਾਂ ਟਿੱਚ ਜਾਣਦੇ ਹਨ।

## ਪਿੰਡਾਂ 'ਚ ਵਿਧਾਇਕਾਂ ਨੂੰ ਘੇਰ ਕੇ ਪੁੱਛਾਂਗੇ ਸਵਾਲ : ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਧੀਨ ਜ਼ਿਲ੍ਹਾ ਤਰਨ ਤਾਰਨ ਦੇ ਜ਼ੋਨ ਬਾਬਾ ਦੀਪ ਸਿੰਘ ਜੀ ਦੇ ਪਿੰਡ ਗੋਹਲਵੜ ਵਿੱਚ ਕਿਸਾਨਾਂ, ਮਜ਼ਦੂਰਾਂ ਇਕਾਈ ਦੇ ਪ੍ਰਧਾਨ ਨਵਜੀਤ ਸਿੰਘ ਗੋਹਲਵੜ ਨੇ ਗੁਰਦੁਆਰਾ ਬਾਬਾ ਅੱਛਰਾ ਸਿੰਘ ਦੇ ਅਸਥਾਨ 'ਤੇ ਮੀਟਿੰਗ ਕੀਤੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਆਪ ਦੀ ਸਰਕਾਰ ਦੇ ਵਿਧਾਇਕਾਂ ਨੂੰ ਘੇਰ ਕੇ ਸ਼ੰਭੂ, ਖਨੌਰੀ ਬਾਰਡਰਾਂ ਤੇ ਜੋ ਮੋਰਚਾ ਚੱਲ ਰਿਹਾ ਸੀ, ਨੂੰ ਪੰਜਾਬ ਸਰਕਾਰ ਵੱਲੋਂ ਖਦੇੜਨ ਦੇ ਵਿਰੋਧ ਵਿੱਚ ਸਵਾਲ- ਜਵਾਬ ਕੀਤੇ ਜਾਣਗੇ।ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਆਈ ਕਾਲ ਮੁਤਾਬਕ ਸ਼ਾਂਤਮਈ ਤਰੀਕੇ ਨਾਲ ਮੰਤਰੀਆਂ ਤੇ ਵਿਧਾਇਕਾਂ ਤੋਂ ਸਵਾਲ ਪੁੱਛੇ ਜਾਣੇ ਹਨ। ਵਿਧਾਇਕਾਂ ਨੂੰ ਸਵਾਲ ਪੁੱਛੇ ਜਾਣਗੇ ਕਿ 19 ਮਾਰਚ ਨੂੰ ਆਗੂਆਂ ਨੂੰ ਮੀਟਿੰਗ 'ਤੇ ਬੁਲਾ ਕੇ ਗ੍ਰਿਫਤਾਰ ਕਿਉਂ ਕੀਤਾ, ਮੋਰਚਿਆਂ ਵਿੱਚ ਸਾਮਾਨ ਚੋਰੀ ਜਾਂ ਡੈਮੇਜ ਹੋਏ ਸਾਮਾਨ ਦੀ ਕਰੋੜਾਂ ਰੁਪਏ ਦੀ ਭਰਭਾਈ ਕਿਉਂ ਨਹੀਂ ਕੀਤੀ ਗਈ, ਗੁਰਲਾਲ ਘਨੌਰ ਵਿਧਾਇਕ ਦੀ ਮੈਂਬਰਸ਼ਿਪ ਰੱਦ ਕਰਕੇ ਉਸ ਦੇ ਸਾਥੀਆਂ 'ਤੇ ਟਰਾਲੀਆਂ ਤੇ ਮੋਰਚਿਆਂ ਤੋਂ ਕਿਸਾਨਾਂ ਦਾ ਸਾਮਾਨ ਚੋਰੀ ਕਰਨ ਦੀ ਐੱਫਆਈਆਰ ਕਿਉਂ ਨਹੀਂ ਕੀਤੀ ਗਈ, ਕੀ ਤੁਸੀਂ ਕਿਸਾਨਾਂ ਦੀਆਂ ਐੱਮਐੱਸਪੀ ਸਮੇਤ 12 ਮੰਗਾਂ ਨਾਲ ਸਹਿਮਤ ਹੋ ਜਾਂ ਨਹੀਂ ਅਤੇ ਹੜ੍ਹ ਪੀੜਤਾਂ ਨੂੰ 15 ਹਜ਼ਾਰ ਦੀ ਬਜਾਏ 6800 ਪ੍ਰਤੀ ਏਕੜ ਦਾ ਮੁਆਵਜ਼ਾ ਦੇ ਕੇ ਕਿਉਂ ਸਾਰ ਦਿੱਤਾ ? ਇਸ ਮੌਕੇ ਪਿੰਡ ਦੇ ਛੋਟੇ-ਮੋਟੇ ਮਸਲਿਆਂ 'ਤੇ ਵਿਚਾਰ ਚਰਚਾ ਕੀਤੀ। ਮੀਟਿੰਗ ਵਿੱਚ ਬਹੁ ਗਿਣਤੀ ਕਿਸਾਨ ਅਤੇ ਮਜ਼ਦੂਰ ਹਾਜ਼ਰ ਸਨ।

## ਵਿਸ਼ਵ ਵਿਰਾਸਤ ਦਿਵਸ 'ਤੇ ਵਿਦਿਆਰਥੀਆਂ ਨੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਦਾ ਲਿਆ ਅਹਿਦ



**ਬਟਾਲਾ (ਤਰਲੋਕ ਬੱਗਾ)**- ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਸਕੂਲ ਦੇ ਹੈਰੀਟੇਜ ਕਲੱਬ ਵੱਲੋਂ ਵਿਸ਼ਵ ਵਿਰਾਸਤ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ।ਇਸ ਪ੍ਰੋਗਰਾਮ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਵਿਸ਼ੇਸ਼ ਤੌਰ 'ਤੇ ਭਾਗ ਲਿਆ।ਕਵਿਤਾ, ਭਾਸ਼ਣ, ਪੇਂਟਿੰਗ ਅਤੇ ਸਲੋਗਨਾਂ ਰਾਹੀਂ ਵਿਦਿਆਰਥੀਆਂ ਨੇ ਸਾਰਿਆਂ ਨੂੰ ਵਿਸ਼ਵ ਵਿਰਾਸਤ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ, ਆਪਣੀ ਵਿਰਾਸਤ ਦਾ ਪ੍ਰਦਰਸ਼ਨ ਕੀਤਾ ਅਤੇ ਸੱਭਿਆਚਾਰਕ ਵਿਰਸੇ ਦੀ ਰੱਖਿਆ ਲਈ ਜਾਗਰੂਕਤਾ ਪੈਦਾ ਕੀਤੀ। ਵਿਦਿਆਰਥੀਆਂ ਨੇ ਵੱਖ-ਵੱਖ ਰਾਜਾਂ ਤੋਂ ਆਏ ਆਪਣੇ ਪਕਵਾਨਾਂ ਅਤੇ ਪਹਿਰਾਵੇ ਨਾਲ ਸਾਰਿਆਂ ਦਾ ਮਨ ਮੋਹ ਲਿਆ।ਉਨ੍ਹਾਂ ਨੇ ਸੱਭਿਆਚਾਰਕ ਵਿਰਸੇ ਦਾ ਸਤਿਕਾਰ ਅਤੇ ਰੱਖਿਆ ਕਰਨ ਦਾ ਪ੍ਰਣ ਵੀ ਲਿਆ।ਸਕੂਲ ਦੇ ਪ੍ਰਿੰ. ਡਾ: ਬਿੰਦੂ ਭੱਲਾ ਨੇ ਵਿਸ਼ਵ ਵਿਰਾਸਤ ਦਿਵਸ ਦੀ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਵਿਦਿਆਰਥੀਆਂ ਨੂੰ ਦੱਸਿਆ ਕਿ ਹਰ ਸਾਲ 18 ਅਪ੍ਰੈਲ ਨੂੰ ਇਸ ਦਿਨ ਨੂੰ ਮਨਾਉਣ ਦਾ ਮਕਸਦ ਲੋਕਾਂ ਨੂੰ ਆਪਣੇ ਵਿਰਸੇ ਅਤੇ ਸੱਭਿਆਚਾਰ ਦੇ ਸਤਿਕਾਰ ਅਤੇ ਸੰਭਾਲ ਲਈ ਜਾਗਰੂਕ ਕਰਨਾ ਅਤੇ ਭਾਰਤੀ ਸੱਭਿਆਚਾਰ ਤੋਂ ਜਾਣੂ ਕਰਵਾਉਣਾ ਹੈ। ਇਸ ਸਾਲ ਇਸ ਦਿਵਸ ਦਾ ਵਿਸ਼ਾ ਆਫ਼ਤ ਅਤੇ ਸੰਘਰਸ਼ ਲਚਕਦਾਰ ਵਿਰਾਸਤ ਹੈ, ਜਿਸਦਾ ਅਰਥ ਹੈ ਕੁਦਰਤੀ ਆਫ਼ਤਾਂ ਤੋਂ ਸਾਡੀ ਵਿਰਾਸਤ ਦੀ ਰੱਖਿਆ ਕਰਨਾ। ਵਿਸ਼ਵ ਵਿਰਾਸਤ ਦਿਵਸ ਨੂੰ ਸਮਾਰਕਾਂ ਅਤੇ ਇਤਿਹਾਸਕ ਸਥਾਨਾਂ ਦੇ ਅੰਤਰਰਾਸ਼ਟਰੀ ਦਿਵਸ ਵਜੋਂ ਜਾਣਿਆ ਜਾਂਦਾ ਹੈ।ਇਤਿਹਾਸਕ ਇਮਾਰਤਾਂ ਅਤੇ ਸਮਾਰਕ ਵਿਸ਼ਵ ਵਿਰਾਸਤ ਹਨ ਅਤੇ ਇਨ੍ਹਾਂ ਨੂੰ ਸੰਭਾਲਣਾ ਸਾਡਾ ਸਾਰਿਆਂ ਦਾ ਫਰਜ਼ ਹੈ।ਸਕੂਲ ਚੇਅਰਮੈਨ ਅਰਵਿੰਦ ਖੋਸਲਾ ਅਤੇ ਪ੍ਰਧਾਨ ਅਜੇ ਖੋਸਲਾ ਨੇ ਵਿਸ਼ਵ ਵਿਰਾਸਤ ਦਿਵਸ ਦੀਆਂ ਸਾਰਿਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਅਤੇ ਵਧਾਈ ਦਿੰਦੇ ਹੋਏ ਕਿਹਾ ਕਿ ਸਾਡੀ ਵਿਰਾਸਤ ਸਾਡੀ ਭਾਰਤੀ ਸੰਸਕ੍ਰਿਤੀ ਦੀ ਪਹਿਚਾਣ ਹੈ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਇਸ ਦੀ ਸਾਂਭ ਸੰਭਾਲ ਲਈ ਸੁਚੇਤ ਹੋ ਕੇ ਉਪਰਾਲੇ ਕਰਨੇ ਚਾਹੀਦੇ ਹਨ।

## 'ਆਪ' ਦੀ ਸੁਚੱਜੀ ਸੋਚ ਸਦਕਾ ਪੰਜਾਬ 'ਚ ਸਿੱਖਿਆ ਦਾ ਖੇਤਰ ਬੁਲੰਦੀਆਂ ਨੂੰ ਛੋਹ ਰਿਹੈ : ਰੰਧਾਵਾ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਕਾਰੀ ਸਕੂਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰ ਰਹੀ ਹੈ ਤਾਂ ਬਹੁਤੇ ਸਕੂਲਾਂ ਤਾਂ ਅਧੁਨਿਕ ਹੋ ਚੁੱਕੇ ਹਨ ਰਹਿੰਦੇ ਸਕੂਲਾਂ ਵਿੱਚ ਵੀ ਉਚ ਦਰਜੇ ਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਦੇ ਸਿਰਤੋੜ ਯਤਨ ਜਾਰੀ ਹਨ।ਪੰਜਾਬ ਸਰਕਾਰ ਦੀ ਪੰਜਾਬ ਸਿੱਖਿਆ ਕ੍ਰਾਂਤੀ ਨਾਲ ਕਰੋੜਾਂ ਰੁਪਏ ਦੀਆਂ ਗ੍ਰਾਂਟਾਂ ਸਕੂਲਾਂ ਨੂੰ ਆਧੁਨਿਕ ਕਰਨ ਲਈ ਮੁਹੱਈਆ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਇਹ ਅੱਗੇ ਵੀ ਇਸੇ ਤਰ੍ਹਾਂ ਜਾਰੀ ਰਹਿਣਗੀਆਂ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਰਮਕੋਟ ਰੰਧਾਵਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਹਿੰਦੂਆਂ ਵਿਖੇ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਕੂਲਾਂ ਵਿੱਚ ਬੱਚਿਆ ਦੇ ਦਾਖਲਿਆਂ ਵਿੱਚ ਵਾਧਾ ਵੀ ਇਸ ਗੱਲ ਦਾ ਸਬੂਤ ਹੈ ਕਿ ਪੰਜਾਬ ਸਰਕਾਰ ਨੇ ਸਿੱਖਿਆ ਦੇ ਖੇਤਰ ਵਿੱਚ ਬੇਮਿਸਾਲ ਕੰਮ ਕੀਤੇ ਹਨ ਤੇ ਇਹ ਨਿਰੰਤਰ ਜਾਰੀ ਵੀ ਹਨ।ਪੀਣ ਲਈ ਸਾਫ਼ ਤੇ ਸ਼ੁੱਧ ਪਾਣੀ, ਬਿਜਲੀ, ਬੁਨਿਆਦੀ ਸਹੂਲਤਾਂ ਤੋਂ ਇਲਾਵਾ ਆਧੁਨਿਕ ਸਹੂਲਤਾਂ ਵੀ ਸਰਕਾਰੀ ਸਕੂਲਾਂ ਵਿੱਚ ਉਪਲੱਬਧ ਹਨ।ਸਰਕਾਰੀ ਸਕੂਲਾਂ ਦੀਆਂ ਸੋਹਣੀਆਂ ਇਮਾਰਤਾਂ, ਵਧੀਆ ਇਨਫਰਾਸਟਰਕਚਰ, ਸਮਾਰਟ ਕਲਾਸ ਰੂਮ, ਸਾਇੰਸ ਲੈਬਜ, ਖੇਡ ਗਰਾਊਂਡ ਸਕੂਲਾਂ ਦੀ ਦਿੱਖ ਅਤੇ ਪੜ੍ਹਾਈ ਦੇ ਮਿਆਰ ਨੂੰ ਚਾਰ ਚੰਨ ਲਗਾ ਰਹੇ ਹਨ। ਇਸ ਮੌਕੇ ਉਨ੍ਹਾਂ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਬੀਪੀਈਓ ਡੇਰਾ ਬਾਬਾ ਨਾਨਕ ਭਾਰਤ ਰਤਨ, ਸਕੂਲ ਇੰਚਾਰਜ ਧਰਮਕੋਟ ਰੰਧਾਵਾ ਪਰਮਿੰਦਰ ਸਿੰਘ ਬੇਦੀ, ਸਾਬਕਾ ਚੇਅਰਮੈਨ ਬਲਵਿੰਦਰ ਸਿੰਘ ਹਰੂਵਾਲ, ਹਲਕਾ ਕੋਆਰਡੀਨੇਟਰ (ਸਿੱਖਿਆ) ਹਰਮਿੰਦਰ ਸਿੰਘ ਪੰਛੀ, ਆੜ੍ਹਤੀ ਯੂਨੀਅਨ ਜ਼ਿਲ੍ਹਾ ਪ੍ਰਧਾਨ ਪਰਵਿੰਦਰ ਸਿੰਘ ਘਣੀਆਂ, ਪਲਵਿੰਦਰ ਸਿੰਘ ਰੰਧਾਵਾ, ਸਾਬਕਾ ਸਰਪੰਚ ਹੈਪੀ ਬਹਿਲੋਲਪੁਰ, ਮੇਜਰ ਸਿੰਘ ਠੇਠਰਕੇ, ਗੁਰਮਿੰਦਰ ਸਿੰਘ ਖੁਸ਼ਹਾਲਪੁਰ, ਮਾਸਟਰ ਰਾਜ ਸੁਖਵਿੰਦਰ ਸਿੰਘ, ਕਰਨਦੀਪ ਤੋਂ ਇਲਾਵਾ ਬੱਚਿਆਂ ਦੇ ਮਾਪੇ ਤੇ ਵੱਖ-ਵੱਖ ਪਿੰਡਾਂ ਦੇ ਮੁਹਤਬਰ ਵਿਅਕਤੀ ਹਾਜ਼ਰ ਸਨ ।

## ਬੁਸਹਿਰਾ 'ਚ ਨਾੜ ਨੂੰ ਲੱਗੀ ਅੱਗ




ਮੂਨਕ (ਰਾਜਪਾਲ ਸਿੰਗਲਾ)-ਨਜ਼ਦੀਕੀ ਪਿੰਡ ਬੁਸਹਿਰਾ ਦੇ ਮੰਡਵੀ ਰੋਡ 'ਤੇ ਖੇਤ ਵਿੱਚ ਕਣਕ ਦੇ ਨਾੜ ਨੂੰ ਭਿਆਨਕ ਅੱਗ ਲੱਗ ਗਈ, ਜਿਸ ਨਾਲ ਤੂੜੀ ਦਾ ਭਾਰੀ ਨੁਕਸਾਨ ਹੋਇਆ ਹੈ। ਅੱਗ 'ਤੇ ਕਾਬੂ ਪਾਉਣ ਲਈ ਪਿੰਡ ਦੇ ਲੋਕ ਆਪਣੇ ਆਪਣੇ ਸਾਧਨ ਲੈ ਕੇ ਘਟਨਾ ਸਥਾਨ 'ਤੇ ਪਹੁੰਚੇ ਤੇ ਕੁੱਝ ਹੀ ਸਮੇਂ ਦੇ ਵਿੱਚ ਮੂਨਕ ਤੋਂ ਫਾਇਰ ਬ੍ਰਿਗੇਡ ਵੀ ਪਹੁੰਚ ਗਈ, ਜਿਸ ਨੇ ਮੌਕੇ 'ਤੇ ਹੀ ਅੱਗ 'ਤੇ ਕਾਬੂ ਪਾ ਲਿਆ ਅਤੇ ਕੋਲ ਖੜੀ ਸੈਂਕੜੇ ਏਕੜ ਕਣਕ ਦੀ ਫਸਲ ਦਾ ਨੁਕਸਾਨ ਹੋਣ ਤੋਂ ਬਚਾਅ ਕਰ ਲਿਆ। ਇਸ ਮੌਕੇ ਜਗਤਾਰ ਸਿੰਘ ਪਿੰਡ ਬੁਸਹਿਰਾ ਤੇ ਪਿੰਡ ਚੰਦੂ ਦੇ ਵਸਨੀਕ ਵਿੱਦਿਆ ਦੇਵੀ ਨੇ ਕਿਹਾ ਕਿ ਕਰੀਬ 15 ਕਿੱਲੇ ਕਣਕ ਦੀ ਨਾੜ ਨੂੰ ਦੇਖਦੇ ਹੀ ਦੇਖਦੇ ਭਿਆਨਕ ਅੱਗ ਲੱਗ ਗਈ, ਜਿਸ 'ਤੇ ਲੋਕਾਂ ਨੇ ਬੜੀ ਹੀ ਮੁਸ਼ਕਲ ਨਾਲ ਕਾਬੂ ਪਾਇਆ।

## ਅਯਾਨ ਕਾਲਜ ਆਫ ਨਰਸਿੰਗ ਵਿਖੇ ਡੇਂਗੂ ਪ੍ਰਤੀ ਕੀਤਾ ਜਾਗਰੂਕ



ਮਾਲੇਰਕੋਟਲਾ (ਅਸਗਰ ਪਰਿਹਾਰ)-ਸਿਵਲ ਸਰਜਨ ਮਾਲੇਰਕੋਟਲਾ ਡਾ. ਸੰਜੇ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਵੈਕਟਰ ਬੌਰਨ ਕੰਟਰੋਲ ਪ੍ਰੋਗਰਾਮ ਵਿੰਗ ਦੇ ਇੰਚਾਰਜ ਜ਼ਿਲ੍ਹਾ ਐਪੀਡੀਮਾਲੋਜਿਸਟ ਡਾ. ਮੁਨੀਰ ਮੁਹੰਮਦ ਵੱਲੋਂ ਅਯਾਨ ਕਾਲਜ ਆਫ ਨਰਸਿੰਗ ਭੋਗੀਵਾਲ ਵਿਖੇ ਵਿਦਿਆਰਥੀਆਂ ਨੂੰ ਡੇਂਗੂ ਦੀ ਰੋਕਥਾਮ, ਬਚਾਅ ਤੇ ਇਲਾਜ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਡਾ. ਮੁਨੀਰ ਮੁਹੰਮਦ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਹਰ ਸ਼ੁੱਕਰਵਾਰ ਡਰਾਈ ਡੇ ਫਰਾਈ ਡੇ ਮਨਾਇਆ ਜਾਂਦਾ ਹੈ, ਜਿਸ ਤਹਿਤ ਸਾਰੇ ਹੀ ਲੋਕਾਂ ਨੂੰ ਆਪਣੇ ਕੂਲਰਾਂ, ਹੌਦੀਆਂ, ਫਰਿੱਜਾਂ ਦੇ ਪਿੱਛੇ ਲੱਗੇ ਢੱਕਣ ਜਾਂ ਹੋਰ ਭਾਂਡੇ, ਜਿਨ੍ਹਾਂ 'ਚ ਪਾਣੀ ਸਟੋਰ ਕੀਤਾ ਜਾਂਦਾ ਹੈ, ਨੂੰ ਖਾਲੀ ਕਰਕੇ ਸਾਫ ਕਰਨ ਉਪਰੰਤ ਸੁਕਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਜੋ ਡੇਂਗੂ ਬੁਖਾਰ ਦਾ ਕਾਰਨ ਬਣਨ ਵਾਲੇ ਮੱਛਰ ਦਾ ਖਾਤਮਾ ਕੀਤਾ ਜਾ ਸਕੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਜਾਗਰੂਕ ਕਰਦਿਆਂ ਕਿਹਾ ਕਿ ਡੇਂਗੂ ਤੋਂ ਬਚਣ ਲਈ ਮੱਛਰ ਦੇ ਕੱਟਣ ਤੋਂ ਬਚਾਅ ਤੇ ਮੱਛਰ ਨੂੰ ਪੈਦਾ ਹੋਣ ਤੋਂ ਰੋਕਣ ਲਈ ਉਪਰਾਲੇ ਜ਼ਰੂਰੀ ਹਨ। ਇਸ ਸੈਮੀਨਾਰ ਨੂੰ ਕਾਲਜ ਦੇ ਪ੍ਰਿੰਸੀਪਲ ਜਸਪ੍ਰੀਤ ਕੌਰ ਤੇ ਰਜੇਸ਼ ਰਿਖੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਐੱਨ.ਵੀ.ਬੀ.ਡੀ.ਸੀ.ਪੀ ਸਹਾਇਕ ਮੁਹੰਮਦ ਰਾਸ਼ਿਦ, ਕਾਲਜ ਦੇ ਪ੍ਰਬੰਧਕ ਮੈਡਮ ਪ੍ਰਵੀਨ, ਕਾਲਜ ਦਾ ਸਮੁੱਚਾ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਪੁੱਤਰ ਦੇ ਜਨਮ ਦਿਨ ਦੀ ਖੁਸ਼ੀ 'ਚ ਸਕੂਲ ਨੂੰ ਦਿੱਤਾ ਮੈਟ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਹਰ ਸਮੇਂ ਸਮਾਜ ਸੇਵੀ ਕੰਮਾਂ 'ਚ ਮੋਹਰੀ ਰਹਿਣ ਵਾਲੀ ਸਮਾਜ ਸੇਵੀ ਤੇ ਇਲਾਕੇ ਦੀ ਨਾਮਵਰ ਸੰਸਥਾ ਕਲੀਨ ਐਂਡ ਗਰੀਨ ਸੇਵਾ ਸੁਸਾਇਟੀ ਦੇ ਪ੍ਰਧਾਨ ਤਰਸੇਮ ਗੋਇਲ ਵੱਲੋਂ ਆਪਣੇ ਪੁੱਤਰ ਤਰਲੋਕ ਗੋਇਲ ਦੇ ਜਨਮ ਦਿਨ ਦੀਆਂ ਖੁਸ਼ੀਆਂ ਨੂੰ ਦੁੱਗਣਾ ਕਰਦੇ ਹੋਏ ਜ਼ਿਲ੍ਹੇ ਦੇ ਪਿੰਡ ਬਲਮਗੜ੍ਹ ਵਿਖੇ ਸਥਿਤ ਸੀਨੀਅਰ ਸੈਕੰਡਰੀ ਸਕੂਲ ਦੇ ਬੱਚਿਆਂ ਨੂੰ ਮਿੱਡ ਡੇ ਮੀਲ ਤਹਿਤ ਭੋਜਨ ਛਕਣ ਲਈ ਮੈਟ (ਦਰੀਆਂ) ਭੇਟ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਰਿੰਪੀ ਨੇ ਸੁਸਾਇਟੀ ਪ੍ਰਧਾਨ ਤਰਸੇਮ ਗੋਇਲ ਤੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਸੁਸਾਇਟੀ ਵੱਲੋਂ ਸਮਾਜ ਅੰਦਰ ਕੀਤੇ ਜਾ ਰਹੇ ਸਮਾਜ ਸੇਵੀ ਕੰਮਾਂ ਦੀ ਭਰਪੂਰ ਸ਼ਬਦਾਂ 'ਚ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਰਿੰਪੀ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹੀ ਆਪਣੇ ਜਨਮ ਦਿਨ, ਵਰ੍ਹੇਗੰਢ ਆਦਿ ਹੋਰ ਵਿਸ਼ੇਸ਼ ਖੁਸ਼ੀ ਦੇ ਮੌਕਿਆਂ ਨੂੰ ਲੋੜਵੰਦਾਂ ਦੀ ਸਹਾਇਤਾ ਕਰਕੇ ਮਨਾਉਣਾ ਚਾਹੀਦਾ, ਇਸ ਨਾਲ ਉਹ ਖੁਸ਼ੀਆਂ ਦੁੱਗਣੀਆਂ ਹੋ ਜਾਂਦੀਆਂ ਹਨ। ਇਸ ਮੌਕੇ ਸਕੂਲ ਸਟਾਫ਼ ਰਮਨਦੀਪ ਕੌਰ, ਰਜਨੀ ਖੁਰਾਣਾ, ਸੋਨੀਆ, ਮਨਜੀਤ ਕੌਰ, ਆਸ਼ੂ ਗੁਪਤਾ, ਪਰਮਿੰਦਰ ਕੌਰ, ਸਰਬਜੀਤ ਕੌਰ, ਨਰਿੰਦਰ ਸਿੰਘ, ਵਿਜੈ ਕੁਮਾਰ, ਜਸਕਰਨ ਸਿੰਘ, ਕੁਲਦੀਪ ਸਿੰਘ, ਨਵਦੀਪ ਸਿੰਘ, ਸੁਰਜੀਤ ਸਿੰਘ, ਰਾਜਵਿੰਦਰ ਸਿੰਘ, ਅਰਪਨਵੀਰ ਸਿੰਘ, ਦਿਲਬਾਗ ਸਿੰਘ ਅਤੇ ਰਾਕੇਸ਼ ਕੁਮਾਰ ਆਦਿ ਮੌਜੂਦ ਸਨ।

## ਆਦਰਸ਼ ਸਕੂਲ ਚਾਉਕੇ ਦੇ ਮਸਲੇ ਨੂੰ ਲੈ ਕੇ ਰੋਸ ਧਰਨਾ ਤੇ ਮਾਰਚ 22 ਨੂੰ



ਮਾਨਸਾ (ਆਤਮਾ ਸਿੰਘ ਪਮਾਰ)-ਸਥਾਨਕ ਬਾਲ ਭਵਨ ਵਿਖੇ ਜ਼ਿਲ੍ਹੇ ਦੀਆਂ ਵੱਖ ਵੱਖ ਜਥੇਬੰਦੀਆਂ ਦੀ ਇੱਕ ਅਹਿਮ ਮੀਟਿੰਗ ਆਦਰਸ਼ ਸੈਕੰਡਰੀ ਸਕੂਲ ਚਾਉਕੇ ਦੇ ਮਸਲੇ ਨੂੰ ਲੈ ਕੇ ਹੋਈ। ਮੀਟਿੰਗ ਦੌਰਾਨ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸੂਬਾ ਆਗੂ ਝੰਡਾ ਸਿੰਘ ਜੇਠੂਕੇ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਜੋ ਆਦਰਸ਼ ਸਕੂਲ ਚਾਉਕੇ ਵਿੱਚ ਪਿਛਲੇ ਸਮੇਂ ਤੋਂ ਲੈ ਕੇ ਮਹਿਲਾ ਅਧਿਆਪਕਾਂ ਤੇ ਕਰਮਚਾਰੀਆਂ ਵਿਰੁੱਧ ਉੱਥੋਂ ਦੀ ਸਕੂਲ ਮੈਨੇਜਮੈਂਟ ਧੱਕੇਸ਼ਾਹੀ ਕਰ ਰਹੀ ਹੈ, ਜਿਸ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਅਧਿਆਪਕਾਂ ਨੂੰ ਪਹਿਲਾਂ 26 ਮਾਰਚ ਤੇ ਫਿਰ ਪੰਜ ਅਪ੍ਰੈਲ ਨੂੰ ਦੋ ਵਾਰ ਲਾਠੀਚਾਰਜ ਕਰਕੇ ਜੇਲ੍ਹਾਂ ਵਿੱਚ ਡੱਕਿਆ ਗਿਆ ਹੈ ਅਤੇ ਸਟਾਫ ਨੂੰ ਨੌਕਰੀਆਂ ਤੋਂ ਬਰਖਾਸਤ ਕੀਤਾ ਗਿਆ ਹੈ। ਉਕਤ ਮਾਮਲੇ ਬਾਰੇ ਅੱਜ ਭਰਾਤਰੀ ਜਥੇਬੰਦੀਆਂ ਨੇ ਮੀਟਿੰਗ ਕਰਕੇ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਆਉਂਦੀ 22 ਅਪ੍ਰੈਲ ਨੂੰ 11 ਵਜੇ ਪਵਨ ਕੁਮਾਰ ਮਾਲਵਾ ਕਾਲਜ ਵਿਰੁੱਧ ਜਿਹੜਾ ਕਿ ਚਾਉਕੇ ਸਕੂਲ 'ਚ ਸਰਕਾਰ ਦੀ ਸ਼ਹਿ 'ਤੇ ਅਧਿਆਪਕਾਂ ਤੇ ਮਹਿਲਾ ਕਰਮਚਾਰੀਆਂ ਉੱਪਰ ਅੱਤਿਆਚਾਰ ਕਰ ਰਿਹਾ ਹੈ, ਖਿਲਾਫ ਰੇਲਵੇ ਮਾਲ ਗੁਦਾਮ 'ਤੇ ਰੋਸ ਰੈਲੀ ਉਪਰੰਤ ਸ਼ਹਿਰ 'ਚ ਰੋਸ ਮਾਰਚ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਪ੍ਰਧਾਨ ਰਾਮ ਸਿੰਘ ਭੈਣੀ ਬਾਘਾ, ਨਿਰਮਲ ਸਿੰਘ ਝੰਡੂਕੇ, ਬੋਘ ਸਿੰਘ ਮਾਨਸਾ, ਬਲਵਿੰਦਰ ਸ਼ਰਮਾ ਖਿਆਲਾ, ਦਲਜੀਤ ਸਿੰਘ, ਭਜਨ ਸਿੰਘ ਘੁੰਮਣ, ਅਮਰੀਕ ਸਿੰਘ ਫਫੜੇ, ਕਰਨੈਲ ਸਿੰਘ ਮਾਨਸਾ, ਡਾ. ਧੰਨਾ ਮੱਲ ਗੋਇਲ, ਦਰਸ਼ਨ ਸਿੰਘ ਅਲੀਸ਼ੇਰ, ਦਰਸ਼ਨ ਸਿੰਘ ਮਾਨਸ਼ਾਹੀਆ, ਆਦਰਸ਼ ਸਕੂਲ ਸੰਘਰਸ਼ ਕਮੇਟੀ ਚਾਉਕੇ ਦੇ ਬਲਵਿੰਦਰ ਸਿੰਘ, ਰਾਜਵਿੰਦਰ ਸਿੰਘ ਆਦਿ ਆਗੂ ਹਾਜ਼ਰ ਸਨ।

## ਸੁਖਬੀਰ ਬਾਦਲ ਦੇ ਪ੍ਰਧਾਨ ਨਾਲ ਪਾਰਟੀ ਮਜ਼ਬੂਤ ਹੋਵੇਗੀ : ਖਣਮੁੱਖ ਭਾਰਤੀ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਅਕਾਲੀ ਆਗੂਆਂ ਤੇ ਵਿਰੋਧੀਆਂ ਪਾਰਟੀਆਂ ਦੇ ਪ੍ਰਚਾਰ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਅਤੇ ਸਪੋਰਟਰਾਂ ਦੇ ਮਸ਼ਵਰੇ ਦੇ ਨਾਲ ਦਲ ਦੇ ਡੈਲੀਗੇਟਾਂ ਨੇ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਬਣਾ ਕੇ ਸ਼ਲਾਘਾਯੋਗ ਫੈਸਲਾ ਲਿਆ ਹੈ। ਇਸ ਫੈਸਲੇ ਦੀ ਸ਼੍ਰੋਮਣੀ ਦਲ ਦੇ ਸੀਨੀਅਰ ਆਗੂ ਖਣਮੁੱਖ ਭਾਰਤੀ ਪੱਤੋ ਨੇ ਭਰਪੂਰ ਸ਼ਲਾਘਾ ਕੀਤੀ। ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਸਿਆਸਤ ਪੱਖੋਂ ਸੁਖਬੀਰ ਸਿੰਘ ਬਾਦਲ ਦੇ ਬਰਾਬਰ ਦਾ ਕੋਈ ਨੇਤਾ ਨਜ਼ਰ ਨਹੀਂ ਆਉਂਦਾ। ਇਸ ਮੌਕੇ ਦਲ ਦੇ ਡੈਲੀਗੇਟਾਂ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਮੁੜ ਪ੍ਰਧਾਨ ਨਾਮਜ਼ਦ ਕਰਕੇ ਅਕਾਲੀ ਦਲ ਦੀ ਮਜ਼ਬੂਤੀ ਹਿੱਤ ਫੈਸਲਾ ਲੈਣ ਨਾਲ ਹੁਣ ਸ਼੍ਰੋਮਣੀ ਅਕਾਲੀ ਦਾ ਗ੍ਰਾਫ ਦਿਨੋ ਦਿਨ ਵਧੇਗਾ।

## ਸਰਪੰਚਾਂ, ਪੰਚਾਂ ਤੇ ਸਕੱਤਰਾਂ ਲਈ ਜਾਗਰੂਕਤਾ ਪ੍ਰੋਗਰਾਮ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਭਾਰਤੀ ਮਿਆਰ ਬਿਊਰੋ ਵੱਲੋਂ ਬੀਡੀਪੀਓ ਦਫਤਰ ਪਾਤੜਾਂ ਵਿਖੇ ਪਰਵਾਣੂ ਬ੍ਰਾਂਚ ਦੇ ਡਾਇਰੈਕਟਰ ਐੱਸ ਸੀ ਨਾਇਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਿਸਾਨਾਂ ਲਈ ਭਾਰਤੀ ਮਿਆਰਾਂ ਤੇ ਹੋਰ ਲੋੜਾਂ ਅਨੁਸਾਰ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ 60 ਸਰਪੰਚਾਂ, ਪੰਚਾਂ ਤੇ ਸਕੱਤਰਾਂ ਨੂੰ ਜਾਣਕਾਰੀ ਅਧਾਰਤ ਕਿਤਾਬਚਾ ਵੰਡਿਆ ਗਿਆ। ਭਾਗੀਦਾਰਾਂ ਦੀ ਰਜਿਸਟ੍ਰੇਸ਼ਨ ਬੀ ਆਈ ਐੱਸ ਦੁਆਰਾ ਪ੍ਰਦਾਨ ਕੀਤੀ ਗਈ ਤੇ ਸਰੋਤ ਸਮੱਗਰੀ ਭਾਗੀਦਾਰਾਂ ਵਿੱਚ ਵੰਡੀ ਗਈ। ਬੀ ਆਈ ਐੱਸ ਦੇ ਰਿਸੋਰਸ ਪਰਸਨ ਦਲਬੀਰ ਸਿੰਘ ਨੇ ਪੰਚਾਇਤ ਪੱਧਰ 'ਤੇ ਮਿਆਰਾਂ ਦੀ ਮਹੱਤਤਾ ਬਾਰੇ ਦੱਸਿਆ ਕਿ ਭਾਰਤੀ ਮਿਆਰ ਬਿਊਰੋ ਵੱਲੋਂ ਗੁਣਵੱਤਾ ਵਾਲੇ ਉਤਪਾਦਾਂ ਨੂੰ ਉਤਸ਼ਾਹਤ ਕਰਨ ਲਈ ਵੱਖ-ਵੱਖ ਪੱਧਰਾਂ 'ਤੇ ਨਵੇਂ ਯਤਨ ਕੀਤੇ ਜਾ ਰਹੇ ਹਨ। ਪੰਚਾਇਤ ਪੱਧਰ 'ਤੇ ਨਿਰਮਾਣ ਤੇ ਖਰੀਦਦਾਰੀ ਵਿੱਚ ਭਾਰਤੀ ਮਿਆਰਾਂ ਨੂੰ ਉਤਸ਼ਾਹਤ ਕਰਨ ਲਈ, ਸੰਵੇਦਨਸ਼ੀਲਤਾ ਵਰਕਸ਼ਾਪਾਂ ਦੌਰਾਨ ਪੰਚਾਇਤਾਂ ਤੇ ਆਮ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਸਮੱਗਰੀਆਂ ਨਾਲ ਸਬੰਧਤ ਮਿਆਰਾਂ ਨੂੰ ਸਪੱਸ਼ਟ ਤੌਰ 'ਤੇ ਸਮਝਾਇਆ ਗਿਆ। ਕੈਂਪ ਵਿੱਚ ਸ਼ਾਮਲ ਪੰਚਾਇਤੀ ਨੁਮਾਇੰਦਿਆਂ ਨੂੰ ਦੱਸਿਆ ਗਿਆ ਕਿ ਬੀ ਆਈ ਐੱਸ ਕੇਅਰ ਐਪ 'ਤੇ ਇਸ ਕਿਸਮ ਦੀਆਂ ਸ਼ਿਕਾਇਤਾਂ ਦਰਜ ਕਰ ਸਕਦੇ ਹਨ। ਬੀ ਆਈ ਐੱਸ ਮਾਰਕਿੰਗ ਤੇ ਪ੍ਰਮਾਣਿਕਤਾ ਦੀ ਜਾਂਚ ਕਰਨ ਦੇ ਸਾਧਨਾਂ 'ਤੇ ਪ੍ਰਾਪਤ ਕੀਤੇ ਨਵੇਂ ਗਿਆਨ ਬਾਰੇ ਚਾਨਣਾ ਪਾਉਣ ਲਈ ਧੰਨਵਾਦ ਕੀਤਾ ਤੇ ਆਪਣੇ-ਆਪਣੇ ਪਿੰਡਾਂ 'ਚ ਅਜਿਹੇ ਹੋਰ ਪ੍ਰੋਗਰਾਮ ਕਰਵਾਉਣ ਦੀ ਮੰਗ ਕੀਤੀ। ਬੀਡੀਪੀਓ ਪਾਤੜਾਂ ਭਗਵੰਤ ਸਿੰਘ ਨੇ ਧੰਨਵਾਦ ਕਰਦੇ ਹੋਏ ਬੀ ਆਈ ਐੱਸ ਦੇ ਰਿਸੋਰਸ ਪਰਸਨ ਦਲਬੀਰ ਸਿੰਘ ਦਾ ਧੰਨਵਾਦ ਕੀਤਾ।

# ਕੇਂਦਰ ਤੇ ਸੂਬਾ ਸਰਕਾਰ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਾ ਕਾਨੂੰਨ ਬਣਾਏ : ਕੌਮੀ ਇਨਸਾਫ ਮੋਰਚਾ

ਮੋਗਾ (ਇਕਬਾਲ ਸਿੰਘ ਖਹਿਰਾ)-ਕਿਸਾਨ ਭਵਨ ਵਿੱਚ ਧਾਰਮਿਕ ਸ਼ਖ਼ਸੀਅਤਾਂ ਕਿਸਾਨ ਯੂਨੀਅਨ, ਮਜ਼ਦੂਰ ਯੂਨੀਅਨ, ਵਪਾਰਕ ਜਥੇਬੰਦੀਆਂ, ਪੰਥਕ ਜਥੇਬੰਦੀਆਂ ਦੀ ਸਾਂਝੀ ਭਰਵੀਂ ਮੀਟਿੰਗ ਨੇ ਕੌਮੀ ਇਨਸਾਫ ਮੋਰਚਾ ਦੇ ਲਗਭਗ 30 ਮਹੀਨਿਆਂ ਤੋਂ ਚੰਡੀਗੜ੍ਹ ਵਿੱਚ ਚੱਲ ਰਹੇ ਸੰਘਰਸ਼ ਨੂੰ ਨਵਾਂ ਮੋੜ ਤੇ ਸ਼ਕਤੀ ਦਿੱਤੀ।ਮੀਟਿੰਗ ਦੌਰਾਨ ਕਿਸਾਨ ਜਥੇਬੰਦੀਆਂ ਪੰਥਕ ਜਥੇਬੰਦੀਆਂ ਧਾਰਮਿਕ ਸ਼ਖ਼ਸੀਅਤਾਂ ਦੇ ਕੌਮੀ ਇਨਸਾਫ ਮੋਰਚੇ ਦੇ ਪ੍ਰਮੁੱਖ ਆਗੂ ਪ੍ਰੋ. ਮਨਜੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਬਾਬਾ ਸੇਵਾ ਸਿੰਘ ਰਾਮਪੁਰ ਖੇੜਾ, ਬਾਬਾ ਗੁਰਸੇਵਕ ਸਿੰਘ ਸ਼ੇਹਣੀ ਸਾਹਿਬ, ਬਾਪੂ ਗੁਰਚਰਨ ਸਿੰਘ, ਪਾਲ ਸਿੰਘ ਫਰਾਂਸ, ਗੁਰਦੀਪ ਸਿੰਘ ਬਠਿੰਡਾ, ਨਿਹੰਗ ਸਿੰਘ ਰਾਜਾ ਰਾਜ ਸਿੰਘ, ਬਲਵਿੰਦਰ ਸਿੰਘ ਫਿਰੋਜ਼ਪੁਰ, ਡਾ. ਦਰਸ਼ਨ ਪਾਲ ਸਿੰਘ ਕੇ ਕੇ ਯੂ, ਬਲਵੀਰ ਸਿੰਘ ਰਾਜੇਵਾਲ, ਸੁਰਜੀਤ ਸਿੰਘ ਫੂਲ ਬੀ. ਕੇ. ਯੂ., ਸਤਨਾਮ ਸਿੰਘ ਬਹਿਰੂ, ਜਸਬੀਰ ਸਿੰਘ ਸਿੱਧੂਪੁਰ ਯੂਨੀਅਨ, ਸੁੱਖ ਗਿੱਲ ਮੋਗਾ ਸੂਬਾ ਪ੍ਰਧਾਨ ਬੀਕੇਯੂ ਤੋਤੇਵਾਲ, ਰੇਸ਼ਮ ਸਿੰਘ ਕਾਦੀਆਂ ਕਿਸਾਨ ਯੂਨੀਅਨ, ਮਜ਼ਦੂਰ ਆਗੂ ਤਰਸੇਮ ਯੋਧਾਂ ਮੌਜੂਦ ਸਨ।ਅੱਜ ਦੀ ਮੀਟਿੰਗ ਨੇ ਜਿੱਥੇ ਸਰਕਾਰ ਦੀਆਂ ਮੁਸ਼ਕਲਾਂ ਵਿੱਚ ਵਾਧਾ ਕੀਤਾ ਹੈ, ਉੱਥੇ ਪੰਜਾਬ ਦੀ ਭਾਈਚਾਰਕ ਸਾਂਝ ਨੂੰ ਵੀ ਪੱਕਾ ਕਰਨ ਵੱਲ ਤੋਰਿਆ ਹੈ।ਮੀਟਿੰਗ ਵਿੱਚ ਕੌਮੀ ਇਨਸਾਫ ਮੋਰਚੇ ਦੀਆਂ ਤਿੰਨ ਮੰਗਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਤੇ ਕਾਨੂੰਨ ਬਣਾਉਣ, ਸਜ਼ਾਵਾਂ ਪੂਰੀਆਂ



ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਤੇ ਬਹਿਬਲ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਬਾਰੇ ਮੀਟਿੰਗ ਵਿੱਚ ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਮੰਗਾਂ ਬਾਰੇ ਕਿਸੇ ਵੀ ਕਿਸਮ ਦੇ ਜਨ ਮੱਤ ਪੱਤਰਾਂ ਦੀ ਜ਼ਰੂਰਤ ਨਹੀਂ, ਇਹ ਸਰਕਾਰ ਦੇ ਮੁੱਢਲੇ ਫਰਜ਼ ਬਣਦੇ ਹਨ।ਪੰਜਾਬ ਸਰਕਾਰ ਨੰਗਾ ਚਿੱਟਾ ਝੂਠ ਬੋਲ ਰਹੀ ਹੈ ਕਿ ਇਹ ਕੇਵਲ ਕੇਂਦਰ ਸਰਕਾਰ ਦਾ ਮਾਮਲਾ ਹੈ, ਪੰਜਾਬ ਸਰਕਾਰ ਜਥੇਦਾਰ ਜਗਤਾਰ ਸਿੰਘ ਹਵਾਰਾ, ਸ. ਬਲਵੰਤ ਸਿੰਘ ਰਾਜੋਆਣਾ, ਪਰਮਜੀਤ ਸਿੰਘ ਭਿਓਰਾ ਤੇ ਹੋਰਨਾਂ ਦੀ ਰਿਹਾਈ ਅਤੇ ਪੈਰੋਲ ਸਬੰਧੀ ਉੱਚ ਅਦਾਲਤਾਂ ਤੇ ਕੇਂਦਰ ਸਰਕਾਰ ਨੂੰ ਰਿਹਾਈਆਂ ਦੇ ਵਿਰੋਧ ਵਿੱਚ ਰਿਪੋਰਟਾਂ ਭੇਜ ਰਹੀ ਹੈ।ਬਹਿਬਲ ਗੋਲੀ ਕਾਂਡ ਦੇ ਕੇਸ ਵਿੱਚ ਆਪਣੀ ਬਣਾਈ ਹੋਈ ਸਿੱਟ ਦਾ ਸਿੱਟਾ ਰਿਪੋਰਟ ਵੀ ਲਾਗੂ ਨਹੀਂ ਕਰ ਰਹੀ।ਇਸੇ ਤਰ੍ਹਾਂ ਪਿਛਲੀਆਂ ਸਰਕਾਰਾਂ ਦੇ ਰਸਤੇ 'ਤੇ ਚਲਦਿਆਂ ਬੇਅਦਬੀ ਦੇ ਦੋਸ਼ੀਆਂ ਦੀ ਪੁਸ਼ਤ ਪਨਾਹੀ ਕਰ ਰਹੀ ਹੈ।ਪੰਜਾਬ ਸਰਕਾਰ ਬੰਦੀ ਸਿੰਘਾਂ ਦੀ ਪਰੋਲ ਕਰ ਸਕਦੀ ਹੈ ਤੇ ਰਿਹਾਈਆਂ ਦੀ ਸਿਫਾਰਸ਼ ਕੇਂਦਰ ਸਰਕਾਰ ਨੂੰ ਕਰ ਸਕਦੀ ਹੈ, ਪਰ ਸਰਕਾਰ ਇਸ ਪਾਸੇ ਨਹੀਂ ਵਧ ਰਹੀ।30 ਮਹੀਨਿਆਂ ਤੋਂ ਚੱਲ ਰਹੇ ਕੌਮੀ ਇਨਸਾਫ ਮੋਰਚੇ ਦੀ ਗੱਲ ਸੁਣਨ ਲਈ ਵੀ ਸਰਕਾਰ ਤਿਆਰ ਨਹੀਂ ਹੈ।ਇਹ ਸਰਕਾਰ ਦੀ ਤਾਨਾਸ਼ਾਹੀ ਤੇ ਹੰਕਾਰ ਦਾ ਪ੍ਰਤੀਕ ਹੈ। ਸਰਕਾਰ ਦੇ ਰਵੱਈਏ ਵਿਰੁੱਧ 15 ਮਈ ਨੂੰ ਪੰਜਾਬ ਦੀਆਂ ਸਾਰੀਆਂ ਤਹਿਸੀਲਾਂ 'ਤੇ ਰੋਸ ਮਾਰਚ ਕੀਤੇ ਜਾਣਗੇ ਅਤੇ ਐੱਸਡੀਐੱਮ ਨੂੰ ਪੰਜਾਬ ਦੇ ਰਾਸ਼ਟਰਪਤੀ ਤੇ ਦੇਸ਼ ਦੇ ਰਾਸ਼ਟਰਪਤੀ ਦੇ ਨਾਮ ਚੇਤਾਵਨੀ ਪੱਤਰ ਦਿੱਤੇ ਜਾਣਗੇ। ਮੀਟਿੰਗ ਵਿੱਚ ਜਿਵੇਂ ਦੇਸ਼ ਦੇ ਦੂਜੇ ਰਾਜਾਂ ਵਿੱਚ ਪਾਕਿਸਤਾਨ ਨਾਲ ਵਪਾਰ ਚੱਲ ਰਿਹਾ ਹੈ ਇਸੇ ਤਰ੍ਹਾਂ ਪੰਜਾਬ ਨਾਲ ਲੱਗਦੇ ਵਪਾਰਕ ਰਸਤੇ ਖੋਲ੍ਹਣ ਦੀ ਵੀ ਮੰਗ ਕੀਤੀ ਗਈ।ਇਸ ਮੌਕੇ ਸੁਖਜੀਤ ਸਿੰਘ ਖੋਸਾ, ਰਵਿੰਦਰ ਸਿੰਘ ਵਜੀਦਪੁਰ, ਬਲਵਿੰਦਰ ਸਿੰਘ ਕਾਲਾ ਝਾੜ, ਬੂਟਾ ਸਿੰਘ ਰਣਸ਼ੀਹ, ਐਡਵੋਕੇਟ ਹਰਪ੍ਰੀਤ ਸਿੰਘ ਸੰਧੂ, ਐਡਵੋਕੇਟ ਗੁਰਸ਼ਰਨ ਸਿੰਘ, ਇਕਬਾਲ ਸਿੰਘ ਦਿੱਲੀ, ਦਲਜੀਤ ਸਿੰਘ, ਹਰੀ ਸਿੰਘ ਅਕਾਲ ਫੌਜ, ਕਰਮਜੀਤ ਸਿੰਘ ਨੰਬਰਦਾਰ ਚਿੱਲਾ, ਪਾਲ ਸਿੰਘ ਘੜੂੰਆਂ, ਗੁਰਦੀਪ ਸਿੰਘ ਭੱਟੀ ਕਿਸਾਨ ਮਜ਼ਦੂਰ ਆਗੂ, ਮਨੋਜ ਸ਼ੇਖਾਵਤ ਖਾਪ ਪੰਚਾਇਤ, ਸੁੱਖ ਗਿੱਲ ਮੋਗਾ ਸੂਬਾ ਪ੍ਰਧਾਨ ਬੀਕੇਯੂ ਤੋਤੇਵਾਲ, ਬਲਬੀਰ ਸਿੰਘ ਬੈਰਮਪੁਰ, ਬਲਜੀਤ ਸਿੰਘ ਭਾਊ, ਰਾਜਾ ਸਿੰਘ ਜਾਟ ਮਹਾਂ ਸਭਾ, ਤਲਵਿੰਦਰ ਗਿੱਲ ਯੂਥ ਆਗੂ ਬੀਕੇਯੂ ਤੋਤੇਵਾਲ ਸਮੇਤ ਸੈਂਕੜੇ ਨੁਮਾਇੰਦਾ ਆਗੂ ਹਾਜ਼ਰ ਸਨ।

## ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਵਚਨਬੱਧ : ਭਾਗੀਕੇ

ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)-ਆਮ ਆਦਮੀ ਪਾਰਟੀ ਦੇ ਸੁਖਦੀਪ ਸਿੰਘ ਸਾਧ ਭਾਗੀਕੇ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਨਸ਼ਾ ਵੇਚਣ ਵਾਲਿਆਂ ਸੌਦਾਗਰਾਂ ਨੂੰ ਜੇਲਾਂ ਵਿੱਚ ਡੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਹਰ ਸੰਭਵ ਕਦਮ ਚੁੱਕਣ ਲਈ ਵਚਨਬੱਧ ਹੈ ਅਤੇ ਇਸ ਗੈਰ ਕਾਨੂੰਨੀ ਧੰਦੇ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਹਾਲਤ 'ਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਮੂਹ ਪੰਜਾਬ ਵਾਸੀਆਂ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਾਡੀ ਸਮੂਹਿਕ ਜ਼ਿੰਮੇਵਾਰੀ ਹੈ ਅਤੇ ਇਸ ਚੁਣੌਤੀਪੂਰਨ ਜੰਗ ਨੂੰ ਇਕਜੁੱਟ ਯਤਨਾਂ ਰਾਹੀਂ ਜਿੱਤਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਕੋਈ ਕਸਰ ਬਾਕੀ ਰਹਿਣ ਨਹੀਂ ਦਿੱਤੀ ਜਾਵੇਗੀ ਅਤੇ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਪੰਜਾਬ ਸਰਕਾਰ ਵਚਨਬੱਧ ਹੈ।

# ਐਡਵੋਕੇਟ ਜਨਰਲ ਦੇ ਦਫਤਰ 'ਚ ਐੱਸ ਸੀ ਨੂੰ ਰਾਖਵਾਂਕਰਨ ਦੇਣ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ : ਪ੍ਰੋ. ਬਲਜਿੰਦਰ ਕੌਰ

■ 'ਆਪ' ਸਰਕਾਰ ਡਾ. ਅੰਬੇਡਕਰ ਦੀ ਸੋਚ ਅਨੁਸਾਰ ਕੰਮ ਕਰ ਰਹੀ ਹੈ



ਤਲਵੰਡੀ ਸਾਬੋ (ਜਗਦੀਪ ਗਿੱਲ)

ਚੀਫ਼ ਵ੍ਹਿਪ ਤੇ ਤਲਵੰਡੀ ਸਾਬੋ ਤੋਂ ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਭਾਰਤ ਰਤਨ, ਸੰਵਿਧਾਨ ਨਿਰਮਾਤਾ, ਯੁੱਗ ਪੁਰਸ਼ ਡਾ. ਭੀਮ ਰਾਓ ਅੰਬੇਡਕਰ ਜੀ ਦੇ ਸੋਚ ਤੇ ਸਿਧਾਂਤ ਅਨੁਸਾਰ ਕੰਮ ਕਰ ਰਹੀ ਹੈ।ਇਸ ਮੌਕੇ ਉਨ੍ਹਾਂ ਨਾਲ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਜਤਿੰਦਰ ਸਿੰਘ ਭੱਲਾ, ਚੇਅਰਪਰਸਨ ਮਾਰਕਿਟ ਕਮੇਟੀ ਰਾਮਾਂ ਗੁਰਪ੍ਰੀਤ ਕੌਰ ਤੇ ਪਿੰਡ ਜਗ੍ਗਾ ਰਾਮ ਤੀਰਥ ਦੇ ਸਰਪੰਚ ਜਸਵਿੰਦਰ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਇਸ ਮੌਕੇ ਵਿਧਾਇਕ ਬਲਜਿੰਦਰ ਕੌਰ ਨੇ ਕਿਹਾ ਕਿ ਐਡਵੋਕੇਟ ਜਨਰਲ ਦੇ ਦਫਤਰ ਵਿੱਚ ਐੱਸ ਸੀ ਭਾਈਚਾਰੇ ਲਈ ਰਾਖਵਾਂਕਰਨ ਦੇਣ ਦੀ ਪਹਿਲ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣਿਆ ਹੈ। ਵਿਧਾਇਕ ਨੇ ਇਸ ਲਈ ਜਿੱਥੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ, ਉੱਥੇ ਹੀ ਐੱਸ ਸੀ ਭਾਈਚਾਰੇ ਨੂੰ ਇਸ ਪ੍ਰਾਪਤੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ। ਉਨ੍ਹਾ ਕਿਹਾ ਕਿ ਏ ਜੀ ਦਫਤਰ ਵਿੱਚ ਰਾਖਵੇਂਕਰਨ ਦੀ ਮੰਗ 2017 ਤੋਂ ਉਠਾਈ ਜਾ ਰਹੀ ਸੀ, ਪਰ ਪਿਛਲੀਆਂ ਸਰਕਾਰਾਂ ਨੇ ਇਸ 'ਤੇ ਕੋਈ ਧਿਆਨ ਨਹੀਂ ਦਿੱਤਾ, ਜਦਕਿ ਹੁਣ ਪੰਜਾਬ ਸਰਕਾਰ ਨੇ ਐੱਸ ਸੀ ਭਾਈਚਾਰੇ ਲਈ 58 ਪੋਸਟਾਂ ਰਾਖਵੀਆਂ ਕਰ ਦਿੱਤੀਆਂ ਹਨ।ਉਨ੍ਹਾਂ ਕਿਹਾ ਕਿ ਇਸ ਨਾਲ ਐੱਸ ਸੀ ਭਾਈਚਾਰੇ ਦੇ ਲੋਕਾਂ ਨੂੰ ਭਵਿੱਖ ਵਿੱਚ ਜੱਜ ਬਣਨ ਵਿੱਚ ਵੀ ਸਹੂਲਤ ਹੋਵੇਗੀ, ਕਿਉਂਕਿ ਏ ਜੀ ਪੰਜਾਬ ਵਿੱਚ ਕੰਮ ਕੀਤੇ ਜਾਣ ਦਾ ਤਜਰਬਾ ਉਨ੍ਹਾਂ ਲਈ ਲਾਭਕਾਰੀ ਸਿੱਧ ਹੋਵੇਗਾ।ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਪੱਛੜੇ ਵਰਗਾਂ ਦੀ ਤਰੱਕੀ ਲਈ ਵਚਨਬੱਧ ਹੈ ਤੇ ਇਸ ਲਈ ਭਵਿੱਖ ਵਿੱਚ ਵੀ ਹਰ ਉਪਰਾਲਾ ਕੀਤਾ ਜਾਵੇਗਾ।ਉਨ੍ਹਾਂ ਇਸ ਮੌਕੇ ਵਿਸ਼ੇਸ਼ ਤੌਰ 'ਤੇ ਇਹ ਵੀ ਦੱਸਿਆ ਕਿ ਸਮਾਜ ਦੇ ਪੱਛੜੇ ਵਰਗਾਂ ਦੇ ਬੱਚੇ ਪੜ੍ਹਾਈ ਕਰ ਸਕਣ, ਇਸ ਲਈ ਸਰਕਾਰ ਵੱਲੋਂ ਨਿਰਵਿਘਨ ਵਜ਼ੀਫੇ ਵੀ ਦਿੱਤੇ ਜਾ ਰਹੇ ਹਨ।

# 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਭੀਖੀ ਦੀਆਂ ਹਾਟ ਸਪਾਟ ਥਾਵਾਂ 'ਤੇ ਛਾਪੇਮਾਰੀ

■ ਨਸ਼ਾ ਵੇਚਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਐੱਸ ਐੱਸ ਪੀ



ਭੀਖੀ (ਗੁਰਿੰਦਰ ਸਿੰਘ ਔਲਖ)-ਸੂਬਾ ਸਰਕਾਰ ਦੀ ਨਸ਼ਿਆਂ ਵਿਰੁੱਧ ਛੇੜੀ ਮਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਭੀਖੀ ਦੀਆਂ ਹਾਟ ਸਪਾਟ ਥਾਵਾਂ 'ਤੇ ਐੱਸ.ਐੱਸ.ਪੀ. ਮਾਨਸਾ ਭਾਗੀਰਥ ਸਿੰਘ ਮੀਨਾ ਦੀ ਅਗਵਾਈ ਹੇਠ ਛਾਪੇਮਾਰੀ ਕੀਤੀ ਗਈ ਤੇ ਨਸ਼ਾ ਵੇਚਣ ਵਾਲਿਆਂ ਨੂੰ ਸਖਤ ਤਾੜਨਾ ਕੀਤੀ ਕਿ ਕਿਸੇ ਵੀ ਵਿਅਕਤੀ ਜਿਹੜਾ ਨਸ਼ਿਆਂ ਦੀ ਵਿਕਰੀ 'ਚ ਸ਼ਾਮਲ ਹੈ, ਬਖਸ਼ਿਆ ਨਹੀਂ ਜਾਵੇਗਾ।

ਇਸ ਮੌਕੇ ਉਨ੍ਹਾ ਕਿਹਾ ਕਿ 1 ਮਾਰਚ ਤੋਂ ਸ਼ੁਰੂ ਇਸ ਮੁਹਿੰਮ ਤਹਿਤ ਮਾਨਸਾ ਪੁਲਸ ਨੇ ਨਸ਼ਿਆਂ ਵਿਰੁੱਧ ਤਕੜੀ ਚੋਟ ਮਾਰੀ ਹੈ, ਜਿਸ ਤਹਿਤ ਹੁਣ ਤੱਕ ਜ਼ਿਲ੍ਹੇ 'ਚੋਂ 181 ਵਿਅਕਤੀਆਂ ਖਿਲਾਫ ਐੱਨ.ਡੀ.ਪੀ.ਐੱਸ ਐਕਟ ਤਹਿਤ ਪਰਚੇ ਦਰਜ ਕੀਤੇ ਗਏ ਹਨ, ਜਦਕਿ 261 ਵਿਅਕਤੀਆਂ ਨੂੰ ਜੇਲ੍ਹ 'ਚ ਭੇਜਿਆ ਜਾ ਚੁੱਕਿਆ ਹੈ।ਉਨ੍ਹਾਂ ਦੱਸਿਆ ਕਿ ਅੱਜ 4 ਵਿਅਕਤੀਆਂ ਖਿਲਾਫ ਐੱਨ.ਡੀ.ਪੀ.ਐੱਸ. ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਪੁਲਸ ਦੀ ਹਾਟ ਸਪਾਟ ਥਾਵਾਂ 'ਤੇ ਨਿਗਰਾਨੀ ਬਣੀ ਹੋਈ ਹੈ।ਉਨ੍ਹਾ ਕਿਹਾ ਕਿ ਇਸ ਧੰਦੇ 'ਚ ਸ਼ਾਮਲ ਵਿਅਕਤੀਆਂ ਦੀਆਂ ਸੂਬਾ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਜਾਇਦਾਦਾਂ ਵੀ ਕੁਰਕ ਕੀਤੀਆਂ ਜਾਣਗੀਆਂ ਤੇ ਅਜਿਹੇ ਵਿਅਕਤੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣਗੀਆਂ।ਇਸ ਮੌਕੇ ਡੀ.ਐੱਸ.ਪੀ. ਮਾਨਸਾ ਪ੍ਰਿਤਪਾਲ ਸਿੰਘ ਤੇ ਥਾਣਾ ਮੁਖੀ ਭੀਖੀ ਸੁਖਜੀਤ ਸਿੰਘ ਤੋਂ ਇਲਾਵਾ ਭਾਰੀ ਪੁਲਸ ਬਲ ਤਾਇਨਾਤ ਸੀ।

## ਕੇਸਰ ਸਿੰਘ ਵਾਲਾ 'ਚ ਸਿਹਤ ਜਾਗਰੂਕਤਾ ਕੈਂਪ

ਬਠਿੰਡਾ (ਰਾਜੀਵ ਗੋਇਲ)

ਹੰਸ ਫਾਊਂਡੇਸ਼ਨ ਐਮ.ਐਮ.ਯੂ 2 ਬਠਿੰਡਾ ਵੱਲੋਂ ਜ਼ਿਲ੍ਹੇ ਦੇ ਪਿੰਡ ਕੇਸਰ ਸਿੰਘ ਵਾਲਾ ਤੇ ਬੁਰਜ ਲੱਧਾ ਸਿੰਘ ਵਾਲਾ ਵਿਖੇ ਸਿਹਤ ਜਾਗਰੂਕਤਾ ਕੈਂਪ ਲਗਾਇਆ ਗਿਆ, ਜਿਸ ਵਿੱਚ ਪਿੰਡ ਦੇ ਲੋਕਾਂ ਨੂੰ ਸਿਹਤ ਸੰਬੰਧੀ ਜਾਗਰੂਕ ਕਰਦੇ ਹੋਏ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਇਸ ਮੌਕੇ ਡਾ. ਨਰੇਸ਼ ਕੁਮਾਰ ਵੱਲੋਂ ਇਕੱਤਰ ਹੋਏ ਲੋਕਾਂ ਨੂੰ ਅਨੀਮੀਆ ਸਮੇਤ ਹੋਰ ਬਿਮਾਰੀਆਂ ਬਾਰੇ ਦੱਸਦੇ ਹੋਏ ਉਨ੍ਹਾਂ ਨੂੰ ਇਨ੍ਹਾਂ ਬਿਮਾਰੀਆਂ ਤੋਂ ਬਚਣ ਬਾਰੇ ਸੁਝਾਅ ਦਿੱਤੇ ਗਏ। ਇਸ ਮੌਕੇ ਡਾ. ਨਰੇਸ਼ ਕੁਮਾਰ ਤੋਂ ਇਲਾਵਾ ਸਮਾਜਿਕ ਸੁਰੱਖਿਆ ਅਧਿਕਾਰੀ ਸੰਜੀਵ ਪੰਤ,ਫਾਰਮਾਸਿਸਟ ਜਸਵਿੰਦਰ ਸਿੰਘ, ਲੈਬ ਟੈਕਨੀਸ਼ੀਅਨ ਰਚਨਾ ਅਤੇ ਬਲਜੀਤ ਸਿੰਘ ਸਮੇਤ ਪਿੰਡ ਵਾਸੀ ਹਾਜ਼ਰ ਸਨ।

## ਮੇਜਰ ਸਿੰਘ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ ਵੱਲੋਂ ਖ਼ੂਨਦਾਨ ਕੈਂਪ ਅੱਜ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਸ. ਮੇਜਰ ਸਿੰਘ ਮੈਮੋਰੀਅਲ



ਵੈਲਫ਼ੇਅਰ ਸੁਸਾਇਟੀ ਜੈਤੋ ਵੱਲੋਂ ਸਵ: ਸ. ਮੇਜਰ ਸਿੰਘ (ਸੇਵਾ-ਮੁਕਤ ਇੰਸਪੈਕਟਰ ਪੰਜਾਬ ਰੋਡਵੇਜ਼) ਦੀ ਨਿੱਘੀ ਯਾਦ ਨੂੰ ਸਮਰਪਤ ਪਹਿਲਾ ਖ਼ੂਨਦਾਨ ਕੈਂਪ 20 ਅਪ੍ਰੈਲ ਨੂੰ ਗੁਰਦੁਆਰਾ ਸ੍ਰੀ ਗੰਗਸਰ ਸਾਹਿਬ ਪਾਤਸ਼ਾਹੀ ਦਸਵੀਂ (ਨੇੜੇ ਬੱਸ ਸਟੈਂਡ) ਜੈਤੋ ਵਿਖੇ ਲਗਾਇਆ ਜਾ ਰਿਹਾ ਹੈ।ਇਸ ਖ਼ੂਨਦਾਨ ਕੈਂਪ ਸੰਬੰਧੀ ਸੁਸਾਇਟੀ ਦੇ ਪ੍ਰਧਾਨ ਨਛੱਤਰ ਸਿੰਘ, ਸੀਨੀਅਰ ਮੀਤ ਪ੍ਰਧਾਨ ਭੋਲਾ ਸਿੰਘ, ਮੀਤ ਪ੍ਰਧਾਨ ਕੁਲਵਿੰਦਰ ਸਿੰਘ ਜੱਸੀ, ਜਨਰਲ ਸਕੱਤਰ ਬਰਿੰਦਰ ਪਾਲ ਸਿੰਘ, ਖ਼ਜ਼ਾਨਚੀ ਗੁਰਪ੍ਰੀਤ ਸਿੰਘ ਨੇ ਲੋਕਾਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅਪੀਲ ਕੀਤੀ ਹੈ। ਸੁਸਾਇਟੀ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਸ. ਜਸਵਿੰਦਰ ਸਿੰਘ ਢਿੱਲੋਂ ਮੈਮੋਰੀਅਲ ਵੈਲਫ਼ੇਅਰ ਸੁਸਾਇਟੀ (ਰਜਿ.) ਫ਼ਰੀਦਕੋਟ, ਸਾਂਝ ਬਲੱਡ ਵੈਲਫ਼ੇਅਰ ਸੁਸਾਇਟੀ ਰਜਿ. ਫ਼ਰੀਦਕੋਟ, ਦੀਪ ਬਲੱਡ ਸੈਂਟਰ ਫ਼ਰੀਦਕੋਟ, ਕਲਮਾਂ ਦੇ ਰੰਗ ਸਾਹਿਤ ਸਭਾ (ਰਜਿ.) ਫ਼ਰੀਦਕੋਟ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ।ਕੈਪਟਨ ਧਰਮ ਸਿੰਘ ਗਿੱਲ (ਮੁੱਖ ਸੇਵਾਦਾਰ, ਗੁਰਦੁਆਰਾ ਲੰਗਰ ਮਾਤਾ ਖੀਵੀ ਜੀ ਫ਼ਰੀਦਕੋਟ) ਇਸ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਸਲਾਹਕਾਰ ਪ੍ਰੋ. ਬੀਰ ਇੰਦਰ ਅਤੇ ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਖ਼ੂਨਦਾਨ ਕਰਨ ਵਾਲੇ ਵਿਅਕਤੀਆਂ ਨੂੰ ਸੰਸਥਾ ਵੱਲੋਂ ਸਰਟੀਫ਼ਿਕੇਟ ਅਤੇ ਸਨਮਾਨ ਵੀ ਦਿੱਤੇ ਜਾਣਗੇ।ਇਸ ਮੌਕੇ ਸੁਸਾਇਟੀ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਵਿੱਚੋਂ ਪ੍ਰੈੱਸ ਸਕੱਤਰ ਦਵਿੰਦਰ ਪਾਲ ਸਿੰਘ, ਸੀਨੀਅਰ ਮੈਂਬਰ ਅਰਜਨ ਸਿੰਘ, ਸੁਰਜੀਤ ਸਿੰਘ, ਗੁਰਚਰਨ ਸਿੰਘ, ਮੈਂਬਰ ਜਗਦੇਵ ਸਿੰਘ, ਬੂਟਾ ਸਿੰਘ, ਅਮਰਿੰਦਰ ਸਿੰਘ, ਸਤਪਾਲ ਸਿੰਘ, ਨਵਜੋਤ ਸਿੰਘ, ਲਖਵਿੰਦਰ ਸਿੰਘ, ਰਾਜਨ ਦੂਆ, ਸ਼ਿਵਨਾਥ ਦਰਦੀ, ਧਰਮਪਾਲ ਬਾਵਾ ਅਤੇ ਸਮੂਹ ਮੈਂਬਰ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ ਦੀ ਹਨੇਰੀ 'ਚ ਰੁਲੇ ਮਿੱਡ ਡੇ ਮੀਲ ਵਰਕਰ, ਸਕੂਲ ਸਫਾਈ ਕਰਮਚਾਰੀ ਤੇ 160 ਕੱਚੇ ਅਧਿਆਪਕ : ਡੀ ਟੀ ਐੱਫ਼

■ ਨਿਗੂਣੇ ਮਿਹਨਤਾਨੇ 'ਤੇ ਕੰਮ ਕਰ ਰਹੇ ਵਰਕਰਾਂ ਦੀ ਵੀ ਸਾਰ ਲੈਣ ਸਰਕਾਰ ਤੇ ਅਧਿਕਾਰੀ

ਮਾਨਸਾ (ਆਤਮਾ ਸਿੰਘ ਪਮਾਰ)-ਨੀਂਹ ਪੱਥਰਾਂ ਦੀ ਸਿੱਖਿਆ ਕ੍ਰਾਂਤੀ ਦੇ ਰੌਲ ਘਚੋਲੇ 'ਚ ਸਕੂਲਾਂ ਵਿੱਚ ਕੰਮ ਕਰਦਾ ਸਭ ਤੋਂ ਵੱਧ ਪੀੜਤ ਵਰਗ ਮਿੱਡ ਡੇ ਮੀਲ ਵਰਕਰ, ਸਫਾਈ ਕਰਮਚਾਰੀ ਤੇ 160 ਕੱਚੇ ਅਧਿਆਪਕਾਂ ਵੱਲ ਕਿਸੇ ਦਾ ਕੋਈ ਧਿਆਨ ਨਹੀਂ ਜਾ ਰਿਹਾ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਦੇ ਜ਼ਿਲ੍ਹਾ ਮਾਨਸਾ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦੇ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਦਮਗਜ਼ੇ ਮਾਰਨ ਵਾਲੀ ਪੰਜਾਬ ਸਰਕਾਰ ਨੇ ਸਕੂਲਾਂ ਦੇ ਸਭ ਤੋਂ ਵਧ ਸੋਸ਼ਿਤ ਵਰਗ ਮਿੱਡ ਡੇ ਮੀਲ ਕਰਮਚਾਰੀ, ਸਫਾਈ ਕਰਮਚਾਰੀ ਤੇ ਤਨਖਾਹ ਵਾਧੇ ਤੋਂ ਵਾਂਝੇ ਰਹਿ ਗਏ 160 ਕੱਚੇ ਅਧਿਆਪਕਾਂ ਵੱਲ ਕੋਈ ਧਿਆਨ ਨਹੀਂ ਦਿੱਤਾ। ਉਨ੍ਹਾਂ ਦੱਸਿਆ ਕਿ ਮਿੱਡ ਡੇ ਮੀਲ ਵਰਕਰ 100 ਰੁਪਏ ਪ੍ਰਤੀ ਦਿਨ, ਸਫਾਈ ਵਰਕਰ 100 ਰੁਪਏ ਪ੍ਰਤੀ ਦਿਨ ਤੇ ਤਨਖਾਹ ਵਾਧੇ ਤੋਂ ਵਾਂਝੇ ਰਹੇ 160 ਕੱਚੇ ਅਧਿਆਪਕ ਸਿਰਫ 5000 ਰੁਪਏ ਮਹੀਨਾ ਤੇ ਹੀ ਕੰਮ ਕਰ ਰਹੇ ਹਨ।ਇਨ੍ਹਾਂ ਦੀ ਤਨਖਾਹ ਮਨਰੇਗਾ ਕਾਮਿਆਂ ਤੋਂ ਵੀ ਘੱਟ ਹੈ ਅਤੇ ਉਹ ਸਰਕਾਰ ਤੋਂ ਉਮੀਦ ਲਗਾਈ ਬੈਠੇ ਕਿਸੇ ਹੋਰ ਕਿੱਤੇ ਨੂੰ ਵੀ ਨਹੀਂ ਅਪਣਾ ਰਹੇ। ਡੀ ਟੀ ਐੱਫ਼ ਦੇ ਸੀਨੀਅਰ ਆਗੂਆਂ ਗੁਰਤੇਜ ਉੱਭਾ, ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਦੀ ਤੇਜ਼ ਹਨੇਰੀ ਸਕੂਲਾਂ ਵਿਚਲੇ ਇਸ ਪੀੜਤ ਵਰਗ ਵੱਲ ਰਾਜਸੀ ਲੋਕਾਂ ਤੇ ਸਿੱਖਿਆ ਅਧਿਕਾਰੀਆਂ ਦਾ ਧਿਆਨ ਹੀ ਨਹੀਂ ਜਾਣ ਦਿੰਦੀ।ਆਗੂਆਂ ਨੇ ਕਿਹਾ ਕਿ ਸਸਤੇ ਇਨਕਲਾਬ ਦਾ ਸ਼ਿਕਾਰ ਹੋਏ ਇਹ ਵਰਗ ਇਸ ਝੂਠੀ ਸਰਕਾਰ ਨੂੰ ਵੋਟਾਂ ਪਾ ਕੇ ਪਛਤਾ ਰਹੇ ਹਨ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜ੍ਹਾਵਾਲ, ਹਰਫੂਲ ਸਿੰਘ, ਰਾਜਿੰਦਰਪਾਲ ਸਿੰਘ ਸਰਕਾਰ ਤੋਂ ਮੰਗ ਕੀਤੀ ਕਿ ਸਕੂਲਾਂ 'ਚ ਨੀਂਹ ਪੱਥਰਾਂ ਤੋਂ ਪਰਦੇ ਹਟਾਉਣ ਤੋਂ ਪਹਿਲਾ ਇਨ੍ਹਾਂ ਦੇ ਰੁਜ਼ਗਾਰ ਨੂੰ ਪੱਕਾ ਕਰਨ ਦਾ ਹੀਲਾ ਕਰੇ, ਨਹੀਂ ਤਾਂ ਆਉਣ ਵਾਲੀਆਂ ਵੋਟਾਂ ਵਿੱਚ ਸਰਕਾਰ ਨੂੰ ਇਨ੍ਹਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਵੇਗਾ। ਇਸ ਮੌਕੇ ਨਵੀਨ ਬੋਹਾ, ਅਮਰੀਕ ਬੋਹਾ, ਰਾਜ ਸਿੰਘ, ਨਵਜੋਸ਼ ਸਪੋਲੀਆ, ਸੰਦੀਪ ਧਰਮਪੁਰਾ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਜਗਦੇਵ ਸਿੰਘ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਕੁਲਵਿੰਦਰ ਜੋਗਾ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ , ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ, ਅਮਰਜੀਤ ਸਿੰਘ, ਸੁਖਵਿੰਦਰ ਗਾਮੀਵਾਲਾ, ਜਸਵਿੰਦਰ ਕਾਮਰੇਡ, ਰੋਹਿਤ ਬੁਰਜ ਹਰੀ, ਹਰਵਿੰਦਰ ਸਮਾਓਂ, ਮਨਦੀਪ ਕੁਮਾਰ ਆਦਿ ਅਧਿਆਪਕ ਆਗੂ ਹਾਜ਼ਰ ਸਨ।

# ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਵਿਅਕਤੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ : ਤਰੁਨਪ੍ਰੀਤ ਸਿੰਘ



ਸੰਗਰੂਰ (ਪ੍ਰਵੀਨ ਸਿੰਘ)-ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪੇਂਡੂ ਵਿਕਾਸ ਤੇ ਪੰਚਾਇਤ, ਉਦਯੋਗ ਤੇ ਵਣਜ, ਪੂੰਜੀ ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਜ਼ਿਲ੍ਹੇ ਦੇ ਪ੍ਰਸ਼ਾਸਨਕ ਤੇ ਪੁਲਸ ਅਧਿਕਾਰੀਆਂ ਨਾਲ ਅਹਿਮ ਸਮੀਖਿਆ ਮੀਟਿੰਗ ਕੀਤੀ।ਲਗਭਗ ਦੋ ਘੰਟੇ ਚੱਲੀ ਇਸ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਸੌਂਦ ਨੇ ਪ੍ਰਸ਼ਾਸਨ ਨੂੰ ਸਪੱਸ਼ਟ ਆਦੇਸ਼ ਦਿੱਤੇ ਕਿ ਪਿਛਲੇ ਸਮਿਆਂ ਦੌਰਾਨ ਨਸ਼ਿਆਂ ਦੇ ਧੰਦੇ ਨਾਲ ਜੁੜੇ ਰਹੇ ਵਿਅਕਤੀਆਂ ਦੇ ਮੌਜੂਦਾ ਕਾਰੋਬਾਰਾਂ ਦੀ ਪੜਤਾਲ ਕੀਤੀ ਜਾਵੇ ਤੇ ਜੇਕਰ ਹਾਲੇ ਵੀ ਅਜਿਹੇ ਲੋਕ ਕਿਸੇ ਨਾ ਕਿਸੇ ਰੂਪ ਵਿੱਚ ਨਸ਼ਿਆਂ ਦੇ ਕਾਲੇ ਕਾਰੋਬਾਰ ਨਾਲ ਜੁੜੇ ਹੋਏ ਪਾਏ ਜਾਂਦੇ ਹਨ ਤਾਂ ਉਨ੍ਹਾਂ ਖਿਲਾਫ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।ਇਸੇ ਦੌਰਾਨ ਸ੍ਰੀ ਸੌਂਦ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਹਦਾਇਤ ਕੀਤੀ ਜਾਵੇ ਕਿ ਮਤੇ ਪਵਾ ਕੇ ਪਿੰਡਾਂ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣ ਤੇ ਮੀਟਿੰਗ ਵਿੱਚ ਹਾਜ਼ਰ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਪ੍ਰਧਾਨਾਂ ਨੂੰ ਵੀ ਨਿਰਦੇਸ਼ ਦਿੱਤੇ ਗਏ ਕਿ ਸ਼ਹਿਰੀ ਖੇਤਰਾਂ ਵਿੱਚ ਸਮੁੱਚੀ ਨਿਗਰਾਨੀ ਲਈ ਢੁੱਕਵੀਆਂ ਥਾਵਾਂ 'ਤੇ ਸੀਸੀਟੀਵੀ ਕੈਮਰੇ ਲਗਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ ਕਿਸੇ ਵੀ ਸ਼ਰਾਰਤੀ ਅਨਸਰ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ 'ਤੇ ਫੌਰੀ ਐਕਸ਼ਨ ਲਿਆ ਜਾ ਸਕੇ।ਉਨ੍ਹਾਂ ਨੇ ਮੀਟਿੰਗ ਵਿੱਚ ਮੌਜੂਦ ਵੱਖ-ਵੱਖ ਸਮਾਜਿਕ ਨੁਮਾਇੰਦਿਆਂ ਤੋਂ ਫੀਡਬੈਕ ਵੀ ਹਾਸਲ ਕੀਤੀ ਤੇ ਸਪੱਸ਼ਟ ਰੂਪ ਵਿੱਚ ਕਿਹਾ ਕਿ ਮਾੜੇ ਅਨਸਰਾਂ ਖਿਲਾਫ ਸਖਤ ਕਾਰਵਾਈ ਕਰਨ ਵਿੱਚ ਸਰਕਾਰ ਦੀ ਤਰਫੋਂ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਕੀਤੀ ਜਾਵੇਗੀ ਤਾਂ ਜੋ ਨਸ਼ਿਆਂ ਵਿਰੁੱਧ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨੂੰ ਸਫਲਤਾ ਦਾ ਜਾਮਾ ਪਹਿਨਾਇਆ ਜਾ ਸਕੇ।

ਇਸ ਮੌਕੇ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਸੰਗਰੂਰ ਵਿੱਚ ਨਸ਼ਿਆਂ ਦੀ ਰੋਕਥਾਮ ਲਈ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ ਤੇ ਇਸ ਮੁਹਿੰਮ ਤਹਿਤ ਨਸ਼ਾ ਪੀੜਤ ਵਿਅਕਤੀਆਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ।ਇਸ ਦੌਰਾਨ ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ ਦੀ ਅਗਵਾਈ ਹੇਠ ਪਿਛਲੇ ਮਹੀਨਿਆਂ ਤੋਂ ਜ਼ਿਲ੍ਹੇ ਵਿੱਚ ਪ੍ਰਸ਼ਾਸਨਕ ਪੱਧਰ 'ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੀ ਕਾਰਵਾਈ 'ਤੇ ਵੱਖ-ਵੱਖ ਗਤੀਵਿਧੀਆਂ ਬਾਰੇ ਰਿਪੋਰਟ ਪੇਸ਼ ਕੀਤੀ।ਜ਼ਿਲ੍ਹਾ ਪੁਲਸ ਦੀ ਕਾਰਵਾਈ ਬਾਰੇ ਐੱਸ ਪੀ ਨਵਰੀਤ ਸਿੰਘ ਵਿਰਕ ਨੇ ਜਾਣਕਾਰੀ ਦਿੱਤੀ।ਮੀਟਿੰਗ ਦੌਰਾਨ ਏਡੀਸੀ ਅਮਿਤ ਬੈਂਬੀ, ਏਡੀਸੀ ਸੁਖਚੈਨ ਸਿੰਘ ਪਾਪੜਾ, ਚੇਅਰਮੈਨ ਦਲਵੀਰ ਸਿੰਘ ਢਿੱਲੋਂ, ਚੇਅਰਮੈਨ ਜਸਵੀਰ ਸਿੰਘ ਕੁਦਨੀ, ਚੇਅਰਮੈਨ ਗੁਨਿੰਦਰਜੀਤ ਸਿੰਘ ਜਵੰਦਾ, ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਚੇਅਰਮੈਨ ਗੁਰਮੇਲ ਸਿੰਘ ਘਰਾਚੋਂ, ਚੇਅਰਮੈਨ ਮੁਕੇਸ਼ ਜੁਨੇਜਾ, ਸਮੂਹ ਉਪ ਮੰਡਲ ਮੈਜਿਸਟਰੇਟ ਸਮੇਤ ਹੋਰ ਕਈ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਨਸ਼ਾ ਤਕਸਰ ਦੀ 11.45 ਲੱਖ ਦੀ ਪ੍ਰਾਪਰਟੀ ਸੀਲ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਐੱਸ ਐੱਸ ਪੀ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਵੱਲੋਂ ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ ਕੀਤੀ ਜਾ ਰਹੀ ਹੈ, ਜਿਸ ਤਹਿਤ ਸ੍ਰੀ ਮੁਕਤਸਰ ਸਾਹਿਬ ਪੁਲਸ ਵੱਲੋਂ ਜਿਨ੍ਹਾਂ ਨਸ਼ਾ ਤਸਕਰਾਂ ਖਿਲਾਫ ਐੱਨ.ਡੀ.ਪੀ.ਐੱਸ. ਐਕਟ ਦੇ ਕਮਰਸ਼ੀਅਲ ਮਾਤਰਾ ਦੇ ਮੁਕੱਦਮੇ ਦਰਜ ਹਨ, ਉਨ੍ਹਾਂ ਵੱਲੋਂ ਨਸ਼ਾ ਤਸਕਰੀ ਰਾਹੀਂ ਬਣਾਈ ਗਈ ਪ੍ਰਾਪਰਟੀ ਨੂੰ ਫਰੀਜ਼ ਕਰਵਾਉਣ ਲਈ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਪਾਸ ਭੇਜਿਆ ਜਾ ਰਿਹਾ ਹੈ।ਇਕਬਾਲ ਸਿੰਘ ਡੀ.ਐੱਸ.ਪੀ. (ਮਲੋਟ) ਤੇ ਸਬ-ਇੰਸਪੈਕਟਰ ਦਰਸ਼ਨ ਸਿੰਘ ਮੁੱਖ ਅਫਸਰ ਥਾਣਾ ਲੱਖੇਵਾਲੀ ਵੱਲੋਂ ਪਿੰਡ ਭੰਗਚਿੜੀ ਦੇ ਨਸ਼ਾ ਤਸਕਰ ਦੀ ਪ੍ਰਾਪਰਟੀ ਨੂੰ ਸੀਲ ਕੀਤਾ ਗਿਆ ਹੈ।ਇਸ ਮੌਕੇ ਐੱਸ ਐੱਸ ਪੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰਚਰਨ ਸਿੰਘ ਪੁੱਤਰ ਸੁਖਮੰਦਰ ਸਿੰਘ ਵਾਸੀ ਪਿੰਡ ਭੰਗਚਿੜੀ, ਜਿਸ ਖਿਲਾਫ ਕਮਰਸ਼ੀਅਲ ਕੁਆਂਟਿਟੀ ਦੇ ਮੁਕੱਦਮੇ ਦਰਜ ਸਨ, ਵੱਲੋਂ ਨਸ਼ਾ ਤਸਕਰੀ ਕਰਕੇ ਪ੍ਰਾਪਰਟੀ ਬਣਾਈ ਗਈ ਹੈ, ਜਿਸ ਪ੍ਰਾਪਰਟੀ ਦੀ ਕੁੱਲ ਕੀਮਤ 11,45,000 ਰੁਪਏ ਬਣਦੀ ਹੈ, ਜਿਸ ਦੀ ਅਟੈਚਮੈਂਟ ਲਈ ਤਹਿਤ ਕੇਸ ਤਿਆਰ ਕਰਕੇ ਕੰਪੀਟੈਂਟ ਅਥਾਰਟੀ ਨੂੰ ਭੇਜਿਆ ਸੀ। ਜਿਸ ਦੇ ਆਰਡਰ ਮੌਸੂਲ ਹੋਣ ਤੇ ਉਸ ਦੀ ਪ੍ਰਾਪਰਟੀ ਦੇ ਬਾਹਰ ਨੋਟਿਸ ਆਰਡਰ ਲਗਾਇਆ ਗਿਆ ਹੈ ਕਿ ਹੁਣ ਉਹ ਇਹ ਪ੍ਰਾਪਰਟੀ ਵੇਚ ਨਹੀਂ ਸਕੇਗਾ ਤੇ ਜਿਸ ਦਾ ਕੇਸ ਕੰਪੀਟੈਂਟ ਅਥਾਰਟੀ ਪਾਸ ਚੱਲੇਗਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਨਸ਼ੇ ਦੀ ਤਸਕਰੀ ਕਰਨ ਵਾਲੇ ਨੂੰ ਕਦੇ ਵੀ ਬਖਸ਼ਿਆ ਨਹੀਂ ਜਾਵੇਗਾ ਤੇ ਉਸ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਸਮਾਣਾ ਦਾ ਰਵਿੰਦਰ ਸਿੰਘ ਮਰ ਕੇ ਵੀ ਦੋ ਲੋਕਾਂ ਨੂੰ ਨਵੀਂ ਜ਼ਿੰਦਗੀ ਦੇ ਗਿਆ!



ਸਮਰਾਲਾ (ਸੁਰਜੀਤ ਸਿੰਘ)-ਜਦੋਂ ਜ਼ਿੰਦਗੀ ਥੰਮ੍ਹ ਜਾਂਦੀ ਹੈ, ਤਾਂ ਅਕਸਰ ਉਮੀਦਾਂ ਵੀ ਖ਼ਤਮ ਹੋ ਜਾਂਦੀਆਂ ਹਨ।ਪਰ ਪਟਿਆਲਾ ਦੇ ਸਮਾਣਾ ਨਿਵਾਸੀ 36 ਸਾਲਾ ਰਵਿੰਦਰ ਸਿੰਘ ਦੇ ਪਰਿਵਾਰ ਨੇ ਆਪਣੇ ਡੂੰਘੇ ਦਰਦ ਨੂੰ ਰੋਸ਼ਨੀ 'ਚ ਬਦਲ ਦਿੱਤਾ।ਆਪਣੇ ਪੁੱਤ ਦੀ ਮੌਤ ਤੋਂ ਬਾਅਦ ਵੀ, ਉਨ੍ਹਾਂ ਨੇ ਦੋ ਅਜਨਬੀਆਂ ਨੂੰ ਨਵੀਂ ਜ਼ਿੰਦਗੀ ਦੇ ਕੇ ਇਕ ਮਿਸਾਲ ਕਾਇਮ ਕੀਤੀ।ਬੀਤੀ 10 ਅਪ੍ਰੈਲ ਨੂੰ ਇੱਕ ਸੜਕ ਹਾਦਸੇ ਨੇ ਰਵਿੰਦਰ ਦੀ ਜ਼ਿੰਦਗੀ ਹੀ ਬਦਲ ਦਿੱਤੀ।ਰਾਜਿੰਦਰਾ ਹਸਪਤਾਲ ਤੇ ਫਿਰ ਪੀ.ਜੀ.ਆਈ. ਚੰਡੀਗੜ੍ਹ 'ਚ ਪੂਰੀ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ 16 ਅਪ੍ਰੈਲ ਨੂੰ ਡਾਕਟਰਾਂ ਨੇ ਉਨ੍ਹਾਂ ਨੂੰ ਦਿਮਾਗੀ ਤੌਰ 'ਤੇ ਮ੍ਰਿਤਕ ਘੋਸ਼ਿਤ ਕਰ ਦਿੱਤਾ।ਮੌਤ ਦੀ ਇਸ ਠੰਡੀ ਖ਼ਬਰ ਵਿੱਚ, ਜਦੋਂ ਪਰਵਾਰ ਕੋਲੋਂ ਅੰਗਦਾਨ ਬਾਰੇ ਪੁੱਛਿਆ ਗਿਆ, ਤਾਂ ਦਰਦ ਦੇ ਬਾਵਜੂਦ ਉਨ੍ਹਾਂ ਨੇ ਹਾਂ ਕਰ ਦਿੱਤੀ, ਇਹ ਜਾਣਦੇ ਹੋਏ ਕਿ ਉਨ੍ਹਾਂ ਦੇ ਪੁੱਤ ਦਾ ਸਫ਼ਰ ਇਥੇ ਖ਼ਤਮ ਨਹੀਂ ਹੋਇਆ।ਪੀ.ਜੀ.ਆਈ.ਐੱਮ.ਈ.ਆਰ. ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਰਵਿੰਦਰ ਸਿੰਘ ਦੇ ਪਰਵਾਰ ਨੇ ਜਿਸ ਹਿੰਮਤ ਤੇ ਸੰਵੇਦਨਸ਼ੀਲਤਾ ਨਾਲ ਅੰਗਦਾਨ ਦਾ ਫੈਸਲਾ ਲਿਆ, ਉਹ ਮਨੁੱਖਤਾ ਦੇ ਉੱਚੇ ਆਦਰਸ਼ਾਂ ਦੀ ਮਿਸਾਲ ਹੈ।ਰਵਿੰਦਰ ਦੇ ਦੋਵੇਂ ਗੁਰਦੇ ਤੇ ਪੈਂਕਰੀਆਸ ਸਫਲਤਾਪੂਰਵਕ ਕੱਢੇ ਗਏ।ਉਨ੍ਹਾਂ ਵਿੱਚੋਂ ਇੱਕ ਮਰੀਜ਼ ਨੂੰ ਗੁਰਦਾ ਤੇ ਪੈਂਕਰੀਆਸ ਟਰਾਂਸਪਲਾਂਟ ਕੀਤਾ ਗਿਆ, ਜਦਕਿ ਦੂਜੇ ਨੂੰ ਗੁਰਦਾ ਦਿੱਤਾ ਗਿਆ।ਦੋਵੇਂ ਮਰੀਜ਼ ਕਾਫੀ ਸਮੇਂ ਤੋਂ ਡਾਇਲਿਸਿਸ 'ਤੇ ਸਨ।ਇਸ ਮੌਕੇ ਰਵਿੰਦਰ ਸਿੰਘ ਦੇ ਪਿਤਾ ਸੁੰਦਰ ਪਾਲ ਸਿੰਘ ਨੇ ਭਿੱਜੀ ਅੱਖਾਂ ਨਾਲ ਕਿਹਾ ਕਿ ਕੋਈ ਵੀ ਮਾਪੇ ਆਪਣੇ ਪੁੱਤ ਨੂੰ ਨਹੀਂ ਗੁਆਉਣਾ ਚਾਹੁੰਦੇ, ਪਰ ਜੇਕਰ ਉਸ ਦੇ ਜਾਣ ਨਾਲ ਕਿਸੇ ਹੋਰ ਦੀ ਸਾਹ ਲੱਗੀ ਰਹੇ, ਤਾਂ ਇਹ ਸਾਡੀ ਪੁੱਤ ਦੀ ਸਭ ਤੋਂ ਵੱਡੀ ਵਿਰਾਸਤ ਹੋਵੇਗੀ।ਰਵਿੰਦਰ ਸਿੰਘ ਆਪਣੇ ਮਾਤਾ-ਪਿਤਾ ਤੇ ਦੋ ਭੈਣਾਂ ਨੂੰ ਪਿੱਛੇ ਛੱਡ ਗਿਆ ਹੈ।

## ਵੇਟ ਲਿਫਟਿੰਗ ਚੈਂਪੀਅਨ ਗੁਰਕੀਰਤ ਸਿੰਘ ਨੂੰ ਕੀਤਾ ਸਨਮਾਨਤ



ਜਗਰਾਉਂ (ਅਮਿਤ ਖੰਨਾ)-ਹਾਲ ਹੀ ਵਿੱਚ ਮਿਜ਼ੋਰਮ ਵਿੱਚ ਹੋਈ 68ਵੀਂ ਨੈਸ਼ਨਲ ਸਕੂਲ ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਏ ਜਗਰਾਉਂ ਤਹਿਸੀਲ ਦੇ ਰਣਜੀਤ ਸਿੰਘ ਦੇ ਪੁੱਤਰ ਸਿੱਖ ਨੌਜਵਾਨ ਗੁਰਕੀਰਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸੂਬੇ ਤੇ ਜਗਰਾਉਂ ਦਾ ਨਾਮ ਰੌਸ਼ਨ ਕੀਤਾ।ਇਸ ਕਾਰਨ ਵੀਰਵਾਰ ਨੂੰ ਸਿੱਖ ਨੌਜਵਾਨ ਗੁਰਕੀਰਤ ਸਿੰਘ ਨੂੰ ਸਮਾਜ ਸੇਵੀ ਸੰਸਥਾ ਕਰ ਭਲਾ ਹੋ ਭਲਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਸਮੇਂ ਸੰਸਥਾ ਦੇ ਚੇਅਰਮੈਨ ਅਮਿਤ ਅਰੋੜਾ, ਮੁਖੀ ਮਦਨ ਲਾਲ ਤੇ ਉਪ ਮੁਖੀ ਰਾਜਿੰਦਰ ਜੈਨ ਕਾਕਾ ਨੇ ਕਿਹਾ ਕਿ ਇਹ ਜਗਰਾਉਂ ਤੇ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਗੁਰਕੀਰਤ ਨੇ ਰਾਸ਼ਟਰੀ ਪੱਧਰ 'ਤੇ ਆਪਣੀ ਯੋਗਤਾ ਸਾਬਿਤ ਕੀਤੀ ਹੈ।ਇਸ ਦੌਰਾਨ ਸਾਰਿਆਂ ਨੇ ਮਿਲ ਕੇ ਗੁਰਕੀਰਤ ਸਿੰਘ ਦੀ ਇਸ ਸਫਲਤਾ 'ਤੇ ਮਾਣ ਪ੍ਰਗਟ ਕੀਤਾ ਅਤੇ ਗੁਰਕੀਰਤ ਤੇ ਉਸ ਦੇ ਪਰਵਾਰ ਨੂੰ ਭਵਿੱਖ ਵਿੱਚ ਹੋਰ ਉਚਾਈਆਂ ਛੂਹਣ ਦੀ ਕਾਮਨਾ ਕੀਤੀ।ਇਸ ਸਮੇਂ ਨਨੇਸ਼ ਗਾਂਧੀ, ਵਿਸ਼ਾਲ ਸ਼ਰਮਾ, ਬਲਜੀਤ ਜੱਸਲ, ਜਨਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਜੋਤ ਸਿੰਘ, ਸਤਨਾਮ ਸਿੰਘ, ਵਿਸ਼ਾਲ ਗਿੱਲ, ਸੁਦਰਸ਼ਨ ਕੁਮਾਰ, ਗੁਲਸ਼ਨ ਕਾਲੜਾ, ਕੋਚ ਰਣਜੀਤ ਸਿੰਘ, ਸਤਿਨਾਮ ਸਿੰਘ ਆਦਿ ਹਾਜ਼ਰ ਸਨ।

## ਵਿਧਾਇਕ ਢਿੱਲੋਂ ਨੇ ਮਹਿਰਾਜਵਾਲਾ ਮਾਈਨਰ ਬੁਰਜੀ ਦੀ ਮੁੜ ਉਸਾਰੀ ਦਾ ਰੱਖਿਆ ਨੀਂਹ ਪੱਥਰ



ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਪੰਜਾਬ ਸਰਕਾਰ ਨਹਿਰਾਂ ਦੀ ਟੇਲ ਐਂਡ ਉੱਤੇ ਸਥਿਤ ਪਿੰਡਾਂ ਦੇ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਪਹੁੰਚਾਉਣ ਲਈ ਵਚਨਬੱਧ ਅਤੇ ਇਸ ਲਈ ਸਰਕਾਰ ਵੱਲੋਂ ਵੱਖ ਵੱਖ ਪ੍ਰੋਜੈਕਟਾਂ ਰਾਹੀਂ ਕੰਮ ਕੀਤਾ ਜਾ ਰਿਹਾ ਹੈ। ਵਿਧਾਇਕ ਗਿੱਦੜਬਾਹਾ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਇਸ ਗੱਲ ਦਾ ਪ੍ਰਗਟਾਵਾ 177.49 ਲੱਖ ਰੁਪਏ ਦੀ ਲਾਗਤ ਨਾਲ ਕਰਵਾਏ ਜਾਣ ਵਾਲੇ ਮਹਿਰਾਜਵਾਲਾ ਮਾਈਨਰ ਦੇ ਕੰਮਾਂ ਦਾ ਨੀਂਹ ਪੱਥਰ ਰੱਖਦਿਆਂ ਕੀਤਾ। ਉਨ੍ਹਾਂ ਮਹਿਰਾਜਵਾਲਾ ਮਾਈਨਰ ਦੇ ਬੁਰਜੀ ਨੰ. 0 ਤੋਂ 21830 ਦੇ ਕੰਮ ਦਾ ਨੀਂਹ ਪੱਥਰ ਰੱਖਿਆ, ਜਿਸ ਦੀ ਮੁੜ ਉਸਾਰੀ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਇਸ ਰਜਵਾਹੇ ਦੇ ਤਿਆਰ ਹੋਣ ਨਾਲ ਪਿੰਡ ਸੋਥਾ, ਦੋਦਾ, ਦੂਹੇਵਾਲਾ, ਭੂੰਦੜ, ਖੂਨਣ ਕਲਾਂ, ਕੂਠੇ ਸੁਰਗਾਪੁਰੇ ਆਦਿ ਖਾਲਿਆਂ ਨੂੰ ਟੇਲਾਂ 'ਤੇ ਪੈਂਦੀਆਂ ਜ਼ਮੀਨਾਂ ਨੂੰ ਨਹਿਰੀ ਪਾਣੀ ਦੀ ਪੂਰੀ ਸਪਲਾਈ ਮੁਹੱਈਆ ਹੋਵੇਗੀ। ਇਹਨਾਂ ਖਾਲਿਆਂ ਨੂੰ ਪੱਕਾ ਕਰਨ ਲਈ 2.58 ਕਰੋੜ ਰੁਪਏ ਖਰਚ ਕੀਤੇ ਜਾਣਗੇ। ਇਸ ਮੌਕੇ ਉਹਨਾਂ ਹਲਕੇ ਦੇ ਲੋਕਾਂ ਨੂੰ ਵਿਸ਼ਵਾਸ ਦੁਆਇਆ ਕਿ ਸਾਰੇ ਖਾਲਿਆਂ ਨੂੰ ਪੱਕਾ ਕੀਤਾ ਜਾਵੇਗਾ ਤਾਂ ਜੋ ਕਿਸਾਨਾਂ ਨੂੰ ਸਿੰਜਾਈ ਲਈ ਪਾਣੀ ਦੀ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਕਾਰਜਕਾਰੀ ਇੰਜਨੀਅਰ ਨਹਿਰ ਸੁਖਜੀਤ ਸਿੰਘ, ਸਾਬਕਾ ਸਰਪੰਚ ਦੋਦਾ ਗੁਲਾਬ ਸਿੰਘ, ਸੁਖਪਾਲ ਸਿੰਘ ਬਰਾੜ, ਸਿਕੰਦਰ ਸਿੰਘ, ਰਾਜਾ ਸਿੰਘ, ਬੱਬੀ ਬਰਾੜ, ਅਮਰੀਕ ਸਿੰਘ, ਚਰਨਜੀਤ ਸਿੰਘ ਸਰਪੰਚ, ਜਸਵਿੰਦਰ ਸਿੰਘ ਸਰਪੰਚ ਤੋਂ ਇਲਾਵਾ ਤੋਂ ਇਲਾਵਾ ਪਤਵੰਤੇ ਵਿਅਕਤੀ ਹਾਜ਼ਰ ਸਨ।

## 'ਜਾਗਦੇ ਰਹੋ' ਕਲੱਬ ਨੇ ਲਾਇਆ ਖ਼ੂਨਦਾਨ ਕੈਂਪ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਜਾਗਦੇ ਰਹੋ ਯੂਥ ਕਲੱਬ ਪਿੰਡ ਬਿਸ਼ਨਗੜ੍ਹ ਸੰਬੰਧਿਤ ਨਹਿਰੂ ਯੁਵਾ ਕੇਂਦਰ ਪਟਿਆਲਾ (ਭਾਰਤ ਸਰਕਾਰ) ਨੇ ਹਿੰਦ ਦੀ ਚਾਦਰ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪਿੰਡ ਤਾਜਲਪੁਰ ਵਿਖੇ ਖ਼ੂਨਦਾਨ ਕੈਂਪ, ਮੈਡੀਕਲ ਕੈਂਪ ਅਮਰ ਮਲਟੀਸਪੈਸਲਟੀ ਹਸਪਤਾਲ ਸਨੌਰ ਵੱਲੋਂ ਤੇ ਅੱਖਾਂ ਦਾ ਫਰੀ ਚੈੱਕਅੱਪ ਕੈਂਪ ਹਾਂਡਾਂ ਆਈ ਕੇਅਰ ਹਸਪਤਾਲ ਵੱਲੋਂ ਲਗਾਇਆ ਗਿਆ।ਇਹ ਖ਼ੂਨਦਾਨ ਕੈਂਪ ਲਖਮੀਰ ਸਿੰਘ ਸਲੋਟ ਦੀ ਅਗਵਾਈ ਹੇਠ ਲਗਾਇਆ ਗਿਆ।ਖ਼ੂਨਦਾਨ ਕੈਂਪ ਵਿੱਚ ਹਰਪ੍ਰੀਤ ਸਿੰਘ, ਬਲਜੀਤ ਸਿੰਘ, ਗੁਰਜਿੰਦਰ ਸਿੰਘ, ਜਗਤਾਰ ਸਿੰਘ, ਮੇਜਰ ਸਿੰਘ, ਸੁਖਵਿੰਦਰ ਸਿੰਘ, ਰਵਿੰਦਰ ਸਿੰਘ, ਕਿਰਨਜੀਤ ਕੌਰ, ਮਨਪ੍ਰੀਤ ਕੁਮਾਰ, ਅਮਰਿੰਦਰ ਸਿੰਘ, ਵਰਿੰਦਰ ਸਿੰਘ ਅਤੇ ਹਰਨਵ ਸਮੇਤ ਵੱਡੀ ਗਿਣਤੀ ਵਿੱਚ ਖ਼ੂਨਦਾਨੀਆਂ ਨੇ ਖ਼ੂਨਦਾਨ ਕੀਤਾ।ਇਸ ਮੌਕੇ ਸਰਪੰਚ ਉਦੇ ਸਿੰਘ ਤਾਜਲਪੁਰ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਉੱਤਮ ਦਾਨ ਹੈ।ਹਰੇਕ ਤੰਦਰੁਸਤ ਇਨਸਾਨ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ। ਇਸ ਮੌਕੇ ਸਰਪੰਚ ਉਦੇ ਸਿੰਘ, ਲਖਮੀਰ ਸਿੰਘ ਸਲੋਟ, ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਪੰਚ ਜਗਤਾਰ ਸਿੰਘ, ਪੰਚ ਸੁਖਵਿੰਦਰ ਸਿੰਘ, ਪੰਚ ਕੁਲਬੀਰ ਸਿੰਘ, ਪੰਚ ਕ੍ਰਿਸ਼ਨ ਕੁਮਾਰ,ਪੰਚ ਗੌਰਵ ਸਿੰਘ, ਨੰਬਰਦਾਰ ਦਰਸ਼ਨ ਸਿੰਘ ਅਤੇ ਜਗਤਾਰ ਸਿੰਘ ਚਿੜਵੀ ਹਾਜ਼ਰ ਸੀ।

## ਮਾਂਗੇਵਾਲ ਤੇ ਮਨਾਲ 'ਚ ਯੁੱਧ ਨਸ਼ਿਆਂ ਵਿਰੁੱਧ ਤਹਿਤ ਜਾਗਰੂਕਤਾ ਸਮਾਗਮ



ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪੰਜਾਬ ਸਰਕਾਰ ਦੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਜ਼ਿਲ੍ਹਾ ਬਰਨਾਲਾ ਵਿਚ ਡਿਪਟੀ ਕਮਿਸ਼ਨਰ ਟੀ ਬੈਨਿਥ ਦੀ ਅਗਵਾਈ ਹੇਠ ਜਾਗਰੂਕਤਾ ਗਤੀਵਿਧੀਆਂ ਜਾਰੀ ਹਨ।ਇਸ ਲੜੀ ਤਹਿਤ ਐੱਸ ਡੀ ਐਮ ਹਰਕੰਵਲਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਮਾਂਗੇਵਾਲ ਅਤੇ ਮਨਾਲ ਵਿੱਚ ਜਾਗਰੂਕਤਾ ਸਮਾਗਮ ਕਰਵਾਏ ਗਏ। ਇਸ ਮੌਕੇ ਐੱਸ ਡੀ ਐਮ ਨੇ ਪਿੰਡ ਵਾਸੀਆਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਅਤੇ ਅਪੀਲ ਕੀਤੀ ਕਿ ਹੁਣ ਸਮਾਂ ਆ ਗਿਆ ਹੈ ਕਿ ਪਿੰਡਾਂ ਨੂੰ ਨਸ਼ਾ ਮੁਕਤ ਘੋਸ਼ਿਤ ਕਰੀਏ ਅਤੇ ਇਸ ਲਈ ਗ੍ਰਾਮ ਪੰਚਾਇਤਾਂ ਮੋਹਰਲੀਆਂ ਸਫਾਂ ਵਿੱਚ ਆ ਕੇ ਆਪਣੀ ਸਾਰਥਕ ਭੂਮਿਕਾ ਨਿਭਾਉਣ।ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਨਸ਼ਿਆਂ ਦੇ ਖਾਤਮੇ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਕਿ ਦੇਸ਼ ਅਤੇ ਸੂਬੇ ਦਾ ਭਵਿੱਖ ਸੁਰੱਖਿਅਤ ਰਹੇ।ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਮੁਹਤਬਰ ਮੌਜੂਦ ਸਨ।

20-APR-PAGE-5.qxd 4/19/2025 11:04 PM Page 1



# ਪੰਜਾਬ ਸਿਹਤ ਸੇਵਾਵਾਂ ਦੇ ਖੇਤਰ 'ਚ ਤੇਜ਼ੀ ਨਾਲ ਵਧ ਰਿਹੈ ਅੱਗੇ : ਗੁਲਾਬ ਚੰਦ ਕਟਾਰੀਆ

## ਏਮਜ਼ 'ਚ ਯੂਰੋਲੋਜੀ ਦੀ ਦੋ ਰੋਜ਼ਾ ਵਰਕਸ਼ਾਪ ਦਾ ਕੀਤਾ ਉਦਘਾਟਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਖੇਤਰ ਵਿੱਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਰਾਜਪਾਲ ਮਾਨਯੋਗ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸਥਾਨਕ ਏਮਜ਼ ਵਿਖੇ ਯੂਰੋਲੋਜੀ ਦੀ ਨੈਸ਼ਨਲ ਸੁਸਾਇਟੀ ਦੀ ਦੋ ਰੋਜ਼ਾ ਵਰਕਸ਼ਾਪ ਦੇ ਉਦਘਾਟਨੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਸੰਬੋਧਨ ਕਰਦਿਆਂ ਕੀਤਾ।ਇਸ ਦੋ ਰੋਜ਼ਾ ਵਰਕਸ਼ਾਪ 'ਚ ਦੇਸ਼ ਵਿਦੇਸ਼ਾਂ 'ਚੋਂ ਕਰੀਬ 350 ਡਾਕਟਰਾਂ ਵੱਲੋਂ 22 ਮਰੀਜ਼ਾਂ ਦੀ ਪੱਥਰੀ ਕੱਢਣ ਦੀ ਆਧੁਨਿਕ ਵਿਧੀ ਤੇ ਟੈਕਨਾਲੋਜੀ ਰਾਹੀਂ ਬਿਨਾਂ ਕਿਸੇ ਖਰਚ ਦੇ ਆਪ੍ਰੇਸ਼ਨ ਕੀਤੇ ਜਾਣਗੇ।

ਇਸ ਦੌਰਾਨ ਸ੍ਰੀ ਗੁਲਾਬ ਚੰਦ ਕਟਾਰੀਆਂ ਨੇ ਏਮਜ਼ ਬਠਿੰਡਾ ਦੇ ਯੂਰੋਲੋਜੀ ਵਿਭਾਗ ਦੀ ਸ਼ਲਾਘਾ ਕਰਦਿਆਂ ਪੰਜਾਬ ਵਿੱਚ ਸਰਕਾਰੀ ਖੇਤਰ ਵਿੱਚ ਗੁਰਦੇ ਟ੍ਰਾਂਸਪਲਾਂਟੇਸ਼ਨ ਸੇਵਾਵਾਂ ਸ਼ੁਰੂ ਕਰਨ ਵਿੱਚ ਉਨ੍ਹਾਂ ਨੂੰ ਮੋਹਰੀ ਦੱਸਿਆ।ਉਨ੍ਹਾਂ ਕਿਹਾ ਕਿ ਇਥੇ ਪੰਜਾਬ ਤੋਂ ਇਲਾਵਾ ਹਰਿਆਣਾ ਤੇ ਰਾਜਸਥਾਨ ਤੋਂ ਵੀ ਭਾਰੀ ਗਿਣਤੀ ਵਿੱਚ ਮਰੀਜ਼ ਲਾਹਾ ਲੈ ਰਹੇ ਹਨ।ਇਸ ਮੌਕੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਸਾਰੇ ਨਾਗਰਿਕਾਂ ਨੂੰ ਨਸ਼ਾ ਮੁਕਤ ਪੰਜਾਬ ਲਈ ਸਮੂਹਿਕ ਤੌਰ 'ਤੇ ਯਤਨ ਕਰਨ ਦਾ ਸੱਦਾ ਦਿੱਤਾ ਤੇ ਨੌਜਵਾਨਾਂ ਦੀ ਰੱਖਿਆ ਅਤੇ ਪਾਲਣ-ਪੋਸ਼ਣ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਇਸ ਮੌਕੇ ਏਮਜ਼ ਬਠਿੰਡਾ ਦੇ ਡਾਇਰੈਕਟਰ ਡਾ. ਮੀਨੂੰ ਸਿੰਘ, ਬਾਬਾ ਫਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼, ਫਰੀਦਕੋਟ ਦੇ ਵਾਈਸ ਚਾਂਸਲਰ ਪ੍ਰੋ. ਰਾਜੀਵ ਸੂਦ, ਯੂਰੋਲੋਜੀਕਲ ਸੋਸਾਇਟੀ ਆਫ਼ ਇੰਡੀਆ ਦੇ ਪ੍ਰਧਾਨ ਡਾ. ਏ. ਕੇ. ਸਾਂਗਵਾਨ, ਸਕੱਤਰ ਡਾ. ਰਿਸ਼ੀ ਨਈਅਰ ਤੇ ਏਮਜ਼ ਬਠਿੰਡਾ ਦੇ ਡੀਨ ਅਕਾਦਮਿਕ ਡਾ. ਅਖਿਲੇਸ਼ ਪਾਠਕ ਸਮੇਤ ਉੱਘੀਆਂ ਸ਼ਖਸੀਅਤਾਂ ਨੇ ਵੀ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ।ਇਸ ਤੋਂ ਪਹਿਲਾ ਪੰਜਾਬ ਦੇ ਰਾਜਪਾਲ ਮਾਨਯੋਗ ਗੁਲਾਬ ਚੰਦ ਕਟਾਰੀਆ ਦਾ ਬਠਿੰਡਾ ਏਅਰਪੋਰਟ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ, ਡੀਆਈਜੀ ਬਠਿੰਡਾ ਰੇਂਜ ਹਰਜੀਤ ਸਿੰਘ ਤੇ ਐੱਸ ਐੱਸ ਪੀ ਮੈਡਮ ਅਮਨੀਤ ਕੌਂਡਲ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

ਸਮਾਗਮ ਮੌਕੇ ਕਾਨਫਰੰਸ ਆਯੋਜਕ ਤੇ ਮੁਖੀ, ਯੂਰੋਲੋਜੀ ਤੇ ਕਿਡਨੀ ਟ੍ਰਾਂਸਪਲਾਂਟ ਵਿਭਾਗ, ਏਮਜ਼ ਬਠਿੰਡਾ ਡਾ. ਕੰਵਲਜੀਤ ਸਿੰਘ ਕੌੜਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰੀ ਅਮਰਜੀਤ ਮਹਿਤਾ, ਮੇਅਰ ਬਠਿੰਡਾ ਸ੍ਰੀ ਪਦਮਜੀਤ ਮਹਿਤਾ, ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ, ਐੱਸ ਡੀ ਐੱਮ ਬਠਿੰਡਾ ਬਲਕਰਨ ਸਿੰਘ ਮਾਹਲ, ਸਹਾਇਕ ਕਮਿਸ਼ਨਰ (ਜ) ਗਗਨਦੀਪ ਸਿੰਘ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਆਦਿ ਹਾਜ਼ਰ ਸਨ।

# ਸੋਸ਼ਲ ਮੀਡੀਆ ਰਾਹੀਂ ਲੋਕਾਂ ਨੂੰ ਚਮਤਕਾਰੀ ਪੰਜੀਰੀ ਵੇਚ ਕੇ ਠੱਗਣ ਵਾਲੇ ਅਖੌਤੀ ਵੈਦ ਦਾ ਪਰਦਾ ਫ਼ਾਸ਼

- ਦਵਾਈਆਂ ਦੇ ਸੈਂਪਲ ਫ਼ੇਲ੍ਹ, ਜਾਂਚ ਦੌਰਾਨ ਪੰਜੀਰੀ 'ਚੋਂ ਮਿਲੀ ਵਿਆਗਰਾ
- ਪਰਚਾ ਦਰਜ, ਮਹਿਕਮੇ ਵੱਲੋਂ ਦਵਾਖਾਨਾ ਸੀਲ, ਅਖੌਤੀ ਵੈਦ ਫ਼ਰਾਰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**
ਸੋਸ਼ਲ ਮੀਡੀਆ ਰਾਹੀਂ ਚਮਤਕਾਰੀ ਤਰੀਕੇ ਨਾਲ ਸਰੀਰਕ ਸਮਰੱਥਾ ਵਧਾਉਣ ਵਾਲੀਆਂ ਦਵਾਈਆਂ ਵੇਚਣ ਦੇ ਕਥਿਤ ਧੰਦੇ ਨੂੰ ਨੱਥ ਪਾਉਣ ਲਈ ਪੰਜਾਬ ਸਰਕਾਰ ਨੇ ਸ਼ਿਕੰਜਾ ਕਸਣਾ ਸ਼ੁਰੂ ਕਰ ਦਿੱਤਾ ਹੈ।ਇਸ ਦੇ ਤਹਿਤ ਵੱਡੀ ਕਾਰਵਾਈ ਕਰਦਿਆਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਰਾਏਸਰ (ਬਰਨਾਲਾ) ਵਿਖੇ ਇਕ ਨੌਜਵਾਨ ਜਸਪ੍ਰੀਤ ਸਿੰਘ ਵੱਲੋਂ ਚਲਾਇਆ ਜਾ ਰਿਹਾ ਰਹਿਮਤ ਆਯੁਰਵੈਦਿਕ ਕਲੀਨਿਕ ਸੀਲ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਕਤ ਨੌਜਵਾਨ ਵੱਡੀ ਪੱਧਰ 'ਤੇ ਆਯੁਰਵੈਦਿਕ ਜੜ੍ਹੀ ਬੂਟੀਆਂ ਤੋਂ ਦਵਾਈਆਂ ਬਣਾ ਕੇ, ਚੰਗੀ ਸਿਹਤ ਤੇ ਸੈਕਸ ਟਾਨਿਕ ਸਬੰਧੀ ਗੁੰਮਰਾਹਕੁਨ ਪ੍ਰਚਾਰ ਸੋਸ਼ਲ ਮੀਡੀਆ ਦੇ ਵੱਖ-ਵੱਖ ਖਾਤਿਆਂ 'ਤੇ ਕਰਦਾ ਸੀ।ਅਜਿਹਾ ਕਰ ਕੇ ਇਸ ਨੇ ਹਜ਼ਾਰਾਂ ਦੀ ਗਿਣਤੀ 'ਚ ਫਾਲੋਅਰ ਇਕੱਠੇ ਕੀਤੇ ਹੋਏ ਹਨ।ਚਮਤਕਾਰੀ ਤਰੀਕੇ ਨਾਲ ਸਰੀਰਕ ਸਮਰੱਥਾ ਵਧਾਉਣ ਲਈ ਪੰਜੀਰੀ ਤੇ ਹੋਰ ਦਵਾਈਆਂ ਦੇਸ਼-ਵਿਦੇਸ਼ 'ਚ ਕੋਰੀਅਰ ਰਾਹੀਂ ਭੇਜਣ ਬਦਲੇ ਲੋਕਾਂ ਤੋਂ ਮੋਟੀ ਰਕਮ ਵਸੂਲੀ ਜਾਂਦੀ ਸੀ।ਇਸ ਧੰਦੇ ਸਬੰਧੀ ਜਦੋਂ ਇਕ ਵਿਅਕਤੀ ਵੱਲੋਂ ਸ਼ਿਕਾਇਤ ਮਹਿਕਮੇ ਨੂੰ ਭੇਜੀ ਗਈ, ਜਿਸ 'ਤੇ ਡਾਇਰੈਕਟਰ ਆਯੁਰਵੈਦਿਕ ਪੰਜਾਬ ਡਾ. ਰਵੀ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫ਼ੌਰੀ ਐਕਸ਼ਨ ਲੈਂਦਿਆਂ ਆਯੁਰਵੈਦਿਕ ਡਰੱਗ ਇੰਸਪੈਕਟਰ ਯੂਨਾਨੀ ਡਾ. ਅਮਨ ਕੌਸ਼ਲ, ਸੁਪਰਡੈਂਟ-1 ਡਾ. ਰਕੇਸ਼ ਸ਼ਰਮਾ 'ਤੇ ਆਧਾਰਤ ਦੋ ਮੈਂਬਰੀ ਕਮੇਟੀ ਨੇ ਉਕਤ ਰਹਿਮਤ ਆਯੁਰਵੈਦਿਕ ਕਲੀਨਿਕ 'ਤੇ 12 ਦਸੰਬਰ 24 ਛਾਪਾ ਮਾਰ ਕੇ ਕੁੱਲ 8 ਦਵਾਈਆਂ ਦੇ ਸੈਂਪਲ ਭਰੇ ਤੇ ਜਾਂਚ ਲਈ ਸਰਕਾਰ ਜਾਂਚ ਲੈਬੋਰੇਟਰੀ ਪਟਿਆਲਾ ਭੇਜੇ।ਜਾਂਚ ਦੌਰਾਨ ਇਨ੍ਹਾਂ ਦਵਾਈਆਂ 'ਚੋਂ 5 ਦਵਾਈਆਂ ਦੇ ਸੈਂਪਲ ਫ਼ੇਲ੍ਹ ਹੋ ਗਏ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਰੱਗ ਇੰਸਪੈਕਟਰ ਡਾ. ਅਮਨ ਕੌਸ਼ਲ ਨੇ ਦੱਸਿਆ ਕਿ ਉਕਤ ਵਿਅਕਤੀ ਨਾ ਤਾਂ ਕੋਈ ਯੋਗਤਾ ਸਰਟੀਫ਼ਿਕੇਟ ਦਿਖਾ ਸਕਿਆ ਅਤੇ ਨਾ ਹੀ ਪੰਜੀਰੀ ਸਬੰਧੀ ਫੂਡ ਸੇਫ਼ਟੀ ਦਾ ਪ੍ਰਮਾਣ ਪੱਤਰ।ਇਹ ਵਿਅਕਤੀ ਆਯੁਰਵੈਦਿਕ ਦਵਾਈਆਂ 'ਚ ਮਾੜੀ ਗੁਣਵੱਤਾ ਦੀਆਂ ਐਲੋਪੈਥੀ ਦਵਾਈਆਂ ਮਿਕਸ ਕਰ ਕੇ ਲੋਕਾਂ ਨੂੰ ਵੇਚ ਰਿਹਾ ਸੀ।ਇਸ ਵੱਲੋਂ ਸੈਕਸ ਸ਼ਕਤੀ ਵਧਾਉਣ ਲਈ ਦੇਸ਼ਾਂ-ਵਿਦੇਸ਼ਾਂ 'ਚ ਵੇਚੀ ਜਾਂਦੀ ਪੰਜੀਰੀ ਦੀ ਜਾਂਚ ਦੌਰਾਨ ਇਸ 'ਚ ਸਿਲਡੇਨਾਫਿਲ (ਵਿਆਗਰਾ) ਤੇ ਟੈਡੈਲਾਫਿਲ ਹੋਣ ਦੀ ਪੁਸ਼ਟੀ ਹੋਈ ਹੈ।ਉਕਤ ਵਿਅਕਤੀ ਵਿਰੁੱਧ ਕਾਰਵਾਈ ਕਰਨ ਲਈ ਐੱਸ.ਐੱਸ.ਪੀ. ਬਰਨਾਲਾ ਨੂੰ ਭੇਜਣ ਉਪਰੰਤ ਮਹਿਲ ਕਲਾਂ ਪੁਲਸ ਵੱਲੋਂ ਵੱਖ-ਵੱਖ ਧਾਰਾਵਾਂ ਤਹਿਤ ਜਸਪ੍ਰੀਤ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਰਾਏਸਰ ਖ਼ਿਲਾਫ਼ ਪਰਚਾ ਦਰਜ ਕਰ ਲਿਆ ਗਿਆ ਹੈ।ਸਿਹਤ ਵਿਭਾਗ ਦੀ ਟੀਮ ਵੱਲੋਂ ਦਵਾਖਾਨੇ ਨੂੰ ਸੀਲ ਕਰ ਦਿੱਤਾ ਗਿਆ ਹੈ।ਮਹਿਲ ਕਲਾਂ ਪੁਲਸ ਵੱਲੋਂ ਸਰਗਰਮੀ ਨਾਲ ਦੋਸ਼ੀ ਦੀ ਭਾਲ ਜਾਰੀ ਹੈ।ਡਾ. ਕੌਸ਼ਲ ਨੇ ਦੱਸਿਆ ਕਿ ਆਪਣੇ ਆਪ ਦਵਾਈ ਲੈ ਕੇ ਠੀਕ ਹੋਣ ਦੇਣ ਚੱਕਰ 'ਚ ਲੋਕ ਸੋਸ਼ਲ ਮੀਡੀਆ ਜ਼ਰੀਏ ਅਜਿਹੇ ਅਯੋਗ ਵੈਦਾਂ ਦੇ ਝਾਂਸੇ 'ਚ ਫ਼ਸ ਜਾਂਦੇ ਹਨ।ਅਖੌਤੀ ਵੈਦ ਪੈਸੇ ਬਟੋਰਨ ਲਈ ਆਯੁਰਵੈਦਿਕ ਦਵਾਈਆਂ 'ਚ ਹੈਵੀ ਮੈਟਲਸ ਤੇ ਐਲੋਪੈਥਿਕ ਦਵਾਈਆਂ ਮਿਲਾ ਕੇ ਵੇਚਦੇ ਹਨ, ਜਿਸ ਨਾਲ ਸਿਹਤ ਠੀਕ ਹੋਣ ਦੀ ਬਜਾਏ, ਹੋਰ ਖਰਾਬ ਹੋ ਜਾਂਦੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਿਰਫ਼ ਯੋਗ ਮਾਹਰ ਡਾਕਟਰਾਂ ਕੋਲੋਂ ਹੀ ਦਵਾਈ ਲੈਣ।ਦਵਾਖਾਨੇ ਨੂੰ ਸੀਲ ਕਰਨ ਸਮੇਂ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫਸਰ ਅਮਨ ਕੌਸ਼ਲ, ਐੱਸ.ਐੱਚ.ਓ. ਮਹਿਲ ਕਲਾਂ ਜਗਜੀਤ ਸਿੰਘ, ਡਾ: ਹਰਜੋਤ ਸ਼ਰਮਾ, ਉਪ-ਵੈਦ ਬਲਜੀਤ ਸਿੰਘ ਮੌਜੂਦ ਸਨ।ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਕਾਰਵਾਈ ਤੋਂ ਬਾਅਦ ਉਨ੍ਹਾਂ ਨੂੰ ਹੋਰ ਪਿੰਡਾਂ ਤੋਂ ਵੀ ਸ਼ਿਕਾਇਤਾਂ ਮਿਲਣੀਆਂ ਸ਼ੁਰੂ ਹੋਈਆਂ ਹਨ, ਉੱਚ ਅਧਿਕਾਰੀਆਂ ਦੀਆਂ ਹਦਾਇਤਾਂ ਉਪਰੰਤ ਇਨ੍ਹਾਂ ਲੋਕਾਂ ਖਿਲਾਫ਼ ਵੀ ਸਖ਼ਤ ਐਕਸ਼ਨ ਲਿਆ ਜਾਵੇਗਾ।ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਗੈਰ-ਕਾਨੂੰਨੀ ਇਮਾਰਤਾਂ ਦੀ ਉਸਾਰੀ ਖ਼ਿਲਾਫ਼ ਵਿੱਢੀ ਕਾਰਵਾਈ



**ਮੋਗਾ (ਇਕਬਾਲ ਸਿੰਘ ਖਹਿਰਾ)**-ਜ਼ਿਲ੍ਹਾ ਮੋਗਾ ਦੀ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀਮਤੀ ਚਾਰੁਮਿਤਾ ਨੇ ਜ਼ਿਲ੍ਹੇ ਵਿੱਚ ਬਿਨਾਂ ਯੋਜਨਾ ਤੇ ਗੈਰ-ਕਾਨੂੰਨੀ ਵਿਕਾਸ ਖ਼ਿਲਾਫ਼ ਸਖ਼ਤ ਰਵੱਈਆ ਅਪਣਾਉਂਦੇ ਹੋਏ ਟਾਊਨ ਪਲੈਨਿੰਗ ਦੇ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ।ਗੈਰ-ਕਾਨੂੰਨੀ ਇਮਾਰਤਾਂ ਨੂੰ ਰੋਕਣ ਲਈ ਵਿਸ਼ੇਸ਼ ਤੌਰ 'ਤੇ ਕਾਰਵਾਈ ਮੁਹਿੰਮ ਸ਼ੁਰੂ ਕੀਤੀ ਗਈ, ਜੋ ਸ੍ਰੀਮਤੀ ਚਾਰੁਮਿਤਾ ਦੀ ਸਿੱਧੀ ਨਿਗਰਾਨੀ ਹੇਠ ਹੋਈ।ਇਹ ਮੁਹਿੰਮ ਉਨ੍ਹਾਂ ਵਿਅਕਤੀਆਂ ਤੇ ਡਿਵੈਲਪਰਾਂ ਵਿਰੁੱਧ ਚਲਾਈ ਗਈ, ਜੋ ਬਿਨਾਂ ਅਧਿਕਾਰਤ ਬਿਲਡਿੰਗ ਯੋਜਨਾ ਦੀ ਮਨਜ਼ੂਰੀ ਲਏ ਗੈਰ-ਕਾਨੂੰਨੀ ਢਾਂਚੇ ਖੜ੍ਹੇ ਕਰ ਰਹੇ ਸਨ, ਜੋ ਸਰਕਾਰੀ ਨਿਯਮਾਂ ਦੀ ਉਲੰਘਣਾ ਦੇ ਨਾਲ-ਨਾਲ ਯੋਜਨਾਬੱਧ ਵਿਕਾਸ ਤੇ ਸੁਰੱਖਿਆ ਲਈ ਵੀ ਗੰਭੀਰ ਚਿੰਤਾ ਦਾ ਵਿਸ਼ਾ ਹੈ।ਵਧੀਕ ਡਿਪਟੀ ਕਮਿਸ਼ਨਰ (ਜ)-ਕਮ-ਕੰਪੀਟੈਂਟ ਅਥਾਰਟੀ ਦੇ ਹੁਕਮਾਂ ਦੇ ਅਧੀਨ, ਡਿਊਟੀ ਮੈਜਿਸਟ੍ਰੇਟ, ਪੁਲਸ ਅਧਿਕਾਰੀਆਂ ਤੇ ਜ਼ਿਲ੍ਹਾ ਟਾਊਨ ਪਲੈਨਿੰਗ (ਰੈਗੂਲੇਟਰੀ) ਦਫ਼ਤਰ ਦੇ ਅਧਿਕਾਰੀਆਂ, ਜਿਨ੍ਹਾਂ ਵਿੱਚ ਜ਼ਿਲ੍ਹਾ ਟਾਊਨ ਪਲੈਨਰ (ਰੈਗੂਲੇਟਰੀ), ਅਸਿਸਟੈਂਟ ਟਾਊਨ ਪਲੈਨਰ (ਰੈਗੂਲੇਟਰੀ) ਤੇ ਜੂਨੀਅਰ ਇੰਜੀਨੀਅਰ (ਰੈਗੂਲੇਟਰੀ) ਸ਼ਾਮਲ ਸਨ, ਦੀ ਸਾਂਝੀ ਟੀਮ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਥਾਨਾਂ 'ਤੇ ਸੀਲਿੰਗ ਦੀ ਕਾਰਵਾਈ ਕੀਤੀ ਗਈ।ਇਹ ਕਾਰਵਾਈ ਪਿੰਡ ਗਗੜਾ (ਮੋਗਾ-ਕੋਟ ਈਸੇ ਖਾਂ ਰੋਡ), ਪਿੰਡ ਫਤਿਹਗੜ੍ਹ ਕੋਰੋਟਾਨਾ (ਮੋਗਾ-ਜਲੰਧਰ ਰੋਡ) ਤੇ ਪਿੰਡ ਡਾਲਾ (ਮੋਗਾ-ਬਰਨਾਲਾ ਰੋਡ) 'ਤੇ ਕੀਤੀ ਗਈ।ਬਾਵਜੂਦ ਇਸ ਦੇ ਕਿ ਇਨ੍ਹਾਂ ਡਿਵੈਲਪਰਾਂ ਨੂੰ ਪਹਿਲਾਂ ਹੀ ਨੋਟਿਸ ਜਾਰੀ ਕੀਤੇ ਗਏ ਸਨ, ਉਹ ਗੈਰ-ਕਾਨੂੰਨੀ ਨਿਰਮਾਣ ਜਾਰੀ ਰੱਖਦੇ ਰਹੇ।ਨਤੀਜਨ, ਮਜ਼ਦੂਰਾਂ ਨੂੰ ਥਾਵਾਂ ਤੋਂ ਹਟਾ ਦਿੱਤਾ ਗਿਆ ਤੇ ਪੁਲਸ ਦੀ ਮਦਦ ਨਾਲ ਇਮਾਰਤਾਂ ਨੂੰ ਸੀਲ ਕਰ ਦਿੱਤਾ ਗਿਆ।ਇਹ ਕਾਰਵਾਈ ਸ਼ਾਂਤੀਪੂਰਕ ਢੰਗ ਨਾਲ ਕੀਤੀ ਗਈ ਤੇ ਕਿਸੇ ਵੀ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ।ਵਧੀਕ ਡਿਪਟੀ ਕਮਿਸ਼ਨਰ (ਜ) ਨੇ ਦੱਸਿਆ ਕਿ ਇਹ ਤਰ੍ਹਾਂ ਦੀਆਂ ਕਾਰਵਾਈਆਂ ਅਗਲੇ ਹਫ਼ਤਿਆਂ ਵਿੱਚ ਵੀ ਜਾਰੀ ਰਹਿਣਗੀਆਂ, ਤਾਂ ਜੋ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਇਮਾਰਤਾਂ ਦੀ ਉਸਾਰੀ ਗਤੀਵਿਧੀਆਂ ਨੂੰ ਰੋਕਿਆ ਜਾ ਸਕੇ।ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਕੰਪੀਟੈਂਟ ਅਥਾਰਟੀ ਵੱਲੋਂ ਆਪਣੀ ਬਿਲਡਿੰਗ ਪਲੈਨ ਦੀ ਮਨਜ਼ੂਰੀ ਲਏ ਕੋਈ ਵੀ ਨਿਰਮਾਣ ਕਾਰਜ ਨਾ ਕਰਨ।

## ਕਾਤਰਾਂ

### ਇੰਸ. ਆਕਾਸ਼ ਦੱਤ ਨੇ ਐੱਸ ਐੱਚ ਓ ਦਾ ਚਾਰਜ ਸੰਭਾਲਿਆ



**ਦੋਰਾਹਾ (ਹਰਮਿੰਦਰ ਸੇਠ)**-ਇੰਸਪੈਕਟਰ ਆਕਾਸ਼ ਦੱਤ ਨੇ ਐੱਸ ਐੱਚ ਓ ਥਾਣਾ ਦੋਰਾਹਾ ਦਾ ਚਾਰਜ ਸੰਭਾਲ ਲਿਆ ਹੈ। ਇਸ ਮੌਕੇ ਐੱਸ ਐੱਚ ਓ ਦੋਰਾਹਾ ਆਕਾਸ਼ ਦੱਤ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਇਲਾਕੇ ਵਿੱਚ ਨਸ਼ਾ ਨਹੀਂ ਵਿਕਣ ਦਿੱਤਾ ਜਾਵੇਗਾ। ਉਨ੍ਹਾਂ ਨੇ ਨਸ਼ਾ ਵੇਚਣ ਵਾਲਿਆਂ ਨੂੰ ਤਾੜਨਾ ਕੀਤੀ ਹੈ ਕਿ ਜੇ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਉਸ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

### ਸਮਰਾ ਨੇ ਸੈਕਟਰੀ ਨੂੰ ਮੰਡੀ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਾਇਆ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਮੰਡੀ ਬੋਰਡ ਦੇ ਸਕੱਤਰ ਰਾਮਵੀਰ, ਆਈ.ਏ.ਐੱਸ. ਵੱਲੋਂ ਧੂਰੀ ਮੰਡੀ ਦਾ ਦੌਰਾ ਕੀਤਾ ਗਿਆ।ਇਸ ਮੌਕੇ ਫੈਡਰੇਸ਼ਨ ਆਫ਼ ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਗਤਾਰ ਸਿੰਘ ਸਮਰਾ ਨੇ ਸ੍ਰੀ ਰਾਮਵੀਰ ਨੂੰ ਮੰਡੀ ਵਿੱਚ ਦਰਪੇਸ਼ ਮੁਸ਼ਕਲਾਂ ਸਬੰਧੀ ਜਾਣੂ ਕਰਵਾਇਆ।ਇਸ ਮੁਲਾਕਾਤ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਸਾਥੀ ਜਗਤਾਰ ਸਿੰਘ ਸਮਰਾ ਨੇ ਦੱਸਿਆ ਕਿ ਮੰਡੀ ਦਾ ਰੇਲਵੇ ਲਾਇਨਾਂ ਦੇ ਨਾਲ ਲੱਗਦਾ ਫੜ ਨੀਵਾਂ ਹੋਣ ਕਾਰਨ ਕਿਸਾਨਾਂ ਦੀ ਕਣਕ ਦੀ ਫ਼ਸਲ ਪਿਛਲੀ ਰਾਤ ਮੀਂਹ ਆਉਣ ਕਾਰਨ ਦੋ-ਦੋ ਫੁੱਟ ਪਾਣੀ ਵਿੱਚ ਡੁੱਬਣ ਕਾਰਨ ਨੁਕਸਾਨੀ ਗਈ।ਉਨ੍ਹਾਂ ਮੰਡੀ ਬੋਰਡ ਦੇ ਸਕੱਤਰ ਸ੍ਰੀ ਰਾਮਵੀਰ ਤੋਂ ਮੰਡੀ ਦਾ ਫੜ ਤਿੰਨ ਫੁੱਟ ਉੱਚਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਜਿਸ ਹਲਕੇ ਤੋਂ ਲੋਕਾਂ ਨੇ ਭਗਵੰਤ ਮਾਨ ਨੂੰ ਜਿਤਾ ਕੇ ਮੁੱਖ ਮੰਤਰੀ ਬਣਾਇਆ, ਉਸ ਹਲਕੇ ਦੀ ਮੰਡੀ ਦੀ ਚਾਰਦੀਵਾਰੀ ਸੰਪੂਰਨ ਨਾ ਹੋਣ ਕਾਰਨ ਜਿੱਥੇ ਕਿਸਾਨਾਂ ਦੀ ਜਿਣਸ ਅਕਸਰ ਚੋਰੀ ਹੁੰਦੀ ਹੈ, ਉਥੇ ਅਵਾਰਾ ਪਸ਼ੂਆਂ ਦੇ ਦਾਖਲੇ ਕਾਰਨ ਜਿਣਸਾਂ ਦਾ ਉਜਾੜਾ ਵੀ ਹੁੰਦਾ ਹੈ ਅਤੇ ਗੰਦਗੀ ਫ਼ੈਲਦੀ ਹੈ।ਉਨ੍ਹਾਂ ਮੰਗ ਕੀਤੀ ਕਿ ਜਿੱਥੇ ਫੜ ਉੱਚਾ ਕੀਤਾ ਜਾਵੇ, ਉਥੇ ਮੰਡੀ ਦੀ ਚਾਰਦੀਵਾਰੀ ਮੁਕੰਮਲ ਕੀਤੀ ਜਾਵੇ।

### ਨਸ਼ੇ ਤੇ ਭ੍ਰਿਸ਼ਟਾਚਾਰ ਦੀ ਦਲਦਲ 'ਚ ਫਸਿਆ ਪੰਜਾਬ : ਠੁਲੀਵਾਲ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਰ ਰੋਜ਼ ਪੰਜਾਬ ਵਿੱਚ ਸ਼ਰੇਆਮ ਗੱਡਾ ਚੰਡ ਕਾਰਨ ਕਰਨ ਦਾ ਸਿਲਸਿਲਾ ਸਿਖਰ 'ਤੇ ਹੈ, ਪਰ ਸਰਕਾਰ ਦਾ ਇਸ ਪਾਸੇ ਕੋਈ ਧਿਆਨ ਨਹੀਂ।ਇਨ੍ਹਾਂ ਸ਼ਬਦਾਂ ਪ੍ਰਗਟਾਵਾ ਕਾਂਗਰਸ ਦੇ ਸੀਨੀਅਰ ਆਗੂ ਜਰਨੈਲ ਸਿੰਘ ਠੁਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਸਮੇਤ ਪੂਰੇ ਮੰਤਰੀ ਮੰਡਲ ਨੂੰ ਇਹ ਗੱਲ ਕਬੂਲ ਕਰ ਲੈਣੀ ਚਾਹੀਦੀ ਹੈ ਕਿ ਇਸ ਸਰਕਾਰ ਦੇ ਕਾਰਜਕਾਲ ਨੇ ਪੰਜਾਬ ਨੂੰ ਨਸ਼ੇ ਤੇ ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਧੱਕ ਦਿੱਤਾ ਹੈ।ਖੰਨਾ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਝੂਠਾ ਪ੍ਰਚਾਰ ਕਰਕੇ ਪੰਜਾਬ ਦੇ ਮੰਤਰੀ ਸੂਬੇ ਦੇ ਫ਼ਰਜ਼ੀ ਵਿਕਾਸ ਦੀ ਚਰਚਾ ਛੇੜਨੀ ਚਾਹੁੰਦੇ ਹਨ, ਪਰ ਪੰਜਾਬ ਦੇ ਲੋਕ ਇਨ੍ਹਾਂ ਦੀ ਸਹੀ ਸਥਿਤੀ ਤੋਂ ਭਲੀਭਾਂਤ ਜਾਣੂ ਹਨ।

# ਨੌਜਵਾਨ ਦੀ ਫਿਲਪੀਨਜ਼ ਵਿਖੇ ਸੜਕ ਹਾਦਸੇ 'ਚ ਮੌਤ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਮਹਿਲ ਕਲਾਂ ਸੋਢੇ (ਬਰਨਾਲਾ) ਨਾਲ ਸੰਬੰਧਤ ਇੱਕ 28 ਸਾਲਾ ਨੌਜਵਾਨ ਦੀ ਦਾਵਾਓ, ਫਿਲੀਪੀਨਜ਼ 'ਚ ਸੜਕ ਹਾਦਸੇ ਦੌਰਾਨ ਮੌਤ ਹੋਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਜੀਵਨਜੋਤ ਸਿੰਘ ਉਰਫ ਵਿਸਕੀ ਪੁੱਤਰ ਸਵ: ਬਲਵੀਰ ਸਿੰਘ ਦੋ ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਦਾਵਾਓ, ਫਿਲੀਪੀਨਜ਼ ਗਿਆ ਸੀ, ਜਿੱਥੇ ਉਹ ਆਪਣੇ ਰਿਸ਼ਤੇਦਾਰਾਂ ਕੋਲ ਰਹਿ ਕੇ ਆਪਣਾ ਕਾਰੋਬਾਰ ਵਧੀਆ ਤਰੀਕੇ ਨਾਲ ਚਲਾ ਰਿਹਾ ਸੀ।

ਪਰਿਵਾਰਕ ਮੈਂਬਰਾਂ ਅਨੁਸਾਰ ਲੰਘੀ ਬੁੱਧਵਾਰ ਦੀ ਰਾਤ ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਕਿ ਰਸਤੇ 'ਚ ਉਸ ਦਾ ਮੋਟਰਸਾਈਕਲ ਬੱਸ ਨਾਲ ਟਕਰਾ ਕੇ ਹਾਦਸਾਗ੍ਰਸਤ ਹੋ ਗਿਆ।ਇਸ ਹਾਦਸੇ ਦੌਰਾਨ ਜੀਵਨਜੋਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ।ਉੱਥੇ ਮੌਜੂਦ ਰਿਸ਼ਤੇਦਾਰਾਂ ਵੱਲੋਂ ਇਸ ਦੁਖਦਾਈ ਘਟਨਾ ਸਬੰਧੀ ਫੋਨ ਕਰ ਕੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਗਿਆ।ਮ੍ਰਿਤਕ ਨੌਜਵਾਨ ਪਰਿਵਾਰ ਦਾ ਇਕਲੌਤਾ ਚਿਰਾਗ ਸੀ, ਜਿਸ ਦੇ ਪਿਤਾ ਦੀ 12 ਸਾਲ ਪਹਿਲਾਂ ਮੌਤ ਹੋ ਗਈ ਸੀ।ਨੌਜਵਾਨ ਦੀ ਮੌਤ ਤੋਂ ਬਾਅਦ ਉਸ ਦੀ ਮਾਂ ਪਰਮਜੀਤ ਕੌਰ ਹੀ ਘਰ 'ਚ ਇਕੱਲੀ ਰਹਿ ਗਈ ਹੈ।ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰ ਨਾਲ ਸਬੰਧ ਮ੍ਰਿਕਤ ਨੌਜਵਾਨ ਦੇ ਵਿਦੇਸ਼ ਜਾਣ ਤੋਂ ਪਰਿਵਾਰ ਦੇ ਹਾਲਾਤ ਸੁਧਰਨ ਦੀ ਆਸ ਬੱਝੀ ਸੀ ਕਿ ਇਹ ਦੁੱਖਦਾਈ ਹਾਦਸਾ ਵਾਪਰ ਗਿਆ।ਇਸ ਮੰਦਭਾਗੀ ਘਟਨਾ ਸਬੰਧੀ ਪਤਾ ਲਗਦਿਆਂ ਹੀ ਇਲਾਕੇ 'ਚ ਸੋਗ ਦੀ ਲਹਿਰ ਦੌੜ ਗਈ ਹੈ।ਪਰਿਵਾਰਕ ਮੈਂਬਰਾਂ ਨੇ ਦੱਸਿਆ ਨੌਜਵਾਨ ਦੀ ਮ੍ਰਿਤਕ ਦੇਹ ਨੂੰ ਭਾਰਤ ਲਿਆਉਣ ਲਈ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ।

# ਅਸਮਾਨੀ ਬਿਜਲੀ ਡਿੱਗਣ ਨਾਲ ਤਿੰਨ ਏਕੜ ਕਣਕ ਤੇ ਪੰਜ ਏਕੜ ਨਾੜ ਸੜਿਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਕੁਰੜ (ਬਰਨਾਲਾ) ਵਿਖੇ ਅਸਮਾਨੀ ਬਿਜਲੀ ਡਿੱਗਣ ਕਾਰਨ ਦੋ ਕਿਸਾਨਾਂ ਦੀ ਸਾਢੇ ਤਿੰਨ ਏਕੜ ਖੜ੍ਹੀ ਕਣਕ ਦੀ ਫਸਲ ਅਤੇ ਪੰਜ ਏਕੜ ਨਾੜ ਅੱਗ ਦੀ ਲਪੇਟ ਵਿੱਚ ਆ ਕੇ ਸੁਆਹ ਹੋ ਗਏ।ਮਾਰਕੀਟ ਕਮੇਟੀ ਮਹਿਲ ਕਲਾਂ ਦੇ ਚੇਅਰਮੈਨ ਸੁਖਵਿੰਦਰ ਦਾਸ ਬਾਵਾ, ਪ੍ਰਧਾਨ ਗਗਨਦੀਪ ਸਿੰਘ ਸਰਾਂ ਨੇ ਦੱਸਿਆ ਕਿ ਅਸਮਾਨੀ ਬਿਜਲੀ ਡਿੱਗਣ ਨਾਲ ਕਿਸਾਨ ਗੁਰਦਾਸ ਸਿੰਘ ਪੁੱਤਰ ਕਰਨੈਲ ਸਿੰਘ ਦੀ ਡੇਢ ਏਕੜ ਅਤੇ ਗੁਰਚਰਨ ਸਿੰਘ ਪੁੱਤਰ ਨਿਧਾਨ ਸਿੰਘ ਹਮੀਦੀ ਦੀ ਦੋ ਏਕੜ ਖੜੀ ਕਣਕ ਸੜ ਕੇ ਸੁਆਹ ਹੋ ਗਈ। ਇਨ੍ਹਾਂ ਤੋਂ ਇਲਾਵਾ ਕਿਸਾਨ ਪ੍ਰੀਤਮ ਸਿੰਘ ਗਰੇਵਾਲ ਸਮੇਤ ਹੋਰ ਕਿਸਾਨਾਂ ਦਾ ਪੰਜ ਏਕੜ ਨਾੜ ਵੀ ਅੱਗ ਦੀ ਲਪੇਟ ਵਿੱਚ ਆ ਗਿਆ ਜਿਸ ਨਾਲ ਕਿਸਾਨਾਂ ਨੂੰ ਵੱਡਾ ਆਰਥਿਕ ਨੁਕਸਾਨ ਪਹੁੰਚਿਆ ਹੈ।ਪਤਾ ਲੱਗਦਿਆਂ ਹੀ ਪਿੰਡ ਵਾਸੀਆਂ ਨੇ ਟਰੈਕਟਰ-ਟਰਾਲੀਆਂ, ਪਾਣੀ, ਰੇਤ ਅਤੇ ਹੋਰ ਸਾਧਨਾਂ ਦੀ ਮਦਦ ਨਾਲ ਭਾਰੀ ਜੱਦੋ ਜਹਿਦ ਬਾਅਦ ਅੱਗ 'ਤੇ ਕਾਬੂ ਪਾ ਕੇ ਹੋਰ ਕਿਸਾਨਾਂ ਦਾ ਵੱਡਾ ਨੁਕਸਾਨ ਹੋਣ ਤੋਂ ਬਚਾ ਲਿਆ। ਮੌਕੇ 'ਤੇ ਪਹੁੰਚੀ ਫਾਇਰ ਬ੍ਰਿਗੇਡ ਦੀ ਗੱਡੀ ਨੇ ਵੀ ਅੱਗ ਬੁਝਾਉਣ ਵਿੱਚ ਮਦਦ ਕੀਤੀ।ਇਸ ਮੌਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਨੇ ਪੰਜਾਬ ਸਰਕਾਰ ਪਾਸੋਂ ਪ੍ਰਭਾਵਿਤ ਕਿਸਾਨਾਂ ਨੂੰ ਯੋਗ ਮੁਆਵਜ਼ਾ ਤੁਰੰਤ ਦੇਣ ਦੀ ਮੰਗ ਕੀਤੀ ਹੈ।

# ਵਿਸਾਖੀ ਮੇਲੇ ਤੋਂ ਘਰ ਪਰਤਦਿਆਂ ਨਾਬਾਲਗ ਮੰਦਬੁੱਧੀ ਬੱਚੀ ਨਾਲ ਗੈਂਗਰੇਪ, ਮਾਮਲਾ ਦਰਜ

- ਬੱਚੀ ਦੀ ਪੱਤ ਦੀ ਸੌਦੇਬਾਜ਼ੀ ਕਰਵਾਉਣ 'ਚ ਅਸਮਰੱਥ ਰਹੇ ਕੁਝ ਸਿਆਸੀ ਆਗੂ ਤੇ ਅਧਿਕਾਰੀ
- ਸਰਕਾਰੀ ਸਕੂਲ ਦਾ ਟੁੱਟਿਆ ਗੇਟ ਬਣਿਆ ਬੱਚੀ ਦੀ ਪੱਤ ਰੁਲਣ ਦਾ ਮੁੱਖ ਕਾਰਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਇੱਕ ਪਾਸੇ ਸੂਬਾ ਸਰਕਾਰ ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਸਕੂਲਾਂ ਵਿੱਚ ਪਹਿਲਾਂ ਤੋਂ ਹੀ ਬਣੀਆਂ ਇਮਾਰਤਾਂ/ਬਾਥਰੂਮਾਂ ਦਾ ਉਦਘਾਟਨ ਕਰਨ 'ਤੇ ਤੁਲੀ ਹੋਈ ਹੈ ਤੇ ਦੂਜੇ ਪਾਸੇ ਜ਼ਿਲ੍ਹੇ ਦੇ ਕਸਬਾ ਭਗਤਾ ਭਾਈ ਕਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਗਰਾਊਂਡ ਵਾਲੇ ਪਾਸੇ ਟੁੱਟੇ ਹੋਏ ਗੇਟ ਨੂੰ ਕਾਫੀ ਸਮਾਂ ਬੀਤ ਗਿਆ ਹੈ, ਜਿਸ ਵੱਲ ਸੂਬਾ ਸਰਕਾਰ ਤੇ ਉਸ ਦੇ ਵਿਧਾਇਕ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ ਅਤੇ ਉਸ ਟੁੱਟੇ ਹੋਏ ਗੇਟ ਕਾਰਨ 13 ਅਪ੍ਰੈਲ ਨੂੰ ਵਿਸਾਖੀ ਵਾਲੇ ਦਿਨ ਇਸੇ ਸਕੂਲ ਦੇ ਗਰਾਊਂਡ ਵਿੱਚ ਭਗਤਾ ਭਾਈ ਕਾ ਦੇ ਨੇੜਲੇ ਪਿੰਡ ਦੀ ਰਹਿਣ ਵਾਲੀ ਇੱਕ ਨਾਬਾਲਗ ਬੱਚੀ, ਜਿਹੜੀ ਕਿ ਮੰਦਬੁੱਧੀ ਹੈ, ਦੀ ਛੇ ਨੌਜਵਾਨਾਂ ਵੱਲੋਂ ਪੱਤ ਰੋਲ ਦਿੱਤੀ ਗਈ। ਪ੍ਰਾਪਤ ਕੀਤੀ ਗਈ ਜਾਣਕਾਰੀ ਅਨੁਸਾਰ ਉਕਤ ਪੀੜਤ ਬੱਚੀ ਆਪਣੇ ਗੁਆਂਢੀਆਂ ਦੀ ਲੜਕੀ ਨਾਲ ਦਿਆਲਪੁਰਾ ਭਾਈ ਕਾ ਵਿਖੇ ਵਿਸਾਖੀ ਮੇਲੇ 'ਤੇ ਗਈ ਸੀ ਅਤੇ ਵਾਪਸ ਘਰ ਪਰਤਦਿਆਂ ਆਪਣੇ ਪਿੰਡ ਨੂੰ ਜਾਣ ਲਈ ਭਗਤਾ ਭਾਈਕਾ ਦੇ ਬੱਸ ਸਟੈਂਡ 'ਤੇ ਖੜ੍ਹੀ ਸੀ ਤੇ ਇੰਨੇ ਨੂੰ ਉਸ ਦੇ ਮੰਦਬੁੱਧੀ ਹੋਣ ਦਾ ਫਾਇਦਾ ਉਠਾਉਂਦੇ ਉੱਥੇ ਮੋਟਰਸਾਈਕਲ ਸਵਾਰ ਛੇ ਨੌਜਵਾਨ ਆਏ, ਜਿਹੜੇ ਉਕਤ ਬੱਚੀ ਨੂੰ ਪਿੰਡ ਪਹੁੰਚਾਉਣ ਦਾ ਕਹਿ ਕੇ ਆਪਣੇ ਨਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਤਾ ਦੇ ਗਰਾਊਂਡ ਵਿੱਚ ਲੈ ਗਏ, ਜਿੱਥੇ ਉਕਤ ਬੱਚੀ ਨਾਲ ਇਨ੍ਹਾਂ ਨੌਜਵਾਨਾਂ ਵੱਲੋਂ ਸਰੀਰਕ ਸੰਬੰਧ ਬਣਾਏ ਗਏ। ਭਾਵੇਂ ਹੀ ਇਹ ਘਟਨਾ 13 ਅਪ੍ਰੈਲ ਦੀ ਹੈ, ਪਰ ਪੁਲਸ ਕੋਲ ਸੂਚਨਾ ਜਾਣ ਤੋਂ ਬਾਅਦ ਇਹ ਵੀ ਸੂਹ ਮਿਲੀ ਹੈ ਕਿ ਕੁਝ ਸਿਆਸੀ ਆਗੂ ਤੇ ਅਧਿਕਾਰੀ ਪੀੜਤ ਬੱਚੀ ਦੀ ਪੱਤ ਦਾ ਸੌਦਾ ਕਰਵਾਉਣ ਦੀਆਂ ਕੋਸ਼ਿਸ਼ਾਂ ਵੀ ਕਰਦੇ ਰਹੇ, ਪਰ ਅਸਫਲ ਰਹੇ। ਪਰ ਕੁਝ ਵੀ ਹੋਵੇ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ 'ਚ ਆਉਣ ਤੋਂ ਬਾਅਦ ਪੀੜਤਾ ਦੀ ਮਾਂ ਦੇ ਬਿਆਨਾਂ ਦੇ ਅਧਾਰ 'ਤੇ ਸੰਬੰਧਤ ਛੇ ਨੌਜਵਾਨਾਂ ਖਿਲਾਫ ਮੁਕੱਦਮਾ ਦਰਜ ਕਰ ਦਿੱਤਾ ਗਿਆ ਹੈ। ਜੇਕਰ ਗੱਲ ਭਗਵੰਤ ਮਾਨ ਦੀ ਸਿੱਖਿਆ ਕ੍ਰਾਂਤੀ ਦੀ ਕੀਤੀ ਜਾਵੇ ਤਾਂ ਜੇ ਇਸ ਸਕੂਲ ਦੇ ਗੇਟ ਵੱਲ ਧਿਆਨ ਦਿੱਤਾ ਹੁੰਦਾ ਤਾਂ ਸ਼ਾਇਦ ਪੀੜਤਾ ਦੀ ਪੱਤ ਰੁਲਣ ਤੋਂ ਬਚ ਜਾਂਦੀ। ਉਧਰ ਦੂਜੇ ਪਾਸੇ ਕਾਫੀ ਸਮਾਂ ਪਹਿਲਾਂ ਨਾਲ ਲੱਗਦੇ ਪ੍ਰਾਇਮਰੀ ਸਕੂਲ ਦੇ ਸਟਾਫ ਵੱਲੋਂ ਵੀ ਇਸ ਟੁੱਟੇ ਹੋਏ ਗੇਟ ਨੂੰ ਲੈ ਕੇ ਮੀਡੀਆ ਦੇ ਧਿਆਨ ਵਿੱਚ ਕਰਵਾਉਂਦੇ ਹੋਏ ਦੱਸਿਆ ਗਿਆ ਹੈ ਕਿ ਇਸ ਗੇਟ ਰਾਹੀਂ ਨਛੇੜੀ ਨੌਜਵਾਨ ਦਾਖਲ ਹੋ ਕੇ ਪ੍ਰਾਇਮਰੀ ਸਕੂਲ ਤੱਕ ਪਹੁੰਚ ਜਾਂਦੇ ਹਨ, ਜਿੱਥੇ ਬੈਠ ਕੇ ਉਹ ਨਸ਼ਾ ਕਰਦੇ ਹਨ ਤੇ ਉੱਥੇ ਹੀ ਸਰਿੰਜਾਂ ਬਗੈਰਾ ਸੁੱਟ ਦਿੰਦੇ ਹਨ ਅਤੇ ਪ੍ਰਾਇਮਰੀ ਸਕੂਲ ਦੇ ਬੱਚੇ ਉਨ੍ਹਾਂ ਸਰਿੰਜਾਂ ਨਾਲ ਖੇਡਦੇ ਹਨ।

# ਖੇਤੀਬਾੜੀ ਮੰਤਰੀ ਖੁੱਡੀਆਂ ਦਾ ਕਿਸਾਨਾਂ ਵੱਲੋਂ ਵਿਰੋਧ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਸਿੱਖਿਆ ਕ੍ਰਾਂਤੀ ਤਹਿਤ ਹਲਕਾ ਲੰਬੀ ਤੋਂ ਵਿਧਾਇਕ ਤੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਹਲਕੇ ਦੇ ਕਈ ਪਿੰਡਾਂ ਦੇ ਸਕੂਲਾਂ ਦੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਜਦੋਂ ਉਹ ਪਿੰਡ ਫੁੱਲੂਖੇੜਾ ਵਿਖੇ ਪਹੁੰਚੇ ਤਾਂ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਜ਼ਿਲ੍ਹਾ ਆਗੂ ਹਰਭਗਵਾਨ ਸਿੰਘ ਲੰਬੀ ਦੀ ਅਗਵਾਈ ਵਿੱਚ ਕਿਸਾਨਾਂ ਨੇ ਮੰਤਰੀ ਨੂੰ ਰੋਕ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਸਵਾਲ ਪੁੱਛੇ ਅਤੇ ਮੰਤਰੀ ਤੇ ਕਿਸਾਨਾਂ ਵਿਚਕਾਰ ਕਾਫੀ ਬਹਿਸਬਾਜ਼ੀ ਹੋਈ। ਇਸ ਮੌਕੇ ਕਿਸਾਨਾਂ ਨਾਲ ਗੱਲਬਾਤ ਕਰਦੇ ਜ਼ਿਲ੍ਹਾ ਆਗੂ ਹਰਭਗਵਾਨ ਸਿੰਘ ਲੰਬੀ ਨੇ ਕਿਹਾ ਕਿ ਪੰਜਾਬ ਵਿਚ ਹਾਈਬ੍ਰਿਡ ਝੋਨੇ ਤੇ ਲਾਈ ਪਾਬੰਦੀ ਨੂੰ ਲੈ ਕੇ ਸਵਾਲ ਕੀਤੇ ਗਏ ਤਾਂ ਉਨ੍ਹਾਂ ਕੋਈ ਸਪੱਸ਼ਟ ਜਵਾਬ ਨਹੀਂ ਸੀ, ਉਨ੍ਹਾਂ ਇਸ ਮਾਮਲੇ ਵਿੱਚ ਕੇਂਦਰ ਨੂੰ ਜ਼ਿੰਮੇਵਾਰ ਠਹਿਰਾਇਆ। ਦੂਜੇ ਪਾਸੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਤਹਿਤ ਹਲਕਾ ਲੰਬੀ ਦੇ ਸਕੂਲਾਂ ਦੇ ਵਿਕਾਸ ਕਾਰਜਾਂ ਲਈ 20 ਕਰੋੜ ਦੇ ਕਰੀਬ ਰਾਸ਼ੀ ਜਾਰੀ ਹੋਈ ਸੀ, ਜਿਸ ਵਿੱਚੋਂ ਅੱਜ ਵੱਖ-ਵੱਖ ਸਕੂਲਾਂ ਵਿੱਚ ਹੋਏ ਕਰੀਬ 2 ਕਰੋੜ ਲਾਗਤ ਨਾਲ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਿਸਾਨ ਮਿਲੇ ਸੀ, ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਿਵੇਂ ਹਾਈਬ੍ਰਿਡ ਝੋਨੇ ਦੇ ਪਾਬੰਦੀ, ਇਸ ਨੂੰ ਕੇਂਦਰ ਦੀ ਏਜੰਸੀ ਨੇ ਖਰੀਦਣਾ ਹੁੰਦਾ, ਜਿਸ ਦੀ ਕਵਾਲਟੀ ਮਾੜੀ ਨਿਕਲਦੀ ਹੈ, ਜਿਸ ਕਰਕੇ ਉਨ੍ਹਾਂ ਨੇ ਖ੍ਰੀਦਣ 'ਤੇ ਰੋਕ ਲਾਈ ਹੈ।

# ਤੇਜ਼ ਝੱਖੜ ਕਾਰਨ ਧੂਰੀ 'ਚ ਵੱਡੇ ਪੱਧਰ 'ਤੇ ਨੁਕਸਾਨ

## ਦਰੱਖ਼ਤ ਤੇ ਬਿਜਲੀ ਦੇ ਖੰਭੇ ਡਿੱਗੇ, ਦੀਵਾਰਾਂ, ਫੈਕਟਰੀਆਂ ਦੇ ਸ਼ੈੱਡ ਗਿਰੇ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਖੇਤਰ ਵਿੱਚ ਕੱਲ੍ਹ ਸ਼ਾਮ ਮੀਂਹ ਨਾਲ ਆਏ ਝੱਖੜ ਨੇ ਜਿੱਥੇ ਕਿਸਾਨਾਂ ਦੇ ਸਾਹ ਸੂਤ ਦਿੱਤੇ ਹਨ, ਉਥੇ ਹੀ ਦਰੱਖ਼ਤ ਤੇ ਬਿਜਲੀ ਦੇ ਖੰਭੇ ਟੁੱਟਣ ਕਾਰਨ ਆਵਾਜਾਈ ਠੱਪ ਰਹੀ।ਜਾਣਕਾਰੀ ਅਨੁਸਾਰ ਜਿੱਥੇ ਮੀਂਹ ਨੇ ਜ਼ੋਰਾਂ ਨਾਲ ਚੱਲ ਰਿਹਾ ਕਣਕ ਦੀ ਵਾਢੀ ਦਾ ਕੰਮ ਪ੍ਰਭਾਵਿਤ ਕਰ ਦਿੱਤਾ ਹੈ, ਉਥੇ ਹੀ ਝੱਖੜ ਨੇ ਕਈ ਥਾਵਾਂ 'ਤੇ ਫ਼ਸਲ ਵਿਛਾ ਦਿੱਤੀ ਹੈ।ਇਸ ਦੇ ਨਾਲ ਮੰਡੀਆਂ ਵਿੱਚ ਕਣਕ ਦੀ ਫ਼ਸਲ ਭਿੱਜ ਗਈ ਹੈ।ਜ਼ਿਕਰਯੋਗ ਹੈ ਕਿ ਮੌਸਮ ਆਪਣਾ ਮਿਜ਼ਾਜ਼ ਲਗਾਤਾਰ ਬਦਲ ਰਿਹਾ ਹੈ।ਖੇਤਾਂ ਵਿੱਚ ਜਿੱਥੇ ਕਣਕ ਦੀ ਵਾਢੀ ਦਾ ਕੰਮ ਪੂਰੇ ਜ਼ੋਰਾਂ 'ਤੇ ਚੱਲ ਰਿਹਾ ਹੈ, ਉਥੇ ਹੀ ਮੰਡੀਆਂ ਵਿੱਚ ਵੀ ਕਣਕ ਦੇ ਅੰਬਾਰ ਲੱਗੇ ਹੋਏ ਹਨ।ਸਾਰਾ ਦਿਨ ਚੰਗੀ ਧੁੱਪ ਰਹਿਣ ਮਗਰੋਂ ਅਚਾਨਕ ਸ਼ਾਮ ਦੇ ਸਮੇਂ ਮੌਸਮ ਬਦਲ ਗਿਆ।ਮੀਂਹ ਦੇ ਨਾਲ ਤੇਜ਼ ਝੱਖੜ ਚੱਲਣ ਲੱਗ ਪਿਆ ਤੇ ਸ਼ਾਮ ਦੇ ਸਾਢੇ ਪੰਜ ਵਜੇ ਹੀ ਹਨੇਰਾ ਛਾ ਗਿਆ।ਝੱਖੜ ਕਾਰਨ ਤਾਰਾਂ 'ਤੇ ਟੁੱਟ ਕੇ ਡਿੱਗੇ ਦਰੱਖ਼ਤਾਂ ਕਰਕੇ ਬਿਜਲੀ ਸਪਲਾਈ ਬੰਦ ਹੋ ਗਈ।ਇਸ ਤੋਂ ਇਲਾਵਾ ਇਲਾਕੇ ਦੇ ਬਹੁਤ ਫੈਕਟਰੀਆਂ ਦੇ ਸ਼ੈੱਡ ਤੇ ਚਾਰਦੀਵਾਰੀਆਂ ਗਿਰਨ ਕਾਰਨ ਵਪਾਰੀਆਂ ਤੇ ਉਦਯੋਗਪਤੀਆਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਣ ਦਾ ਸਮਾਚਾਰ ਮਿਲਿਆ ਹੈ, ਉਧਰ ਸ਼ਹਿਰ ਦੀ ਸਬਜ਼ੀ ਮੰਡੀ ਵਿੱਚ ਖੜ੍ਹੇ ਇੱਕ ਪੁਰਾਣੇ 'ਤੇ ਵੱਡੇ ਦਰੱਖਤ ਦੇ ਡਿੱਗਣ ਕਾਰਨ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ ਅਤੇ ਬਿਜਲੀ ਦੇ ਖੰਭੇ ਗਿਰਨ ਕਰਕੇ ਸ਼ਹਿਰ ਵਿੱਚ ਬੱਤੀ ਵੀ ਗੁੱਲ ਰਹੀ ਅਤੇ ਲੋਕ ਪਾਣੀ ਦੀ ਕਿੱਲਤ ਨਾਲ ਵੀ ਜੂਝਦੇ ਨਜ਼ਰ ਆਏ।

## ਝੱਖੜ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਦੇਵੇ ਸਰਕਾਰ : ਸਿੰਗਲਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਬੀਤੇ ਕੱਲ੍ਹ ਸ਼ਾਮ ਅਚਾਨਕ ਆਏ ਤੇਜ਼ ਝੱਖੜ, ਮੀਂਹ ਕਾਰਨ ਧੂਰੀ ਇਲਾਕੇ ਵਿੱਚ ਵੱਡੇ ਪੱਧਰ 'ਤੇ ਫੈਕਟਰੀਆਂ ਤੇ ਹੋਰ ਵਪਾਰਕ ਅਦਾਰਿਆਂ ਦਾ ਨੁਕਸਾਨ ਹੋਣ 'ਤੇ ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਨੇ ਮੁਆਵਜ਼ੇ ਦੀ ਮੰਗ ਕੀਤੀ ਹੈ।ਚੈਂਬਰ ਦੇ ਬਲਾਕ ਪ੍ਰਧਾਨ ਮੁਕੇਸ਼ ਸਿੰਗਲਾ ਬੰਟੀ ਤੇ ਸੀਨੀ. ਮੀਤ ਪ੍ਰਧਾਨ ਰਾਜੇਸ਼ ਸ਼ੈਟੀ ਸਿੰਗਲਾ ਨੇ ਇਸ ਝੱਖੜ ਨੂੰ ਉਦਯੋਗਪਤੀਆਂ ਤੇ ਵਪਾਰੀਆਂ ਲਈ ਨੁਕਸਾਨਦੇਹ ਦੱਸਦਿਆਂ ਕਿਹਾ ਕਿ ਇਸ ਕੁਦਰਤੀ ਆਫ਼ਤ ਕਾਰਨ ਉਦਯੋਗਪਤੀਆਂ ਦਾ ਕਰੋੜਾਂ ਰੁਪੈ ਦਾ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਕਈ ਅਦਾਰਿਆਂ ਦੇ ਸ਼ੈੱਡ ਉੱਡ ਗਏ ਤੇ ਕਈ ਅਦਾਰਿਆਂ ਦੀਆਂ ਚਾਰਦੀਵਾਰੀਆਂ ਗਿਰ ਗਈਆਂ ਅਤੇ ਕਈ ਅਦਾਰਿਆਂ ਵਿੱਚ ਸ਼ੈੱਡ ਉੱਡਣ ਕਰਕੇ ਪਾਣੀ ਦੀ ਵਜ੍ਹਾ ਕਾਰਨ ਲੱਖਾਂ ਰੁਪਏ ਦਾ ਮਾਲ ਵੀ ਖ਼ਰਾਬ ਹੋਣ ਦਾ ਸਮਾਚਾਰ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀ ਤੇ ਵਪਾਰੀ ਪਹਿਲਾਂ ਹੀ ਆਰਥਿਕ ਮੰਦਵਾੜੇ ਦੀ ਮਾਰ ਝੱਲ ਰਹੇ ਹਨ, ਉਪਰੋਂ ਕੁਦਰਤੀ ਆਫ਼ਤ ਨੇ ਉਨ੍ਹਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਅਤੇ ਅਜਿਹੀ ਸਥਿਤੀ ਵਿੱਚ ਹਰੇਕ ਪੀੜਤ ਨੂੰ ਸਰਕਾਰ ਦੀ ਸੁਵੱਲੀ ਨਜ਼ਰ ਦੀ ਲੋੜ ਹੈ।ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਇਸ ਕੁਦਰਤੀ ਆਫ਼ਤ ਕਾਰਨ ਉਦਯੋਗਪਤੀਆਂ ਤੇ ਵਪਾਰੀਆਂ ਦੇ ਹੋਏ ਨੁਕਸਾਨ ਬਦਲੇ ਫੌਰੀ ਤੌਰ 'ਤੇ ਮੁਆਵਜ਼ਾ ਦੇਣ ਦੀ ਮੰਗ ਕੀਤੀ ਹੈ।

# ਭੁੱਲਰ ਨੇ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਪੰਜਾਬ ਸਰਕਾਰ ਵੱਲੋਂ ਚਲਾਈ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਫਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਕਮਾਲਾ ਬੋਦਲਾ, ਸਰਕਾਰੀ ਪ੍ਰਾਇਮਰੀ ਸਕੂਲ ਗੁਲਾਮੀ ਵਾਲਾ ਤੇ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਹਾਮਦ ਵਿਚ ਵੱਖ-ਵੱਖ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ।ਇਸ ਮੌਕੇ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਸੂਬੇ 'ਚ ਸ਼ੁਰੂ ਕੀਤੀ ਇਸ ਮੁਹਿੰਮ ਦਾ ਉਦੇਸ਼ ਸ਼ਹਿਰੀ ਤੇ ਪੇਂਡੂ ਹਲਕੇ ਵਿੱਚ ਸਮਾਨ ਰੂਪ ਨਾਲ ਮਿਆਰੀ ਸਿੱਖਿਆ ਪ੍ਰਦਾਨ ਕਰਨਾ ਹੈ।

ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਜ਼ਰੂਰਤਮੰਦ ਤੇ ਮੱਧ ਵਰਗ ਦੇ ਬੱਚਿਆਂ ਨੂੰ ਵੀ ਆਧੁਨਿਕ ਸੁਵਿਧਾਵਾਂ ਤੇ ਗੁਣਵੱਤਾ ਵਾਲੀ ਸਿੱਖਿਆ ਪ੍ਰਾਪਤ ਹੋਵੇ, ਜੋ ਹੁਣ ਤੱਕ ਕੇਵਲ ਨਿੱਜੀ ਸਕੂਲਾਂ ਵਿੱਚ ਹੀ ਮਿਲਦੀ ਸੀ।ਉਨ੍ਹਾਂ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਹੁਣ ਕੇਵਲ ਇਕ ਮੁਹਿੰਮ ਨਹੀਂ, ਬਲਕਿ ਇਕ ਪਰਿਵਰਤਨ ਦੀ ਲਹਿਰ ਬਣ ਚੁੱਕੀ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਹੀ ਕਿਸੇ ਰਾਸ਼ਟਰ ਦੀ ਅਸਲੀ ਤਾਕਤ ਹੁੰਦੀ ਹੈ ਤੇ ਸਰਕਾਰ ਦਾ ਇਹ ਕਰਤੱਵ ਹੈ ਕਿ ਉਹ ਹਰ ਬੱਚੇ ਨੂੰ ਸਮਾਨ ਮੌਕੇ ਪ੍ਰਦਾਨ ਕਰੇ।ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਸਮਾਰਟ ਕਲਾਸ ਸੁਵਿਧਾਵਾਂ ਤੇ ਆਧੁਨਿਕ ਵਿੱਦਿਅਕ ਤਕਨੀਕਾਂ ਨਾਲ ਲੈਸ ਹਨ, ਜਿਸ ਨਾਲ ਬੱਚਿਆਂ ਦਾ ਸਿੱਖਿਆ ਪੱਧਰ ਵਿੱਚ ਮਹੱਤਵਪੂਰਨ ਸੁਧਾਰ ਹੋਵੇਗਾ।ਉਨ੍ਹਾਂ ਕਿਹਾ ਕਿ ਇਹ ਉਪਰਾਲਾ ਨਾ ਸਿਰਫ ਸਿੱਖਿਆ ਵਿਵਸਥਾ ਨੂੰ ਮਜ਼ਬੂਤੀ ਦੇਵੇਗਾ ਬਲਕਿ ਵਿਦਿਆਰਥੀਆਂ ਨੂੰ ਆਤਮ-ਵਿਸ਼ਵਾਸ ਤੇ ਆਤਮ-ਨਿਰਭਰ ਨਾਗਰਿਕ ਬਣਾਉਣ ਵਿੱਚ ਵੀ ਸਹਾਇਕ ਹੋਵੇਗਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ 'ਚ 118 ਸਕੂਲ ਆਫ਼ ਐਮੀਨੈਂਸ ਸਥਾਪਤ ਕੀਤੇ ਗਏ ਹਨ।ਅਧਿਆਪਕਾਂ ਨੂੰ ਟ੍ਰੇਨਿੰਗ ਲਈ ਵਿਦੇਸ਼ਾਂ ਵਿੱਚ ਭੇਜਿਆ ਜਾ ਰਿਹਾ ਹੈ ਤਾਂ ਜੋ ਬੱਚਿਆਂ ਨੂੰ ਅੱਜ ਦੇ ਸਮੇਂ ਦੇ ਹਿਸਾਬ ਨਾਲ ਬਿਹਤਰੀਨ ਸਿੱਖਿਆ ਦਿੱਤੀ ਜਾ ਸਕੇ। ਉਨ੍ਹਾਂ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਤਾਂ ਜੋ ਉਹ ਗੁਣਵੱਤਾਪੂਰਨ ਸਿੱਖਿਆ ਦੇ ਨਾਲ-ਨਾਲ ਸਰਕਾਰੀ ਸੁਵਿਧਾਵਾਂ ਦਾ ਲਾਭ ਵੀ ਪ੍ਰਾਪਤ ਕਰ ਸਕਣ।ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਫ਼ਿਰੋਜ਼ਪੁਰ ਕੋਮਲ ਅਰੋੜਾ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਫ਼ਿਰੋਜ਼ਪੁਰ-2 ਰਾਜਨ ਨਰੂਲਾ, ਹਲਕਾ ਸਿੱਖਿਆ ਕੋਆਰਡੀਨੇਟਰ ਰਾਜ ਬਹਾਦਰ ਸਿੰਘ, ਸੀਐੱਚਟੀ ਕਵਲਬੀਰ ਸਿੰਘ, ਸੁਰਿੰਦਰ ਸਿੰਘ ਗਿੱਲ, ਬ੍ਰਹਮ ਸਿੰਘ ਸਰਪੰਚ, ਜਗਤਾਰ ਸਿੰਘ, ਸੁਖਦੇਵ ਸਿੰਘ ਸਰਪੰਚ, ਪਿੱਪਲ ਸਿੰਘ ਸਰਪੰਚ, ਨਿਸ਼ਾਨ ਸਿੰਘ ਸਰਪੰਚ, ਡਾ. ਗੁਰਪ੍ਰੀਤ ਸਿੰਘ ਸਰਪੰਚ, ਸੁਰਜੀਤ ਸਿੰਘ ਸਰਪੰਚ, ਦਲਬੀਰ ਸਿੰਘ ਸਰਪੰਚ, ਲਖਵਿੰਦਰ ਸਿੰਘ ਸਰਪੰਚ, ਦਵਿੰਦਰ ਸਿੰਘ ਟੋਨਾ, ਸਤਨਾਮ ਸਿੰਘ ਚੀਮਾ, ਸੰਦੀਪ ਧਵਨ, ਜਸਵਿੰਦਰ ਸਿੰਘ, ਸੁਰਿੰਦਰ ਸਿੰਘ ਗੋਰਾ ਤੋਂ ਇਲਾਵਾ ਹੋਰ ਪਤਵੰਤੇ ਮੌਜੂਦ ਸਨ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਭਲਕੇ ਕੀਤਾ ਜਾਵੇਗਾ ਪ੍ਰਦਰਸ਼ਨ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਇਕਾਈ ਸ੍ਰੀ ਮੁਕਤਸਰ ਸਾਹਿਬ ਵੱਲੋਂ ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਪਾਰਕ ਵਿਖੇ ਜੋਗਿੰਦਰ ਸਿੰਘ ਮੱਲਣ ਦੀ ਪ੍ਰਧਾਨਗੀ ਹੇਠ ਮੀਟਿੰਗ ਕਰਕੇ ਸੂਬਾ ਕਮੇਟੀ ਦੀਆਂ ਹਦਾਇਤਾਂ ਅਨੁਸਾਰ 21 ਅਪ੍ਰੈਲ ਨੂੰ ਡਿਪਟੀ ਕਮਿਸ਼ਨਰ ਦਫ਼ਤਰ ਸਾਹਮਣੇ ਅਰਥੀ ਫੂਕ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਮੀਟਿੰਗ ਵਿੱਚ ਹਾਜ਼ਰ ਆਗੂਆਂ ਪਵਨ ਕੁਮਾਰ, ਪਰਮਜੀਤ ਸਿੰਘ, ਅੰਗਰੇਜ਼ ਸਿੰਘ, ਪਰਗਟ ਜੰਬਰ, ਬਸੰਤ ਸਿੰਘ ਨੇ ਪੰਜਾਬ ਸਰਕਾਰ ਦੇ ਗੱਲਬਾਤ ਤੋਂ ਭੱਜਣ ਦੇ ਲਗਾਏ ਦੋਸ਼ ਲਾਉਂਦਿਆਂ ਕਿਹਾ ਕਿ ਇਸ ਸਰਕਾਰ ਨੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਠੰਢੇ ਬਸਤੇ ਵਿੱਚ ਪਾਇਆ ਹੋਇਆ ਹੈ ਅਤੇ ਪੰਜਾਬ ਸਰਕਾਰ ਪੰਜਾਬ ਦੇ 7 ਲੱਖ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਮੰਗਾਂ ਪ੍ਰਤੀ ਕੀਤੇ ਵਾਅਦਿਆਂ ਤੋਂ ਪੂਰੀ ਤਰ੍ਹਾਂ ਮੁੱਕਰ ਗਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਦੌਰਾਨ ਸਾਂਝੇ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਕਿਸੇ ਵੀ ਮੰਗ ਨੂੰ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਆਖਿਆ ਕਿ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ ਬਣੀ ਕੈਬਨਿਟ ਸਬ ਕਮੇਟੀ ਵੱਲੋਂ ਸਾਂਝੇ ਫਰੰਟ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕਰਨਾ ਸਾਬਿਤ ਕਰਦਾ ਹੈ ਕਿ ਪੰਜਾਬ ਸਰਕਾਰ ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੇ ਸਾਹਮਣੇ ਹਰ ਕਦਮ 'ਤੇ ਧੋਖਾ ਕਰ ਰਹੀ ਹੈ। ਮੀਟਿੰਗ ਵਿੱਚ ਹਾਜ਼ਰ ਆਗੂਆਂ ਬੂਟਾ ਸਿੰਘ, ਇੰਦਰਜੀਤ ਸਿੰਘ, ਗੁਰਜੰਟ ਸਿੰਘ ਅਤੇ ਜਸਵਿੰਦਰ ਸਿੰਘ ਨੇ ਆਖਿਆ ਕਿ ਸਮੂਹ ਵਿਭਾਗਾਂ ਦੇ ਹਰ ਤਰ੍ਹਾਂ ਦੇ ਕੱਚੇ, ਠੇਕਾ, ਤੇ ਆਊਟਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਪੱਕਾ ਕਰਵਾਉਣ, ਮਾਣਭੱਤਾ ਵਰਕਰਾਂ ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਵਾਉਣ, ਪੈਨਸ਼ਨਰਾਂ ਦੀ ਪੈਨਸ਼ਨ ਸੁਧਾਈ ਤੇ 2.59 ਦਾ ਗੁਣਾਂਕ ਲਾਗੂ ਕਰਵਾਉਣ, 1972 ਦੇ ਪੈਨਸ਼ਨ ਨਿਯਮਾਂ ਮੁਤਾਬਕ 01-01-2004 ਤੋਂ ਪੁਰਾਣੀ ਪੈਨਸ਼ਨ ਸਕੀਮ ਹੂਬਹੂ ਲਾਗੂ ਕਰਵਾਉਣ, ਪਰਖ ਸਮੇਂ ਦੌਰਾਨ ਮੁੱਢਲੀ ਤਨਖਾਹ ਦੇਣ ਦੇ ਨੋਟੀਫਿਕੇਸ਼ਨ 15-1-2015 ਅਤੇ 07-09-2016 ਨੂੰ ਰੱਦ ਕਰਵਾਉਣ, 17-7-2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਤੇ ਕੇਂਦਰ ਦੀ ਬਜਾਏ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਵਾਉਣ, ਪੇਂਡੂ ਅਤੇ ਬਾਰਡਰ ਭੱਤੇ ਸਮੇਤ ਕੱਟੇ ਗਏ 37 ਭੱਤੇ ਅਤੇ ਏ. ਸੀ. ਪੀ. ਬਹਾਲ ਕਰਵਾਉਣ, 01-01-2016 ਤੋਂ 30-06-2021 ਤੱਕ ਸਕੇਲਾਂ ਦੀ ਰਵੀਜ਼ਨ ਦੇ ਬਕਾਏ ਯੱਕ-ਮੁਸ਼ਤ ਅਦਾ ਕਰਵਾਉਣ, 200 ਰੁਪਏ ਵਿਕਾਸ ਟੈਕਸ ਬੰਦ ਕਰਵਾਉਣ ਤੱਕ ਸੰਘਰਸ਼ ਜਾਰੀ ਰੱਖਿਆ ਜਾਵੇਗਾ।

ਸੰਘਰਸ਼ ਦੀ ਇਸੇ ਲੜੀ ਤਹਿਤ 21 ਅਪ੍ਰੈਲ ਨੂੰ ਡਾ ਭੀਮ ਰਾਓ ਅੰਬੇਡਕਰ ਪਾਰਕ ਵਿੱਚ ਇਕੱਠੇ ਹੋਣ ਉਪਰੰਤ ਡਿਪਟੀ ਕਮਿਸ਼ਨਰ ਦਫ਼ਤਰ ਦੇ ਸਾਹਮਣੇ ਮੁੱਖ ਮੰਤਰੀ ਪੰਜਾਬ ਦੀ ਅਰਥੀ ਫੂਕੀ ਜਾਵੇਗੀ।

# ਪੰਜਾਬ ਪੈਨਸ਼ਨਰਜ਼ ਯੂਨੀਅਨ ਏਟਕ ਦੀ ਸੂਬਾ ਪੱਧਰੀ ਮੀਟਿੰਗ 23 ਨੂੰ

## ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਉਣ ਤੇ 20 ਮਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਸਬੰਧੀ ਕੀਤੇ ਜਾਣਗੇ ਫੈਸਲੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰਜ਼ ਯੂਨੀਅਨ (ਸਬੰਧਤ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ) ਦੇ ਸੂਬਾਈ ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਸੀਨੀਅਰ ਮੀਤ ਪ੍ਰਧਾਨ ਜਗਤਾਰ ਸਿੰਘ ਭੁੰਗਰਨੀ ਤੇ ਗੁਰਜੀਤ ਸਿੰਘ ਘੋੜੇਵਾਹ, ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਅਡੀਸ਼ਨਲ ਜਨਰਲ ਸਕੱਤਰ ਸਤਿਆ ਪਾਲ ਗੁਪਤਾ, ਮੁੱਖ ਜਥੇਬੰਦਕ ਸਕੱਤਰ ਅਵਤਾਰ ਸਿੰਘ ਤਾਰੀ, ਵਿੱਤ ਸਕੱਤਰ ਪ੍ਰਿਤਪਾਲ ਸਿੰਘ ਪੰਡੋਰੀ, ਪ੍ਰੈੱਸ ਸਕੱਤਰ ਕੁਲਵੰਤ ਸਿੰਘ ਚਾਨੀ ਤੇ ਭੁਪਿੰਦਰ ਸਿੰਘ ਸੇਖੋਂ ਨੇ ਦੱਸਿਆ ਹੈ ਕਿ ਸੂਬਾ ਕਮੇਟੀ ਦੀ ਮਹੀਨਾਵਾਰ ਮੀਟਿੰਗ 23 ਅਪ੍ਰੈਲ ਨੂੰ ਸਵੇਰੇ ਠੀਕ 10-30 ਵਜੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਨੇੜੇ ਬੱਸ ਸਟੈਂਡ ਮੋਗਾ ਵਿਖੇ ਰੱਖੀ ਗਈ ਹੈ।ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਕੈਬਨਿਟ ਸਬ ਕਮੇਟੀ ਵੱਲੋਂ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੀ ਲੀਡਰਸ਼ਿਪ ਨੂੰ ਵਾਰ-ਵਾਰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਮੁਲਤਵੀ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੇ ਲੱਖਾਂ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਕੇਂਦਰ ਤੇ ਬਹੁਤ ਸਾਰੇ ਰਾਜਾਂ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲੋਂ 13 ਫੀਸਦੀ ਡੀ ਏ ਘੱਟ ਲੈ ਰਹੇ ਹਨ ਤੇ ਦੂਸਰੇ ਪਾਸੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਬਹੁਤ ਸਾਰੇ ਮੰਤਰੀ ਤੇ ਆਮ ਆਦਮੀ ਪਾਰਟੀ ਦੇ ਨੇਤਾ ਪੰਜਾਬ ਨੂੰ ਵਿਕਾਸ ਦੇ ਰਾਹ 'ਤੇ ਲੈ ਕੇ ਜਾਣ ਦੇ ਅਖੌਤੀ ਦਾਅਵਾ ਕਰ ਰਹੇ ਹਨ।

ਆਗੂਆਂ ਨੇ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਅਨੁਸਾਰ ਸਾਢੇ ਪੰਜ ਸਾਲਾਂ ਦਾ ਬਣਦਾ ਬਕਾਇਆ ਪੈਨਸ਼ਨਰਾਂ ਨੂੰ ਵੱਖ ਵੱਖ ਉਮਰ ਗਰੁੱਪਾਂ ਵਿੱਚ ਵੰਡ ਕੇ ਲੀਰੋ ਲੀਰ ਕਰ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀ ਸਿਫਾਰਸ਼ ਦੇ ਬਾਵਜੂਦ ਪੈਨਸ਼ਨਾਂ ਲਈ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਨਹੀਂ ਕੀਤੀ ਜਾ ਰਹੀ, ਕਿਸੇ ਵੀ ਕੱਚੇ ਮੁਲਾਜ਼ਮ ਨੂੰ ਰੈਗੂਲਰ ਨਹੀਂ ਕੀਤਾ ਜਾ ਰਿਹਾ ਤੇ ਸਕੀਮ ਵਰਕਰਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਮੀਟਿੰਗ ਦੌਰਾਨ ਪਿਛਲੇ ਐਕਸ਼ਨਾਂ ਦਾ ਲੇਖਾ ਜੋਖਾ ਕੀਤਾ ਜਾਵੇਗਾ, 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਹਾੜਾ ਮਨਾਉਣ ਸਬੰਧੀ ਤੇ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਦੇਸ਼ ਭਰ ਦੀਆਂ ਜਥੇਬੰਦੀਆਂ ਵੱਲੋਂ 20 ਮਈ ਨੂੰ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਸਬੰਧੀ ਫੈਸਲੇ ਲਏ ਜਾਣਗੇ।ਉਨ੍ਹਾਂ ਦੱਸਿਆ ਕਿ ਇਸ ਮੀਟਿੰਗ ਵਿੱਚ ਸੂਬਾ ਕਾਰਜਕਾਰਨੀ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਸਮੂਹ ਜ਼ਿਲ੍ਹਾ ਬਾਡੀਆਂ/ਬ੍ਰਾਂਚਾਂ ਦੇ ਪ੍ਰਧਾਨ ਤੇ ਜਨਰਲ ਸਕੱਤਰ ਵੀ ਸ਼ਾਮਲ ਹੋਣਗੇ।

# ਸਰਕਾਰ ਦਾ ਐੱਸ ਸੀ ਦੇ ਹੱਕ 'ਚ ਲਿਆ ਫੈਸਲਾ ਮੀਲ ਪੱਥਰ ਸਾਬਿਤ ਹੋਵੇਗਾ : ਰਹਿਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**
ਹਲਕਾ ਮਾਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਪੱਤਰਕਾਰਾਂ ਦੇ ਮੁਖਾਤਿਬ ਹੁੰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੀ ਵਿਚਾਰਧਾਰਾ 'ਤੇ ਪਹਿਰਾ ਦੇ ਰਹੀ ਹੈ।ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੀ ਰਾਜ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੇ ਹਿੱਤਾਂ ਦੀ ਰੱਖਿਆ ਕਰਨ ਲਈ ਆਪਣੀ ਵਚਨਬੱਧਤਾ ਪੂਰੀ ਤਰ੍ਹਾਂ ਨਿਭਾਈ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਸੀਂ ਵਾਅਦੇ ਹੀ ਨਹੀਂ ਕਰ ਰਹੇ, ਸਗੋਂ ਲਾਮਿਸਾਲ ਤਬਦੀਲੀਆਂ ਰਾਹੀਂ ਇਨ੍ਹਾਂ ਨੂੰ ਪੂਰਿਆਂ ਵੀ ਕੀਤਾ ਜਾ ਰਿਹਾ ਹੈ।ਮਹੱਤਵਪੂਰਨ ਫ਼ੈਸਲਿਆਂ 'ਤੇ ਚਾਨਣਾ ਪਾਉਂਦਿਆਂ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਦੇ ਐਡਵੋਕੇਟ ਜਨਰਲ ਦਫਤਰ ਵਿਖੇ ਪਹਿਲੀ ਵਾਰ ਰਾਖਵਾਂਕਰਨ ਲਾਗੂ ਕਰਕੇ ਇਤਿਹਾਸਿਕ ਕਦਮ ਚੁੱਕਿਆ ਗਿਆ ਹੈ ਜੋ ਕਿ ਭਵਿੱਖ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗਾ।ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦੀ ਮਿਲੇ 75 ਸਾਲ ਹੋ ਗਏ ਹਨ, ਪਰ ਦੇਸ਼ ਭਰ ਦੀਆਂ ਸਾਰੀਆਂ ਹਾਈ ਕੋਰਟਾਂ ਵਿੱਚ, ਕਿਸੇ ਵੀ ਰਾਜ ਵਿੱਚ ਵਕੀਲਾਂ ਜਾਂ ਸਰਕਾਰੀ ਵਕੀਲਾਂ ਦੀ ਭਰਤੀ ਲਈ ਐੱਸ ਸੀ, ਐੱਸ ਟੀ ਲਈ ਕੋਈ ਰਾਖਵਾਂਕਰਨ ਨਹੀਂ ਸੀ, ਪਰ ਹੁਣ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਜੋ ਸਰਕਾਰੀ ਵਕੀਲਾਂ ਦੀਆਂ ਅਸਾਮੀਆਂ ਹਨ, ਖਾਸ ਕਰਕੇ ਹਾਈ ਕੋਰਟ ਵਿੱਚ, ਅਨੁਸੂਚਿਤ ਜਾਤੀਆਂ ਤੇ ਜਨ ਜਾਤੀਆਂ ਦੇ ਵਕੀਲਾਂ ਨੂੰ ਰਾਖਵੇਂ ਕਰਨ ਦਾ ਲਾਭ ਦਿੱਤਾ ਹੈ।ਵਿਧਾਇਕ ਨੇ ਕਿਹਾ ਕਿ ਪੰਜਾਬ ਵਿੱਚ ਸਰਕਾਰ ਦੋ ਚੀਜ਼ਾਂ 'ਤੇ ਕੰਮ ਕਰ ਰਹੀ ਹੈ, ਇੱਕ ਪੰਜਾਬ ਵਿੱਚ ਭ੍ਰਿਸ਼ਟਾਚਾਰ ਦਾ ਖਾਤਮਾ ਤੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਅਪਣਾਇਆ ਜਾਵੇ।ਉਨ੍ਹਾਂ ਕਿਹਾ ਕਿ ਦਲਿਤਾਂ ਦੇ ਪੜ੍ਹੇ-ਲਿਖੇ ਬੱਚਿਆਂ ਨੂੰ ਚੰਗੀਆਂ ਪੋਸਟਾਂ ਦੇਣ ਦੀ ਬਜਾਏ ਤੀਜੇ ਤੇ ਚੌਥੇ ਦਰਜੇ ਵਿੱਚ ਰਾਖਵਾਂਕਰਨ ਦਿੰਦੇ ਰਹੇ, ਪਰ ਉਨ੍ਹਾਂ ਨੇ ਕਦੇ ਵੀ ਦੇਸ਼ ਦੀ ਨਿਆਂ ਪ੍ਰਣਾਲੀ ਵਿੱਚ ਰਾਖਵਾਂਕਰਨ ਦੇਣ ਦੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪੰਜਾਬ ਦੇ ਦਲਿਤਾਂ ਤੇ ਪੰਜਾਬ ਦੇ ਅਨੁਸੂਚਿਤ ਜਨਜਾਤੀਆਂ ਦੇ ਹੱਕ ਵਿੱਚ ਲਿਆ ਗਿਆ ਇੱਕ ਇਤਿਹਾਸਕ ਵੱਡਾ ਫੈਸਲਾ ਹੈ।ਉਨ੍ਹਾਂ ਕਿਹਾ ਕਿ ਐੱਸ ਸੀ ਵਰਗ ਦੇ ਲੋਕ ਹੁਣ ਰਵਾਇਤੀ ਪਾਰਟੀਆਂ ਦੀਆਂ ਲੂੰਬੜ ਚਾਲਾਂ 'ਚ ਨਹੀਂ ਫਸਣਗੇ।ਇਸ ਮੌਕੇ ਉਨ੍ਹਾਂ ਨਾਲ ਮਾਰਕਿਟ ਕਮੇਟੀ ਮਾਲੇਰਕੋਟਲਾ ਦੇ ਚੇਅਰਮੈਨ ਜਾਫਰ ਅਲੀ, ਬਲਾਕ ਪ੍ਰਧਾਨ ਅਬਦੁਲ ਹਲੀਮ ਐੱਮ ਡੀ ਮਿਲਕੋਵੈੱਲ, ਸਰਪੰਚ ਗੁਰਮੁੱਖ ਸਿੰਘ ਖਾਨਪੁਰ (ਪੀ ਏ ਟੂ ਵਿਧਾਇਕ ਮਾਲੇਰਕੋਟਲਾ), ਯਾਸਰ ਅਰਫਾਤ, ਸਾਜਨ ਅਨਸਾਰੀ ਆਦਿ ਮੌਜੂਦ ਸਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਤਰਨ ਤਾਰਨ ਇਕਾਈ ਦੇ ਜਨਰਲ ਹਾਊਸ ਦੀ ਮੀਟਿੰਗ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਤਰਨ ਤਾਰਨ ਇਕਾਈ ਦੇ ਜਨਰਲ ਹਾਊਸ ਦੀ ਮੀਟਿੰਗ ਸ੍ਰੀ ਗੁਰੂ ਅਰਜਨ ਦੇਵ ਜੀ ਸਰਾਂ ਵਿਖੇ ਦਿਲਬਾਗ ਸਿੰਘ ਜੋਧਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਇੱਕ ਮਤਾ ਪਾਸ ਕਰਕੇ ਡਾ. ਐਸ. ਪੀ. ਸਿੰਘ ਉਬਰਾਏ ਮੈਨੇਜਿੰਗ ਟਰਸਟੀ ਪਾਸੋਂ ਮੰਗ ਕੀਤੀ ਗਈ ਕਿ ਤਰਨ ਤਾਰਨ ਵਾਸਤੇ ਲੋੜਵੰਦ ਮਰੀਜ਼ਾਂ ਦੀ ਸਹੂਲਤ ਵਾਸਤੇ ਇਕ ਆਧੁਨਿਕ ਸਹੂਲਤਾਂ ਵਾਲੀ ਐਂਬੂਲੈਂਸ ਗੱਡੀ ਦਿੱਤੀ ਜਾਵੇ ਜਿਸ ਵਿੱਚ ਵੈਂਟੀਲੇਟਰ ਸਟਰੈਚਰ ਅਤੇ ਆਕਸੀਜਨ ਗੈਸ ਦਾ ਪ੍ਰਬੰਧ ਹੋਵੇ। ਪਿੰਡ ਮੀਰਪੁਰ ਤੇ ਆਲੇ ਦੁਆਲੇ ਦੇ ਇੱਕ ਦਰਜਨ ਦੇ ਪਿੰਡਾਂ ਦੇ ਪਤਵੰਤਿਆਂ ਤੇ ਪੰਚਾਇਤਾਂ ਨੇ ਲਿਖਤੀ ਮੰਗ ਕੀਤੀ ਹੈ ਕਿ ਇਨ੍ਹਾਂ ਪਿੰਡਾਂ ਦੀ ਸਹੂਲਤ ਵਾਸਤੇ ਮ੍ਰਿਤਕ ਪ੍ਰਾਣੀਆਂ ਦੇ ਸਰੀਰਾਂ ਦੀ ਸਾਂਭ ਸੰਭਾਲ ਵਾਸਤੇ ਇੱਕ ਮੋਰਚਰੀ ਮਸ਼ੀਨ ਦਾ ਪ੍ਰਬੰਧ ਕੀਤਾ ਜਾਵੇ। ਮੀਟਿੰਗ ਦੌਰਾਨ ਪਾਸ ਕੀਤੇ ਇੱਕ ਮਤੇ ਰਾਹੀਂ ਡਾਕਟਰ ਐੱਸਪੀ ਸਿੰਘ ਉਬਰਾਏ ਨੂੰ ਇਨ੍ਹਾਂ ਪਿੰਡਾਂ ਦੀ ਮੰਗ ਨੂੰ ਪੂਰਿਆ ਕਰਨ ਦੀ ਬੇਨਤੀ ਕੀਤੀ ਗਈ ।ਇਹ ਵੀ ਮੰਗ ਕੀਤੀ ਗਈ ਕਿ ਤਰਨ ਤਰਨ ਸ਼ਹਿਰ ਵਾਸਤੇ ਵੀ ਦੋ ਮੋਰਚਰੀ ਮਸ਼ੀਨਾਂ ਦਿੱਤੀਆਂ ਜਾਣ ਕਿਉਂਕਿ ਪਹਿਲਾਂ ਜੋ ਦੋ ਮਸ਼ੀਨਾਂ ਸ਼ਮਸ਼ਾਨਘਾਟ ਪਿੰਡ ਫਤਿਹ ਚੱਕ ਵਿਖੇ ਮੌਜੂਦ ਹਨ ਉਹ ਪਿੰਡ ਫਤਿਹ ਚੱਕ ਕੱਕਾ ਕੰਡਿਆਲਾ ਵੱਡਾ ਤੇ ਛੋਟਾ ਕਾਜ਼ੀਕੋਟ ਆਦਿ ਪਿੰਡਾਂ ਵੱਲੋਂ ਵਰਤੀਆਂ ਜਾ ਰਹੀਆਂ ਹਨ। ਮੀਟਿੰਗ ਦੌਰਾਨ ਭਵਿੱਖ ਵਿੱਚ ਲਗਾਏ ਜਾਣ ਵਾਲੇ ਅੱਖਾਂ ਦੇ ਚੈੱਕਅਪ ਕੈਂਪ ਜਾਂ ਜਨਰਲ ਮੈਡੀਕਲ ਕੈਂਪ ਲਗਾਉਣ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਦਿਲਬਾਗ ਸਿੰਘ ਜੋਧਾ, ਪ੍ਰਧਾਨ ਸੁਖਵੰਤ ਸਿੰਘ ਧਾਮੀ, ਪੈਟਰਨ ਕੁਲਰਾਜਬੀਰ ਸਿੰਘ ਕੰਗ, ਜਨਰਲ ਸਕੱਤਰ ਮਾਸਟਰ ਗੁਲਬਾਗ ਸਿੰਘ, ਵਿੱਤ ਸਕੱਤਰ ਕੁਲਵਿੰਦਰ ਸਿੰਘ ਪਿੰਕਾ, ਪ੍ਰਬੰਧ ਸਕੱਤਰ ਮਨਿੰਦਰ ਸਿੰਘ ਰਾਜੂ, ਸਲਾਹਕਾਰ ਬਲਰਾਜ ਸਿੰਘ ਚਾਵਲਾ, ਮੀਤ ਪ੍ਰਧਾਨ ਅਰੂੜ ਸਿੰਘ, ਬਿਕਰਮਜੀਤ ਸਿੰਘ ਕੰਗ, ਕੇਵਲ ਸਿੰਘ, ਥਾਣੇਦਾਰ ਸ਼ਰਨਪਾਲ ਸਿੰਘ ਹਾਜ਼ਰ ਸਨ ।

# ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਦਾ ਕਾਰਜ ਸ਼ੁਰੂ : ਸੌਂਦ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਗਲੇ ਕੁਝ ਹਫ਼ਤਿਆਂ ਵਿੱਚ ਸੂਬੇ ਦੇ ਸਾਰੇ ਪਿੰਡਾਂ ਦੇ ਕਰੀਬ 15000 ਛੱਪੜਾਂ ਦੀ ਸਫ਼ਾਈ ਕਰਨ ਲਈ ਤਿਆਰ ਹੈ।ਇਸ ਸਬੰਧੀ ਕਾਰਜ ਪੰਜਾਬ ਦੇ ਕਈ ਪਿੰਡਾਂ ਵਿੱਚ ਸ਼ੁਰੂ ਵੀ ਹੋ ਚੁੱਕੇ ਹਨ।ਇਹ ਜਾਣਕਾਰੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸਰਹਿੰਦ ਬਲਾਕ ਦੇ ਪਿੰਡ ਚਨਾਰਥਲ ਕਲਾਂ, ਖਰੇ ਤੇ ਡੇਰਾ ਮੀਰ ਮੀਰਾਂ, ਬਸੀ ਪਠਾਣਾਂ ਬਲਾਕ ਦੇ ਪਿੰਡ ਰੈਲੀ ਅਤੇ ਖੇੜਾ ਬਲਾਕ ਦੇ ਪਿੰਡ ਈਸਰਹੇਲ ਤੇ ਢੋਲੋਂ ਕਲਾਂ ਵਿਖੇ ਛੱਪੜਾਂ ਦੀ ਸਫ਼ਾਈ ਦੇ ਪ੍ਰੋਜੈਕਟ ਦਾ ਨਿਰੀਖਣ ਕਰਨ ਮੌਕੇ ਸਾਂਝੀ ਕੀਤੀ।ਸੌਂਦ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿੰਡਾਂ ਦੇ ਛੱਪੜਾਂ ਦੀ ਸਾਫ਼ ਸਫ਼ਾਈ ਦਾ ਕੰਮ ਸ਼ੁਰੂ ਕੀਤਾ ਹੈ, ਜਿਨ੍ਹਾਂ ਨੂੰ ਪਿਛਲੀਆਂ ਸਰਕਾਰਾਂ ਨੇ ਅਣਗੌਲਿਆ ਕੀਤਾ ਸੀ ਅਤੇ ਪਿਛਲੇ 15-25 ਸਾਲਾਂ ਤੋਂ ਇਨ੍ਹਾਂ ਦੀ ਨਾ ਤਾਂ ਕੋਈ ਸਾਰ ਲਈ ਗਈ ਸੀ ਅਤੇ ਨਾ ਹੀ ਕੋਈ ਸਾਂਭ-ਸੰਭਾਲ ਕੀਤੀ ਗਈ ਸੀ।ਬਹੁਤੇ ਪਿੰਡਾਂ ਦੀ ਦਰਜਾਬੰਦੀ ਤੋਂ ਸਫ਼ਾਈ ਨਹੀਂ ਕੀਤੀ ਗਈ ਸੀ।ਜਿਸ ਛੱਪੜ ਓਵਰਫਲੋਅ ਹੋ ਜਾਂਦੇ ਹਨ ਤੇ ਪਿੰਡਾਂ ਵਿੱਚ ਗੰਦੇ ਪਾਣੀ ਦੀ ਬਦਬੂ ਆਉਂਦੀ ਹੈ ਅਤੇ ਮੱਛਰਾਂ ਦੀ ਭਰਮਾਰ ਹੋ ਜਾਂਦੀ ਹੈ ਪਰ ਹੁਣ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਨ੍ਹਾਂ ਦੇ ਹਾਲਾਤ ਨੂੰ ਬਦਲਣ ਜਾ ਰਹੀ ਹੈ।ਸੌਂਦ ਨੇ ਕਿਹਾ ਕਿ ਸੂਬੇ ਦੇ ਬਹੁਤੇ ਪਿੰਡਾਂ ਵਿੱਚ ਛੱਪੜਾਂ ਦੀ ਸਫ਼ਾਈ ਕਰਨ ਅਤੇ ਗੰਦਾ ਪਾਣੀ ਕੱਢਣ ਦਾ ਕੰਮ ਸ਼ੁਰੂ ਹੋ ਗਿਆ ਹੈ।ਜਲਦੀ ਹੀ ਸਾਰੇ ਪਿੰਡਾਂ ਨੂੰ ਕਵਰ ਕੀਤਾ ਜਾਵੇਗਾ।1062 ਛੱਪੜਾਂ ਵਿੱਚੋਂ ਪਹਿਲਾਂ ਹੀ ਗੰਦੇ ਪਾਣੀ ਦਾ ਨਿਕਾਸ ਕੀਤਾ ਜਾ ਚੁੱਕਾ ਹੈ ਅਤੇ ਕਰੀਬ 400 ਛੱਪੜਾਂ ਵਿੱਚੋਂ ਗਾਰ ਕੱਢੀ ਜਾ ਚੁੱਕੀ ਹੈ। ਲੋੜ ਮੁਤਾਬਕ ਛੱਪੜਾਂ ਦੀ ਡੀਸਿਲਟਿੰਗ ਤੇ ਰੀਸਿਲਟਿੰਗ, ਵੱਖੋਂ ਕੰਮ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਚਾਲੂ ਵਿੱਤੀ ਵਰ੍ਹੇ ਵਿੱਚ ਪੰਜਾਬ ਸਰਕਾਰ ਨੇ 4573 ਕਰੋੜ ਰੁਪਏ ਦੇ ਪੈਕੇਜ (ਬਜਟ) ਨੂੰ ਪਿੰਡਾਂ ਦੇ ਵਿਕਾਸ ਲਈ ਮਨਜ਼ੂਰੀ ਦਿੱਤੀ ਹੈ।ਥਾਪਰ/ਸੀਚੇਵਾਲ ਮਾਡਲ ਰਾਹੀਂ ਪਿੰਡਾਂ ਵਿੱਚ ਸੀਵਰੇਜ ਟ੍ਰੀਟਮੈਂਟ ਸਹੂਲਤਾਂ ਯਕੀਨੀ ਬਣਾਈਆਂ ਜਾ ਰਹੀਆਂ ਹਨ।ਉਨ੍ਹਾਂ ਦੱਸਿਆ ਕਿ ਸੀਨੀਅਰ ਅਧਿਕਾਰੀਆਂ ਨੂੰ ਫੀਲਡ ਵਿੱਚ ਰਹਿ ਕੇ ਛੱਪੜਾਂ ਦੀ ਸਫ਼ਾਈ ਦਾ ਜਾਇਜ਼ਾ ਤਰਜੀਹੀ ਤੌਰ ਉੱਤੇ ਲੈਣ ਦੇ ਨਿਰਦੇਸ਼ ਵੀ ਦਿੱਤੇ ਗਏ ਹਨ। ਪਿੰਡਾਂ ਦਾ ਵਿਕਾਸ ਸਰਕਾਰ ਦਾ ਤਰਜੀਹੀ ਖੇਤਰ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਛੱਪੜਾਂ ਦੇ ਪਾਣੀ ਦੇ ਸੈਂਪਲ ਲਏ ਜਾ ਰਹੇ ਹਨ।ਜੇਕਰ ਪਾਣੀ ਦੇ ਸੈਂਪਲ ਤੈਅ ਮਾਪਦੰਡਾਂ ਅਨੁਸਾਰ ਆਉਂਦੇ ਹਨ ਤਾਂ ਪਾਣੀ ਸਿੰਚਾਈ ਲਈ ਖੇਤਾਂ ਨੂੰ ਦਿੱਤਾ ਜਾਵੇਗਾ, ਨਹੀਂ ਤਾਂ ਪਾਣੀ ਸਾਫ਼ ਕਰਨ ਦਾ ਪ੍ਰੋਜੈਕਟ ਲਾ ਕੇ ਪਾਣੀ ਸਾਫ਼ ਕਰਨ ਉਪਰੰਤ ਸਿੰਚਾਈ ਲਈ ਵਰਤਿਆ ਜਾਵੇਗਾ।ਮੰਤਰੀ ਨੇ ਦੱਸਿਆ ਕਿ ਮਨਜ਼ੂਰ ਸ਼ੁਦਾ ਰਾਸ਼ੀ ਨਾਲ, ਪੰਜਾਬ ਸਰਕਾਰ ਜਿੱਥੇ ਵੀ ਲੋੜ ਪਵੇਗੀ, ਛੱਪੜਾਂ ਨੂੰ ਗਾਰ ਮੁਕਤ ਕਰੇਗੀ ਅਤੇ ਗੰਦਾ ਪਾਣੀ ਬਾਹਰ ਕੱਢੇਗੀ।ਇਸ ਤੋਂ ਪਹਿਲਾਂ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਅਤੇ ਹਲਕਾ ਬੱਸੀ ਪਠਾਣਾਂ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ, ਪਿੰਡ ਚਰਣਾਰਥਲ ਕਲਾਂ ਦੇ ਸਰਪੰਚ ਰਾਜਦੀਪ ਸਿੰਘ ਰਾਜੂ, ਪਿੰਡ ਖਰੇ ਦੇ ਸਰਪੰਚ ਸਤਪਾਲ ਸਿੰਘ, ਰਾਜ ਦਵਿੰਦਰ ਲਾਡੀ, ਕੁਲਵਿੰਦਰ ਸਿੰਘ ਡੇਰਾ, ਗੁਰਜੀਤ ਸਿੰਘ ਸਰਪੰਚ ਰੈਲੀ ਅਤੇ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਤੇ ਜ਼ਿਲ੍ਹੇ ਦੇ ਵਿਧਾਇਕਾਂ ਨੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਮੱਥਾ ਵੀ ਟੇਕਿਆ।

# ਗੁਰੂ ਅਰਜਨ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਲੌਕਿਕ ਨਗਰ ਕੀਰਤਨ ਸਜਾਏ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)- ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ 462ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਵਿਖੇ ਅਲੌਕਿਕ ਨਗਰ ਕੀਰਤਨ ਸਜਾਏ ਗਏ।ਇਸ ਅਵਸਰ 'ਤੇ ਗੁਰਦੁਆਰਾ ਸਾਹਿਬ ਵਿਖੇ ਰਖਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹੈੱਡ ਗ੍ਰੰਥੀ ਭਾਈ ਗੁਰਮੁੱਖ ਸਿੰਘ ਵੱਲੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਦੀ ਆਰੰਭਤਾ ਹੋਈ।ਇਸ ਮੌਕੇ ਮੈਨੇਜਰ ਗੁਰਾ ਸਿੰਘ ਮਾਨ ਵੱਲੋਂ ਪੰਜ ਪਿਆਰਿਆਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੰਗਤਾਂ ਸਮੇਤ ਨਗਰ ਕੀਰਤਨ ਦੀ ਹਾਜ਼ਰੀ ਭਰ ਰਹੇ ਸਰਪੰਚ ਨਿਰਮਲ ਸਿੰਘ ਢੋਟੀ, ਸਾਬਕਾ ਸਰਪੰਚ ਕੁਲਦੀਪ ਸਿੰਘ ਲਹੌਰੀਆ ਨੂੰ ਮੀਤ ਮੈਨੇਜਰ ਸਰਬਜੀਤ ਸਿੰਘ ਮੁੰਡਾਪਿੰਡ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਉਪਰੰਤ ਜੈਕਾਰਿਆਂ ਦੀ ਗੂੰਜ ਵਿੱਚ ਨਗਰ ਕੀਰਤਨ ਨਗਰ ਦੀ ਪਰਿਕਰਮਾ ਲਈ ਰਵਾਨਾ ਹੋਇਆ।ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਸਜਾਏ ਨਗਰ ਕੀਰਤਨ ਦਾ ਸੰਗਤ ਵੱਲੋਂ ਵੱਖ-ਵੱਖ ਪੜਾਵਾਂ ਤੇ ਭਰਵਾਂ ਸਵਾਗਤ ਕੀਤਾ ਗਿਆ।ਇਸ ਉਪਰੰਤ ਨਗਰ ਕੀਰਤਨ ਵੱਖ-ਵੱਖ ਪੜਾਵਾਂ ਤੋਂ ਹੁੰਦਾ ਹੋਇਆ ਗੁਰਦੁਆਰਾ ਚੁਬਾਰਾ ਸਾਹਿਬ ਵਿਖੇ ਸਮਾਪਤ ਹੋਇਆ।ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਸੁੰਦਰ ਸਜਾਵਟ ਦੇ ਨਾਲ ਨਾਲ ਦੀਪਮਾਲਾ ਕੀਤੀ ਗਈ।ਮੈਨੇਜਰ ਗੁਰਾ ਸਿੰਘ ਮਾਨ ਨੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ।ਸੰਗਤਾਂ ਨੂੰ ਗੁਰੂ ਅਰਜਨ ਦੇਵ ਜੀ ਦੇ ਦਿੱਤੇ ਸਿਧਾਂਤਾਂ 'ਤੇ ਚੱਲਣ ਦੀ ਅਪੀਲ ਕੀਤੀ।

ਇਸ ਮੌਕੇ ਅਕਾਊਂਟੈਂਟ ਸੁਖਦੇਵ ਸਿੰਘ, ਪਰਮਜੀਤ ਸਿੰਘ, ਜਸਵਿੰਦਰ ਸਿੰਘ, ਹਰਪ੍ਰੀਤ ਸਿੰਘ, ਸਤਬੀਰ ਸਿੰਘ ਧੁੰਦਾ, ਹੀਰਾ ਸਿੰਘ, ਗੁਰਦੇਵ ਸਿੰਘ ਘੜਕਾ, ਜੈਮਲ ਸਿੰਘ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਮਨਾਇਆ ਗੁੱਡ ਫਰਾਈਡੇ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਪ੍ਰਭੂ ਯਿਸੂ ਮਸੀਹ ਦੀ ਕੁਰਬਾਨੀ ਨੂੰ ਯਾਦ ਕਰਦੇ ਹੋਏ ਗੁੱਡ ਫਰਾਈਡੇ ਮਨਾਇਆ ਗਿਆ।ਸਕੂਲ ਦੀ ਸਵੇਰ ਦੀ ਸਭਾ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀ ਅਨਮੋਲ ਸ਼ਰਮਾ ਨੇ ਪ੍ਰਭੂ ਯਿਸੂ ਮਸੀਹ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਏ ਭਾਸ਼ਣ ਦਿੱਤਾ ਜਿਸ ਵਿੱਚ ਜਾਣਕਾਰੀ ਦਿੱਤੀ ਕਿ ਇਸ ਦਿਨ ਭਗਵਾਨ ਯਿਸੂ ਨੇ ਸਾਰੀ ਦੁਨੀਆ ਦੇ ਪਾਪ ਆਪਣੇ ਸਿਰ ਤੇ ਲੈ ਕੇ ਆਪਣੀ ਬਲੀ ਦਿੱਤੀ।ਉਨ੍ਹਾਂ ਨੂੰ ਇਸ ਦਿਨ ਸਲੀਬ ਤੇ ਚੜ੍ਹਾ ਦਿੱਤਾ ਸੀ।ਉਪਰੰਤ ਜਮਾਤ ਨੌਵੀਂ ਦੇ ਵਿਦਿਆਰਥੀ ਐਂਡਰਿਉ ਫਰੈਡਰਿਕ ਸਿਰਿਲ ਨੇ ਭਗਵਾਨ ਯਿਸੂ ਮਸੀਹ ਨੂੰ ਯਾਦ ਕਰਦੇ ਹੋਏ ਪ੍ਰਾਰਥਨਾ ਕੀਤੀ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਵੱਲੋਂ ਭਗਵਾਨ ਯਿਸੂ ਮਸੀਹ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਗਵਾਨ ਯਿਸੂ ਮਸੀਹ ਦੇ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਸੱਚ ਅਤੇ ਮੁਆਫੀ ਤੇ ਰਾਹ ਤੇ ਚੱਲਣ ਲਈ ਪ੍ਰੇਰਿਤ ਕੀਤਾ।



# ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿਖੇ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਮੌਕੇ ਧਾਰਮਿਕ ਸਮਾਗਮ



ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਗੁਰਦਾਸਪੁਰ ਜ਼ਿਲ੍ਹੇ ਦੇ ਜ਼ਿਲ੍ਹੇ ਦੇ ਪ੍ਰਮੁੱਖ ਅਤੇ ਉੱਚ ਮਿਆਰੀ ਸਿੱਖਿਆ ਸੰਸਥਾਨ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਵਿੱਚ ਨਵੇਂ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਰੂਹਾਨੀ ਢੰਗ ਨਾਲ 'ਅਰਦਾਸ ਦਿਵਸ' ਰਾਹੀਂ ਕੀਤੀ ਗਈ। ਇਸ ਮੌਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ ਵਿੱਚ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੇ ਭਾਗ ਲੈ ਕੇ ਅਧਿਆਤਮਿਕਤਾ ਦਾ ਰੂਹਾਨੀ ਨਜ਼ਾਰਾ ਪੇਸ਼ ਕੀਤਾ। ਸਮਾਗਮ ਦੀ ਸ਼ੁਰੂਆਤ ਵਿਦਿਆਰਥੀਆਂ ਵੱਲੋਂ 'ਜਪੁਜੀ ਸਾਹਿਬ' ਦੀ ਪਵਿੱਤਰ ਬਾਣੀ ਨਾਲ ਹੋਈ। ਉਪਰੰਤ ਵਿਦਿਆਰਥੀਆਂ ਦੇ ਵੱਖ-ਵੱਖ ਜਥਿਆਂ ਨੇ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਿਸ ਦੀ ਆਰੰਭਤਾ ਜਸਦੀਪ ਸਿੰਘ (ਜਮਾਤ ਅੱਠਵੀ) ਦੇ ਕੀਰਤਨ ਜਥੇ ਨੇ ਕੀਤੀ। ਇਸ ਉਪਰੰਤ ਸਹਿਜਪ੍ਰੀਤ ਸਿੰਘ (ਗਿਆਰਵੀਂ ਕਾਮਰਸ) ਦੇ ਕੀਰਤਨੀ ਜਥੇ ਨੇ ਹਾਜ਼ਰੀ ਲਵਾਉਣ ਮਗਰੋਂ ਮਨਿੰਦਰ ਕੌਰ (ਦਸਵੀਂ) ਦੇ ਕੀਰਤਨੀ ਜਥੇ, ਅਵਨੀਤ ਕੌਰ (ਛੇਵੀਂ) ਦੇ ਕੀਰਤਨੀ ਜਥੇ ਅਤੇ ਹਰਲੀਨ ਕੌਰ (ਗਿਆਰਵੀਂ ਕਾਮਰਸ) ਦੇ ਕੀਰਤਨੀ ਜਥੇ ਵੱਲੋਂ ਵੀ ਇਸ ਮੌਕੇ ਰਸਭਿੰਨਾ ਕੀਰਤਨ ਕੀਤਾ ਗਿਆ। ਇਸ ਮੌਕੇ ਰੂਪਨੀਤ ਕੌਰ (ਬਾਰ੍ਹਵੀਂ ਸਾਇੰਸ) ਨੇ ਬੀਤੇ ਅਕਾਦਮਿਕ ਵਰ੍ਹੇ 'ਚ ਸਕੂਲ ਦੀਆਂ ਪ੍ਰਾਪਤੀਆਂ ਤੇ ਝਾਤ ਪਾਉਂਦਿਆਂ ਧਾਰਮਿਕ, ਅਕਾਦਮਿਕ, ਖੇਡਾਂ ਅਤੇ ਹੋਰ ਅਨੇਕਾਂ ਵੱਖ-ਵੱਖ ਖੇਤਰਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਜ਼ਿਕਰ ਕੀਤਾ। ਸਟੂਡੈਂਟ ਸੈਕਟਰੀ ਅਰਸ਼ਪ੍ਰੀਤ ਕੌਰ ਨੇ ਵਿਦਿਆਰਥੀਆਂ ਨਾਲ ਨਵੇਂ ਅਕਾਦਮਿਕ ਵਰ੍ਹੇ 'ਤੇ ਆਪਣੀ ਸੰਸਥਾ ਦੀ ਅਗੇਤੀ ਯੋਜਨਾ ਦੱਸਦਿਆਂ ਕਿਹਾ ਕਿ ਗੁਰਬਾਣੀ ਦਾ ਫੁਰਮਾਨ ਹੈ 'ਅਗੋਂ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ। ਉਸ ਨੇ ਵਿਦਿਆਰਥੀ-ਅਨੁਸਾਸ਼ਨ ਅਤੇ ਸੰਸਥਾ ਦੀ ਬਾਬਾ ਆਇਆ ਸਿੰਘ ਨੂੰ ਪ੍ਰਣਾਈ ਵਿਲੱਖਣ ਸੋਚ ਬਾਰੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸੇ ਦੌਰਾਨ ਜਮਾਤ ਛੇਵੀਂ ਦੇ ਹਰਪਾਲ ਸਿੰਘ ਨੇ ਇੱਕ ਗੀਤ ਰਾਹੀਂ ਅਰਦਾਸ ਦਿਵਸ ਦੀ ਅਸਲ ਮਹੱਤਤਾ ਬਿਆਨ ਕੀਤੀ। ਅਖੀਰ ਵਿੱਚ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਚੜ੍ਹਦੀ ਕਲਾ ਅਤੇ ਆਤਮਿਕ ਉਤਸ਼ਾਹ ਲਈ ਅਰਦਾਸ ਕੀਤੀ ਗਈ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਰਿਆੜਕੀ ਕਾਲਜ ਦੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਗੁਰਬਾਣੀ ਦੀ ਪੰਕਤੀ 'ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ' ਦੇ ਆਧਾਰ 'ਤੇ ਆਪਣੇ ਵਿਚਾਰ ਸਾਂਝੇ ਕਰਦਿਆਂ ਬੱਚਿਆਂ ਅਨੁਸਾਸਨ, ਅਧਿਆਤਮਕਤਾ ਅਤੇ ਨਾਮ ਸਿਮਰਨ ਦੀ ਮਹੱਤਤਾ ਦੱਸੀ। ਸੰਸਥਾ ਦੇ ਮੁੱਖ ਪ੍ਰਬੰਧਕ ਗਗਨਦੀਪ ਸਿੰਘ ਵਿਰਕ ਨੇ ਨੈਸ਼ਨਲ ਲੈਵਲ 'ਤੇ ਸਕੂਲ ਵੱਲੋਂ ਹਾਸਿਲ ਕੀਤੇ 'ਹੈਰੀਟੇਜ ਬੀਕਨ ਐਵਾਰਡ' ਦੀ ਗੌਰਵ ਗਾਥਾ ਸਾਂਝੀ ਕਰਦਿਆਂ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਅਖੀਰ ਸਕੂਲ ਦੀ ਡਾਇਰੈਕਟਰ-ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ ਵੱਲੋਂ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮਾਗਮ ਵਿੱਚ ਹੋਰ ਮਹੱਤਵਪੂਰਨ ਅਧਿਕਾਰੀ ਅਤੇ ਅਧਿਆਪਕਾਂ ਵਿੱਚ ਪ੍ਰਿੰਸੀਪਲ ਇੰਦਰਜੀਤ ਕੌਰ, ਮੈਡਮ ਸੁਰਜੀਤ ਕੌਰ, ਕੋਆਰਡੀਨੇਟਰ ਜਤਿੰਦਰ ਕੁਮਾਰ, ਮੈਡਮ ਬਲਜੀਤ ਕੌਰ, ਗੁਰਕਮਲ ਕੌਰ, ਪ੍ਰਿੰਸ ਸ਼ਰਮਾ, ਬਿਕਰਮਜੀਤ ਸਿੰਘ, ਹਰਕਿੰਦਰਬੀਰ ਸਿੰਘ, ਗੁਰਲੀਨ ਕੌਰ ਅਤੇ ਪਵਨਜੀਤ ਕੌਰ ਆਦਿ ਸ਼ਾਮਲ ਸਨ। ਇਹ ਸਮਾਗਮ ਵਿਦਿਆਰਥੀਆਂ ਲਈ ਨਾ ਸਿਰਫ ਰੂਹਾਨੀ ਉਤਸ਼ਾਹ ਦਾ ਸਰੋਤ ਰਿਹਾ, ਸਗੋਂ ਨਵੇਂ ਸੈਸ਼ਨ ਦੀ ਸ਼ੁਰੂਆਤ ਨੂੰ ਇੱਕ ਸੰਸਕਾਰਾਤਮਕ ਆਗਾਜ਼ ਬਣਾਉਂਦਿਆਂ ਉਨ੍ਹਾਂ ਵਿਚ ਆਤਮ-ਸਮਰਪਣ, ਸਨਮਾਨ ਅਤੇ ਵਿਰਾਸਤ ਪ੍ਰਤੀ ਸਨੇਹ ਦੀ ਚਿਰਾਗ ਰੌਸ਼ਨ ਕਰ ਗਿਆ।

# ਕਾਮਰੇਡ ਗੁਰਦੀਪ ਸਿੰਘ ਭਿੱਖੀਵਿੰਡ ਨੂੰ ਸਦਮਾ, ਪਤਨੀ ਦਾ ਦਿਹਾਂਤ



ਝਬਾਲ : (ਹਰਜਿੰਦਰ ਸਿੰਘ ਸੋਨੀ)-ਕਾਮਰੇਡ ਗੁਰਦੀਪ ਸਿੰਘ ਭਿੱਖੀਵਿੰਡ ਜੋ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਹਨ, ਦੀ ਪਤਨੀ ਨਰਿੰਦਰ ਕੌਰ ਜੋ ਪਿਛਲੇ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੇ ਸਨ, ਦਾ ਅਚਨਚੇਤ ਦਿਹਾਂਤ ਹੋ ਗਿਆ ਜੋ ਪਰਿਵਾਰ ਲਈ ਨਾ ਸਹਿਣਯੋਗ ਘਾਟਾ ਪਿਆ।ਜਥੇਬੰਦੀ ਦੇ ਮਾਝਾ ਜ਼ੋਨ ਦੇ ਇੰਚਾਰਜ ਜਸਬੀਰ ਸਿੰਘ ਝਬਾਲ ਨੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਅੰਤਿਮ ਸੰਸਕਾਰ ਵਿੱਚ ਸ਼ਾਮਲ ਹੋਏ।

ਬੀਬੀ ਨਰਿੰਦਰ ਕੌਰ ਦੀ ਅੰਤਿਮ ਅਰਦਾਸ ਤੇ ਭੋਗ ਦੀ ਰਸਮ ਉਨ੍ਹਾਂ ਦੇ ਗ੍ਰਹਿ ਭਿੱਖੀਵਿੰਡ ਵਿਖੇ 26 ਅਪਰੈਲ 2025 ਨੂੰ ਹੋਵੇਗੀ।ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਸਿੰਘ ਗੋਹਲਵੜ, ਪ੍ਰਧਾਨ ਪ੍ਰੀਤਮ ਸਿੰਘ ਪੱਟੀ, ਮਹਿੰਦਰ ਸਿੰਘ ਪੱਟੀ, ਪ੍ਰਗਟ ਸਿੰਘ ਪੱਟੀ, ਹੀਰਾ ਸਿੰਘ, ਚਾਨਣ ਸਿੰਘ ਅਤੇ ਹੋਰ ਬਹੁਤ ਸਾਰੇ ਵਰਕਰ ਹਾਜ਼ਰ ਸਨ।


## Court Notice

(U/o 5 Rule 20 CPC)
In The Court of
Sh.Tanveer S. Madhav
Civil Judge (Junior Division), Tarn Taran

Next Date, Purpose of case, Orders and Judgments as well as other case information is available on https://districts.ecourts.gov.in
CNR No. PBTT02-002070-2023
Next Date:- 19-05-2025
Rajbir Kaur
Vs.
Jagroop Singh

Publication issued to : Def.11.Tejinder Singh S/o Hardial Singh, Def.12. Gurnam Singh S/o Inder Singh, def.13. Niranjan Singh S/o Inder Singh, Def. 21, Jagir Singh S/o Harnam Singh All R/o Vill. Aima Malian, Teh. & Distt. Tarn Taran

In above titled case, the defendant(s)/ respondent(s) could not be served. It is ordered that defendant(s)/respondent(s) should appear in person or through counsel on 19-05-2025 at 10:00 a.m.

For details logon to https://highcourtchd.gov.in/?trs=district_ notice&district=Tarn Taran
Civil Judge (Junior Division), Tarn Taran
Dated, this day of 15-04-2025


# ਗੁਰੂ ਲਾਲ ਜਨਰਲ ਸਟੋਰ ਦੇ ਮਾਲਕ ਨੂੰ ਮਿਲਿਆ ਧਮਕੀ ਭਰਿਆ ਖਤ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਾਦੀਆਂ ਕਸਬੇ ਵਿੱਚ ਉਸ ਵੇਲੇ ਸਨਸਨੀ ਅਤੇ ਭਾਰੀ ਦਹਿਸ਼ਤ ਫੈਲ ਗਈ ਜਦੋਂ ਗੁਰੂ ਲਾਲ ਜਨਰਲ ਸਟੋਰ ਦੇ ਮਾਲਕ ਧਮਕੀ ਭਰਿਆ ਖਤ ਮਿਲਿਆ ਜਿਸ ਵਿੱਚ ਲਿਖਿਆ ਸੀ ਕਿ ਜੇਕਰ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਨੂੰ ਬਚਾਉਣਾ ਚਾਹੁੰਦਾ ਹੈਂ ਤਾਂ ਕਾਦੀਆਂ ਸ਼ਹਿਰ ਛੱਡ ਕੇ ਚਲਿਆ ਜਾ ਅਤੇ ਇਸ ਗੱਲ ਨੂੰ ਮਜ਼ਾਕ ਵਿੱਚ ਨਾ ਲਈਂ। ਥੱਲੇ ਕਿਸੇ ਗੋਲਡੀ ਬਰਾੜ ਮੈਂਬਰ ਸੁੱਖਾ ਦਾ ਨਾਮ ਲਿਖਿਆ ਸੀ।

ਦੁਕਾਨ ਦੇ ਮਾਲਕ ਸੰਜੀਵ ਕੁਮਾਰ ਨੇ ਖੱਤ ਕਾਦੀਆਂ ਪੁਲਸ ਹਵਾਲੇ ਕਰ ਦਿੱਤਾ।ਘਟਨਾ ਦੀ ਵੀਡੀਓ ਸਥਾਨਕ ਇੱਕ ਦੁਕਾਨ ਦੇ ਬਾਹਰ ਸੀਸੀਟੀਵੀ ਕੈਮਰੇ ਵਿੱਚ ਕੈਦ ਹੋ ਗਈ ਜਿਸ ਦੀ ਪੜਤਾਲ ਕਾਦੀਆਂ ਪੁਲਸ ਵੱਲੋਂ ਕੀਤੀ ਜਾ ਰਹੀ ਹੈ।ਉਧਰ ਦੂਜੇ ਪਾਸੇ ਜਦੋਂ ਇਸ ਮਾਮਲੇ ਸੰਬੰਧੀ ਪੁਲਸ ਥਾਣਾ ਕਾਦੀਆਂ ਦੇ ਐੱਸਐੱਚਓ ਨਿਰਮਲ ਸਿੰਘ ਦੇ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ।

ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਪਰਿਵਾਰਕ ਮੈਂਬਰਾਂ ਨੇ ਜੋ ਕਿਹਾ ਹੈ ਅਤੇ ਜੋ ਸੀਸੀਟੀਵੀ ਫੁਟੇਜ ਹੈ ਉਸ ਦੇ ਆਧਾਰ 'ਤੇ ਜਾਂਚ ਕੀਤੀ ਜਾ ਰਹੀ ਹੈ।ਜਾਂਚ ਵਿੱਚ ਜੋ ਵੀ ਤੱਥ ਸਾਹਮਣੇ ਆਉਣਗੇ ਉਨ੍ਹਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਨੂੰ ਅਮਲ ਵਿੱਚ ਲਿਆਂਦਾ ਜਾਵੇਗਾ।


## St. Soldier College (Co-Education)

St. Soldier College (Co-Education) Invites online applications, Performa available on College website www.stsoldierdegreecollege.com for the post of **Assistant Professor in Commerce - 2, Computer Science - 2, Physiotherapy - 2, Mathematics - 1 & Sociology – 1** on regular basis. Qualification and Grade as per UGC/NCTE/Punjab Govt./GNDU norms. Reservation Policy will beas per Punjab Govt. rules. Candidates must submit online, application within 15 days from the date of publication of advertisement. Candidates must fill up the Score Card Performa (as per Annexure-IV) available in CDC Portal on University Website (www.gndu.ac.in) and submit it along with the application and all testimonials. **Director (98554-04206)**

## ਸਨਮੁੱਖ ਸੁਖਜੀਤ ਸਿੰਘ ਜੌਲੀ ਐਡਵੋਕੇਟ ਦੇ ਸਾਲਸੀ ਟ੍ਰਿਬਿਊਨਲ/ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਕੰਪਨੀਜ਼ ਐਕਟ 1956 ਅਧੀਨ ਇੱਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ, 37 ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇੱਕ ਸ਼ਾਖਾ ਦਫ਼ਤਰ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ।

ਬਿਨੈਕਾਰ

ਬਨਾਮ

1. ਗੁਰਬਕਸ਼ ਕੌਰ ਪਤਨੀ ਸ੍ਰੀ ਗੁਰਦੀਪ ਸਿੰਘ
2. ਸੁਖਦੇਵ ਸਿੰਘ ਪੁੱਤਰ ਸ੍ਰੀ ਗੁਰਦੀਪ ਸਿੰਘ
3. ਨੈਬ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ, ਸਾਰੇ ਵਾਸੀ ਪਿੰਡ ਬਾਜਵਾ ਕਲਾਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ-144702

ਜਵਾਬਦੇਹ

ਉਕਤ ਪਾਰਟੀਆਂ ਵਿਚਾਲੇ ਵਿਵਾਦ ਦੇ ਚੱਲਦਿਆਂ ਜਵਾਬਦੇਹਾਂ ਨੂੰ ਰਜਿਸਟਰਡ ਡਾਕ ਰਾਹੀਂ ਨੋਟਿਸ ਭੇਜੇ ਗਏ ਸਨ। ਜਵਾਬਦੇਹਾਂ ਨੂੰ ਭੇਜੇ ਗਏ ਨੋਟਿਸ ਪਹਿਲੀ ਵਾਰ ਵਾਪਸ ਪ੍ਰਾਪਤ ਨਹੀਂ ਹੋਏ। ਜਵਾਬਦੇਹਾਂ ਨੂੰ ਦੂਸਰੀ ਵਾਰ ਭੇਜੇ ਗਏ ਨੋਟਿਸ, ਜੋ ਕਿ ਲਿਫ਼ਾਫ਼ੇ ਅਤੇ ਪ੍ਰਾਪਤੀ ਰਸੀਦਾਂ ਸਨ, ਵਾਪਸ ਪ੍ਰਾਪਤ ਨਹੀਂ ਹੋਏ, ਜਿਸ ਤੋਂ ਸਪੱਸ਼ਟ ਹੈ ਕਿ ਜਵਾਬਦੇਹ ਨੇ ਬਕਾਇਦਾ ਨੋਟਿਸ ਪ੍ਰਾਪਤ ਕਰ ਲਏ ਹਨ ਅਤੇ ਜਾਣਬੁੱਝ ਕੇ ਟ੍ਰਿਬਿਊਨਲ ਸਨਮੁੱਖ ਪੇਸ਼ ਹੋਣ ਤੋਂ ਕੰਨੀ ਕਤਰਾ ਰਹੇ ਹਨ। ਬੇਸ਼ੱਕ ਸਾਰੇ ਜਵਾਬਦੇਹਾਂ ਨੂੰ ਇਕ ਹੋਰ ਮੌਕਾ ਦੇਣ ਲਈ ਇਹ ਹੁਕਮ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਵਿਵਾਦ ਦੇ ਮਾਮਲੇ 'ਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰਨ ਲਈ ਅਖ਼ਬਾਰ 'ਚ ਪ੍ਰਕਾਸ਼ਨਾ ਰਾਹੀਂ ਸੂਚਿਤ ਕੀਤਾ ਜਾਵੇ। ਤੁਹਾਨੂੰ ਜਵਾਬਦੇਹਾਂ ਨੂੰ ਆਪਣੇ ਇਤਰਾਜ਼ ਅਤੇ ਦਾਅਵੇ, ਜੇਕਰ ਕੋਈ ਹਨ ਤਾਂ ਦਾਖਲ ਕਰਨ ਲਈ 29.05.2025 ਨੂੰ ਦੁਪਹਿਰ 1.00 ਵਜੇ ਖੁਦ ਜਾਂ ਆਪਣੇ ਪ੍ਰਤੀਨਿਧ ਜਾਂ ਵਕੀਲ ਰਾਹੀਂ ਸਾਲਸ ਸਨਮੁੱਖ ਚੈਂਬਰ ਨੰਬਰ 113, ਨਵੀਆਂ ਕਚਹਿਰੀਆਂ, ਜਲੰਧਰ ਵਿਖੇ ਪੇਸ਼ ਹੋਣ ਦੀ ਹਦਾਇਤ ਕੀਤੀ ਜਾਂਦੀ ਹੈ। ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮਿਤੀ : 19.04.2025 ਜਲੰਧਰ — ਸੁਖਜੀਤ ਸਿੰਘ ਜੌਲੀ ਸਾਲਸ

## AXIS BANK

Axis Bank Ltd. : Retail Asset Center : 2nd and 3rd Floor, Property No. # 7-E, Municipal 3903/1142/16, Malhar Road, Saraabha Nagar, Ludhiana -141001
Registered Office: 'Trishul', 3rd Floor, Opposite Samartheswar Temple, Law Garden, Ellisbridge, Ahmedabad-380006.

ਅੰਤਿਕਾ IV (ਹਵਾਲਾ ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ, ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੱਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13/12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮੈਸ: ਲੋਜ਼ੀਜ਼ ਫੈਸ਼ਨ ਰਾਹੀਂ ਇਸ ਦੇ ਭਾਈਵਾਲਾਂ ਸ੍ਰੀ ਨਰਿੰਦਰ ਸਿੰਘ ਮਾਰਫਤ ਤਰਲੋਕ ਸਿੰਘ ਅਤੇ ਸ੍ਰੀ ਸਤਪਾਲ ਸ਼ਰਮਾ ਪੁੱਤਰ ਬ੍ਰਹਮ ਦਾਸ ਸ਼ਰਮਾ ਨੂੰ ਨੋਟਿਸ 'ਚ ਦਰਸਾਈ 14.11.2023 ਨੂੰ ਬਕਾਇਆ ਖੜੀ ਰਕਮ ਰੁਪਏ 16,79,856/- (ਸੋਲਾਂ ਲੱਖ ਉਨਾਸੀ ਹਜ਼ਾਰ ਅੱਠ ਸੌ ਛਪੰਜਾ ਰੁਪਏ ਕੇਵਲ) ਸਮੇਤ ਉਸ ਉਪਰ ਨਾ ਵਸੂਲੇ ਵਿਆਜ ਅਤੇ ਲਾਗਤਾਂ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ 11 ਦਸੰਬਰ 2024 ਨੂੰ ਜਾਰੀ ਕੀਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 17 ਅਪ੍ਰੈਲ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰਾਂ /ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਜਾਇਦਾਦਾਂ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ। ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਕੀਤੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਨੂੰ 14.11.2023 ਨੂੰ ਰੁਪਏ 16,79,856/- (ਸੋਲਾਂ ਲੱਖ ਉਨਾਸੀ ਹਜ਼ਾਰ ਅੱਠ ਸੌ ਛਪੰਜਾ ਰੁਪਏ ਕੇਵਲ) ਸਮੇਤ ਇਸ ਉਪਰ ਮੁਕੰਮਲ ਅਦਾਇਗੀ ਤੱਕ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਖਰਚਿਆਂ ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐਸੱਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਅਚੱਲ ਜਾਇਦਾਦ ਦਾ ਵੇਰਵਾ

ਰਿਹਾਇਸ਼ੀ ਜਾਇਦਾਦ ਪਲਾਟ ਨੰ. 51/3, ਰਕਬਾ 100 ਵਰਗ ਗਜ਼, ਮਿਉਂਸਪਲ ਨੰ. ਬੀ-XXXIV-2184/2 ਬੀ ਗਲੀ ਨੰ. 2, ਚੰਦਰ ਨਗਰ, ਪਿੰਡ ਤਰਫ ਪੀਰੂਬੰਦਾ, ਲੁਧਿਆਣਾ, ਖੱਤਾ ਨੰ. 2010/2367, ਖਸਰਾ ਨੰ. 2714/1154, 1158/663-ਜਮ੍ਹਾਂਬੰਦੀ ਸਾਲ 2001-2002, ਪਿੰਡ ਤਰਫ ਪੀਰੂਬੰਦਾ, ਹਦਬਸਤ ਨੰ. 167, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ। ਹੱਦਾਂ :- ਪੂਰਬ: ਸ੍ਰੀਮਤੀ ਗੁਰਮੀਤ ਕੌਰ ਸਾਈਡ 46'6", ਪੱਛਮ : ਪਲਾਟ ਨੰ. 50 ਸਾਈਡ 46'6", ਉੱਤਰ : ਸੜਕ 20' ਚੌੜੀ ਸਾਈਡ 19'4", ਦੱਖਣ : ਗੁਆਂਢ ਸਾਈਡ 19'4"

ਮਿਤੀ : 17.04.2025 ਸਥਾਨ : ਲੁਧਿਆਣਾ — ਅਧਿਕਾਰਤ ਅਫਸਰ ਐਕਸਿਸ ਬੈਂਕ ਲਿਮਟਿਡ

## OFFICE OF CIVIL JUDGE SENIOR DIVISION, TARN TARAN
## AUCTION NOTICE

It is brought to the notice of the General Public that the open auction of following contract regarding lease of Canteen and Public Parking situated in Judicial Court Complex, Patti, for the year 2025- 2026 (w.e.f 02.05.2025 to 31.03.2026), will be held on 01.05.2025 at 2.30 PM in Judicial Court Complex, Patti, on following terms and conditions. Tenders/Applications along-with security amount of Rs. 20,000/- (refundable) will be received in this office till 29.04.2025 upto 5:00 pm.

The successful bidder/lessee will deposit 25 % of lease money at the time of auction. The balance 75% of lease amount shall be deposited within one month of the commencement of lease period. In case of non-deposit of lease money within the prescribed time, deposit of 25% of lease money shall be forfeited and contract will be put to auction for remaining period. The first lease shall be liable to pay difference, if any between the lease money, if the subsequent lease is for lesser amount.

Detailed information in this regard can be obtained from the Civil Nazir/COC of this office/Naib Nazir in the Court of ACJSD, Patti, on any working day from 9:30 am to 5:00 pm till 29.04.2025. The information/terms & conditions can also be obtained from Civil Nazir on his contact No 96460-10109 and also from website of this Session Division http://district.ecourts.gov.in/india/punjab/tarn-taran/tender. The particulars of the auction are as under:

| Sr. no | Place of Auction | Nature of work | Date and time of auction | Reserve Price |
|---|---|---|---|---|
| 1 | Judicial Court Complex, Patti | Parking | At 2:30 PM on 01.05.2025 | Rs. 13,68,840 /- |
| 2 | Judicial Court Complex, Patti | Canteen | At 2:30 PM on 01.05.2025 | Rs. 1,87,000/- |

Sd/-
Civil Judge (Senior Division)
Tarn Taran.

# ਕਲਾਸੀਫਾਈਡ ਇਸ਼ਤਿਹਾਰ

## ਆਮ ਸੂਚਨਾ

ਮੈਂ, ਸੁਖਵਿੰਦਰ ਸਿੰਘ ਸੋਖੀ ਪੁੱਤਰ ਲੇਟ ਰਵੇਲ ਸਿੰਘ ਵਾਸੀ ਪਿੰਡ ਸੰਗਤਪੁਰਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਹਾਲ ਵਾਸੀ 97-98 ਰਣਜੀਤ ਅਸਟੇਟ ਨੇੜੇ ਓਰਚਿਡ ਸਿਟੀ, ਗੁਮਟਾਲਾ ਸਬ-ਅਰਬਨ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਰਾ ਨਵਕਿਰਨ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਸਤਪਾਲ ਪੁੱਤਰ ਟੇਕ ਚੰਦ ਵਾਸੀ ਪਿੰਡ ਫੱਜੂਪੁਰ ਡਾਕਖਾਨਾ ਧਾਰੀਵਾਲ ਤਹਿਸੀਲ ਅਤੇ ਜ਼ਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਅੰਕੁਸ਼ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਮੇਰੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਗਜੀਤ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਬੁੱਧ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਤਰਨਜੀਤ ਕੌਰ ਅਤੇ ਮੇਰੇ ਲੜਕੇ ਗੁਰਮੀਤ ਸਿੰਘ ਅਤੇ ਬਲਰਾਜ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਪ੍ਰਿਤਪਾਲ)

ਮੈਂ, ਕੁਲਵੰਤ ਕੌਰ ਵਿਧਵਾ ਜਸਵੰਤ ਸਿੰਘ ਵਾਸੀ ਮੁਹੱਲਾ ਪਾਂਧੀਆਂ, ਕਰਤਾਰਪੁਰ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਮਨਜੀਤ ਕੌਰ ਪਤਨੀ ਜਸਵਿੰਦਰ ਸਿੰਘ ਅਤੇ ਨਵਨੀਤ ਕੌਰ ਪਤਨੀ ਜਗਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਰਣੀਆਂ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਸੁਖਪਾਲ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਧਰਮਪਾਲ ਪੁੱਤਰ ਸਰੂਪ ਸਿੰਘ ਅਤੇ ਨਨੀ ਬਾਈ ਪਤਨੀ ਧਰਮਪਾਲ ਵਾਸੀਆਨ ਮਕਾਨ ਨੰ. 228, ਮੰਡੀ ਰੋਡ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਨੀਰਜ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੀ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ ਪੂਨਮ ਕੁਮਾਰੀ ਪਤਨੀ ਸੁਰਿੰਦਰ ਪੌਲ ਨਿਵਾਸੀ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਰਕੇਸ਼ ਕੁਮਾਰ ਅਤੇ ਨੂੰਹ ਸ਼ਵੇਤਾ ਸਾਡੇ ਕਹਿਣੇ ਤੋਂ ਬਾਹਰ ਹਨ ਨੂੰ ਅਪਨੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਚੰਗੇ ਮਾੜੇ ਕੰਮਾਂ ਦੇ ਉਹ ਖੁਦ ਜ਼ਿੰਮੇਵਾਰ ਹੋਣਗੇ ।

ਮੈਂ, ਅਮਰਜੀਤ ਸਿੰਘ ਪੁੱਤਰ ਪੂਰਣ ਸਿੰਘ, ਵਾਸੀ ਪਿੰਡ ਚੁਹੜਵਾਲ, ਵਿੱਲਾ ਕੋਠੀ, ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਵਿੰਦਰ ਕੌਰ, ਜੋਕਿ ਮੇਰੇ ਕਹਿਣੇ ਵਿੱਚ ਨਹੀਂ ਹਨ ਅਤੇ ਆਪਣੀ ਮਰਜੀ ਕਰਦੀ ਹੈ। ਜਿਸ ਕਰਕੇ ਮੈਂ ਆਪਣੀ ਲੜਕੀ ਰਵਿੰਦਰ ਕੌਰ, ਨੂੰ ਆਪਣੀ ਤਮਾਮ ਚੱਲ-ਅਚੱਲ ਜ਼ਾਇਦਾਦ ਤੋ ਬੇਦਖਲ ਕਰਦਾ ਹਾਂ। ਇਸ ਨਾਲ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮਨਜਿੰਦਰ ਸਿੰਘ ਪੁੱਤਰ ਚੰਨਣ ਸਿੰਘ ਵਾਸੀ ਪਿੰਡ ਜੈਂਤੀਪੁਰ, ਅੱਡਾ ਜੈਂਤੀਪੁਰ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰੁਪਿੰਦਰਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਜਸਵੰਤ ਸਿੰਘ ਪੁੱਤਰ ਕਰਨੈਲ ਸਿੰਘ ਅਤੇ ਰਣਜੀਤ ਕੌਰ ਪਤਨੀ ਜਸਵੰਤ ਸਿੰਘ ਵਾਸੀਆਨ ਮਕਾਨ ਨੰ. 6, ਗਲੀ ਨੰ. 1, ਗੁਰੂ ਰਾਮਦਾਸ ਨਗਰ ਬਾਹਰਵਾਰ ਭਗਤਾਂਵਾਲਾ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਮਨਿੰਦਰ ਸਿੰਘ ਤੇ ਉਸ ਦੀ ਪਤਨੀ ਕੋਮਲਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੁਲਖ ਰਾਜ ਪੁੱਤਰ ਸ੍ਰੀ ਜੋਗਿੰਦਰ ਲਾਲ ਵਾਸੀ ਸ਼ੇਖੇ ਪਿੰਡ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਸੰਦੀਪ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਚਰਨਜੀਤ ਸਿੰਘ ਪੁੱਤਰ ਗੁਰਬਖਸ਼ ਸਿੰਘ, ਵਾਸੀ ਕਾਲੇਕੇ (ਅੰਮ੍ਰਿਤਸਰ) ਆਪਣੇ ਪੁੱਤਰ ਸਤਨਾਮ ਸਿੰਘ, ਨੂੰਹ ਪ੍ਰਭਜੋਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਣ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ ਰਜਿੰਦਰ ਕੁਮਾਰ ਪੁੱਤਰ ਸ: ਦਿਆਲ ਸਿੰਘ ਵਾਸੀ 158 ਗਲੀ ਬੋਹੜ ਵਾਲੀ ਪਿੰਡ ਫਪਈ ਤਹਿਸੀਲ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਿਸ ਦਾ ਨਾਮ ਰਾਹੁਲ ਹੈ ਉਹ ਮੇਰੇ ਕਹਿਣ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜ਼ੀ ਕਰਦਾ ਹੈ, ਮੈਂ ਆਪਣੇ ਲੜਕੇ ਰਾਹੁਲ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਅਤੇ ਫਾਰਗਤੀ ਦਿੰਦਾ ਹਾਂ, ਇਸ ਦੇ ਨਾਲ ਪੈਸੇ ਦਾ ਲੈਣ ਦੇਣ ਕਰਨ ਵਾਲਾ ਵੀ ਆਪ ਖੁਦ ਜ਼ਿੰਮੇਦਾਰ ਹੋਵੇਗਾ।

ਮੈਂ, ਹਰਮਿੰਦਰ ਕੌਰ ਪਤਨੀ ਲੇਟ ਸ੍ਰੀ ਮਨਜੀਤ ਵਾਸੀ ਪਿੰਡ ਤੇ ਡਾਕਖਾਨਾ ਕਪੂਰ ਪਿੰਡ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੀ ਹਾਂ ਕਿ ਮੇਰੀ ਪੁੱਤਰੀ ਨਵਜੌਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਲਕੀਤ ਸਿੰਘ ਪੁੱਤਰ ਛੱਜੂ ਰਾਮ ਵਾਸੀ ਪਿੰਡ ਧੀਰੋਵਾਲ, ਜ਼ਿਲ੍ਹਾ ਜਲੰਧਰ ਸੂਚਿਤ ਕਰਦਾ ਹਾਂ ਕਿ ਸਾਡਾ ਪੁੱਤਰ ਦੀਪ ਸਿੰਘ ਅਤੇ ਉਸ ਦੀ ਪਤਨੀ ਜੋਤੀ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਆਪਣੇ ਪੁੱਤਰ ਦੀਪ ਸਿੰਘ ਅਤੇ ਉਸ ਦੀ ਪਤਨੀ ਜੋਤੀ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਰੁਣ ਕੁਮਾਰ ਪੁੱਤਰ ਸ੍ਰੀ ਰਾਜ ਪਾਲ ਘਈ ਵਾਸੀ 1886, ਸੁਭਾਸ਼ ਰੋਡ, ਸਾਹਮਣੇ ਰੇਲਵੇ ਸਟੇਸ਼ਨ, ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਤਰੁਣ ਘਈ ਅਤੇ ਉਸ ਦੀ ਪਤਨੀ ਨੇਹਾ ਘਈ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I, Harpeet Kaur Sethi Alias Neeta Bhatia W/o Harwinder Singh Sethi R/o H.No.656-B, Basant Avenue, Amritsar have changed my name from Harpreet Kaur Sethi Alias Neeta Bhatia to Harpreet Kaur Sethi

I, Gurmeet Kaur W/o Gurmej Singh R/o Village Aima Mallian Tehsil and District Tarn Taran have changed my name from Gurmit Kaur to Gurmeet Kaur

I, Rakesh Kumar Seth S/o Ram Kishan Seth R/o 11-A, White Enclave, Majitha Road, Amritsar have changed my name from Reakesh Kumar Seth to Rakesh Seth

I, Vijay Singh S/o Mangal Singh R/o VPO Baba Bakala Sahib, Mata Rani Mallah District Amritsar have declare that Vijay is my Given name and Singh is my Surname

I, RANJIT SINGH S/o MOHAN LAL, R/o Chuharwal, District Kapurthala, Punjab, declare that I have changed my name from RANJIT to RANJIT SINGH. All Concerned please note.

I, Rupinder Singh S/o Dalbir Singh R/o VPO Thakarpura, Tehsil Patti, Distt. Tarn Taran Punjab-143416 have changed my name from Rupinder Singh to Singh is my surname and Rupinder is my given name.

I, Ishu Manchanda Alias Ishika Grover wife of Sh. Rohan Grover resident of H.No. 36, BSF Colony, Opp HMV College, Jalandhar, Punjab have changed my name from Ishu Manchanda Alias Ishika Grover to Ishika Grover. All concerned please note.

I, Kanchan W/o Shobhit Galhotra R/o House No. 341, Milap Road, Chauhar Bagh, Jalandhar, Punjab-144001 have changed my name from Kanchan to Kanchan Galhotra. All concerned please note


# ਪੂਸਾ 44 ਤੇ ਝੋਨੇ ਦੀਆਂ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਨਾ ਕੀਤੀ ਜਾਵੇ : ਡਾ. ਤੇਜਪਾਲ ਸਿੰਘ



ਡੇਰਾ ਬਾਬਾ ਨਾਨਕ,ਧਾਰੀਵਾਲ (ਰਮੇਸ਼ ਸ਼ਰਮਾ, ਮਨਦੀਪ ਸਿੰਘ ਵਿੱਕੀ)- ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵਲੋ ਪਕਣ ਵਿਚ ਵੱਧ ਸਮਾਂ ਲੈਣ ਵਾਲੀ ਪੂਸਾ 44 ਅਤੇ ਮੰਡੀਕਰਨ ਸਮੇਂ ਆਉਂਦੀ ਸਮੱਸਿਆ ਦੇ ਹੱਲ ਹਾਈਬ੍ਰਿਡ ਕਿਸਮਾਂ ਦੀ ਬਿਜਾਈ ਕਰਨ ਤੇ ਲਗਾਈ ਪਾਬੰਦੀ ਕਾਰਣ ਝੋਨੇ ਦੀਆਂ ਕਿਸਮਾਂ ਦੀ ਵਿਕਰੀ ਬਾਰੇ ਜਾਣਕਾਰੀ ਲੈਣ ਲਈ ਡਾ. ਤੇਜਪਾਲ ਸਿੰਘ ਜੁਆਇੰਟ ਡਾਇਰੈਕਟਰ (ਨਕਦੀ ਫ਼ਸਲਾਂ) ਵਲੋਂ ਡਾਇਰੈਕਟਰ ਖੇਤੀਬਾੜੀ ਡਾ. ਜਸਵੰਤ ਸਿੰਘ ਦੇ ਆਦੇਸ਼ਾਂ ਤੇ ਜ਼ਿਲਾ ਗੁਰਦਾਸਪੁਰ ਵਿਚ ਵੱਖ ਵੱਖ ਬੀਜ ਵਿਕਰੇਤਾਵਾਂ ਦੀਆਂ ਦੁਕਾਨਾਂ ਅਤੇ ਗੋਦਾਮਾਂ ਦੀ ਚੈਕਿੰਗ ਕੀਤੀ ਗਈ।

ਇਸ ਮੌਕੇ ਉਨ੍ਹਾਂ ਦੇ ਨਾਲ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ, ਡਾ. ਭਵਜੀਤ ਸਿੰਘ, ਡਾ.ਦਿਲਰਾਜ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ ਹਾਜ਼ਰ ਸਨ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਤੇਜਪਾਲ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਲਵਾਈ ਕਰਨ ਲਗਾਈ ਪਾਬੰਦੀ ਹੋਣ ਕਾਰਨ ਕੋਈ ਵੀ ਬੀਜ ਵਿਕ੍ਰੇਤਾ ਗੈਰ ਪਰਮਾਣਤ ਕਿਸਮਾਂ ਦੇ ਬੀਜ ਦੀ ਵਿਕਰੀ ਨਹੀਂ ਕਰ ਸਕਦਾ।ਉਨ੍ਹਾਂ ਕਿਹਾ ਕਿ ਜੇਕਰ ਕੋਈ ਬੀਜ ਵਿਕ੍ਰੇਤਾ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸ਼ਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਕੀਤੀ ਗਈ ਚੈਕਿੰਗ ਦੌਰਾਨ ਫਿਲਹਾਲ ਕਿਸੇ ਵੀ ਬੀਜ ਵਿਕ੍ਰੇਤਾ ਕੋਲ ਝੋਨੇ ਦਾ ਬੀਜ ਨਹੀਂ ਪਾਇਆ ਗਿਆ।ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਪੰਜਾਬ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵਲੋ ਪ੍ਰਵਾਨਿਤ ਪੀ ਆਰ 126,127,128,129,130,131 ਅਤੇ 132 ਕਿਸਮਾਂ ਦੀ ਬਿਜਾਈ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਬੀਜ ਵਿਕ੍ਰੇਤਾਵਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਬੀਜ ਦੀ ਵਿਕਰੀ ਕਰਨ ਉਪਰੰਤ ਬਿੱਲ ਜ਼ਰੂਰ ਦਿੱਤਾ ਜਾਵੇ। ਡਾ. ਅਮਰੀਕ ਸਿੰਘ ਨੇ ਕਿਹਾ ਕਿ ਇਸ ਵਾਰ ਜ਼ਿਲ੍ਹਾ ਗੁਰਦਾਸਪੁਰ ਅੰਦਰ ਝੋਨੇ ਦੀ ਲਵਾਈ ਦਾ ਸਮਾ 5 ਜੂਨ ਤੋ ਨਿਰਧਾਰਤ ਕੀਤਾ ਗਿਆ ਹੈ ।

ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਵਲੋਂ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਵਿਕਰੀ ਨਾਂ ਕਰਨ ਲਈ ਪੂਰੀ ਸ਼ਖਤੀ ਕੀਤੀ ਜਾਵੇਗੀ ਅਤੇ ਇਸਦੇ ਬੀਜ ਨੂੰ ਵਿਕਣ ਨਹੀ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਵਾਰ ਪੀ ਆਰ 126 ਝੋਨੇ ਦੀ ਕਿਸਮ ਤੋਂ ਕੋਈ ਦਿੱਕਤ ਨਹੀਂ ਹੈ ਅਤੇ ਇਸ ਕਿਸਮ ਦੀ ਖਰੀਦ ਆਮ ਕਿਸਮਾਂ ਵਾਂਗ ਹੀ ਹੋਵੇਗੀ।

ਉਨ੍ਹਾਂ ਦੱਸਿਆ ਕਿ ਅਣਅਧਿਕਾਰਤ ਕਿਸਮਾਂ ਦੀ ਵਿਕਰੀ ਰੋਕਣ ਲਈ ਸਮੂਹ ਖੇਤੀਬਾੜੀ ਅਫਸਰਾਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆ ਹਨ ਕਿ ਪੂਸਾ 44 ਸਮੇਤ ਹਾਈਬ੍ਰਿਡ ਬੀਜਾਂ ਦੀ ਵਿਕਰੀ ਨਾ ਹੋਣ ਦਿੱਤੀ ਜਾਵੇ।


## Public Notice

I, Shailendra Bhaskar S/o Jagdish Rai Sharma R/o H.No. 418/18, Onkar Nagar, Gurdaspur, Tehsil/Distt. Gurdaspur, Punjab, declare that in my documents is known by father name J.R. Bhaskar, Jagdish Raj and J.R. Sharma and Jagdish Rai Sharma are the names of one and the same Person.

I, Monika Masih D/o David Masih R/o Vill. Dialgarh, P.O. Batala, Tehsil Batala, Distt. Gurdaspur, Punjab, declare that my given name as Monika and my Surname as Masih

## ਆਮ ਸੂਚਨਾ

ਮੈਂ, ਰਾਕੇਸ਼ ਢਿਲੋਂ ਪੁੱਤਰ ਬਲਦੇਵ ਰਾਜ ਵਾਸੀ ਮਕਾਨ ਨੰਬਰ BI-232, ਮੁੱਹਲਾ ਗੁਰੂ ਨਾਨਕ ਨਗਰ, ਸੁਰਾਨੂਸੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਉਕਤ ਪ੍ਰਾਪਟੀ ਮਕਾਨ ਨੰਬਰ BI-232, ਮੁੱਹਲਾ ਗੁਰੂ ਨਾਨਕ ਨਗਰ, ਸੁਰਾਨੂਸੀ, ਜਲੰਧਰ, ਪੰਜਾਬ ਜੋ ਕਿ ਸਾਡੀ ਚਾਰੋਂ ਭਰਾਵਾਂ 1) ਰਾਕੇਸ਼ ਢਿਲੋਂ, 2) ਅਨਿਲ ਢਿਲੋਂ, 3) ਮੁਕੇਸ਼ ਢਿਲੋਂ, 4) ਮੈਨਾ ਪਤਨੀ ਲੇਟ ਵਿਲਿਅਮ ਦੀ ਮਲਕੀਅਤ ਹੈ ਜੋ ਕਿ ਸਾਡੀ ਜੱਦੀ ਜਾਇਦਾਦ ਹੈ। ਉਕਤ ਪ੍ਰਾਪਟੀ ਨੂੰ ਸਾਡੀ ਭਰਜਾਈ ਮੈਨਾ ਪਤਨੀ ਲੇਟ ਵਿਲਿਅਮ ਵੇਚਣਾ ਚਾਹੁੰਦੀ ਹੈ। ਮੈਂ ਆਮ ਜਨਤਾ ਨੂੰ ਸੂਚਿਤ ਕਰਦਾ ਹਾਂ ਕਿ ਉਕਤ ਪ੍ਰਾਪਟੀ ਦੀ ਖਰੀਦ ਨਾ ਕਰਨ। ਜੇਕਰ ਉਕਤ ਪ੍ਰਾਪਟੀ ਦੀ ਕੋਈ ਵਿਅਕਤੀ ਖਰੀਦ ਕਰਦਾ ਹੈ ਤਾਂ ਉਹ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ। 84377-58598. (ਆਰ)

## ਨਾਂਅ ਦੀ ਬਦਲੀ

ਮੈਂ ਦਨਵੀਰ ਸਿੰਘ ਅਰੋੜਾ ਪੁੱਤਰ ਹਰਭਜਨ ਸਿੰਘ ਅਰੋੜਾ ਵਾਸੀ ਚਵਿੰਡਾ ਦੇਵੀ ਤਹਿਸੀਲ ਮਜੀਠਾ ਜ਼ਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਕੇ ਦਨਵੀਰ ਸਿੰਘ ਅਰੋੜਾ ਤੋਂ ਦਨਵੀਰ ਸਿੰਘ ਰੱਖ ਲਿਆ ਹੈ ਸੰਬੰਧਤ ਨੋਟ ਕਰਨ।

ਮੈਂ ਹਰਭਜਨ ਸਿੰਘ ਅਰੋੜਾ ਪੁੱਤਰ ਜੈਰਾਮ ਸਿੰਘ ਵਾਸੀ ਚਵਿੰਡਾ ਦੇਵੀ ਤਹਿਸੀਲ ਮਜੀਠਾ ਜਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਬਦਲ ਕੇ ਹਰਭਜਨ ਸਿੰਘ ਅਰੋੜਾ ਤੋਂ ਹਰਭਜਨ ਸਿੰਘ ਰੱਖ ਲਿਆ ਹੈ ਸੰਬੰਧਤ ਨੋਟ ਕਰਨ।

ਮੈਂ, ਬਲਰਾਜ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਛਿਛਰੇਵਾਲ, ਤਹਿਸੀਲ ਅਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਪਹਿਲਾਂ ਮੇਰਾ ਨਾਂਅ ਬਾਜ ਸਿੰਘ ਸੀ ਅਤੇ ਹੁਣ ਮੈਂ ਆਪਣਾ ਨਾਂਅ ਬਦਲ ਕੇ ਬਲਰਾਜ ਸਿੰਘ ਕਰ ਲਿਆ ਹੈ। ਮੇਰਾ ਨਾਂਅ ਅੱਜ ਤੋਂ ਬਲਰਾਜ ਸਿੰਘ ਪੜ੍ਹਿਆ ਜਾਵੇ।

## Change of Name

I, Kulwinder Singh S/o Sulkhan Singh R/o V.P.O. Begowal, Tehsil Bholath (Kapurthala), Punjab Declare that my given name as Kulwinder and Surname as Singh. Please note.

I, Harjinder Kaur W/o Kulwinder Singh R/o V.P.O. Begowal, Tehsil Bholath (Kapurthala), Punjab declare that my given name as Harjinder and Surname as Kaur. Please note.


# ਮੋਟਰਸਾਈਕਲ ਦੀ ਟੱਕਰ ਵੱਜਣ 'ਤੇ ਵਿਅਕਤੀ ਦੀ ਮੌਤ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਸਦਰ ਗੁਰਦਾਸਪੁਰ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਿਨੋਦ ਪੁੱਤਰ ਲੇਟ ਭੂਸ਼ਨ ਕੁਮਾਰ ਵਾਸੀ ਡੱਡਵਾ ਥਾਣਾ ਧਾਰੀਵਾਲ ਨੇ ਦੱਸਿਆ ਕਿ ਮੇਰਾ ਪਿਤਾ ਲੇਟ ਭੂਸ਼ਨ ਕੁਮਾਰ ਵਾਸੀ ਡੱਡਵਾ ਥਾਣਾ ਧਾਰੀਵਾਲ ਜੋ ਮਹਿੰਦਰ ਏਜੰਸੀ ਵਿੱਚ ਸਫਾਈ ਸੇਵਕ ਦਾ ਕੰਮ ਕਰਦਾ ਸੀ ਕਿ ਉਹ ਏਜੰਸੀ ਤੋਂ ਛੁੱਟੀ ਹੋਣ 'ਤੇ ਆਪਣੇ ਸਾਈਕਲ 'ਤੇ ਸਵਾਰ ਹੋ ਕੇ ਘਰ ਨੂੰ ਜਾ ਰਿਹਾ ਸੀ ਕਿ ਜਦ ਉਹ ਆਪਣੇ ਹੱਥ ਹੋਣ ਲਈ ਸੜਕ ਕਰਾਸ ਕਰਨ ਲੱਗਾ ਤਾਂ ਗੁਰਦਾਸਪੁਰ ਸਾਈਡ ਵੱਲੋਂ ਯਕਦਮ ਤੇਜ਼ ਰਫਤਾਰ ਇੱਕ ਮੋਟਰਸਾਈਕਲ ਆਇਆ ਜਿਸ ਨੂੰ ਨਾ-ਮਾਲੂਮ ਵਿਅਕਤੀ ਚਲਾ ਰਿਹਾ ਸੀ ਜਿਸ ਨੇ ਆਪਣਾ ਮੋਟਰਸਾਈਕਲ ਪੀੜਤ ਦੇ ਪਿਤਾ ਦੇ ਸਾਈਕਲ ਵਿੱਚ ਮਾਰ ਦਿੱਤਾ ਜਿਸ ਨਾਲ ਉਹ ਸਿਰ ਭਾਰ ਜ਼ਮੀਨ 'ਤੇ ਡਿੱਗ ਗਿਆ ਜਿਸ ਨਾਲ ਉਸ ਦੇ ਸਿਰ ਵਿੱਚ ਸੱਟ ਲੱਗਣ ਕਰਕੇ ਉਸ ਦੀ ਮੌਤ ਹੋ ਗਈ ਹੈ।

# ਦੂਜੀ ਵਿਸ਼ਵ ਜੰਗ ਦੇ ਸੂਰਬੀਰ ਦੇ ਨਾਂਅ ਡਾਕ ਟਿਕਟ ਜਾਰੀ ਕਰਨ ਦੇ ਫੈਸਲੇ ਦਾ ਸਵਾਗਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)— ਨਿਹੰਗ ਸਿੰਘਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਬਰਤਾਨੀਆ ਸਰਕਾਰ ਵੱਲੋਂ ਦੂਜੀ ਵਿਸ਼ਵ ਜੰਗ ਵਿੱਚ ਹਿੱਸਾ ਲੈਣ ਵਾਲੇ ਸਿੱਖ ਸਰਦਾਰ ਮਹਿੰਦਰ ਸਿੰਘ ਪੂਜੀ ਬਾਰੇ ਡਾਕ ਟਿਕਟ ਜਾਰੀ ਕਰਨ ਸਬੰਧੀ ਲਏ ਫੈਸਲੇ ਦਾ ਭਰਵਾਂ ਸਵਾਗਤ ਕੀਤਾ ਹੈ।ਉਨ੍ਹਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਡਾਕ ਵਿਭਾਗ ਰੋਇਲ ਮੇਲ ਵੱਲੋਂ ਪਹਿਲੀ ਮਈ 2025 ਨੂੰ ਜੰਗ ਵਿਚ ਕਾਰਜਸ਼ੀਲ ਰਹੇ ਇਨ੍ਹਾਂ ਮਹਾਨ ਸੂਰਬੀਰਾਂ ਨੂੰ ਇਸ ਬਹਾਨੇ ਯਾਦ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਾਰੀ ਹੋਣ ਵਾਲੇ ਡਾਕ ਸੰਗ੍ਰਹਿ ਨੂੰ ਵੀਰਤਾ ਅਤੇ ਜਿੱਤ ਦੂਜੀ ਵਿਸ਼ਵ ਜੰਗ ਦੀਆਂ ਕਹਾਣੀਆਂ ਦਾ ਸਿਰਲੇਖ ਦਿੱਤਾ ਗਿਆ ਹੈ।ਉਨ੍ਹਾਂ ਮਹਿੰਦਰ ਸਿੰਘ ਪੂਜੀ ਸੰਬੰਧੀ ਬੋਲਦਿਆਂ ਕਿਹਾ ਕਿ ਸ. ਪੂਜੀ ਨੇ ਬਰਤਾਨੀਆ, ਉੱਤਰੀ ਅਫਰੀਕਾ, ਮੱਧ ਪੂਰਬ ਅਤੇ ਬਰਮਾ ਦੀ ਲੜਾਈ 'ਚ ਜਹਾਜ਼ ਉਡਾਏ ਅਤੇ ਭਾਰਤੀ ਪਾਇਲਟਾਂ 'ਚ ਇੱਕ ਦੁਰਲੱਭ ਪ੍ਰਾਪਤੀ ਕੀਤੀ।ਉਨ੍ਹਾਂ ਇਹ ਵੀ ਕਿਹਾ ਕਿ ਬਰਤਾਨੀਆ ਦੇ ਸਿੱਖ ਸਾਂਸਦ ਮੈਂਬਰ ਤਰਮਨਜੀਤ ਸਿੰਘ ਢੇਸੀ ਦੇ ਯਤਨਾਂ ਸਦਕਾ ਸ. ਮਹਿੰਦਰ ਸਿੰਘ ਪੂਜੀ ਦਾ ਥੇਮਸ ਨਦੀ ਕੰਢੇ ਚੜ੍ਹਦੀਕਲਾ ਵਾਲੇ ਦਸਤਾਰਧਾਰੀ ਸਿੰਘ ਦਾ ਬੁੱਤ ਲਗਾਇਆ ਗਿਆ ਹੈ ਜਿਸ ਲਈ ਉਹ ਵੀ ਵਿਸ਼ੇਸ਼ ਧੰਨਵਾਦ ਦੇ ਪਾਤਰ ਹਨ।


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

20 Apr Page-7.qxd 4/19/2025 11:14 PM Page 1



## ਮਜ਼ਦੂਰ ਦਿਵਸ 'ਤੇ ਪੰਜਾਬ ਦੇ ਐੱਨ ਪੀ ਐੱਸ ਕਰਮਚਾਰੀ ਕਰਨਗੇ ਦਿੱਲੀ ਕੂਚ




**ਜਲੰਧਰ (ਰਾਜੇਸ਼ ਥਾਪਾ)** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਜ਼ਿਲ੍ਹਾ ਜਲੰਧਰ ਦੇ ਕਨਵੀਨਰ ਵੇਦ ਰਾਜ ਅਤੇ ਕੋ ਕਨਵੀਨਰ ਦਿਲਬਾਗ ਸਿੰਘ ਨੇ ਕਿਹਾ ਕਿ 1 ਮਈ ਦੀ ਪੁਰਾਣੀ ਪੈਨਸ਼ਨ ਬਹਾਲੀ ਲਈ ਐਨਐਮਓਪੀਐਸ ਵਲੋਂ ਜੰਤਰ-ਮੰਤਰ ਤੇ ਕੀਤੀ ਜਾ ਰਹੀ ਰਾਸ਼ਟਰ ਵਿਆਪੀ ਰੋਸ ਰੈਲੀ ਵਿੱਚ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਡੱਟਵਾਂ ਸਮਰਥਨ ਵੀ ਕਰੇਗੀ ਤੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਵੀ ਕਰੇਗੀ। ਉਹਨਾਂ ਕਿਹਾ ਕਿ ਯੂ ਪੀ ਐਸ ਕੇਂਦਰ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਖੂਨ ਪਸੀਨੇ ਦੀ ਕਮਾਈ ਹੜੱਪਣ ਦੀ ਸਕੀਮ ਹੈ।ਇਸ ਸਕੀਮ ਨਾਲ ਮੁਲਾਜ਼ਮਾਂ ਦੀ ਸਮਾਜਿਕ ਸੁਰੱਖਿਆ ਯਕੀਨੀ ਨਹੀਂ ਹੁੰਦੀ ਸਗੋਂ ਉਸ ਦੇ ਪੈਸੇ ਰੱਖ ਕੇ ਉਸਦੀ ਜਮ੍ਹਾਂ ਰਕਮ ਤੇ ਹੀ ਵਿਆਜ ਨੂੰ ਪੈਨਸ਼ਨ ਦੇ ਰੂਪ ਵਿੱਚ ਪੇਸ਼ ਕਰ ਰਹੀ ਹੈ।ਉਹਨਾਂ ਸਵਾਲ ਇਹ ਹੈ ਕਿ ਜੇਕਰ ਇਹ ਸਕੀਮ ਬਹੁਤ ਵਧੀਆ ਹੈ ਤਾਂ ਵਿਧਾਇਕ ਅਤੇ ਸੰਸਦ ਇਸਨੂੰ ਆਪਣੇ ਤੇ ਕਿਉਂ ਨਹੀਂ ਲਾਗੂ ਕਰ ਰਹੇ ਇਹ ਸਿਰਫ ਸਰਕਾਰੀ ਕਰਮਚਾਰੀਆਂ ਲਈ ਹੀ ਕਿਉਂ ? ਸੂਬਾਈ ਆਗੂ ਕੁਲਦੀਪ ਵਾਲੀਆ ਨੇ ਕਿਹਾ ਕਿ ਯੂਪੀਐਸ ਦੇ ਮਾਰੂ ਪ੍ਰਭਾਵਾਂ ਨੂੰ ਦੇਖਦਿਆਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਦੇਸ਼ ਦੇ ਸਾਰੇ ਰਾਜਾਂ ਦੀ ਐਨਐਮਓਪੀਐਸ ਦੇ ਬੈਨਰ ਹੇਠ ਇੱਕ ਵਿਸ਼ਾਲ ਰਾਸ਼ਟਰੀ ਪੱਧਰ ਦੀ ਰੈਲੀ ਵਿੱਚ ਭਰਵੀਂ ਸ਼ਮੂਲੀਅਤ ਤੇ ਡੱਟਵੀਂ ਹਮਾਇਤ ਕਰਨ ਦਾ ਫੈਸਲਾ ਕੀਤਾ ਹੈ ਇਸ ਲਈ ਇਸ ਰੈਲੀ ਵਿੱਚ ਪੰਜਾਬ ਤੋਂ ਵੱਡੀ ਗਿਣਤੀ ਵਿੱਚ ਐਨਪੀਐਸ ਕਰਮਚਾਰੀ ਸ਼ਾਮਲ ਹੋ ਕੇ ਪੁਰਾਣੀ ਪੈਨਸ਼ਨ ਬਹਾਲੀ ਦੀ ਮੰਗ ਅਤੇ ਯੂਪੀਐਸ ਪੈਨਸ਼ਨ ਵਿਰੁੱਧ ਵਿਰੋਧ ਦਰਜ ਕਰਵਾਉਣਗੇ। ਕਿਉਂਕਿ ਪੁਰਾਣੀ ਪੈਨਸ਼ਨ ਪ੍ਰਣਾਲੀ ਬਦਲ ਨਹੀਂ ਬਣ ਸਕਦੀ ਅਤੇ ਨਾ ਹੀ ਸਮਾਜਿਕ ਸੁਰੱਖਿਆ ਯਕੀਨੀ ਬਣਾਉਂਦੀ ਹੈ। ਇਸ ਮੌਕੇ ਕਰਨੈਲ ਫਿਲੌਰ, ਪ੍ਰੇਮ ਖਲਵਾੜਾ, ਸੰਦੀਪ ਰਾਜੋਵਾਲ, ਕੁਲਵੰਤ ਕੁਮਾਰ, ਰਾਜੇਸ਼ ਭੱਟੀ, ਪ੍ਰਦੀਪ ਕੁਮਾਰ, ਅਮਰਜੀਤ ਭਗਤ, ਰਮਨ ਕੁਮਾਰ, ਰਵਿੰਦਰ ਕੁਮਾਰ, ਰਾਕੇਸ਼ ਠਾਕੁਰ, ਕਸਤੂਰੀ ਲਾਲ, ਅਨਿਲ ਸ਼ਰਮਾ ਆਦਿ ਹਾਜ਼ਰ ਸਨ।

## ਖੋਥੜਾਂ ਵਿਖੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਬੰਗਾ (ਅਵਤਾਰ ਕਲੇਰ)-** ਹਲਕਾ ਬੰਗਾ ਦੇ ਪਿੰਡ ਖੋਥੜਾਂ ਵਿਖੇ ਡਾ.ਭੀਮ ਰਾਓ ਅੰਬੇਡਕਰ ਦਾ 134ਵਾਂ ਜਨਮ ਦਿਹਾੜਾ ਸ੍ਰੀ ਗੁਰੂ ਰਵਿਦਾਸ ਧਰਮ ਅਸਥਾਨ ਪ੍ਰਬੰਧਕ ਕਮੇਟੀ (ਰਜਿ:) ਅਤੇ ਡਾ. ਬੀ.ਆਰ. ਅੰਬੇਡਕਰ ਸਪੋਰਟਸ ਐਂਡ ਵੈਲਫੇਅਰ ਕਲੱਬ (ਰਜਿ:) ਖੋਥੜਾਂ ਦੇ ਬੈਨਰ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ। ਡਾ.ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ, ਸਾਬਕਾ ਰਾਜ ਸਭਾ ਮੈਂਬਰ ਇਸ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰੋਗਰਾਮ ਦੀ ਸ਼ੁਰੂਆਤ ਬੱਚਿਆਂ ਵੱਲੋਂ ਮਿਸ਼ਨਰੀ ਗੀਤਾਂ ਰਾਹੀਂ ਕੀਤੀ ਗਈ। ਡਾ. ਕਰੀਮਪੁਰੀ ਅਤੇ ਪ੍ਰਵੀਨ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਡਾ.ਅੰਬੇਡਕਰ ਦੇ ਜੀਵਨ ਸੰਘਰਸ਼ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਨੇ ਜਾਤ ਪਾਤ ਨੂੰ ਖ਼ਤਮ ਕਰਨ ਲਈ ਸੰਵਿਧਾਨ ਰਾਹੀਂ ਸਖ਼ਤ ਕਾਨੂੰਨ ਬਣਾਏ ਤੇ ਮਨੂਵਾਦੀ ਸਿਸਟਮ ਦੀਆਂ ਜੜ੍ਹਾਂ ਪੁੱਟ ਦਿੱਤੀਆਂ। ਅੱਜ ਵਿਦੇਸ਼ਾਂ ਵਿੱਚ ਬੈਠੇ ਕੁਝ ਕੁ ਸ਼ਰਾਰਤੀ ਅਨਸਰਾਂ ਵੱਲੋਂ ਨੌਜਵਾਨਾਂ ਨੂੰ ਭੜਕਾ ਕੇ ਬਾਬਾ ਸਾਹਿਬ ਦੇ ਬੁੱਤਾਂ ਨੂੰ ਤੁੜਵਾਉਣ ਲਈ ਲਾਲਚ ਦਿੱਤਾ ਜਾ ਰਿਹਾ ਹੈ। ਸਭ ਆਪਸੀ ਸਮਾਜਿਕ ਭਾਈਚਾਰਕ ਸਾਂਝ ਨੂੰ ਤੋੜਨ ਲਈ ਇੱਕ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਹੈ। ਸਾਨੂੰ ਇਸ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਅਜਿਹੀਆਂ ਸਾਜ਼ਿਸ਼ਾਂ ਨੂੰ ਰੋਕਣਾ ਚਾਹੀਦਾ ਹੈ। ਇਸ ਮੌਕੇ ਸਟੇਜ ਸਕੱਤਰ ਦੀ ਭੂਮਿਕਾ ਸਾਬਕਾ ਸਰਪੰਚ ਕਮਲਜੀਤ ਨੇ ਨਿਭਾਈ। ਉਪਰੰਤ ਪ੍ਰਭਾਤੀ ਕਲਾ ਕੇਂਦਰ ਜਲਾਲਾਬਾਦ ਦੀ ਟੀਮ ਵੱਲੋਂ ਕੋਰੀਓਗ੍ਰਾਫੀ ਰਾਹੀਂ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਨੂੰ ਬਾਖੂਬੀ ਪੇਸ਼ ਕੀਤਾ। ਇਸ ਮੌਕੇ ਅਸ਼ੋਕ ਕੁਮਾਰ ਸਾਬਕਾ ਸਰਪੰਚ, ਡਾ.ਮੋਹਣ ਲਾਲ ਬੰਧਣ, ਅਸ਼ੋਕ ਸੰਧੂ, ਸੋਮ ਨਾਥ, ਚਾਂਦੀ ਰਾਮ, ਰਾਮ ਲਾਲ, ਸਤਪਾਲ, ਬਲਜੀਤ, ਮਹਿੰਦਰ ਪਾਲ, ਵਰਿੰਦਰ, ਨਰਿੰਦਰ, ਮਲਕੀਤ ਮੰਢਾਲੀ, ਚਰਨਜੀਤ ਮੰਢਾਲੀ, ਗੁਰਦੇਵ ਕੌਰ, ਜਸਵਿੰਦਰ ਕੌਰ ਸਾਬਕਾ ਸਰਪੰਚ, ਗੁਰਪ੍ਰੀਤ ਕੌਰ, ਨਿਰਮਲ ਕੌਰ ਪੰਚ, ਬਲਵੀਰ ਕੌਰ, ਸੌਰਵ ਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

## ਵਿਦਿਆਰਥੀਆਂ ਦੀਆਂ ਰਜਿਸਟਰੇਸ਼ਨ ਤੇ ਸਰਟੀਫਿਕੇਟ ਫੀਸਾਂ 'ਚ ਵਾਧਾ ਨਿੰਦਣਯੋਗ : ਡੀ ਟੀ ਐੱਫ

**ਮੋਹਾਲੀ (ਗੁਰਜੀਤ ਬਿੱਲਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੂਲਾਂ ਅੰਦਰ ਪੜ੍ਹਦੇ ਵਿਦਿਆਰਥੀਆਂ ਦੀਆਂ ਰਜਿਸਟਰੇਸ਼ਨ ਫੀਸਾਂ ਅਤੇ ਸਰਟੀਫਿਕੇਟ ਫੀਸਾਂ ਵਿੱਚ 25 ਤੋਂ 30 ਪ੍ਰਤੀਸ਼ਤ ਤੱਕ ਵਾਧਾ ਕੀਤਾ ਹੈ ਜਿਸ ਕਾਰਣ ਗਰੀਬ ਵਿਦਿਆਰਥੀਆਂ ਦੇ ਮਾਪਿਆਂ ਦੀ ਜੇਬ ਉੱਪਰ ਬੋਝ ਪਵੇਗਾ।ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਦਿੱਤੀ ਜਾਣ ਵਾਲੀ ਆਰਥਿਕ ਮਦਦ ਜੋ ਪਿਛਲੇ ਲੰਮੇ ਸਮੇਂ ਤੋਂ ਨਹੀਂ ਦਿੱਤੀ ਜਾ ਰਹੀ ਹੈ ਜਿਸ ਕਾਰਣ ਸਿੱਖਿਆ ਬੋਰਡ ਕਰਜ਼ੇ ਦੀ ਮਾਰ ਹੇਠ ਚਲ ਰਿਹਾ ਹੈ।ਪੰਜਾਬ ਸਰਕਾਰ ਇੱਕ ਪਾਸੇ ਪੰਜਾਬ ਦੇ ਸਕੂਲਾਂ ਵਿੱਚ ਉਦਘਾਟਨੀ ਮੁਹਿੰਮ ਚਲਾ ਕੇ ਸਿੱਖਿਆ ਕ੍ਰਾਂਤੀ ਦਾ ਢਿੰਡੋਰਾ ਪਿੱਟ ਰਹੀ ਹੈ ਦੂਸਰੇ ਪਾਸੇ ਸਿੱਖਿਆ ਬੋਰਡ ਰਾਹੀਂ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਵਾਧਾ ਕਰਕੇ ਸਿੱਖਿਆ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਰਹੀ ਹੈ।ਇਸ ਸਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਸਿੰਘ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਪਿਛਲੇ ਲੰਬੇ ਸਮੇਂ ਤੋਂ ਬਣਦੀਆਂ ਗਰਾਂਟਾਂ ਨਾ ਦੇਣ ਕਾਰਨ ਬੋਰਡ ਵੱਲੋਂ ਆਪਣੇ ਘਾਟੇ ਨੂੰ ਪੂਰਾ ਕਰਨ ਦੀ ਕਰਨ ਲਈ ਪੰਜਾਬ ਦੇ ਵਿਦਿਆਰਥੀਆਂ ਖਾਸ ਕਰ ਮਾਪਿਆਂ ਉੱਪਰ ਸਲਾਨਾ/ ਅਨੁਪੂਰਕ ਪ੍ਰੀਖਿਆ ਫੀਸਾਂ, ਰਜਿਸਟਰੇਸ਼ਨ ਅਤੇ ਸਰਟੀਫਿਕੇਟ ਫੀਸਾਂ ਵਿੱਚ ਵਾਧਾ ਕਰਕੇ ਆਪਣਾ ਸਿੱਖਿਆ ਵਿਰੋਧੀ ਚਿਹਰਾ ਨੰਗਾ ਕੀਤਾ ਹੈ।ਆਗੂਆਂ ਨੇ ਦੱਸਿਆ ਕਿ ਪਿਛਲੇ ਸਾਲ ਵੀ ਬੋਰਡ ਵੱਲੋਂ ਲਈਆਂ ਜਾਂਦੀਆਂ ਫੀਸਾਂ ਵਿੱਚ ਵਾਧਾ ਕੀਤਾ ਗਿਆ ਸੀ ਜਿਸ ਦੇ ਖਿਲਾਫ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਵੱਲੋਂ ਤਿੰਨ ਅਕਤੂਬਰ 2023 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅੱਗੇ ਇਸ ਵਾਧੇ ਦੇ ਖ਼ਿਲਾਫ਼ ਜ਼ੋਰਦਾਰ ਪ੍ਰਦਰਸ਼ਨ ਕੀਤਾ ਸੀ।ਐਤਕੀਂ ਜਮਾਤ ਦੇ ਵਿਦਿਆਰਥੀਆਂ ਨੂੰ ਲਾਈ ਗਈ ਰਜਿਸਟ੍ਰੇਸ਼ਨ ਫੀਸ 200 ਰੁਪਏ ਤੋਂ ਵਧਾ ਕੇ 250 ਰੁਪਏ ਕਰ ਦਿੱਤੀ ਹੈ ਅਤੇ ਨਾਲ ਹੀ ਆਪਸ਼ਨਲ ਸਰਟੀਫਿਕੇਟ ਫੀਸ 200 ਤੋਂ 220 ਰੁਪਏ ਕਰ ਦਿੱਤੀ ਗਈ ਹੈ।ਇਸੇ ਤਰ੍ਹਾਂ ਨੌਵੀਂ ਕਲਾਸ ਦੀ ਰਜਿਸਟਰੇਸ਼ਨ ਫੀਸ 200 ਤੋਂ 250 ਰੁਪਏ, ਦੂਜੇ ਬੋਰਡਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੀ ਫੀਸ 1000 ਤੋਂ 1100 ਰੁਪਏ, ਦਸਵੀਂ ਦੀ ਕੰਟੀਨਿਊਏਸ਼ਨ ਫੀਸ 150 ਰੁਪਏ ਤੋਂ 200 ਰੁਪਏ, ਪ੍ਰੀਖਿਆ ਫੀਸ 1300 ਤੋਂ 1500 ਰੁਪਏ, ਰੀ-ਅਪੀਅਰ ਫੀਸ 1150 ਤੋਂ 1200, ਸਰਟੀਫਿਕੇਟ ਫੀਸ 200 ਤੋਂ 220 ਰੁਪਏ, ਗਿਆਰ੍ਹਵੀਂ ਕਲਾਸ ਦੀ ਰਜਿਸਟਰੇਸ਼ਨ ਫੀਸ 200 ਤੋਂ 250 ਰੁਪਏ, ਬਾਰਵੀਂ ਕਲਾਸ ਦੀ ਰਜਿਸਟਰੇਸ਼ਨ ਫੀਸ 150 ਤੋਂ 200 ਰੁਪਏ, ਪ੍ਰੀਖਿਆ ਫੀਸ 1800 ਤੋਂ 1900 ਰੁਪਏ ਅਤੇ ਸਰਟੀਫਿਕੇਟ ਫੀਸ 250 ਤੋਂ 270 ਕਰਕੇ ਵਿਦਿਆਰਥੀਆਂ 'ਤੇ ਵਿੱਤੀ ਬੋਝ ਵਧਾ ਦਿੱਤਾ ਗਿਆ ਹੈ। ਆਗੂਆਂ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਸਿੱਖਿਆ ਬੋਰਡ ਦੇ ਬਣਦੇ ਭੁਗਤਾਨ ਤੁਰੰਤ ਕਰੇ ਅਤੇ ਵਿਦਿਆਰਥੀਆਂ 'ਤੇ ਪਾਏ ਜਾ ਰਹੇ ਵਿੱਤੀ ਬੋਝ ਵਾਪਸ ਲਵੇ।

## ਸ਼੍ਰੋਮਣੀ ਕਮੇਟੀ ਦੇ ਸਮੂਹ ਸਕੂਲਾਂ ਦਾ ਗੁਰਮਤਿ ਟ੍ਰੇਨਿੰਗ ਸਮਰ ਕੈਂਪ ਸ਼ੁਰੂ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਟ੍ਰੇਨਿੰਗ ਸਮਰ ਕੈਂਪ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ। ਸਕੂਲ ਦੇ ਪ੍ਰਿੰਸੀਪਲ ਸਤਨਾਮ ਸਿੰਘ ਨੇ ਦੱਸਿਆ ਕਿ ਇਹ ਕੈਂਪ ਹਰ ਸਾਲ ਐਮ.ਐਮ.ਏ ਲਾਇਨਜ਼ ਕਲੱਬ ਬਰਮਿੰਘਮ ਵੱਲੋਂ ਕਰਵਾਇਆ ਜਾਂਦਾ ਹੈ ਜਿਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ 52 ਸਕੂਲਾਂ ਦੇ ਵਿਦਿਆਰਥੀਆਂ ਸ਼ਿਰਕਤ ਕਰਨ ਲਈ ਪਹੁੰਚਦੇ ਹਨ। ਕੈਂਪ ਦੇ ਪਹਿਲੇ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਨੇ ਅਰਦਾਸ ਕਰਕੇ ਸਮਾਗਮਾਂ ਦੀ ਸ਼ੁਰੂਆਤ ਕੀਤੀ ਜਿਸ ਤੋਂ ਬਾਅਦ ਕੈਂਪ ਵਿੱਚ ਗੁਰਮਤਿ ਸਮਾਗਮ ਕਰਵਾਏ ਗਏ ਅਤੇ ਬੱਚਿਆਂ ਲਈ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਦੇ ਵਿਸ਼ੇਸ਼ ਸੈਮੀਨਾਰ ਕਰਵਾਏ ਗਏ। ਕੈਂਪ ਦੇ ਪਹਿਲੇ ਦਿਨ ਸ਼੍ਰੋਮਣੀ ਕਮੇਟੀ ਮੈਂਬਰ ਗੁਰਮੀਤ ਸਿੰਘ ਬੂਹ ਅਤੇ ਬੀਬੀ ਸਤਵੰਤ ਕੌਰ ਅਸਿਸਟੈਂਟ ਡਾਇਰੈਕਟਰ ਵਿੱਦਿਆ ਵਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਚਾਵਲਾ ਅਤੇ ਦਲਜੀਤ ਸਿੰਘ ਭਿੰਡਰ ਨੇ ਦੱਸਿਆ ਕਿ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਇਸ ਮੌਕੇ ਐਮ.ਐਮ.ਏ ਲਾਇਨਜ਼ ਕਲੱਬ ਦੇ ਮੁੱਖ ਪ੍ਰਬੰਧਕ ਸਤਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਐਡੀ.ਮੈਨੇਜਰ ਹਰਦੇਵ ਸਿੰਘ, ਪ੍ਰਿੰਸੀਪਲ ਹਰਪ੍ਰੀਤ ਕੌਰ, ਪ੍ਰਿੰਸੀਪਲ ਰਾਜਵਿੰਦਰ ਕੌਰ, ਪ੍ਰਿੰਸੀਪਲ ਦਲਵਿੰਦਰ ਕੌਰ, ਪ੍ਰਿੰਸੀਪਲ ਨਵਲੀਨ ਕੌਰ, ਪ੍ਰਿੰਸੀਪਲ ਜਸਵਿੰਦਰ ਸਿੰਘ, ਪ੍ਰਿੰਸੀਪਲ ਤਰਨਜੀਤ ਸਿੰਘ, ਪ੍ਰਿੰਸੀਪਲ ਗੁਰਸਰਨ ਸਿੰਘ, ਪ੍ਰਿੰਸੀਪਲ ਗੁਰਮੀਤ ਸਿੰਘ, ਪ੍ਰਿੰਸੀਪਲ ਮਨਪ੍ਰੀਤ ਕੌਰ, ਪ੍ਰਿੰਸੀਪਲ ਭੁਪਿੰਦਰ ਪਾਲ ਕੌਰ ਤੇ ਸਮੂਹ ਸਕੂਲਾਂ ਦੇ ਅਧਿਆਪਕ ਮੌਜੂਦ ਸਨ।

## ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ ਸਥਾਪਨਾ ਦਿਵਸ ਮਨਾਇਆ




**ਬੰਗਾ (ਅਵਤਾਰ ਕਲੇਰ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦਾ 41ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਹਸਪਤਾਲ ਦੇ ਵਿਹੜੇ ਕਰਵਾਏ ਗਏ ਸਮਾਗਮ ਦੌਰਾਨ ਇਸ ਵਲੋਂ 41 ਸਾਲ 'ਚ ਨਿਭਾਈਆਂ ਗਈਆਂ ਸਮਰਪਿਤ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਬੁਲਾਰਿਆਂ ਨੇ ਇਸ ਸਥਾਪਤੀ ਲਈ ਇਸ ਦੇ ਬਾਨੀ ਬਾਬਾ ਬੁੱਧ ਸਿੰਘ ਢਾਹਾਂ ਦੀ ਘਾਲਣਾ, ਦਾਨੀਆਂ, ਸਹਿਯੋਗੀਆਂ ਅਤੇ ਟਰੱਸਟ ਮੈਂਬਰਾਂ ਦੇ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ। ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਹਾਜ਼ਰੀਨ ਦਾ ਨਿੱਘਾ ਸਵਾਗਤ ਕੀਤਾ। ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਦੇ ਪ੍ਰਧਾਨ ਲਖਵਿੰਦਰ ਸਿੰਘ ਕਾਹਨੇ ਕੇ ਨੇ ਢਾਹਾਂ ਕਲੇਰਾਂ ਵਿਖੇ ਸਥਾਪਿਤ ਇਸ ਸਮਾਜ ਸੇਵੀ ਸਤੰਭ ਲਈ ਇਸ ਦੇ ਸੰਸਥਾਪਕਾਂ ਅਤੇ ਸੰਚਾਲਕਾਂ ਨੂੰ ਸਾਂਝੇ ਰੂਪ ਮੁਬਾਰਕਬਾਦ ਕਹੀ। ਇਸ ਮੌਕੇ ਫਾਊਂਡੇਸ਼ਨ ਦੇ ਜਨਰਲ ਸਕੱਤਰ ਗਿਆਨੀ ਜਸਵਿੰਦਰ ਸਿੰਘ ਬਡਰੁੱਖਾਂ ਨੇ ਵੀ ਵਿਚਾਰ ਪੇਸ਼ ਕੀਤੇ। ਸਮਾਗਮ ਦੇ ਚੱਲਦਿਆਂ ਸਾਬਕਾ ਕੇਂਦਰੀ ਮੰਤਰੀ ਪ੍ਰੋ. ਬਲਵੰਤ ਸਿੰਘ ਰਾਮੂਵਾਲੀਆ ਨੇ ਵੀ ਮੋਬਾਈਲ ਰਾਹੀਂ ਵਧਾਈ ਦਿੱਤੀ। ਸਮਾਗਮ ਦੌਰਾਨ ਉਕਤ ਹਸਪਤਾਲ ਤੋਂ ਇਲਾਵਾ ਢਾਹਾਂ ਕਲੇਰਾਂ ਵਿਖੇ ਹੀ ਸਥਾਪਿਤ ਗੁਰੂ ਨਾਨਕ ਕਾਲਜ ਆਫ਼ ਨਰਸਿੰਗ, ਗੁਰੂ ਨਾਨਕ ਮਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਗੁਰੂ ਨਾਨਕ ਪੈਰਾ ਮੈਡੀਕਲ ਕਾਲਜ ਦੇ ਕਰਮਚਾਰੀਆਂ ਅਤੇ ਵਿਦਿਆਰਥੀਆਂ ਵਲੋਂ ਵੱਖ ਵੱਖ ਵੰਨਗੀਆਂ ਦੀਆਂ ਪੇਸ਼ਕਾਰੀਆਂ ਰਾਹੀਂ ਪ੍ਰੇਰਕ ਪੇਸ਼ਕਾਰੀਆਂ ਕੀਤੀਆਂ। ਸਮੂਹ ਪ੍ਰਤੀਯੋਗੀਆਂ ਨੂੰ ਟਰੱਸਟ ਵਲੋਂ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਨ ਮੈਡਮ ਰਮਨਦੀਪ ਕੌਰ ਨੇ ਬਾਖੂਬੀ ਨਿਭਾਇਆ । ਇਸ ਮੌਕੇ ਟਰੱਸਟ ਦੇ ਨੁਮਾਇੰਦੇ ਅਮਰਜੀਤ ਸਿੰਘ ਕਲੇਰਾਂ, ਜਗਜੀਤ ਸਿੰਘ ਸੋਢੀ, ਬਲਵਿੰਦਰ ਕੌਰ ਕਲਸੀ, ਮਲਕੀਅਤ ਸਿੰਘ ਬਾਹੜੋਵਾਲ ਸਾਬਕਾ ਪ੍ਰਧਾਨ, ਸੀਤਲ ਸਿੰਘ ਸਿੱਧੂ, ਸਤਨਾਮ ਸਿੰਘ ਲਾਦੀਆਂ, ਪ੍ਰੋ. ਹਰਬੰਸ ਸਿੰਘ ਬੋਲੀਨਾ, ਸਾਬਕਾ ਸਰਪੰਚ ਗੁਰਦੀਪ ਸਿੰਘ, ਕਿਰਪਾਲ ਸਿੰਘ ਬਲਾਕੀਪੁਰ, ਲਖਵਿੰਦਰ ਸਿੰਘ ਕੱਤਰੀ, ਦਰਬਾਰਾ ਸਿੰਘ ਧੌਲਾ, ਡਾ. ਜਸਦੀਪ ਸਿੰਘ ਸੈਣੀ, ਡਾ ਬਲਵਿੰਦਰ ਸਿੰਘ, ਦਵਿੰਦਰ ਕੌਰ, ਮਹਿੰਦਰਪਾਲ ਸਿੰਘ, ਪ੍ਰਿੰਸੀਪਲ ਮੈਡਮ ਵਨੀਤਾ ਚੋਟ, ਪ੍ਰਿੰਸੀਪਲ ਡਾ. ਸੁਰਿੰਦਰ ਜਸਪਾਲ, ਪ੍ਰਿੰਸੀਪਲ ਰਾਜਦੀਪ ਥਿਥਵਾਰ, ਡਾ. ਗੁਰਤੇਜ ਸਿੰਘ ਸਿੱਧੂ, ਸੁਰਜੀਤ ਮਜਾਰੀ, ਜੋਤੀ ਭਾਟੀਆ, ਗੁਰਪ੍ਰੀਤ ਕੌਰ, ਰਮਨ ਕੁਮਾਰ, ਭਾਈ ਜੋਗਾ ਸਿੰਘ, ਜਥੇਦਾਰ ਤਰਲੋਕ ਸਿੰਘ ਫਲੋਰਾ ਆਦਿ ਸ਼ਾਮਲ ਸਨ।

## ਚੋਰੀਸ਼ੁਦਾ ਦੋ ਐਕਟਿਵਾ ਤੇ ਦੋ ਮੋਟਰਸਾਈਕਲ ਸਮੇਤ ਦੋ ਕਾਬੂ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਪੁਲਸ ਚੌਂਕੀ ਕਿਸ਼ਨਗੜ੍ਹ ਦੇ ਮੁਲਾਜ਼ਮਾਂ ਨੇ ਦੋ ਨੌਜਵਾਨਾਂ ਨੂੰ ਦੋ ਚੋਰੀ ਦੀਆਂ ਐਕਟਿਵਾ ਅਤੇ ਦੋ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ।



ਚੌਂਕੀ ਦੇ ਇੰਚਾਰਜ ਏਐਸਆਈ ਬਲਵੀਰ ਸਿੰਘ ਬੁੱਟਰ ਨੇ ਦੱਸਿਆ ਕਿ ਉਹਨਾਂ ਨੇ ਪੁਲਸ ਪਾਰਟੀ ਸਮੇਤ ਕਿਸ਼ਨਗੜ੍ਹ-ਕਰਤਾਰਪੁਰ ਰੋਡ 'ਤੇ ਕਿਸ਼ਨਗੜ੍ਹ ਪੈਂਦੀ ਨਹਿਰੀ ਪੁਲੀ 'ਤੇ ਨਾਕਾ ਲਗਾਇਆ ਹੋਇਆ ਸੀ। ਨਾਕੇ ਦੌਰਾਨ ਕਿਸੇ ਖਾਸ ਮੁਖਬਰ ਦੀ ਇਤਲਾਹ 'ਤੇ ਪਤਾ ਚੱਲਿਆ ਕਿ ਦੋ ਨੌਜਵਾਨ ਚੋਰੀ ਦੇ ਮੋਟਰਸਾਈਕਲ 'ਤੇ ਕਿਸ਼ਨਗੜ੍ਹ ਭੱਠੇ ਕੋਲ ਘੁੰਮ ਰਹੇ ਹਨ। ਪੁਲਸ ਮੁਲਾਜ਼ਮਾਂ ਨੇ ਮੌਕੇ ਤੇ ਜਾ ਕੇ ਦੋ ਨੌਜਵਾਨਾਂ ਨੂੰ ਕਾਬੂ ਕੀਤਾ! ਪੁੱਛ ਪੜਤਾਲ ਦੌਰਾਨ ਉਹਨਾਂ ਨੌਜਵਾਨਾਂ ਨੇ ਦੋ ਐਕਟਿਵਾ ਅਤੇ ਦੋ ਮੋਟਰਸਾਈਕਲ ਚੋਰੀ ਕਰਨ ਦੀ ਗੱਲ ਮੰਨੀ। ਜੋ ਉਨਾਂ ਨੇ ਵੱਖ-ਵੱਖ ਜਗ੍ਹਾ ਤੋਂ ਚੋਰੀ ਕੀਤੇ ਸਨ। ਕਾਬੂ ਕੀਤੇ ਨੌਜਵਾਨਾਂ ਦਾ ਨਾਂਅ ਕੁਲਦੀਪ ਕੁਮਾਰ ਪੁੱਤਰ ਸਤਨਾਮ ਵਾਸੀ ਪਿੰਡ ਨੌਗੱਜਾ ਥਾਣਾ ਕਰਤਾਰਪੁਰ ਅਤੇ ਵਰਿੰਦਰ ਕੁਮਾਰ ਪੁੱਤਰ ਚੰਦਰ ਭਾਨ ਵਾਸੀ ਮੁਹੱਲਾ ਕੌਲਸਰ ਕਰਤਾਰਪੁਰ ਦੇ ਰੂਪ ਵਿੱਚ ਹੋਈ ਹੈ। ਚੌਂਕੀ ਇੰਚਾਰਜ ਨੇ ਅੱਗੇ ਦੱਸਿਆ ਕਿ ਕਾਬੂ ਕੀਤੇ ਨੌਜਵਾਨਾਂ ਨੇ ਹਾਲ ਹੀ ਵਿੱਚ ਇੱਕ ਕਿਸ਼ਨਗੜ੍ਹ ਤੋਂ ਸਪਲੈਂਡਰ ਮੋਟਰਸਾਈਕਲ ਚੋਰੀ ਕੀਤਾ ਸੀ ਜੋ ਵੀ ਬਰਾਮਦ ਕਰ ਲਿਆ ਗਿਆ ਹੈ। ਨੌਜਵਾਨਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਗਿਆ ਹੈ।

## ਸੀ.ਟੀ. ਗਰੁੱਪ ਦੇ ਵਿਦਿਆਰਥੀਆਂ ਨੇ ਲਿਮਕਾ ਬੁੱਕ ਰਿਕਾਰਡ ਬਣਾਉਣ ਦੀ ਕੀਤੀ ਕੋਸ਼ਿਸ਼

**ਜਲੰਧਰ (ਸ਼ੈਲੀ ਐਲਬਰਟ)-** ਸ਼ਾਹਪੁਰ ਕੈਂਪਸ ਵਿਖੇ ਸੀ.ਟੀ. ਇੰਸਟੀਚਿਊਟ ਆਫ਼ ਹੋਸਪਿਟੈਲਿਟੀ ਮੈਨੇਜਮੈਂਟ (ਸੀ.ਟੀ.ਆਈ.ਐਚ.ਐਮ) ਦੇ ਵਿਦਿਆਰਥੀਆਂ ਨੇ ਗਰਮਜੋਸ਼ੀ ਅਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕਰਦੇ ਹੋਏ ਲਿਮਕਾ ਬੁੱਕ ਆਫ਼ ਰਿਕਾਰਡਸ ਵਿੱਚ ਦਾਖਲਾ ਪਾਉਣ ਦੀ ਕੋਸ਼ਿਸ਼ ਕੀਤੀ ।



ਇਸ ਵਿੱਚ ਉਹਨਾਂ ਨੇ 152 ਵੱਖ-ਵੱਖ ਤਰੀਕਿਆਂ ਨਾਲ ਨੈਪਕਿਨ ਫੋਲਡ ਕਰਕੇ ਹੋਸਪਿਟੈਲਿਟੀ ਉਦਯੋਗ ਵਿੱਚ ਮਹੱਤਵਪੂਰਨ ਹੁਨਰ ਦਾ ਪ੍ਰਦਰਸ਼ਨ ਕੀਤਾ । ਇਹ ਇਵੈਂਟ ਤਿੰਨ ਮਹੀਨਿਆਂ ਦੀ ਮੇਹਨਤ ਅਤੇ ਅਭਿਆਸ ਦਾ ਨਤੀਜਾ ਸੀ। ਹੋਟਲ ਮੈਨੇਜਮੈਂਟ ਦੇ ਵਿਦਿਆਰਥੀਆਂ ਨੇ ਵੱਖ-ਵੱਖ ਨੈਪਕਿਨ ਫੋਲਡਿੰਗ ਤਕਨੀਕਾਂ ਸਿੱਖੀਆਂ ਅਤੇ ਹਰ ਡਿਜ਼ਾਇਨ ਨੂੰ ਵਿਲੱਖਣ ਬਣਾਇਆ। 76 ਵਿਦਿਆਰਥੀਆਂ ਨੇ ਇਸ ਰਿਕਾਰਡ ਕੋਸ਼ਿਸ਼ ਵਿੱਚ ਹਿੱਸਾ ਲਿਆ ਅਤੇ ਸਿਰਫ਼ 3 ਮਿੰਟ 4 ਸਕਿੰਟ ਵਿੱਚ ਸਾਰੇ 152 ਨੈਪਕਿਨ ਫੋਲਡ ਕਰਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਵਿੱਚ ਟੀਮ ਵਰਕ, ਸਮੇਂ ਦੀ ਪਾਬੰਦੀ ਅਤੇ ਸਹਿਯੋਗ ਦੀ ਭਾਵਨਾ ਸਾਫ਼ ਦਿਖਾਈ ਦਿੱਤੀ । ਇਸ ਮੌਕੇ ਉੱਪਰ ਸਿੱਖਿਆ ਅਤੇ ਹੋਸਪਿਟੈਲਿਟੀ ਖੇਤਰ ਦੇ ਮਹਿਮਾਨਾਂ ਨੇ ਵੀ ਸ਼ਿਰਕਤ ਕੀਤੀ। ਸੀ.ਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਵਿਦਿਆਰਥੀਆਂ ਅਤੇ ਸਟਾਫ ਦੀ ਮਿਹਨਤ ਦੀ ਸ਼ਲਾਘਾ ਕੀਤੀ।।ਇਸ ਮੌਕੇ ਸੀ.ਟੀ.ਆਈ.ਐਚ.ਐਮ ਦੇ ਪ੍ਰਿੰਸੀਪਲ (ਇੰਚਾਰਜ) ਦਿਵੋਯ ਛਾਬੜਾ, ਵਿਭਾਗ ਮੁਖੀ ਮਹੇਸ਼ ਖਦਵਾਲ ਅਤੇ ਅਸਿਸਟੈਂਟ ਪ੍ਰੋਫੈਸਰ ਅਰਜ਼ੂ ਰਾਏ ਅਤੇ ਸ਼ਿਵਾਂਗੀ ਲੁਥਰਾ ਵੀ ਮੌਜੂਦ ਸਨ, ਜਿਨ੍ਹਾਂ ਦੇ ਮਾਰਗਦਰਸ਼ਨ ਨੇ ਇਸ ਪਹਿਲ ਨੂੰ ਸਫਲ ਬਣਾਇਆ।

## ਅਨਮੋਲ ਧਾਲੀਵਾਲ ਵੱਲੋਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ ਨਾਲ ਮੀਟਿੰਗ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਅਨਮੋਲ ਸਿੰਘ ਧਾਲੀਵਾਲ ਵੱਲੋਂ ਨਗਰ ਕੌਂਸਲਾਂ ਦੇ ਕਾਰਜ ਸਾਧਕ ਅਫ਼ਸਰਾਂ, ਮਿਉਂਸਪਲ ਇੰਜੀਨਅਰਾਂ, ਸੀਵਰੇਜ ਤੇ ਜਲ ਸਪਲਾਈ ਬੋਰਡ, ਡ੍ਰੇਨੇਜ ਅਧਿਕਾਰੀਆਂ ਤੇ ਸਹਾਇਕ ਟਾਊਨ ਪਲਾਨਰਾਂ ਨਾਲ ਮੀਟਿੰਗ ਕੀਤੀ।ਮੀਟਿੰਗ ਦੌਰਾਨ ਲੰਬਿਤ ਸ਼ਿਕਾਇਤਾਂ, ਈ-ਨਕਸ਼ਾ ਪੋਰਟਲ ਮਾਮਲਿਆਂ, ਕੋਰਟ ਕੇਸਾਂ ਦੇ ਸਮੇਂ ਸਿਰ ਨਿਪਟਾਰੇ, ਸੀਵਰੇਜ਼/ ਐਸ.ਟੀ.ਪੀ., ਲਾਇਬਰੇਰੀ, ਸਵੱਛ ਭਾਰਤ ਮਿਸ਼ਨ, ਪ੍ਰਮੋਟਰਾਂ/ ਬਿਲਡਰਾਂ ਨਾਲ ਸੰਬੰਧਤ ਸ਼ਿਕਾਇਤਾਂ, ਪੀ ਐਮ.ਏ.ਵਾਈ. ਦਾ ਜਾਇਜ਼ਾ ਲੈਂਦੇ ਹੋਏ, ਏ ਡੀ ਸੀ ਅਨਮੋਲ ਧਾਲੀਵਾਲ ਨੇ ਇਨ੍ਹਾਂ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਹਰ ਸਥਾਨਕ ਸ਼ਹਿਰੀ ਸੰਸਥਾ ਆਪੋ ਆਪਣੇ ਸ਼ਹਿਰ ਦੇ ਲੋਕਾਂ ਦੀ ਸਹੂਲਤ ਲਈ ਕੰਮ ਕਰੇ। ਉਨ੍ਹਾਂ ਨੇ ਪੈਡਿੰਗ ਸ਼ਿਕਾਇਤਾਂ ਦੇ ਨਿਪਟਾਰੇ ਸਬੰਧੀ ਜਾਇਜ਼ਾ ਲੈਂਦੇ ਹੋਏ ਸਹਾਇਕ ਮਿਉਂਸਪਲ ਇੰਜੀਨੀਅਰਾਂ ਨੂੰ ਕਿਹਾ ਕਿ ਉਹ ਆਪਣੀ-ਆਪਣੀ ਨਗਰ ਕੌਂਸਲ/ਨਗਰ ਪੰਚਾਇਤ ਨਾਲ ਸਬੰਧਤ ਗੁਗਗਸ਼ੀਟਾਂ ਤੇ ਪੈਡਿੰਗ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਣਾ ਯਕੀਨੀ ਬਣਾਇਆ ਅਤੇ ਇਸ ਸਬੰਧੀ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ। ਈ-ਨਕਸ਼ਾ ਪੋਰਟਲ ਦੀ ਪੈਂਡੇਂਸੀ ਸੰਬੰਧੀ ਵਿੱਚ ਹਾਜ਼ਰ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਹਦਾਇਤ ਕੀਤੀ ਗਈ ਕਿ ਈ-ਨਕਸ਼ਾ ਪੋਰਟਲ ਦੀ ਦਿਨ ਪ੍ਰਤੀ ਦਿਨ ਦੀ ਪੈਂਡੇਂਸੀ ਦੇਖੀ ਜਾਵੇ ਅਤੇ ਈ-ਨਕਸ਼ਾ ਪੋਰਟਲ ਦੀ ਪੈਂਡੇਂਸੀ ਨੂੰ ਤੁਰੰਤ ਖਤਮ ਕਰਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।ਪੈਂਡਿੰਗ ਕੋਰਟ ਕੇਸਾਂ ਦਾ ਜਾਇਜ਼ਾ ਲਈ ਲੈਂਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਕਾਰਜ ਸਾਧਕ ਅਫਸਰਾਂ ਨੂੰ ਦੱਸਿਆ ਕਿ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਚੱਲ ਰਹੇ ਕੋਰਟ ਕੇਸਾਂ ਸੰਬੰਧੀ ਰਿਪੋਰਟਾਂ ਸਮੇਂ ਸਿਰ ਜ਼ਿਲ੍ਹਾ ਦਫਤਰ ਨੂੰ ਭੇਜੀਆ ਜਾਣ ਤਾਂ ਜੋ ਸਮੇਂ ਸਿਰ ਜਵਾਬਦਾਵਾ ਦਾਇਰ ਕਰਨ ਵਿੱਚ ਮੁਸ਼ਕਲ ਪੇਸ਼ ਨਾ ਆਵੇ। ਸੀਵਰੇਜ/ਐਸ.ਟੀ.ਪੀ. ਸਬੰਧੀ ਕਾਰਜਕਾਰੀ ਇੰਜੀਨੀਅਰ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ ਰੋਪੜ ਨੂੰ ਹਦਾਇਤ ਕੀਤੀ ਗਈ ਕਿ ਉਹ ਨਗਰ ਕੌਂਸਲ, ਜ਼ੀਰਕਪੁਰ ਵਿਖੇ ਚੱਲ ਰਹੇ ਸੀਵਰੇਜ ਦੇ ਕੰਮਾਂ ਨੂੰ ਤੁਰੰਤ ਮੁਕੰਮਲ ਕਰਨ ਅਤੇ ਇਹ ਵੀ ਹਦਾਇਤ ਕੀਤੀ ਕਿ ਸਨੌਲੀ ਵਿਖੇ ਚੱਲ ਰਹੇ ਸੀਵਰੇਜ ਦੇ ਕੰਮ ਸੰਬੰਧੀ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਜ਼ੀਰਕਪੁਰ ਅਤੇ ਕਾਰਜਕਾਰੀ ਇੰਜੀਨੀਅਰ, ਰੋਪੜ ਸਾਂਝਾ ਦੌਰਾ ਕਰਕੇ ਕੰਮ ਨੂੰ ਜਲਦ ਮੁਕੰਮਲ ਕਰਨ। ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਮੂਹ ਕਾਰਜ ਸਾਧਕ ਅਫਸਰਾਂ ਨੂੰ ਇਹ ਵੀ ਹਦਾਇਤ ਕੀਤੀ ਗਈ ਕਿ ਉਹ ਆਪਣੀ ਨਗਰ ਕੌਂਸਲ/ਪੰਚਾਇਤ ਵਿੱਚ ਪ੍ਰਮੋਟਰਾਂ/ ਬਿਲਡਰਾਂ ਨਾਲ ਚੱਲ ਰਹੀਆ ਸ਼ਿਕਾਇਤਾਂ ਸਬੰਧੀ ਸੂਚੀ ਬਣਾ ਕੇ ਇਸ ਦਫ਼ਤਰ ਨੂੰ ਭੇਜਣ ਤਾਂ ਜੋ ਉਨ੍ਹਾਂ ਪੈਂਡਿੰਗ ਸ਼ਿਕਾਇਤਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ।



## ਬਾਬਾ ਬੂਟਾ ਭਗਤ ਮੰਦਰ ਵਿਖੇ ਸਾਲਾਨਾ ਜੋੜ ਮੇਲੇ ਸੰਬੰਧੀ ਝੰਡੇ ਚੜ੍ਹਾਉਣ ਦੀ ਸੇਵਾ ਕੀਤੀ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)-** ਮੰਦਰ ਬਾਬਾ ਬੂਟਾ ਭਗਤ ਜੀ ਦਾਰਾਪੁਰ ਟਾਂਡਾ ਉੜਮੁੜ ਵਿਖੇ ਸਾਲਾਨਾ ਜੋੜ ਮੇਲੇ ਨੂੰ ਮੁੱਖ ਰੱਖਦੇ ਹੋਏ ਝੰਡੇ ਚੜ੍ਹਾਉਣ ਦੀ ਸੇਵਾ ਕੀਤੀ ਗਈ। ਮੰਦਰ ਕਮੇਟੀ ਵੱਲੋਂ ਸ਼ਹਿਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਵਿੱਚ ਸਭ ਤੋਂ ਪਹਿਲਾਂ ਸ੍ਰੀ ਰਾਮਾਇਣ ਜੀ ਪਾਠ ਅਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਨਾ ਕੀਤੀ ਗਈ।ਮੰਦਿਰ ਕਮੇਟੀ ਦੇ ਪ੍ਰਧਾਨ ਚੌਧਰੀ ਕਮਲ ਸਿੰਘ ਸੈਣੀ ਤੇ ਹੋਰਨਾਂ ਸੇਵਾਦਾਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਦੁਆਬੇ ਦਾ ਸਭ ਤੋਂ ਵੱਡਾ ਇਤਿਹਾਸਿਕ ਮੇਲਾ 17, 18 ਤੇ 19 ਜੂਨ ਨੂੰ ਮੰਦਰ ਬਾਬਾ ਬੂਟਾ ਭਗਤ ਜੀ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਆਦਿ ਨੇ ਸਮੂਹ ਸੰਗਤਾਂ ਨੂੰ ਸਾਲਾਨਾ ਝੰਡੇ ਚੜ੍ਹਾਉਣ ਦੀ ਰਸਮ ਮੌਕੇ ਮੁਬਾਰਕਬਾਦ ਦਿੱਤੀ। ਅਤੁੱਟ ਲੰਗਰ ਭੰਡਾਰੇ ਵੀ ਵਰਤਾਏ ਗਏ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ, ਜਸਵੰਤ ਕੌਰ ਗਿਲਜੀਆ, ਨਗਰ ਕੌਂਸਲ ਟਾਂਡਾ ਦੇ ਪ੍ਰਧਾਨ ਗੁਰਸੇਵਕ ਮਾਰਸ਼ਲ, ਪ੍ਰੇਮ ਪਡਵਾਲ, ਕੌਂਸਲਰ ਸੁਮਨ ਕੌਂਸਲਾ, ਸੋਨੂ ਖੰਨਾ, ਤਰਸੇਮ ਲਾਲ ਪੱਪੂ, ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਪ੍ਰਭ ਦਿਆਲ ਸਹੋਤਾ, ਕੌਂਸਲਰ ਰਾਕੇਸ਼ ਬਿੱਟੂ,ਕੌਂਸਲਰ ਕ੍ਰਿਸ਼ਨ ਕੁਮਾਰ ਬਿੱਟੂ, ਕੌਂਸਲਰ ਆਸੂ ਵੈਦ , ਨੰਬਰਦਾਰ ਜਗਜੀਵਨ ਜੱਗੀ, ਨਵਦੀਪ ਕੁਮਾਰ , ਕੌਂਸਲਰ ਜਸਵਿੰਦਰ ਕਾਕਾ, ਬ੍ਰਿਜ ਅਰੋੜਾ, ਦਿਨੇਸ਼ ਸ਼ਰਮਾ, ਕਮਲ ਧੀਰ ਲੇਖਰਾਜ ਅਹੀਆਪੁਰ, ਹਰਮੀਤ ਸਿੰਘ ਬੜੈਚ, ਬਲਵੀਰ ਸਿੰਘ, ਬਲਦੇਵ ਸਿੰਘ, ਰਾਜਨ ਸੋਧੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਮੌਜੂਦ ਸੀ ।

## ਪੁਲਸ ਸ਼ਨੀਵਾਰ ਨੂੰ ਲੰਬਿਤ ਸ਼ਿਕਾਇਤਾਂ ਦੇ ਹੱਲ ਲਈ ਕੈਂਪ ਲਗਾਏਗੀ

**ਐਸ ਏ ਐਸ ਨਗਰ (ਗੁਰਜੀਤ ਬਿੱਲਾ)—** ਐੱਸ ਐੱਸ ਪੀ, ਦੀਪਕ ਪਾਰੀਕ ਨੇ ਇੱਥੇ ਕਿਹਾ ਕਿ ਪੁਲਸ ਸਟੇਸ਼ਨ ਪੱਧਰ ਅਤੇ ਜ਼ਿਲ੍ਹਾ ਪੁਲਸ ਦੀਆਂ ਹੋਰ ਇਕਾਈਆਂ ਦੇ ਪੱਧਰ 'ਤੇ ਲੰਬਿਤ ਸ਼ਕਾਇਤਾਂ ਦਾ ਸੁਚਾਰੂ ਹੱਲ ਪ੍ਰਦਾਨ ਕਰਨ ਲਈ, ਸ਼ਨੀਵਾਰ ਪੁਲਸ ਸਟੇਸ਼ਨ ਅਤੇ ਯੂਨਿਟ ਪੱਧਰ 'ਤੇ ਸਮਾਧਾਨ ਕੈਂਪ ਲਗਾਏ ਜਾਣਗੇ। ਐਸ ਐਸ ਪੀ ਨੇ ਕਿਹਾ ਕਿ ਕੈਂਪਾਂ ਦਾ ਸਮਾਂ ਸਵੇਰੇ 10 ਵਜੇ ਤੋਂ ਸ਼ਾਮ 4:00 ਵਜੇ ਤੱਕ ਹੋਵੇਗਾ। ਉਨ੍ਹਾਂ ਨੇ ਵੱਖ-ਵੱਖ ਪੁਲਸ ਸਟੇਸ਼ਨਾਂ ਅਤੇ ਹੋਰ ਇਕਾਈਆਂ ਕੋਲ ਲੰਬਿਤ ਸ਼ਿਕਾਇਤਾਂ ਨਾਲ ਸਬੰਧਤ ਸ਼ਿਕਾਇਤਕਰਤਾਵਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਸ਼ਿਕਾਇਤਾਂ/ਦਰਖਾਸਤਾਂ ਦਾ ਨਿਪਟਾਰਾ ਕਰਨ ਲਈ ਸਬੰਧਤ ਪੁਲਸ ਸਟੇਸ਼ਨ ਜਾਂ ਯੂਨਿਟ ਵਿੱਚ ਲਾਜ਼ਮੀ ਜਾਣ।ਉਨ੍ਹਾਂ ਦੱਸਿਆ ਕਿ ਇਹ ਕੈਂਪ ਗਜ਼ਟ ਅਧਿਕਾਰੀਆਂ ਦੀ ਨਿਗਰਾਨੀ ਹੇਠ ਆਯੋਜਿਤ ਕੀਤੇ ਜਾਣਗੇ, ਜੋ ਇਨ੍ਹਾਂ ਕੈਂਪਾਂ ਦੌਰਾਨ ਮੌਜੂਦ ਵੀ ਰਹਿਣਗੇ।

## ਸ਼ਿਵ ਸੈਨਾ ਹਿੰਦੁਸਤਾਨ ਦਾ ਵਿਸ਼ਾਲ ਸਮਾਰੋਹ ਭਲਕੇ : ਰਾਹੁਲ ਖੰਨਾ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)-** ਪੰਜਾਬ ਦੇ ਹਿੰਦੂਆਂ ਨੂੰ ਜਾਗ੍ਰਿਤ ਕਰਨ ਅਤੇ ਇੱਕ ਮੰਚ ਤੇ ਇਕੱਠਾ ਕਰਨ ਲਈ 21 ਅਪ੍ਰੈਲ ਨੂੰ ਹੋਟਲ ਹੁਸ਼ਿਆਰਪੁਰ ਵਿਖੇ ਕੀਤੇ ਜਾ ਰਹੇ ਸਮਾਰੋਹ ਦੀਆਂ ਤਿਆਰੀਆਂ ਸੰਬੰਧੀ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਕਾਰਜਕਾਰੀ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਪੰਜਾਬ ਵਾਈਸ ਪ੍ਰਧਾਨ ਰਜਿੰਦਰ ਰਾਣਾ, ਜ਼ਿਲ੍ਹਾ ਪ੍ਰਧਾਨ ਬਿੱਟੂ ਲੰਘੇਰੀ, ਜ਼ਿਲ੍ਹਾ ਪ੍ਰਭਾਰੀ ਦੀਪਕ ਦੀਪ ਅਤੇ ਸਨਾਤਨ ਧਰਮ ਸਭਾ ਅਹਿਆਪੁਰ ਦੇ ਪ੍ਰਧਾਨ ਨਿਖਲੇਸ਼ ਜਸਰਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਪ੍ਰਧਾਨ ਰਾਹੁਲ ਖੰਨਾ ਅਤੇ ਪ੍ਰਧਾਨ ਰਜਿੰਦਰ ਰਾਣਾ ਨੇ ਕਿਹਾ ਕਿ ਪੰਜਾਬ ਦੇ ਹਿੰਦੂਆਂ ਨੂੰ ਇੱਕ ਮੰਚ ਤੇ ਇਕੱਠਾ ਕਰਨ ਅਤੇ ਉਨ੍ਹਾਂ ਨੂੰ ਅਪਣੇ ਹੱਕਾਂ ਪ੍ਰਤੀ ਜਾਗਰੂਕ ਕਰਨ ਲਈ ਇਸ ਸਮਾਰੋਹ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੰਦੂਆਂ ਨਾਲ ਮਤਰੇਵਾਂ ਵਿਵਹਾਰ ਕੀਤਾ ਜਾ ਰਿਹਾ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਕਦੇ ਹਿੰਦੂਆਂ ਦੇ ਧਾਰਮਿਕ ਅਸਥਾਨਾਂ ਤੇ ਕਦੇ ਹਿੰਦੂ ਨੇਤਾਵਾਂ 'ਤੇ ਹਮਲੇ ਕਰਕੇ ਹਿੰਦੂਆਂ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਸ਼ਰਾਰਤੀ ਅਨਸਰਾਂ ਤੇ ਰੋਕ ਲਗਾਉਣ, ਹਿੰਦੂ ਨੇਤਾਵਾਂ ਦੀ ਸੁਰਕਸ਼ਾ ਯਕੀਨੀ ਬਣਾਉਣ ਅਤੇ ਹਿੰਦੂ ਨੌਜਵਾਨ ਪੀੜੀ ਨੂੰ ਜਾਗ੍ਰਿਤ ਕਰਕੇ ਸ਼ਿਵ ਸੈਨਾ ਨਾਲ ਜੋੜਨ ਲਈ ਆਏ ਦਿਨ ਸੈਮੀਨਾਰਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਸ਼ਿਵ ਸੇਨਾ ਹਿੰਦੁਸਤਾਨ ਨੂੰ ਹੋਰ ਮਜਬੂਤ ਕੀਤਾ ਜਾ ਸਕੇ।ਇਸ ਮੌਕੇ 'ਤੇ ਸੀਨੀਅਰ ਹਿੰਦੂ ਨੇਤਾ ਅਸ਼ਵਨੀ ਗੋਗਾ, ਯੁਵਾ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਜ਼ਿਲ੍ਹਾ ਵਾਈਸ ਚੇਅਰਮੈਨ ਸੰਜੀਵ ਖੰਨਾ, ਬਲਾਕ ਪ੍ਰਧਾਨ ਗਣੇਸ਼ ਵੈਦ, ਸਿਟੀ ਯੂਥ ਪ੍ਰਧਾਨ ਗੁਰਨਾਮ ਸਿੰਘ ਗੋਨੀ, ਸਿਟੀ ਪ੍ਰਧਾਨ ਰਾਜੀਵ ਖੰਨਾ, ਬਿੱਟੂ ਸ਼ਹਿਬਾਜ਼ਪੁਰ, ਸੰਨੀ, ਮਨੀਸ਼ ਕੁਮਾਰ, ਬਬਲੂ, ਰੇਵਨ, ਯੁਵਾ ਨੇਤਾ ਰਾਜੂ ਖੋਸਲਾ ਅਤੇ ਹੋਰ ਸ਼ਿਵ ਸੈਨਾ ਵਰਕਰ ਹਾਜ਼ਰ ਸਨ।

## ਖਾਲਸਾ ਸਕੂਲ ਵਿਖੇ ਦਸਤਾਰਬੰਦੀ ਮੁਕਾਬਲੇ ਕਰਵਾਏ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ):** ਸਥਾਨਕ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਕੂਲੀ ਵਿਦਿਆਰਥੀਆਂ ਦੇ ਦਸਤਾਰਬੰਦੀ ਮੁਕਾਬਲੇ ਕਰਵਾਏ ਗਏ।



ਸਕੂਲ ਦੀ ਪ੍ਰਿੰਸੀਪਲ ਕਿਰਨਜੋਤ ਕੌਰ ਮਾਂਗਟ ਨੇ ਦੱਸਿਆ ਕਿ ਸਕੂਲ ਕਮੇਟੀ ਦੇ ਮੈਨੇਜਰ ਹਰਬੰਸ ਸਿੰਘ ਕੰਧੋਲਾ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇਹ ਮੁਕਾਬਲੇ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦਸਤਾਰਬੰਦੀ ਮੁਕਾਬਲਿਆਂ ਦੀ ਜੱਜਮੈਂਟ ਦੀ ਸੇਵਾ ਚਮਕੌਰ ਸਾਹਿਬ ਦਸਤਾਰ ਅਕੈਡਮੀ ਵੱਲੋਂ ਕੀਤੀ ਗਈ। ਇਸ ਮੁਕਾਬਲੇ ਦੇ ਮਿਡਲ ਵਿੰਗ ਵਿੱਚੋਂ ਗੁਰਜੋਤ ਸਿੰਘ ਛੇਵੀਂ ਜਮਾਤ ਨੇ ਪਹਿਲਾ, ਕਮਲ ਸਿੰਘ ਨੇ ਦੂਜਾ ਅਤੇ ਦਮਨਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਨੌਵੀਂ ਅਤੇ ਦਸਵੀਂ ਦੇ ਵਰਗ ਵਿੱਚੋਂ ਕੁਲਵਿੰਦਰ ਸਿੰਘ ਨੇ ਪਹਿਲਾ ਰਵਿੰਦਰ ਸਿੰਘ ਨੇ ਦੂਜਾ ਅਤੇ ਦਿਲਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਨੌਵੀਂ ਅਤੇ ਬਾਰਵੀਂ ਦੇ ਵਿੱਚੋਂ ਸ਼ੁਭਦੀਪ ਸਿੰਘ ਨੇ ਪਹਿਲਾ, ਰਮਨਦੀਪ ਸਿੰਘ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਉਕਤ ਸਾਰੇ ਜੇਤੂ ਵਿਦਿਆਰਥੀਆਂ ਨੂੰ ਹਰਬੰਸ ਸਿੰਘ ਕੰਧੋਲਾ ਨੇ ਸਨਮਾਨਿਤ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਨਸ਼ਿਆਂ ਤੋਂ ਦੂਰ ਰਹਿ ਕੇ ਸਿੱਖੀ ਸਰੂਪ ਨਾਲ ਜੁੜਨ।

## ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਸ਼ਿਫਟ ਹੋਣ ਦੀ ਸੂਚਨਾ ਮਿਲਣ 'ਤੇ ਗਾਹਕਾਂ 'ਚ ਭਾਰੀ ਰੋਸ



**ਫਗਵਾੜਾ (ਜਸਵਿੰਦਰ ਢੱਡਾ, ਡਾ. ਰਮਨ)-** ਪਿਛਲੇ ਪੰਜ ਦਹਾਕਿਆਂ ਤੋਂ ਸਥਾਨਕ ਸਤਨਾਮਪੁਰਾ ਵਿਖੇ ਸਥਿਤ ਪੰਜਾਬ ਐਂਡ ਸਿੰਧ ਬੈਂਕ ਦੀ ਬ੍ਰਾਂਚ ਲੋਕਾਂ ਦੀਆ ਸਹੂਲਤਾਂ ਨੂੰ ਪੂਰਾ ਕਰ ਰਹੀ ਹੈ ਪਰ ਮਿਲੀ ਜਾਣਕਾਰੀ ਅਨੁਸਾਰ ਇਸ ਬ੍ਰਾਂਚ ਨੂੰ ਜੀ ਟੀ ਰੋਡ ਵਿਖੇ ਤਬਦੀਲ ਕੀਤਾ ਜਾ ਰਿਹਾ ਹੈ, ਨੂੰ ਰੁਕਵਾਉਣ ਲਈ ਅੱਜ ਬੈਂਕ ਨਾਲ ਜੁੜੇ ਖ਼ਾਤਾ ਧਾਰਕ ਉੱਘੇ ਸਮਾਜ ਸੇਵੀ ਡਾ. ਰਮਨ, ਅੰਕੁਸ਼ ਓਹਰੀ ਦੀ ਰਹਿਨੁਮਾਈ ਹੇਠ ਪੱਵਿਤਰ ਸਿੰਘ ਵਿਰਦੀ, ਬਲਰਾਮ ਦਾਸ ਸ਼ਰਮਾ, ਅਮਰੀਕ ਸਿੰਘ, ਅਮਰਜੀਤ ਸਿੰਘ ਢਿੱਲੋਂ, ਪ੍ਰਦੀਪ ਸ਼ਰਮਾ, ਅਰਜਿੰਦਰ ਸਿੰਘ ਵਿੱਕੀ, ਨਿਤਿਨ ਚੌਧਰੀ, ਮੁਕੇਸ਼ ਰੇਖੀ, ਕੇ ਕੇ ਸਿੰਘ, ਦੀਪਕ ਸ਼ਰਮਾ, ਆਦਿ ਦਾ ਇੱਕ ਵਫਦ ਜ਼ੋਨਲ ਮੈਨੇਜਰ (ਜਲੰਧਰ) ਨੂੰ ਮਿਲਿਆ ਅਤੇ ਬ੍ਰਾਂਚ ਨੂੰ ਨਾ ਬਦਲਣ ਸੰਬੰਧੀ ਇੱਕ ਮੰਗ ਪੱਤਰ ਭੇਟ ਕਰ ਬੈਂਕ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਬ੍ਰਾਂਚ ਇਸ ਖੇਤਰ ਵਿੱਚ ਸਥਿਤ ਸਭ ਤੋਂ ਪੁਰਾਣੀ ਅਤੇ ਇਕੱਲੀ ਜਨਤਕ ਖੇਤਰ ਦਾ ਬੈਂਕ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਆਪਣੇ ਪਰਵਾਰਕ ਮੈਂਬਰਾਂ ਦੇ ਨਾਂਅ 'ਤੇ ਤਿੰਨ ਤੋਂ ਚਾਰ ਪੀੜ੍ਹੀਆਂ ਤੋਂ ਖਾਤੇ, ਲਾਕਰ ਅਤੇ ਐਫਡੀਆਂ ਹਨ। ਉਨ੍ਹਾਂ ਕਿਹਾ ਕਿ ਲਾਇਨਾਂ ਤੋਂ ਪਾਰ ਇਸ ਇਲਾਕੇ 'ਚ 35 ਪਿੰਡ ਅਤੇ 13 ਵਾਰਡ ਮੌਜੂਦ ਹਨ। ਇਸ ਸ਼ਾਖਾ 'ਚ 1000 ਤੋਂ ਵਧੇਰੇ ਗਾਹਕਾਂ ਦੇ ਖਾਤੇ ਹਨ ਜੋ ਪੰਜਾਬ ਸਰਕਾਰ ਤੋਂ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਅੰਗਹੀਣ ਪੈਨਸ਼ਨ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਨੂੰ ਜੀ ਟੀ ਰੋਡ ਸ਼ਾਖਾ 'ਚ ਜਾਣ ਨੂੰ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਸ ਸੰਬੰਧ 'ਚ ਇਲਾਕੇ ਦੇ ਕੌਂਸਲਰਾ ਨੇ ਵੀ ਜ਼ੋਨਲ ਮੈਨੇਜਰ ਨੂੰ ਲਿਖਤ ਚਿੱਠੀ ਰਾਹੀ ਇਸ ਸ਼ਾਖਾ ਨੂੰ ਨਾ ਬਦਲਣ ਸੰਬੰਧੀ ਬੇਨਤੀ ਕੀਤੀ ਹੈ। ਜ਼ੋਨਲ ਮੈਨੇਜਰ ਨੇ ਵਿਸ਼ਵਾਸ ਦਿਵਾਇਆ ਕਿ ਇਹ ਬ੍ਰਾਂਚ ਇਸ ਜਗ੍ਹਾ ਤੋਂ ਦੂਜੀ ਜਗ੍ਹਾ ਨਹੀਂ ਜਾਵੇਗੀ।

## ਮੋਦੀ ਸਰਕਾਰ ਦੇਸ਼ 'ਚ ਧਰਮ ਅਧਾਰਤ ਗੈਰ-ਲੋਕਰਾਜੀ ਵਿਵਸਥਾ ਕਾਇਮ ਕਰਨ ਲਈ ਬਜ਼ਿੱਦ

**ਜਲੰਧਰ :** ਮੋਦੀ ਸਰਕਾਰ ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਕੇ ਇਕ ਧਰਮ ਅਧਾਰਤ ਗੈਰ ਲੋਕਰਾਜੀ ਵਿਵਸਥਾ ਕਾਇਮ ਕਰਨ ਲਈ ਬਜ਼ਿੱਦ ਹੈ। ਇਸ ਮੰਤਵ ਦੀ ਪੂਰਤੀ ਲਈ ਦੇਸ਼ ਦੇ ਮੁਸਲਮਾਨ ਤੇ ਇਸਾਈ ਭਾਈਚਾਰੇ 'ਤੇ ਸੰਘ ਪਰਵਾਰ ਨਾਲ ਜੁੜੇ ਹੋਏ ਸੰਗਠਨਾਂ ਦੇ ਹਿੰਸਕ ਤੇ ਖਰੂਦੀ ਟੋਲਿਆਂ ਵੱਲੋਂ ਹਿੰਸਕ ਹਮਲੇ ਤੇ ਨਫਰਤੀ ਪ੍ਰਚਾਰ ਤੇਜ਼ ਕਰ ਦਿੱਤਾ ਗਿਆ ਹੈ। ਵਕਫ਼ ਬੋਰਡ ਸੰਸ਼ੋਧਨ ਕਾਨੂੰਨ ਬਣਾਉਣ, ਹੋਲੀ ਵਰਗੇ ਧਾਰਮਿਕ ਤਿਉਹਾਰ ਸਮੇਂ ਮੁਸਲਮਾਨਾਂ ਨੂੰ ਆਪਣੇ ਘਰਾਂ 'ਚ ਨਜ਼ਰਬੰਦ ਰਹਿਣ ਦਾ ਫੁਰਮਾਨ ਜਾਰੀ ਕਰਨ ਤੇ ਸਾਂਝੀ ਜਗ੍ਹਾ ਦਾ ਆਪਣੇ ਘਰਾਂ ਦੀਆਂ ਛੱਤਾਂ ਉਪਰ ਵੀ ਰਮਜ਼ਾਨ ਦੇ ਧਾਰਮਿਕ ਉਤਸਵ ਸਮੇਂ ਨਮਾਜ਼ ਨਾ ਅਦਾ ਕਰਨ ਦੇ ਹਿਟਲਰੀ ਐਲਾਨ ਆਰ.ਐਸ.ਐਸ. ਤੇ ਮੋਦੀ ਸਰਕਾਰ ਦੀ ਫਿਰਕੂ ਜ਼ਹਿਨੀਅਤ ਨੂੰ ਹੀ ਪ੍ਰਗਟ ਕਰਦੇ ਹਨ। ਆਰ.ਐਮ.ਪੀ.ਆਈ. ਇਨ੍ਹਾਂ ਮਨਸੂਬਿਆਂ ਵਿਰੁੱਧ ਦੇਸ਼ ਭਰ 'ਚ ਗੈਰ ਭਾਜਪਾ ਰਾਜਨੀਤਕ ਦਲਾਂ, ਸਮਾਜਿਕ ਸੰਗਠਨਾਂ, ਜਮਹੂਰੀ ਜਥੇਬੰਦੀਆਂ ਤੇ ਅਗਾਂਹਵਧੂ ਬੁੱਧੀਜੀਵੀਆਂ ਨੂੰ ਇਕਮੁੱਠ ਕਰਕੇ ਵਿਸ਼ਾਲ ਜਨਤਕ ਲਾਮਬੰਦੀ ਕਰਨ ਦੇ ਯਤਨਾਂ ਨੂੰ ਹੋਰ ਤੇਜ਼ ਕਰੇਗੀ।ਇਹ ਫੈਸਲਾ ਆਰ.ਐਮ.ਪੀ.ਆਈ. ਦੀ ਸੂਬਾ ਕਮੇਟੀ ਦੀ ਮੀਟਿੰਗ 'ਚ ਕੀਤਾ ਗਿਆ। ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਪਾਰਟੀ ਦੇ ਸੂਬਾਈ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਹੈ ਕਿ ਜੇਕਰ ਮੋਦੀ ਸਰਕਾਰ ਦੇਸ਼ ਦੇ ਮੌਜੂਦਾ ਸਮਾਜਿਕ ਢਾਂਚੇ ਨੂੰ ਬਦਲ ਕੇ ਇਕ ਕਾਰਪੋਰੇਟੀ ਲੁੱਟ ਵਾਲੀ ਫਿਰਕੂ ਫਾਸ਼ੀ ਵਿਵਸਥਾ ਕਾਇਮ ਕਰਨ 'ਚ ਸਫਲ ਹੋ ਗਈ, ਤਦ ਦੇਸ਼ ਮੁੜ ਮਨੂੰਵਾਦੀ ਪ੍ਰਣਾਲੀ ਤੇ ਜਾਤੀਪਾਤੀ ਵਿਵਸਥਾ, ਡੂੰਘੇ ਆਰਥਿਕ ਸੰਕਟ 'ਚ ਧਕੇਲ ਦਿੱਤਾ ਜਾਵੇਗਾ, ਜਿੱਥੇ ਸਮੁੱਚੀਆਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਤੇ ਆਮ ਲੋਕਾਂ ਨੂੰ ਅਕਹਿ ਤੇ ਅਸਹਿ ਜ਼ੁਲਮਾਂ ਦਾ ਸਾਹਮਣਾ ਕਰਨਾ ਪਵੇਗਾ।' ਆਰ.ਐਮ.ਪੀ.ਆਈ. ਦੇ ਕੁੱਲ ਹਿੰਦ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਨੇ ਅਜੋਕੀ ਕੌਮਾਂਤਰੀ ਸਥਿਤੀ ਅਤੇ ਦੇਸ਼ ਦੀ ਕੌਮੀ ਅਵਸਥਾ ਬਾਰੇ ਵਿਚਾਰ ਪੇਸ਼ ਕਰਦਿਆਂ ਸਮੂਹ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਤੇ ਸਮੂਹ ਲੋਕਾਂ, ਖਾਸਕਰ ਬਹੁ ਗਿਣਤੀ ਹਿੰਦੂ ਭਾਈਚਾਰੇ ਨੂੰ ਧਰਮਾਂ ਤੇ ਜਾਤੀਆਂ ਦੀਆਂ ਦੀਵਾਰਾਂ ਤੋੜ ਕੇ ਸਾਮਰਾਜੀ ਤੇ ਕਾਰਪੋਰੇਟੀ ਲੁੱਟ ਖਸੁੱਟ ਦੇ ਖਾਤਮੇ ਅਤੇ ਆਰ.ਐਸ.ਐਸ. ਦੀ ਫਿਰਕੂ ਫਾਸ਼ੀ ਵਿਚਾਰਧਾਰਾ ਦਾ ਟਾਕਰਾ ਕਰਨ ਲਈ ਵਿਚਾਰਧਾਰਕ ਤੇ ਜਥੇਬੰਦਕ ਰੂਪ 'ਚ ਲਹੂ ਵੀਟਵੀਂ ਲੜਾਈ ਲਈ ਕਮਰਕੱਸੇ ਕਰਨ।ਸੂਬਾ ਕਮੇਟੀ ਨੇ 'ਆਪ' ਦੀ ਸੂਬਾਈ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ, ਕਨੂੰਨ ਪ੍ਰਬੰਧ ਦੀ ਅਵਸਥਾ ਸੁਧਾਰਨ (ਜਿੱਥੇ ਆਮ ਆਦਮੀ ਸੁਰੱਖਿਅਤ ਮਹਿਸੂਸ ਕਰੇ) ਵੱਧ ਰਹੇ ਭਰਿਸ਼ਟਾਚਾਰ ਨੂੰ ਨੱਥ ਪਾਉਣ ਅਤੇ ਵੱਖ ਵੱਖ ਮਾਫੀਆ ਟੋਲਿਆਂ ਦੀ ਨਕੇਲ ਕੱਸਣ ਦੀ ਮੰਗ ਕੀਤੀ ਹੈ। ਪਾਰਟੀ ਨੇ ਅਜ਼ਾਦਾਨਾ ਤੌਰ 'ਤੇ ਅਤੇ ਦੂਸਰੀਆਂ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨਾਲ ਮਿਲ ਕੇ ਪੰਜਾਬ ਅੰਦਰ "ਘੱਟੋ ਘੱਟ ਸਹਿਮਤੀ ਵਾਲੀਆਂ ਲੋਕ ਪੱਖੀ ਨੀਤੀਆਂ" 'ਤੇ ਅਧਾਰਤ 'ਰਾਜਸੀ ਮੁਤਬਾਦਲ' ਉਸਾਰਨ ਦੇ ਯਤਨਾਂ ਨੂੰ ਤੇਜ਼ ਕਰਨ ਦਾ ਫੈਸਲਾ ਕੀਤਾ ਹੈ।ਪਾਰਟੀ ਵੱਲੋਂ 22 ਅਪ੍ਰੈਲ ਨੂੰ ਕਾਮਰੇਡ ਲੈਨਿਨ ਦਾ ਜਨਮ ਦਿਨ, 5 ਮਈ ਨੂੰ ਸੰਸਾਰ ਦੇ ਉਘੇ ਇਨਕਲਾਬੀ ਤੇ ਦਾਰਸ਼ਨਿਕ ਕਾਰਲ ਮਾਰਕਸ ਦਾ ਜਨਮ ਦਿਨ ਪੂਰੇ ਪ੍ਰਾਂਤ ਅੰਦਰ ਜਨਤਕ ਮੀਟਿੰਗਾਂ ਤੇ ਸੈਮੀਨਾਰ ਕਰਕੇ ਮਨਾਏ ਜਾਣਗੇ, ਪਾਰਟੀ ਵੱਲੋਂ ਕੇਂਦਰੀ ਟਰੇਡ ਯੂਨੀਅਨ ਦੇ ਸੱਦੇ 'ਤੇ 20 ਮਈ ਨੂੰ ਕੀਤੀ ਜਾ ਰਹੀ ਹੜਤਾਲ ਦਾ ਪੂਰਨ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ ਹੈ।



## ਵਾਈ ਐੱਫ ਸੀ ਰੁੜਕਾ ਕਲਾਂ ਵਿਖੇ ਪੰਚਾਇਤਾਂ ਨਾਲ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਮੀਟਿੰਗ

**ਗੁਰਾਇਆ (ਬਿੰਦਰ ਸੁਮਨ)-** ਯੂਥ ਫੁੱਟਬਾਲ ਕਲੱਬ ਰੁੜਕਾ ਕਲਾਂ ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਾਂ ਨਾਲ ਜੋੜ ਕੇ ਇੱਕ ਨਰੋਆ ਸਮਾਜ ਸਿਰਜਣ ਦੀ ਕੋਸ਼ਿਸ਼ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਹਿਨੁਮਾਈ ਅਧੀਨ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨ ਲਈ ਬਹੁਤ ਹੀ ਸੰਜੀਦਾ ਕਦਮ ਚੁੱਕੇ ਜਾ ਰਹੇ ਹਨ। ਪੰਜਾਬ ਸਰਕਾਰ ਦੇ ਅਦਾਰੇ ਪੰਜਾਬ ਪੁਲਸ ਵੱਲੋਂ ਸੰਪਰਕ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ। ਇਸੇ ਕੜੀ ਤਹਿਤ ਵਾਈ. ਐਫ. ਸੀ. ਰੁੜਕਾ ਕਲਾਂ ਵਾਈ.ਐਫ.ਸੀ. ਸੰਪਰਕ ਮੁਹਿੰਮ ਵਿੱਚ ਇਲਾਕੇ ਭਰ ਦੀਆਂ ਪੰਚਾਇਤਾਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿੱਚ ਇਸ ਮੁਹਿੰਮ ਉੱਪਰ ਵਿਸਤਾਰ ਸਹਿਤ ਪੰਚਾਇਤਾਂ ਦੇ ਨਾਲ ਚਰਚਾ ਕੀਤੀ ਗਈ। ਸਿਕੰਦਰ ਸਿੰਘ ਵਿਰਕ ਮੁੱਖ ਅਫਸਰ ਥਾਣਾ ਗੁਰਾਇਆ ਅਤੇ ਸਰਪੰਚ ਬੀਬੀ ਅਕਿਵੰਦਰ ਕੌਰ ਰੁੜਕਾ ਕਲਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਇਸ ਮੀਟਿੰਗ ਵਿੱਚ ਸੰਜੀਵ ਕੁਮਾਰ ਰਾਮਪਾਲ ਡੀ.ਜੀ.ਪੀ. ਪੰਜਾਬ ਪੁਲਸ ਮੁੱਖ ਮਹਿਮਾਨ ਵਜੋਂ ਇਸ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ।ਆਮ ਆਦਮੀ ਪਾਰਟੀ ਦੇ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ । ਉਹਨਾਂ ਕਿਹਾ ਕਿ ਹੁਣ ਤੱਕ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਹੇਠ ਹਜ਼ਾਰਾਂ ਦੀ ਗਿਣਤੀ ਵਿੱਚ ਨਸ਼ਾ ਕਾਰੋਬਾਰੀਆਂ ਦੀ ਗ੍ਰਿਫਤਾਰੀ ਹੋ ਚੁੱਕੀ ਹੈ ਅਤੇ ਬਹੁਤ ਸਾਰੇ ਨਸ਼ਾ ਤਸਕਰ ਪੰਜਾਬ ਛੱਡ ਕੇ ਦੌੜ ਗਏ ਹਨ। ਪੰਜਾਬ ਸਰਕਾਰ ਨੇ ਸਖਤ ਕਦਮ ਚੁੱਕਦੇ ਹੋਏ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਤੇ ਬਲਡੋਜ਼ਰ ਐਕਸ਼ਨ ਵੀ ਲਿਆ ਹੈ।ਵਾਈ.ਐਫ.ਸੀ. ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਦੱਸਿਆ ਕਿ ਯੂਥ ਫੁੱਟਬਾਲ ਕਲੱਬ ਨੌਜਵਾਨਾਂ ਤੇ ਬੱਚਿਆਂ ਨੂੰ ਖੇਡਾਂ ਵੱਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਣ ਲਈ ਵਚਨਵੱਧ ਹੈ। ਉਨ੍ਹਾ ਨੇ ਕਿਹਾ ਸਾਨੂੰ ਚੰਗੇ ਖਿਡਾਰੀ ਅਤੇ ਲੀਡਰ ਪੈਦਾ ਕਰਨੇ ਚਾਹੀਦੇ ਹਨ ਜੋ ਆਉਣ ਵਾਲੀ ਪੀੜੀ ਲਈ ਰੋਲ ਮਾਡਲ ਸਿੱਧ ਹੋਣ।ਇਸ ਸਮੇਂ ਸਰਬਜੀਤ ਰਾਏ ਐਸ.ਪੀ.(ਡੀ) ਜਲੰਧਰ ਨੇ ਵੀ ਪੰਜਾਬ ਪੁਲਸ ਦੁਆਰਾ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ। ਸੰਜੀਵ ਕੁਮਾਰ ਰਾਮਪਾਲ ਡੀ.ਜੀ.ਪੀ. ਪੰਜਾਬ ਪੁਲਸ ਨੇ ਸਰਕਾਰ ਦੇ ਸਹਿਯੋਗ ਨਾਲ ਪੰਜਾਬ ਪੁਲਸ ਵੱਲੋਂ ਕੀਤੇ ਜਾ ਰਹੇ ਯਤਨਾਂ ਤੋ ਜਾਣੂ ਕਰਵਾਇਆ ।ਉਨਾਂ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਜੋ ਸਮਾਜ ਵਿੱਚ ਨਸ਼ੇ ਵੇਚਦਾ ਹੈ ਉਸ ਦੀ ਸਿਕਾਇਤ ਟੋਲ ਫਰੀ ਨੰਬਰ 'ਤੇ ਕਰ ਸਕਦਾ ਹੈ। ਸ਼ਿਕਾਇਤ ਕਰਤਾ ਵਿਅਕਤੀ ਦੀ ਪਹਿਚਾਣ ਬਿਲਕੁੱਲ ਗੁਪਤ ਰੱਖੀ ਜਾਵੇਗੀ ਅਤੇ ਨਾਲ ਹੀ ਇਸ ਸ਼ਿਕਾਇਤ ਦਾ 15 ਦਿਨਾਂ ਦੇ ਅੰਦਰ-ਅੰਦਰ ਨਿਪਟਾਰਾ ਕਰ ਦਿੱਤਾ ਜਾਵੇਗਾ। ਅਖੀਰ ਵਿੱਚ ਸਰਵਣ ਸਿੰਘ ਬੱਲ ਡੀ.ਐਸ.ਪੀ. ਫਿਲੌਰ ਨੇ ਆਏ ਹੋਏ ਮਹਿਮਾਨਾਂ ਅਤੇ ਪੰਚਾਇਤਾਂ ਦਾ ਧੰਨਵਾਦ ਕੀਤਾ।



## ਐੱਲ ਪੀ ਯੂ ਦੇ ਮੀਡੀਆ ਫੈਸਟ ਐਕਸਪ੍ਰੈਸ਼ਨ ਦਾ ਉਦਘਾਟਨ ਬਾਲੀਵੁੱਡ ਅਦਾਕਾਰ ਸੰਜੇ ਮਿਸ਼ਰਾ ਨੇ ਕੀਤਾ

**ਜਲੰਧਰ (ਸ਼ੈਲੀ ਐਲਬਰਟ)-** ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਵਿਖੇ ਸਕੂਲ ਆਫ਼ ਲਿਬਰਲ ਐਂਡ ਕ੍ਰਿਏਟਿਵ ਆਰਟਸ (ਜਰਨਲਿਜ਼ਮ) ਦੁਆਰਾ ਆਯੋਜਿਤ ਸਾਲਾਨਾ ਮੀਡੀਆ ਫੈਸਟ ਐਕਸਪ੍ਰੈਸ਼ਨ 2025 ਦੇ ਉਦਘਾਟਨ ਦੇ ਨਾਲ ਰਚਨਾਤਮਕਤਾ ਅਤੇ ਸੰਚਾਰ ਦਾ ਇੱਕ ਸ਼ਾਨਦਾਰ ਪ੍ਰੋਗਰਾਮ ਸ਼ੁਰੂ ਹੋਇਆ। ਇਸ ਸ਼ਾਨਦਾਰ ਸਮਾਗਮ ਦਾ ਉਦਘਾਟਨ ਬਾਲੀਵੁੱਡ ਅਦਾਕਾਰ ਸੰਜੇ ਮਿਸ਼ਰਾ ਨੇ ਕੀਤਾ ਅਤੇ ਇਸ ਵਿੱਚ ਭਾਰਤ ਭਰ ਦੀਆਂ 40 ਤੋਂ ਵੱਧ ਯੂਨੀਵਰਸਿਟੀਆਂ ਦੇ 4,000 ਤੋਂ ਵੱਧ ਉਤਸ਼ਾਹੀ ਵਿਦਿਆਰਥੀਆਂ ਨੇ ਭਾਗ ਲਿਆ।400 ਤੋਂ ਵੱਧ ਵਿਦਿਆਰਥੀਆਂ ਨੇ ਮੀਡੀਆ ਕੁਇਜ਼, ਫਿਲਮ ਸਕ੍ਰੀਨਿੰਗ, ਫੋਟੋਗ੍ਰਾਫੀ, ਸ਼ਾਰਟ ਫਿਲਮ, ਆਰਜੇ ਹੰਟ, ਐਂਕਰ ਹੰਟ, ਐਡ-ਮੈਡ ਸ਼ੋਅ ਅਤੇ ਗੀਲਜ਼ ਮੁਕਾਬਲੇ ਵਿੱਚ ਹਿੱਸਾ ਲਿਆ। ਭਾਰਤੀ ਸਿਨੇਮਾ ਵਿੱਚ ਆਪਣੀਆਂ ਵਿਲੱਖਣ ਅਤੇ ਪ੍ਰਭਾਵਸ਼ਾਲੀ ਭੂਮਿਕਾਵਾਂ ਲਈ ਜਾਣੇ ਜਾਂਦੇ ਸੰਜੇ ਮਿਸ਼ਰਾ ਨੇ ਬਿਹਾਰ ਤੋਂ ਬਾਲੀਵੁੱਡ ਤੱਕ ਦੇ ਆਪਣੇ ਨਿੱਜੀ ਸਫ਼ਰ ਨੂੰ ਸਾਂਝਾ ਕਰਦੇ ਹੋਏ ਲਚਕੀਲੇਪਣ, ਰਚਨਾਤਮਕ ਆਜ਼ਾਦੀ ਅਤੇ ਗਿਆਨ ਦੀ ਪ੍ਰਾਪਤੀ ਦੇ ਮੁੱਲ 'ਤੇ ਜ਼ੋਰ ਦਿੱਤਾ।ਉਨ੍ਹਾਂ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ, ਉੱਭਰ ਰਹੇ ਕਹਾਣੀਕਾਰਾਂ ਨੂੰ ਆਪਣੇ ਸਿਰਜਣਾਤਮਕ ਕੰਮਾਂ ਵਿੱਚ ਚੁਣੌਤੀਆਂ ਅਤੇ ਜਿੱਤਾਂ ਦੋਵਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕੀਤਾ। ਐਲ ਪੀ ਯੂ ਦੀ ਪ੍ਰੋ-ਚਾਂਸਲਰ ਕਰਨਲ ਡਾ. ਰਸ਼ਮੀ ਮਿੱਤਲ ਨੇ ਕਿਹਾ, ਐਕਸਪ੍ਰੈਸ਼ਨ ਵਰਗੇ ਪ੍ਰੋਗਰਾਮ ਸੰਪੂਰਨ ਸਿੱਖਿਆ ਲਈ ਅਨਿੱਖੜਵੇਂ ਹਨ। ਇਹ ਵਿਦਿਆਰਥੀਆਂ ਨੂੰ ਵਿਚਾਰਾਂ ਨਾਲ ਪ੍ਰਯੋਗ ਕਰਨ, ਮੀਡੀਆ ਸਾਖਰਤਾ ਵਧਾਉਣ, ਅਤੇ ਸਹਿਯੋਗ, ਐਕਸਪ੍ਰੈਸ਼ਨ ਅਤੇ ਨਵੀਨਤਾ ਵਰਗੇ ਮਹੱਤਵਪੂਰਨ ਹੁਨਰ ਵਿਕਸਤ ਕਰਨ ਲਈ ਇੱਕ ਜਗ੍ਹਾ ਪ੍ਰਦਾਨ ਕਰਦੇ ਹਨ। ਭਾਗੀਦਾਰਾਂ ਨੇ ਨਾ ਸਿਰਫ਼ ਆਪਣੇ ਸਭ ਤੋਂ ਵਧੀਆ ਹੁਨਰ ਦਾ ਪ੍ਰਦਰਸ਼ਨ ਕੀਤਾ ਬਲਕਿ ਅਸਲ-ਸੰਸਾਰ ਦੇ ਅਸਲ ਮੀਡੀਆ, ਪੀਅਰ ਨੈੱਟਵਰਕਿੰਗ ਅਤੇ ਤਜਰਬੇਕਾਰ ਪੇਸ਼ੇਵਰਾਂ ਤੋਂ ਕੀਮਤੀ ਸੂਝ-ਬੂਝ ਦਾ ਵਿਹਾਰਕ ਅਨੁਭਵ ਵੀ ਪ੍ਰਾਪਤ ਕੀਤਾ।



## ਸ਼ਾਨਨ ਪਾਵਰ ਪ੍ਰੋਜੈਕਟ ਪੰਜਾਬ ਦੀ ਮਲਕੀਅਤ : ਈ ਟੀ ਓ

**ਚੰਡੀਗੜ੍ਹ (ਗੁਰਜੀਤ ਬਿੱਲਾ)-** ਪੰਜਾਬ ਰਾਜ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਅੱਜ ਇੱਥੇ ਇੱਕ ਬਿਆਨ ਜਾਰੀ ਕਰਦਿਆਂ ਹਿਮਾਚਲ ਪ੍ਰਦੇਸ਼ ਦੇ ਉੱਪ ਮੁੱਖ ਮੰਤਰੀ ਅਤੇ ਸਹਿਕਾਰਤਾ ਮੰਤਰੀ ਮੁਕੇਸ਼ ਅਗਨੀਹੋਤਰੀ ਵੱਲੋਂ ਸ਼ਾਨਨ ਪਾਵਰ ਪ੍ਰੋਜੈਕਟ ਸਬੰਧੀ ਦਿੱਤੇ ਗਏ ਬਿਆਨ ਨੂੰ ਮੁੱਢੋਂ ਰੱਦ ਕਰਦਿਆਂ ਕਿਹਾ ਕਿ ਸ਼ਾਨਨ ਪਾਵਰ ਪ੍ਰੋਜੈਕਟ ਪੰਜਾਬ ਰਾਜ ਦੀ ਮਲਕੀਅਤ ਹੈ ਅਤੇ ਇਸ ਉਤੇ ਹਿਮਾਚਲ ਪ੍ਰਦੇਸ਼ ਦੀ ਸਰਕਾਰ ਦਾ ਕੋਈ ਹੱਕ ਨਹੀਂ ਬਣਦਾ।ਉਨ੍ਹਾਂ ਕਿਹਾ ਕਿ ਅਗਨੀਹੋਤਰੀ ਨੂੰ ਸ਼ਾਨਨ ਪ੍ਰੋਜੈਕਟ ਸਬੰਧੀ ਬਿਆਨ ਦੇਣ ਤੋਂ ਪਹਿਲਾਂ ਤੱਥਾਂ ਤੋਂ ਜਾਣੂ ਹੋ ਜਾਣਾ ਚਾਹੀਦਾ ਸੀ। ਤੱਥਾਂ ਤੋਂ ਅਣਜਾਣ ਹੋਣ ਕਾਰਨ ਅਗਨੀਹੋਰਤੀ ਗਲਤ ਬਿਆਨਬਾਜ਼ੀ ਕਰਕੇ ਦੋ ਰਾਜਾਂ ਦੇ ਆਪਸੀ ਸਬੰਧਾਂ ਨੂੰ ਖਰਾਬ ਕਰਨ ਦਾ ਕੰਮ ਕਰ ਰਹੇ ਹਨ। ਈ ਟੀ ਓ ਨੇ ਕਿਹਾ ਕਿ ਮੈਂ ਅਗਨੀਹੋਤਰੀ ਦੀ ਜਾਣਕਾਰੀ ਲਈ ਦੱਸਣਾ ਚਾਹੁੰਦਾ ਹਾਂ ਕਿ 1966 ਵਿੱਚ ਪੰਜਾਬ ਰਾਜ ਦਾ ਪੁਨਰਗਠਨ ਹੋਇਆ ਸੀ , ਜਿਸ ਉਪਰੰਤ ਭਾਰਤ ਸਰਕਾਰ ਨੇ ਪੁਨਰਗਠਿਤ ਰਾਜਾਂ ਦੀਆਂ ਜਾਇਦਾਦਾਂ ਅਤੇ ਦੇਣਦਾਰੀਆਂ ਦੀ ਮਾਲਕੀ ਸਬੰਧੀ ਮਿਤੀ 01-05-1967 ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ। ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 67(4) ਦੇ ਅਨੁਸਾਰ ਭਾਰਤ ਸਰਕਾਰ ਨੇ ਹਾਈਡਰੋ ਪਾਵਰ ਹਾਊਸ ਜੋਗਿੰਦਰ ਨਗਰ ਦੀਆਂ ਜਾਇਦਾਦਾਂ ਪੰਜਾਬ ਰਾਜ ਬਿਜਲੀ ਬੋਰਡ ਨੂੰ ਅਲਾਟ ਕੀਤੀਆਂ ਗਈਆਂ ਸਨ, ਜੋ ਕਿ ਹੁਣ ਪੀ ਐਸ ਪੀ ਸੀ ਐਲ ਵਜੋਂ ਪੰਜਾਬ ਰਾਜ ਵਿੱਚ ਸੇਵਾਵਾਂ ਦੇ ਰਿਹਾ ਹੈ ।ਉਨ੍ਹਾਂ ਕਿਹਾ ਕਿ ਅਗਨੀਹੋਰਤੀ ਨੂੰ ਸਮਝਣਾ ਚਾਹੀਦਾ ਹੈ ਕਿ ਜੋ ਐਕਟ ਸੰਸਦ ਵੱਲੋਂ ਲਾਗੂ ਕੀਤਾ ਗਿਆ ਹੋਵੇ ਉਹ ਕਾਨੂੰਨ ਬਣ ਜਾਂਦਾ ਹੈ, ਜੋ ਕਿ ਬਿਨਾਂ ਕਿਸੇ ਬਦਲਾਅ ਦੇ ਲਾਗੂ ਹੋਣ ਯੋਗ ਦਸਤਾਵੇਜ਼ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਨਰਗਠਨ ਰਾਜਾਂ ਦੇ ਅਧਿਕਾਰਾਂ ਨੂੰ ਨਿਰਧਾਰਤ ਕਰਦਾ ਹੈ, ਇਸ ਲਈ, ਸ਼ਾਨਨ ਪ੍ਰੋਜੈਕਟ ਪੂਰਨ ਰੂਪ ਵਿੱਚ ਪੰਜਾਬ ਰਾਜ ਦੀ ਸੰਪਤੀ ਹੈ ।

20 Apr Page-8.qxd 4/19/2025 11:12 PM Page 1



# ਵਿਸਾਖੀ ਦਿਹਾੜੇ ਨੂੰ ਸਮਰਪਿਤ ਆਦਮਪੁਰ ਤੋਂ ਪੱਤਰਕਾਰ ਪਰਮਜੀਤ ਸਿੰਘ ਵੱਲੋਂ ਵਿਸ਼ੇਸ਼ ਸਪਲੀਮੈਂਟ


ਡੇਰਾ ਸੰਤ ਬਾਬਾ ਭਾਗ ਸਿੰਘ ਜੀ (ਜੱਬੜ) ਵੀ.ਪੀ.ਓ. ਮਾਣਕੋ, ਜਲੰਧਰ।

SANT BABA BHAG SINGH MEMORIAL CHARITABLE SOCIETY
SANT BABA BHAG SINGH UNIVERSITY
Established vide Punjab Govt Act No 6 of 2015 and recognised by UGC under Section 2(f) of UGC Act, 1956
SANT BABA BHAG SINGH INTERNATIONAL SCHOOL, SANT BABA BHAG SINGH INSTITUTE OF NURSING, SANT BABA BHAG SINGH PUBLIC SCHOOL, GURU NANAK SADH SANGAT CHARITABLE HOSPITAL

ਖਾਲਸਾ ਸਾਜਨਾ ਦਿਵਸ ਤੇ ਵਿਸਾਖੀ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ADMISSION HELPLINE : 0181-2711622, 81466-20135-39, 0181-2611163

COURSES OFFERED
- B.Tech (CSE, ME, CE, EE)
- M.Tech (CSE) • BBA • MBA
- B.Com (Regular) • B.Com (Hone)
- M.Com
- BHMCT (Bachelor of Hotel Management and Catering Technology)
- B.Sc. (ATHM) (Airline Tourism & Hospitality Management)
- BCA • MCA • B.Sc. (IT) • PGDCA
- B.Sc. (Animation & Multimedia)
- B.P.Ed.
- BA LLB • LLM
- BPT (Bachelor of Physiotherapy)
- B.Sc. (Radiology & Imaging Technology)
- B.Sc. (MLS)(Medical Labotry Science)
- B.Sc. (Medical/ Non Medical)
- M.Sc. (Medical Microbiology)
- B.Sc. Hons (Agriculture)
- M.Sc. Ag (Agronomy)
- M.Sc. Ag Horticulture (Fruit Science/ Vegitble Science)
- M.Sc.Ag (Soil Science & Agricultural Chemistry)
- M.Sc. (Zoology/Math/Botany/ Chemistry/Physics)
- B.Ed. • M.Ed. • BA
- MA (Punjabi, History & English)
- B.Sc. (Fashion Designing)
- M.Sc. (Fashion Designing)
- BPES (Bachelor of Physical Education and Sports)
- MPES (Master of Physical Education & Sports)
- Ph.D. (Full Time & Part Time) available

NURSING COURSE
- (ANM, GNM) • B.Sc. Nursing
- Post Basic B.Sc. Nursing & many other Courses

School : +2 Medical, Non Medical
www.sbbsuniversity.ac.in
VARIOUS ONE YEAR DIPLOMA COURSES ARE ALSO AVAILABLE
Various Scholarship Schemes up to 100% of Tuition Fee available for meritorious and needy students
Vill. Khiala, PO Padhiana, Distt. Jalandhar-144030


ਅਮਨਦੀਪ ਸਿੰਘ ਢਿੱਲੋਂ, ਹਰਕੀਤ ਸਿੰਘ, ਬਲਜੀਤ ਸਿੰਘ ਨਿੱਜਰ, ਬਾਬਾ ਮਨਮੋਹਨ ਸਿੰਘ, ਭੁਪਿੰਦਰ ਸਿੰਘ ਭਿੰਦਾ, ਗੁਰਵਿੰਦਰ ਸਿੰਘ, ਹਰਿੰਦਰ ਸਿੰਘ

ਪਰਮਜੀਤ ਸਿੰਘ ਰਾਜਵੰਸ਼, ਗੁਰਿੰਦਰ ਸਿੰਘ ਲੈਕਚਰਾਰ, ਡਾ. ਰਣਧੀਰ ਸਿੰਘ, ਮਾ. ਰਜਿੰਦਰ ਸਿੰਘ, ਬਲਕਾਰ ਸਿੰਘ, ਗੁਰਮੇਲ ਸਿੰਘ ਸੈਣੀ, ਗੁਰਪ੍ਰੀਤ ਸਿੰਘ

ਇਸ਼ਤਿਹਾਰ ਦੇਣ ਵਾਲਿਆਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ, ਪਰਮਜੀਤ ਸਿੰਘ ਰਿਪੋਰਟਰ ਨਵਾਂ ਜ਼ਮਾਨਾਂ ਆਦਮਪੁਰ, 94171-44897

ਮਾ. ਹਰਦੀਪ ਸਿੰਘ, ਸੁਖਜੀਤ ਸਿੰਘ ਡਰੋਲੀ, ਪਰਜਿੰਦਰ ਸਿੰਘ, ਸਾਹਿਲ ਕਨੇਡਾ, ਵਿਸ਼ਾਲ ਗਰੀਸ, ਸਰਬਜੀਤ ਸਿੰਘ ਪਧਾਨ, ਮੱਖਣ ਸਿੰਘ ਕਵਾੜੀਆ


ਰਾਘਵ ਸਵੀਟ ਸ਼ਾਪ ਐਂਡ ਕੈਟਰਿੰਗ ਸਰਵਿਸ
ਇੱਥੇ ਵਿਆਹ-ਸ਼ਾਦੀਆਂ ਵਾਸਤੇ ਮਠਿਆਈ, ਪੇਸਟਰੀ, ਆਇਸ ਕ੍ਰੀਮ, ਦੁੱਧ, ਦਹੀਂ ਅਤੇ ਪਨੀਰ ਦੇ ਆਡਰ ਬੁੱਕ ਕੀਤੇ ਜਾਂਦੇ ਹਨ।
ਨੋਟ- ਇੱਥੇ ਵਿਆਹ-ਸ਼ਾਦੀਆਂ ਅਤੇ ਹਰ ਪ੍ਰਕਾਰ ਦੇ ਪ੍ਰੋਗਰਾਮਾਂ ਲਈ ਕਾਰੀਗਰਾਂ ਦਾ ਖਾਸ ਪ੍ਰਬੰਧ ਹੈ।
ਪ੍ਰੋਪ : ਗੋਸ਼ਾ ਹਲਵਾਈ, ਸੰਪਰਕ - ਸ਼ਾਮ ਚੋਰਾਸੀ ਰੋਡ੍ਹ ਅੱਡਾ ਕਠਾਰ ਜਲੰਧਰ ਮੋਬਾਇਲ : 84375-55683, 98789-43681, 98780-45683

PAUL'S EMPORIUM
DESIGNER BOUTIQUE SUITS, SAREES, LEHNGAS
MAIN BAZAR, ADAMPUR DOABA
8699998881, 97804-80048 Ph-0181-5090840, E-mail: paulfashions@yahoo.com FB- pauldesignerboutique,
M. Raj 98152-81124


ਦਵਿੰਦਰ ਸਿੰਘ ਨੰਬਰਦਾਰ, ਚਰਨਜੀਤ ਸਿੰਘ ਸਿੱਧੂ, ਰਾਜ ਕੁਮਾਰ ਗ੍ਰੈਜੂਏਟ, ਪਰਮਜੀਤ ਕਨੇਡਾ, ਦਲਵੀਰ ਸਿੰਘ ਕਨੇਡਾ, ਦਲਵੀਰ ਸਿੰਘ, ਗੁਰਜੀਤ ਸਿੰਘ


LOAN - LIMITS -SERVICES
Two Wheeler Loan
Home Loan
SURJIT S SON 'S ENTERPRISES
LOAN LIMIT SERVICES , (JAL - HSP)
PROP - JASPREET, MOBILE,
98784-36093, MOBILE . 9815667815

ਵਿਸਾਖੀ ਦਿਹਾੜੇ ਦੀਆਂ ਵਧਾਈਆਂ
ਗੁਰਦੁਆਰਾ ਸ਼ਹੀਦ ਬਾਬਾ ਮੱਤੀ ਸਾਹਿਬ ਜੀ ਪਿੰਡ ਡਰੋਲੀ ਕਲਾਂ ਜਲੰਧਰ
ਜਥੇਦਾਰ ਮਨੋਹਰ ਸਿੰਘ ਪ੍ਰਧਾਨ


ਕਰਮਵੀਰ ਸਿੰਘ ਦੇਸ਼ ਸੇਵਕ, ਹਰਪ੍ਰੀਤ ਸਿੰਘ ਅਜੀਤ, ਜਗਦੀਸ਼ ਕੁਮਾਰ ਜੱਸਲ, ਕਮਲ ਹੀਰ ਕਨੇਡਾ, ਜਸਕਰਨ ਸਿੰਘ ਹੀਰ, ਗੌਰਵ ਕਤਨੌਰੀਆ, ਲਿਆਕਤ ਅਲੀ

## ਨਾਕੇ ਦੌਰਾਨ ਹੈਰੋਇਨ ਤੇ ਨਸ਼ੇ ਵਾਲੀਆਂ ਗੋਲੀਆਂ ਸਮੇਤ 2 ਕਾਬੂ



**ਅਲਾਵਲਪੁਰ (ਮਦਨ ਬੰਗੜ)-** ਅਲਾਵਲਪੁਰ ਪੁਲਸ ਨੇ ਦੋ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਪਾਸੋਂ 4 ਗ੍ਰਾਮ ਹੈਰੋਇਨ ਅਤੇ 95 ਨਸ਼ੇ ਵਾਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਇੰਸਪੈਕਟਰ ਹਰਦੇਵ ਪ੍ਰੀਤ ਸਿੰਘ ਥਾਣਾ ਆਦਮਪੁਰ ਨੇ ਮਸੇਤ ਪੁਲਸ ਪਾਰਟੀ ਵਿਖੇ ਨੌਜਵਾਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕੁਲਵੰਤ ਸਿੰਘ ਡੀ. ਐਸ. ਪੀ. ਆਦਮਪੁਰ ਨੇ ਦੱਸਿਆ ਕਿ 17 ਅਪ੍ਰੈਲ ਨੂੰ ਏ. ਐਸ. ਆਈ. ਪਰਮਜੀਤ ਸਿੰਘ ਸਮੇਤ ਪੁਲਸ ਪਾਰਟੀ ਨੇ ਨਾਕਾਬੰਦੀ ਨੇੜੇ ਰੇਲਵੇ ਫਾਟਕ ਅਲਾਵਲਪੁਰ ਵਿਖੇ ਕੀਤੀ ਸੀ, ਜਿਥੇ ਹਰਜੀਤ ਸਿੰਘ ਉਰਫ ਬਬਲੂ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਮੁਰਾਰ ਥਾਣਾ ਸੁਭਾਨਪੁਰ ਜ਼ਿਲ੍ਹਾ ਕਪੂਰਥਲਾ ਨੂੰ ਮੋਟਰਸਾਈਕਲ ਹੀਰੋ ਸਪਲੈਂਡਰ ਸਮੇਤ ਕਾਬੂ ਕਰ ਕੇ ਉਸ ਪਾਸੋਂ ਉਸ ਵੱਲੋਂ ਇਕ ਮੋਮੀ ਲਿਫਾਫੇ ਵਿਚ 2 ਗ੍ਰਾਮ ਹੈਰੋਇਨ ਤੇ 50 ਖੁੱਲ੍ਹੀਆਂ ਨਸ਼ੇ ਵਾਲੀਆਂ ਗੋਲੀਆਂ ਰੰਗ ਸੰਤਰੀ ਬਰਾਮਦ ਕੀਤੀਆਂ ਤੇ ਦੂਸਰੇ ਨੌਜਵਾਨ ਕੁਮਾਰ-ਪੁੱਤਰ ਸੁਖਵਿੰਦਰ ਕੁਮਾਰ ਵਾਸੀ ਮੁਹੱਲਾ ਰਵਿਦਾਸ ਨਗਰ ਭੋਗਪੁਰ ਜ਼ਿਲ੍ਹਾ ਜਲੰਧਰ ਨੂੰ ਮਸੇਤ ਮੋਟਰਸਾਈਕਲ ਪਲਟੀਨਾ 'ਤੇ ਕਾਬੂ ਕਰ ਕੇ ਉਸ ਪਾਸੋਂ ਇਕ ਮੋਮੀ ਲਿਫਾਫੇ ਵਿਚੋਂ 2 ਗ੍ਰਾਮ ਹੈਰੋਇਨ ਤੇ 45 ਨਸ਼ੇ ਵਾਲੀਆਂ ਗੋਲੀਆਂ ਰੰਗ ਸੰਤਰੀ ਬਰਾਮਦ ਕੀਤੀਆਂ ਹਨ।

## ਸੁੰਦਰ ਦਸਤਾਰ ਸਜਾਉਣ ਮੁਕਾਬਲਾ ਅੱਜ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-** ਨੌਜਵਾਨਾਂ ਅਤੇ ਬੱਚਿਆਂ ਨੂੰ ਕੇਸ ਤੇ ਦਸਤਾਰ ਧਾਰਨ ਕਰਨ ਲਈ ਪ੍ਰੇਰਨਾ ਦੇਣ ਹਿੱਤ ਦੋਆਬਾ ਯੂਥ ਕਲੱਬ ਰਜਿ. ਹੁਸ਼ਿਆਰਪੁਰ ਵੱਲੋਂ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਚੌਥਾ ਸੁੰਦਰ ਦਸਤਾਰ ਸਜਾਉਣ ਮੁਕਾਬਲਾ ਸ਼ਾਨ-ਏ-ਸਿੱਖੀ 20 ਅਪ੍ਰੈਲ ਦਿਨ ਐਤਵਾਰ ਨੂੰ ਗੁਰਦੁਆਰਾ ਮਿੱਠਾ ਟਿਵਾਣਾ ਹੁਸ਼ਿਆਰਪੁਰ ਵਿਖੇ ਸਵੇਰੇ 9 ਵਜੇ ਤੋਂ ਬਾਅਦ ਦੁਪਿਹਰ 2 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਦੁਆਬਾ ਯੂਥ ਕਲੱਬ ਦੇ ਪ੍ਰਧਾਨ ਹਰ ਕਮਲ ਸਿੰਘ ਵਿੱਕੀ ਅਤੇ ਸੁਖਵਿੰਦਰ ਸਿੰਘ ਸਟੀਫਨ ਨੇ ਦੱਸਿਆ ਕਿ ਉਘੇ ਸਮਾਜ ਸੇਵੀ ਅਤੇ ਸਿੱਖ ਵੈਲਫੇਅਰ ਸੁਸਾਇਟੀ ਹੁਸ਼ਿਆਰਪੁਰ ਦੇ ਵਾਈਸ ਪ੍ਰਧਾਨ ਸਰਦਾਰ ਅਜਵਿੰਦਰ ਸਿੰਘ ਦੀ ਨਿੱਘੀ ਮਿੱਠੀ ਯਾਦ ਨੂੰ ਸਮਰਪਿਤ ਕਰਵਾਏ ਜਾ ਰਹੇ ਇਸ ਚੌਥੇ ਸੁੰਦਰ ਦਸਤਾਰ ਸਜਾਉਣ ਮੁਕਾਬਲੇ ਵਿੱਚ ਮੁਖ ਮਹਿਮਾਨ ਵਜੋਂ ਉਘੇ ਪੰਜਾਬੀ ਗਾਇਕ ਕਲਾਕਾਰ ਗੁਰਵਿੰਦਰਪਾਲ ਸੁਰਾਪੁਰੀਆ ਸ਼ਾਮਲ ਹੋਣਗੇ। ਹਰ ਸਾਲ ਦੀ ਤਰ੍ਹਾਂ ਵਾਂਗ ਇਸ ਵਾਸਤੇ ਕੁੱਲ 16 ਇਨਾਮ ਬੱਚਿਆਂ ਵਿੱਚ ਤਕਸੀਮ ਕੀਤੇ ਜਾਣਗੇ ਵਿਸ਼ੇਸ਼ ਨਗਦ ਇਨਾਮ 11000 ਦਾ ਹੋਵੇਗਾ।

## ਸੜਕ ਹਾਦਸੇ 'ਚ ਇੱਕੋ ਪਰਵਾਰ ਦੇ ਤਿੰਨ ਮੈਂਬਰਾਂ ਦੀ ਮੌਤ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)** ਬੀਤੀ ਦੇਰ ਰਾਤ 12.30 ਵਜੇ ਦੇ ਕਰੀਬ ਫਗਵਾੜਾ-ਹੁਸ਼ਿਆਰਪੁਰ ਸੜਕ 'ਤੇ ਰਾਵਲਪਿੰਡੀ ਲਾਗੇ ਈ-ਰਿਕਸ਼ਾ, ਕਾਰ ਤੇ ਟਰਾਲੀ ਦੀ ਹੋਈ ਟੱਕਰ 'ਚ ਇੱਕ ਪਰਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ ਤੇ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਜਿਸ ਨੂੰ ਡਾਕਟਰਾਂ ਨੇ ਮੁੱਢਲੀ ਸਹਾਇਤਾ ਦੇਣ ਮਗਰੋਂ ਜਲੰਧਰ ਰੈੱਫਰ ਕਰ ਦਿੱਤਾ ਹੈ।ਰਾਵਲਪਿੰਡੀ ਪੁਲਸ ਦੇ ਐਸ ਐਚ ਓ ਨੇ ਦੱਸਿਆ ਕਿ ਇੱਕ ਪਰਵਾਰ ਈ-ਰਿਕਸ਼ਾ 'ਤੇ ਸਵਾਰ ਹੋ ਕੇ ਪਿੰਡ ਮੇਹਟੀਆਣਾ 'ਚ ਆਪਣੀ ਸਾਲੀ ਨੂੰ ਮਿਲਣ ਜਾ ਰਹੇ ਸੀ ਜਦੋਂ ਇਹ ਇਸ ਸਥਾਨ 'ਤੇ ਪੁੱਜੇ ਤਾਂ ਮਗਰੋਂ ਆਉਂਦੀ ਕਾਰ ਨੇ ਈ-ਰਿਕਸ਼ਾ ਨੂੰ ਟੱਕਰ ਮਾਰੀ ਜਿਸ ਕਾਰਨ ਈ-ਰਿਕਸ਼ਾ ਅੱਗੋਂ ਆ ਰਹੀ ਟਰਾਲੀ 'ਚ ਵੱਜਾ ਜਿਸ ਕਾਰਨ ਈ-ਰਿਕਸ਼ੇ ਨੂੰ ਬਚਾਉਣ ਦੇ ਚੱਕਰ 'ਚ ਟਰਾਲੀ ਪੱਲਟ ਗਈ ਤੇ ਈ-ਰਿਕਸ਼ਾ ਟਰਾਲੀ ਹੇਠਾਂ ਆ ਗਿਆ।ਐਸ ਐਚ ਓ ਨੇ ਦੱਸਿਆ ਕਿ ਉਨ੍ਹਾਂ ਮੌਕੇ 'ਤੇ ਪੁੱਜ ਕੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਜਿੱਥੇ ਡਾਕਟਰਾਂ ਨੇ ਵਿਪਨ ਯਾਦਵ ਪੁੱਤਰ ਛੋਟੇ ਲਾਲ ਵਾਸੀ ਗੋਲ ਮਾਰਕੀਟ ਜਲੰਧਰ, ਉਸ ਦੀ ਪਤਨੀ ਸੁਨੀਤਾ (43), ਪੁੱਤਰੀ ਇਆਂਸ਼ੂ (3) ਨੂੰ ਮ੍ਰਿਤਕ ਕਰਾਰ ਦੇ ਦਿੱਤਾ ਜਦਕਿ ਅਕਸ਼ੇ ਕੁਮਾਰ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਜਲੰਧਰ ਰੈੱਫ਼ਰ ਕਰ ਦਿੱਤਾ।

## ਸਿਆਸੀ ਕਾਰੋਬਾਰ ਚਲਾਉਣ ਲਈ ਕਾਂਗਰਸ ਕਰ ਰਹੀ ਵਕਫ਼ ਬੋਰਡ ਬਿੱਲ ਦਾ ਵਿਰੋਧ : ਨਾਇਬ ਸਿੰਘ ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਅਤੇ ਸੂਬੇ ਦੀਆਂ ਵਿਰੋਧੀ ਪਾਰਟੀਆਂ ਘਰ ਬੈਠ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਬਕਾ ਸਾਥ, ਸਬਕਾ ਵਿਕਾਸ, ਸਬਕਾ ਪ੍ਰਯਾਸ ਅਤੇ ਸਬਕਾ ਵਿਸ਼ਵਾਸ ਦੀਆਂ ਨੀਤੀਆਂ ਦੀ ਚੁੱਪਚਾਪ ਪ੍ਰਸ਼ੰਸਾ ਕਰ ਰਹੀਆਂ ਹਨ, ਪਰ ਵਿਰੋਧੀ ਧਿਰ ਆਪਣੀ ਹੋਂਦ ਬਣਾਈ ਰੱਖਣ ਲਈ ਵਿਰੋਧ ਪ੍ਰਦਰਸ਼ਨ ਕਰਕੇ ਰਸਮੀ ਕਾਰਵਾਈ ਕਰਨ ਲਈ ਮਜਬੂਰ ਹੈ।ਮੁੱਖ ਮੰਤਰੀ ਸੈਣੀ ਸ਼ੁੱਕਰਵਾਰ ਨੂੰ ਜ਼ਿਲ੍ਹਾ ਕੁਰੂਕਸ਼ੇਤਰ ਦੇ ਪਿੰਡ ਬੀੜ ਮਥਾਨਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।ਮੁੱਖ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦੇਸ਼ ਅਤੇ ਰਾਜ ਦੇ ਲੋਕਾਂ ਨੂੰ ਵਧਾਈ ਅਤੇ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦੇਸ਼ ਅਤੇ ਧਰਮ ਦੀ ਰੱਖਿਆ ਲਈ ਆਪਣਾ ਪੂਰਾ ਵੰਸ਼ ਕੁਰਬਾਨ ਕਰ ਦਿੱਤਾ। ਇਸ ਕੁਰਬਾਨੀ ਤੋਂ ਵੱਡਾ ਤਿਆਗ ਅਤੇ ਕੁਰਬਾਨੀ ਦੁਨੀਆਂ ਵਿੱਚ ਹੋਰ ਕੋਈ ਨਹੀਂ ਹੈ।ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੇ ਵੀ ਭਾਜਪਾ ਸਰਕਾਰ 'ਤੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼ ਲਗਾਇਆ ਸੀ ਪਰ ਅੰਤ ਵਿੱਚ ਅਦਾਲਤ ਦੇ ਹੁਕਮਾਂ ਤੋਂ ਬਾਅਦ ਉਨ੍ਹਾਂ ਨੂੰ ਜੇਲ੍ਹ ਜਾਣਾ ਪਿਆ। ਉਨ੍ਹਾਂ ਕਿਹਾ ਕਿ ਜਦੋਂ ਕਾਂਗਰਸੀ ਆਗੂਆਂ ਨੇ ਕੁਝ ਗਲਤ ਨਹੀਂ ਕੀਤਾ ਹੈ ਤਾਂ ਕੋਈ ਡਰ ਨਹੀਂ ਹੋਣਾ ਚਾਹੀਦਾ। ਜੇਕਰ ਈਡੀ ਜਾਂਚ ਕਰ ਰਹੀ ਹੈ ਤਾਂ ਕਾਂਗਰਸੀ ਆਗੂਆਂ ਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੋਣੀ ਚਾਹੀਦੀ, ਸਗੋਂ ਕਾਂਗਰਸੀ ਆਗੂਆਂ ਨੂੰ ਜਾਂਚ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ।ਇੱਕ ਹੋਰ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਵੱਲੋਂ ਵਕਫ਼ ਬੋਰਡ ਬਿੱਲ ਦਾ ਵਿਰੋਧ ਸਿਰਫ਼ ਆਪਣੇ ਰਾਜਨੀਤਿਕ ਹਿੱਤਾਂ ਨੂੰ ਪੂਰਾ ਕਰਨ ਲਈ ਕੀਤਾ ਜਾ ਰਿਹਾ ਹੈ। ਭਾਜਪਾ ਸਰਕਾਰ ਵਕਫ਼ ਬੋਰਡ 'ਤੇ ਇੱਕ ਵਧੀਆ ਬਿੱਲ ਲੈ ਕੇ ਆਈ ਹੈ ਅਤੇ ਇਸ ਬਿੱਲ 'ਤੇ ਸਾਰਿਆਂ ਨੇ ਸਹਿਮਤੀ ਜਤਾਈ ਹੈ।

## ਮੇਹਰ ਚੰਦ ਪੋਲੀਟੈਕਨਿਕ ਕਾਲਜ ਵਿਖੇ 2024 'ਚ ਹੋਈ 70 ਫੀਸਦੀ ਪਲੇਸਮੈਂਟ



**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ 70 ਫੀਸਦੀ ਤੋਂ ਵਧੇਰੇ ਵਿਦਿਆਰਥੀਆਂ ਦੀ 2024 ਵਿੱਚ ਪਲੇਸਮੈਂਟ ਹੋਈ, ਜਿਸ ਵਿੱਚ 30 ਫੀਸਦੀ ਵਿਦਿਆਰਥੀ ਵਖਰੋ - ਵਖਰੀਆਂ ਕੰਪਨੀਆਂ ਵਿੱਚ ਚੁਣੇ ਗਏ। ਸੱਭ ਤੋਂ ਵਧੇਰੇ ਪੈਕੇਜ 3 ਲੱਖ 90 ਹਜ਼ਾਰ ਸਾਲਾਨਾ ਸੀ ਤੇ ਔਸਤਨ ਪੈਕੇਜ 20 ਲੱਖ 75 ਹਜ਼ਾਰ ਦੇ ਕਰੀਬ ਸੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ 35 ਫੀਸਦੀ ਵਿਦਿਆਰਥੀ ਉਚ ਸਿੱਖਿਆ ਲਈ ਚੁਣੇ ਗਏ, ਜੋਕਿ ਇਕ ਤਰ੍ਹਾਂ ਦੀ ਪਲੇਸਮੈਂਟ ਹੈ। ਡਿਪਲੋਮਾ ਕਰਨ ਵਾਲੇ ਵਿਦਿਆਰਥੀਆਂ ਨੂੰ ਡਿਗਰੀ ਵਿੱਚ ਲੈਟਰਲ ਐਂਟਰੀ ਰਾਹੀ ਦੂਜੇ ਸਾਲ ਵਿੱਚ ਪ੍ਰਵੇਸ਼ ਮਿਲਦਾ ਹੈ। 10 ਫੀਸਦੀ ਤੋਂ ਵਧੇਰੇ ਵਿਦਿਆਰਥੀਆਂ ਨੇ ਆਪਣਾ ਰੋਜ਼ਗਾਰ ਸ਼ੁਰੂ ਕੀਤਾ ਤੇ ਉੱਦਮੀ ਬਣਨ ਦਾ ਸੁਪਨਾ ਪੂਰਾ ਕੀਤਾ। ਫਾਰਮੇਸੀ ਵਿਭਾਗ ਵਿੱਚ 20 ਵਿਦਿਆਰਥੀ ਵੱਖ-ਵੱਖ ਫਾਰਮਾ ਕੰਪਨੀਆਂ ਤੇ ਹਸਪਤਾਲਾਂ ਵਿੱਚ ਚੁਣੇ ਗਏ। 17 ਵਿਦਿਆਰਥੀਆਂ ਨੇ ਉੱਚ ਸਿੱਖਿਆ ਦਾ ਰੁੱਖ ਕੀਤਾ ਤੇ 2 ਵਿਦਿਆਰਥੀਆਂ ਨੇ ਆਪਣੀ ਕੈਮਿਸਟ ਸ਼ਾਖਾ ਸ਼ੁਰੂ ਕੀਤੀ। ਆਟੋਮੋਬਾਇਲ ਵਿਭਾਗ ਦੇ 14 ਵਿਦਿਆਰਥੀ ਵੀ ਵੱਖਰੋ-ਵੱਖਰੀਆਂ ਆਟੋ ਕੰਪਨੀਆਂ ਲਈ ਸਲੈਕਟ ਹੋਏ ਤੇ ਚਾਰ ਵਿਦਿਆਰਥੀਆਂ ਨੇ ਉੱਚ ਸਿੱਖਿਆ ਦੀ ਚੋਣ ਕੀਤੀ। ਇਸੇ ਤਰ੍ਹਾਂ ਸਿਵਲ ਦੇ ਕੁੱਲ 13, ਇਲੈਕਟ੍ਰੀਕਲ ਵਿਭਾਗ ਦੇ 30, ਮਕੈਨੀਕਲ ਦੇ 11, ਇਲੈਕਟਰਾਨਿਕਸ ਦੇ 15 ਤੇ ਕੰਪਿਊਟਰ ਦੇ 27 ਵਿਦਿਆਰਥੀਆਂ ਦੀ ਪਲੇਸਮੈਂਟ ਹੋਈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਡਿਪਲੋਮੇ ਵਿੱਚ ਵਧੇਰੇ ਵਿਦਿਆਰਥੀ ਉੱਚ ਸਿੱਖਿਆ ਨੂੰ ਤਰਜੀਹ ਦਿੰਦੇ ਹਨ। ਕਾਲਜ ਵਿੱਚ ਫਿਨਿਸ਼ਿੰਗ ਸਕੂਲ ਚਲਾਇਆਂ ਜਾਂਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਪਲੇਸਮੈਂਟ ਸਬੰਧੀ ਜਾਗਰੂਕ ਕੀਤਾ ਜਾਵੇ ਤੇ ਉਹਨਾਂ ਨੂੰ ਕੰਪਨੀਆਂ ਵਿਖੇ ਨੌਕਰੀ ਵਾਸਤੇ ਤਿਆਰ ਕੀਤਾ ਜਾਵੇ। ਪਿਛਲੇ ਸਾਲ 2024 ਵਿਚ ਕਾਲਜ ਦੇ ਕੁੱਲ 114 ਵਿਦਿਆਰਥੀਆਂ ਨੂੰ ਪਲੇਸਮੈਂਟ ਮਿਲੀ। ਉਹਨਾਂ ਕਾਲਜ ਦੇ ਮੁੱਖੀ ਸਹਿਬਾਨਾ, ਪਲੇਸਮੈਂਟ ਅਫਸਰ ਰਾਜੇਸ਼ ਕੁਮਾਰ ਤੇ ਵਿਭਾਗਾਂ ਦੇ ਟੀ.ਪੀ.ਓ ਮੈਬਰਾਂ ਨੂੰ ਇਸ ਪ੍ਰਾਪਤੀ ਦੀ ਵਧਾਈ ਦਿੱਤੀ। ਪ੍ਰਿੰਸੀਪਲ ਜਗਰੂਪ ਨੇ ਇਹ ਵੀ ਦੱਸਿਆ ਕਿ ਭਾਰਤ ਦੀ ਨੈਸ਼ਨਲ ਨੀਤੀ ਤਹਿਤ ਵਿਦਿਆਰਥੀਆਂ ਨੂੰ ਇਸ ਕਾਲਜ ਵਿਚ ਉੱਦਮੀ ਬਣਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਅਤੇ ਨਵੀਂਆਂ ਨੌਕਰੀਆਂ ਸਿਰਜਣ ਲਈ ਵੀ ਤਿਆਰ ਕੀਤਾ ਜਾਂਦਾ ਹੈ।

## ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਾਨੂੰਨ ਵਿਵਸਥਾ ਬੁਰੀ ਤਰ੍ਹਾਂ ਫੇਲ : ਅਜੇ ਮੰਗੂਪੁਰ



**ਬਲਾਚੌਰ (ਜਸਵਿੰਦਰ ਬੈਂਸ)** ਆਪ ਸਰਕਾਰ ਦੇ ਰਾਜ 'ਚ ਕਾਨੂੰਨ ਵਿਵਸਥਾ ਦੀ ਸਥਿਤੀ ਪੂਰੀ ਤਰ੍ਹਾਂ ਡਾਵਾਂਡੋਲ ਹੋ ਚੁੱਕੀ ਹੈ, ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਕਾਂਗਰਸ ਵੱਲੋਂ ਪੱਤਰਕਾਰ ਭਾਈਚਾਰੇ ਨਾਲ ਗੱਲਬਾਤ ਦੌਰਾਨ ਕੀਤਾ।ਅਜੇ ਮੰਗੂਪੁਰ ਨੇ ਦੱਸਿਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅੰਦਰ ਨਸ਼ੇ ਦਾ ਪ੍ਰਸਾਰ ਵੱਧਦਾ ਹੀ ਜਾ ਰਿਹੈ ਅਤੇ ਨਸ਼ੇ ਕਾਰਨ ਮੌਤਾਂ ਦੀ ਗਿਣਤੀ ਰੁਕਣ ਦਾ ਨਾਂਅ ਨਹੀਂ ਲੈ ਰਹੀ।ਬੀਤੇ ਦਿਨੀ ਹਲਕਾ ਬਲਾਚੌਰ ਤੋਂ ਇੱਕ ਕੁੜੀ ਨਾਲ ਜਬਰ ਦੀ ਘਟਨਾ ਸਾਹਮਣੇ ਆਈ ਹੈ ਜੋ ਕਿ ਬਹੁਤ ਹੀ ਸ਼ਰਮਨਾਕ ਹੈ। 24 ਘੰਟੇ ਲੰਘਣ ਤੋਂ ਬਾਅਦ ਵੀ ਪੀੜਤਾ ਦੇ ਪਰਿਵਾਰ ਨਾਲ ਕੋਈ ਵੀ ਅਧਿਕਾਰੀ ਪੁਲਸ ਵਿਭਾਗ ਵੱਲੋਂ ਤਫਤੀਸ਼ ਲਈ ਨਹੀਂ ਪਹੁੰਚਿਆ।ਅਜੇ ਮੰਗੂਪੁਰ ਨੇ ਪ੍ਰਸ਼ਾਸਨ ਅਤੇ ਸਰਕਾਰ ਨੂੰ ਤਾੜਦਿਆਂ ਕਾਨੂੰਨ ਵਿਵਸਥਾ ਦੀ ਵਿਗੜੀ ਹਾਲਤ ਨੂੰ ਸੁਧਾਰਨ ਲਈ ਸਲਾਹ ਦਿੱਤੀ।

## ਐੱਨ ਆਰ ਆਈ ਪਰਵਾਰ ਨੇ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਵੰਡੀ




**ਕਿਸ਼ਨਗੜ੍ਹ (ਸੁਖਜੀਤ ਕੁਮਾਰ)—** ਸਰਕਾਰੀ ਪ੍ਰਾਇਮਰੀ ਸਕੂਲ ਅਤੇ ਸ਼ਹੀਦ ਬੰਤਾ ਸਿੰਘ ਸਰਕਾਰੀ ਮਿਡਲ ਸਕੂਲ ਸੰਘਵਾਲ ਦੇ ਬੱਚਿਆਂ ਨੂੰ ਇੱਕ ਐਨ ਆਰ ਆਈ ਪਰਵਾਰ ਵੱਲੋਂ ਸਟੇਸ਼ਨਰੀ ਵੰਡੀ ਗਈ। ਜਾਣਕਾਰੀ ਮੁਤਾਬਕ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਕੈਨੇਡਾ ਵਾਸੀ ਹਰਜਿੰਦਰ ਸਿੰਘ ਚਾਹਲ ਅਤੇ ਉਹਨਾਂ ਦੀ ਧਰਮ ਪਤਨੀ ਸੁਰਿੰਦਰ ਕੌਰ ਚਾਹਲ ਤੇ ਸਮੂਹ ਪਰਵਾਰ ਵੱਲੋਂ ਨਰਸਰੀ ਤੋਂ ਲੈ ਕੇ ਅੱਠਵੀਂ ਕਲਾਸ ਤੱਕ ਦੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਉਹਨਾਂ ਦੇ ਨਾਲ ਸਰਪੰਚ ਸ੍ਰੀਮਤੀ ਪ੍ਰਵੀਨ ਕੁਮਾਰੀ, ਸਾਬਕਾ ਸਰਪੰਚ ਭਾਗ ਰਾਮ,ਜਸਵੀਰ ਸਿੰਘ ਚਾਹਲ ਆਸਟਰੇਲੀਆ, ਜਸਪ੍ਰੀਤ ਸਿੰਘ ਚਾਹਲ,ਜਥੇਦਾਰ ਸ਼ੀਤਲ ਸਿੰਘ ਯੂਐਸਏ, ਗੁਲਜਿੰਦਰ ਸਿੰਘ ਕੈਨੇਡਾ, ਜਰਮਨ ਸਿੰਘ ਚਾਹਲ, ਮੁੱਖ ਅਧਿਆਪਕਾ ਨੀਲਮ ਕੁਮਾਰੀ , ਪ੍ਰਾਇਮਰੀ ਮੁੱਖ ਅਧਿਆਪਕ ਸੰਜੀਵ ਸ਼ਰਮਾ, ਮੈਡਮ ਸੁਨੀਤਾ ਕੁਮਾਰੀ,ਮੈਡਮ ਅਨੀਤਾ ਕੁਮਾਰੀ, ਗੁਰਮੇਲ ਸਿੰਘ, ਅਮਨ ਕੁਮਾਰ, ਸੌਰਵ ਪਾਲ,ਰਮਨ ਕੁਮਾਰ, ਗੁਰਪ੍ਰੀਤ, ਮਮਤਾ ਰਾਣੀ ਅਤੇ ਊਸ਼ਾ ਰਾਣੀ ਹਾਜ਼ਰ ਸਨ!

## ਬਿਰਧ ਆਸ਼ਰਮ 'ਚ ਲਾਇਆ ਮੁਫ਼ਤ ਮੈਡੀਕਲ ਜਾਂਚ ਕੈਂਪ



**ਅੱਡਾ ਸਰਾਂ (ਜਸਵੀਰ ਕਾਜਲ)-** ਉੱਘੇ ਖੇਡ ਪ੍ਰਮੋਟਰ ਅਤੇ ਸਮਾਜ ਸੇਵਕ ਪ੍ਰਵਾਸੀ ਪੰਜਾਬੀ ਜਵਾਹਰ ਸਿੰਘ ਪੱਡਾ ਅਤੇ ਉਨ੍ਹਾਂ ਦੇ ਪਰਵਾਰ ਵੱਲੋਂ ਪਿੰਡ ਦੇਹਰੀਵਾਲ ਵਿਖੇ ਬੇਸਹਾਰਿਆਂ ਦੀ ਸੇਵਾ ਸੰਭਾਲ ਲਈ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਖੇ ਮੁਫ਼ਤ ਮੈਡੀਕਲ ਜਾਂਚ ਕੈਂਪ ਲਾਇਆ ਗਿਆ। ਕੈਂਪ ਵਿਚ ਸੀਤਾ ਦੇਵੀ ਮਹਿੰਗਾ ਸਿੰਘ ਮੈਮੋਰੀਅਲ ਵੇਵਜ਼ ਹਸਪਤਾਲ ਦੀ ਟੀਮ ਡਾ.ਲਵਪ੍ਰੀਤ ਸਿੰਘ ਪਾਬਲਾ, ਸ਼ਰਨਜੋਤ ਸਿੰਘ, ਪ੍ਰਭਜੋਤ ਸਿੰਘ , ਸਿਰਮਨ, ਗੁਰਜੀਤ ਕੌਰ ਅਤੇ ਹਰਪ੍ਰੀਤ ਕੌਰ ਨੇ ਆਸ਼ਰਮ ਵਿਚ ਰਹਿੰਦੇ ਮੈਂਬਰਾਂ ਅਤੇ ਪਿੰਡ ਵਾਸੀਆਂ ਦੀ ਮੈਡੀਕਲ ਜਾਂਚ ਕਰਦੇ ਹੋਏ ਦਵਾਈਆਂ ਦਿੱਤੀਆਂ । ਇਸਦੇ ਨਾਲ ਹੀ ਤੰਦਰੁਸਤ ਰਹਿਣ ਲਈ ਜਰੂਰੀ ਜਾਣਕਾਰੀਆਂ ਦਿੱਤੀਆਂ । ਕੈਂਪ ਦੇ ਸਮਾਪਨ ਤੇ ਪ੍ਰਬੰਧਕਾਂ ਵੱਲੋਂ ਹਸਪਤਾਲ ਦੀ ਟੀਮ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਹਰਵਿੰਦਰ ਸਿੰਘ ਬਸੀ ਜਲਾਲ, ਰਜਿੰਦਰ ਸਿੰਘ ਜੌਹਲ, ਹਰਪ੍ਰੀਤ ਕੌਰ ਗੇਹਲੋਂ, ਜਸਕਰਨ ਸਿੰਘ, ਜਸਵਿੰਦਰ ਸਿੰਘ, ਬਖਸ਼ੀਸ਼ ਸਿੰਘ, ਰਾਜ ਕੁਮਾਰ, ਭੋਲੂ, ਅਵਤਾਰ ਸਿੰਘ, ਚੰਨਣ ਸਿੰਘ, ਸੁਰਿੰਦਰ ਸਿੰਘ, ਲਾਡੀ, ਮੰਗਲ ਸਿੰਘ ਆਦਿ ਮੌਜੂਦ ਸਨ ।

## ਸੀ ਐੱਚ ਸੀ ਕਾਲਾ ਬੱਕਰਾ ਨੂੰ ਐਬੂਲੈਂਸ ਭੇਟ



**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਮਾਨਵਤਾ ਦੀ ਸੇਵਾ ਉਤਮ ਸੇਵਾ ਨੂੰ ਮੁੱਖ ਰੱਖਦਿਆਂ ਸਮਾਜ ਸੇਵਾ ਸੁਸਾਇਟੀ (ਰਜਿ.) ਪਿੰਡ ਕਾਲਾ ਬੱਕਰਾ ਦੇ ਨਿਰਮਲ ਸਿੰਘ ਨੇ ਆਪਣੀ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿੱਚ ਹਸਪਤਾਲ ਕਾਲਾ ਬੱਕਰਾ ਵਿੱਚ ਸੁਸਾਇਟੀ ਦੀ ਐਂਬੂਲੈਂਸ ਮੁਫ਼ਤ ਸੇਵਾ ਦੇ ਤੌਰ 'ਤੇ ਲਗਾ ਕੇ ਵੱਡਾ ਯੋਗਦਾਨ ਪਾਇਆ ਹੈ।ਨਿਰਮਲ ਸਿੰਘ ਨੇ ਕਿਹਾ ਕਿ ਸੀ ਐਚ ਸੀ ਕਾਲਾ ਬੱਕਰਾ ਵਿਖੇ ਇਕ ਹੀ ਸਰਕਾਰੀ ਐਂਬੂਲੈਂਸ ਹੈ। ਉਹ ਜਦੋਂ ਮਰੀਜ਼ ਨੂੰ ਲੈਣ ਜਾਂ ਛੱਡਣ ਚਲੀ ਜਾਂਦੀ ਹੈ ਤਾਂ ਪਿੱਛੋਂ ਕਿਸੇ ਮਰੀਜ਼ ਨੂੰ ਐਮਰਜੈਂਸੀ ਦੀ ਹਾਲਤ ਵਿੱਚ ਸ਼ਿਫਟ ਕਰਨ ਲਈ ਬਹੁਤ ਮੁਸ਼ਕਲ ਹੁੰਦੀ।ਐਮਰਜੈਂਸੀ ਦੀ ਹਾਲਤ ਵਿੱਚ ਮਰੀਜ਼ ਨੂੰ ਜਲੰਧਰ ਹਸਪਤਾਲ ਸ਼ਿਫਟ ਕਰਕੇ ਕੀਮਤੀ ਜਾਨ ਨੂੰ ਬਚਾਇਆ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਸਾਡੀ ਸੁਸਾਇਟੀ ਦੀ ਐਂਬੂਲੈਂਸ ਬਲਾਕ ਭੋਗਪੁਰ ਦੇ ਪਿੰਡਾਂ ਦੇ ਸਾਰੇ ਮਰੀਜ਼ਾਂ ਲਈ ਉਪਲੱਬਧ ਹੈ। ਜੋ ਹੈਲਥ ਸੈਂਟਰ 'ਚ ਪਹੁੰਚਣ ਤੋਂ ਅਸਮਰਥ ਹਨ।ਸੀ ਐਚ ਸੀ ਕਾਲਾ ਬੱਕਰਾ ਦੇ ਐਸ ਐਮ ਓ ਡਾਕਟਰ ਰਿਚਰਡ ਓਹਰੀ ਨੇ ਸੁਸਾਇਟੀ ਦੇ ਇਸ ਸੇਵਾ ਭਾਵਨਾ ਦੇ ਉਪਰਾਲੇ ਦੀ ਸ਼ਲਾਘਾ ਕੀਤੀ।

## ਧਾਰਮਿਕ ਤੇ ਇਨਾਮ ਵੰਡ ਸਮਾਰੋਹ ਸਫਲਤਾਪੂਰਵਕ ਸੰਪੰਨ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)—** ਸਰਕਾਰੀ ਹਾਈ ਸਕੂਲ ਗੀਗਨਵਾਲ ਵਿਖੇ ਸਮੂਹ ਸਟਾਫ, ਐਸ ਐਮ ਸੀ ਕਮੇਟੀ ਅਤੇ ਗ੍ਰਾਮ ਪੰਚਾਇਤ ਗੀਗਨਵਾਲ ਦੇ ਸਹਿਯੋਗ ਨਾਲ ਚੌਥਾ ਧਾਰਮਿਕ ਅਤੇ ਇਨਾਮ ਵੰਡ ਸਮਾਰੋਹ ਸਫਲਤਾ ਪੂਰਵਕ ਸੰਪੰਨ ਹੋਇਆ।ਇਸ ਮੌਕੇ ਅਸ਼ਵਨ ਭੱਲਾ ਨੇ ਕਿਹਾ ਕਿ ਮੈਂ ਇਸ ਸਕੂਲ ਵਿਚੋਂ ਹੀ ਪੜ੍ਹ ਕੇ ਗਿਆ ਹਾਂ ਅਤੇ ਅੱਜ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ ਕਿ ਮੈਨੂੰ ਸਕੂਲ ਵਿੱਚ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ ਐਸ. ਐਮ. ਸੀ ਚੇਅਰਮੈਨ ਦਵਿੰਦਰ ਸਿੰਘ ਵੱਲੋਂ ਆਪਣੇ ਵਿਚਾਰ ਸਾਂਝੇ ਕੀਤੇ ਗਏ। ਮੈਡਮ ਬਲਜਿੰਦਰ ਕੌਰ ਵੱਲੋਂ ਸਟੇਜ ਦੀ ਭੂਮਿਕਾ ਨਿਭਾਈ ਗਈ। ਇੰਗਲਿਸ਼ ਮਿਸਟ੍ਰੈਸ ਮੈਡਮ ਸੁਨੀਤਾ ਰਾਣੀ ਵੱਲੋਂ ਬੱਚਿਆਂ ਦੇ 2024-25 ਸੈਸ਼ਨ ਦੇ ਨਾਨ ਬੋਰਡ ਅਤੇ 2023-24 ਦੇ ਬੋਰਡ ਕਲਾਸਾਂ ਦੇ ਨਤੀਜੇ ਐਲਾਨੇ ਗਏ ਅਤੇ ਇਹਨਾਂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਜ਼ਿਲ੍ਹਾ ਪੱਧਰ 'ਤੇ ਭਾਗ ਲੈਣ ਵਾਲੇ ਵਿਦਿਆਰਥੀ ਜਿਵੇਂ ਗਿੱਧੇ ਦੀ ਟੀਮ, ਰੋਲ ਪਲੇ ਦੀ ਟੀਮ ਸਾਇੰਸ ਐਗਜੀਬਿਸ਼ਨ ਵਿਚ ਭਾਗ ਲੈਣ ਵਾਲੇ ਵਿਦਿਆਰਥੀ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀ ਸਤਨਾਮ ਸਿੰਘ ਅਤੇ ਵਿਦਿਆਰਥੀ ਅਮਨ ਬੜਾ ਨੂੰ ਸਪੈਸ਼ਲ ਪ੍ਰਾਈਜ ਦਿੱਤੇ ਗਏ। ਸਕੂਲ ਦੇ ਸੀਨੀਅਰ ਅਧਿਆਪਕ ਰਾਜਕੁਮਾਰ ਵੱਲੋਂ ਪਿਛਲੇ ਚਾਰ ਸਾਲਾਂ ਦੀ ਰਿਪੋਰਟ ਦਾ ਵਰਣਨ ਕੀਤਾ ਗਿਆ। ਇਸ ਮੌਕੇ ਮਨਦੀਪ ਅਰੋੜਾ, ਸਰਪੰਚ ਸ.ਪਲਵਿੰਦਰ ਸਿੰਘ , ਸਰਪੰਚ ਬਹਿਰਾਮ ਸਰਿਸ਼ਤਾ, ਮਨਜਿੰਦਰ ਸਿੰਘ ਕਾਕਾ, ਹਰਬੰਸ ਸਿੰਘ, ਗੁਰਸ਼ਰਨ ਸਿੰਘ, ਅਜਮੇਰ ਸਿੰਘ ,ਰਣਜੀਤ ਸਿੰਘ ਪਾਬਲਾ, ਮਾਸਟਰ ਸੁਰਜਨ ਸਿੰਘ, ਕੈਪਟਨ ਤਰਲੋਕ ਸਿੰਘ ਆਦਿ ਹਾਜ਼ਰ ਸਨ।

## ਸਾਂਝਾ ਫਰੰਟ ਪੰਜਾਬ ਦੇ ਆਗੂਆਂ ਨਾਲ ਗੱਲਬਾਤ ਕਰਨ ਤੋਂ ਸਰਕਾਰ ਫਿਰ ਭੱਜੀ : ਪੈਨਸ਼ਨਰ ਆਗੂ




**ਫਗਵਾੜਾ (ਡਾ. ਰਮਨ)** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੀ ਮਾਸਿਕ ਮੀਟਿੰਗ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਆਗੂਆਂ ਨੂੰ 24-25 ਮਾਰਚ ਨੂੰ ਬਜਟ ਸੈਸ਼ਨ ਦੌਰਾਨ ਕੀਤੀਆਂ ਗਈਆਂ ਰੈਲੀਆਂ ਦੇ ਦਬਾਅ ਅਧੀਨ ਕੈਬਨਿਟ ਸਬ ਕਮੇਟੀ ਨਾਲ 15 ਅਪ੍ਰੈਲ ਨੂੰ ਮੀਟਿੰਗ ਕਰਨ ਦਾ ਲਿਖਤੀ ਸਮਾਂ ਦਿੱਤਾ ਸੀ।ਪਰ ਆਪਣੀ ਵਾਅਦਾ ਖਿਲਾਫੀ ਨੂੰ ਲਗਾਤਾਰ ਜਾਰੀ ਰੱਖਦੇ ਹੋਏ 15 ਅਪ੍ਰੈਲ ਨੂੰ ਸਾਂਝਾ ਫਰੰਟ ਦੇ ਆਗੂਆਂ ਨਾਲ ਗੱਲਬਾਤ ਕਰਨ ਤੋਂ ਇੱਕ ਵਾਰ ਫਿਰ ਕੈਬਨਿਟ ਸਬ ਕਮੇਟੀ ਭੱਜ ਗਈ, ਜਿਸ ਦੀ ਜ਼ੋਰਦਾਰ ਨਿਖੇਧੀ ਕਰਦੇ ਹੋਏ ਮੰਗ ਕੀਤੀ ਕਿ ਸਾਂਝਾ ਫਰੰਟ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਦਾ ਨਿਪਟਾਰਾ ਤੁਰੰਤ ਕੀਤਾ ਜਾਵੇ। ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਫਿਲੌਰ ਸੰਸਦੀ ਹਲਕੇ ਦੇ ਸਾਬਕਾ ਮੈਂਬਰ ਪਾਰਲੀਮੈਂਟ ਮਾਸਟਰ ਭਗਤ ਰਾਮ ਅਤੇ ਪੈਨਸ਼ਨਰ ਮੈਂਬਰ ਦੁਨੀ ਚੰਦ,ਅੱਟੀ (ਜਲੰਧਰ) ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।ਆਗੂਆਂ ਨੇ ਦੱਸਿਆ ਕਿ ਸਾਂਝਾ ਫਰੰਟ ਪੰਜਾਬ ਨੇ ਪੂਰੇ ਪੰਜਾਬ ਵਿੱਚ 17 ਤੋਂ 22 ਅਪ੍ਰੈਲ ਤੱਕ ਕੈਬਨਿਟ ਸਬ ਕਮੇਟੀ ਦੀਆਂ ਅਰਥੀਆਂ ਫੂਕ ਕੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਨ ਦਾ ਸੱਦਾ ਫਿਰ ਦਿੱਤਾ ਹੋਇਆ ਹੈ। ਇਸ ਸੱਦੇ ਅਨੁਸਾਰ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਦੇ ਜੁਝਾਰੂ ਪੈਨਸ਼ਨਰ ਅਰਥੀ ਫੂਕ ਪ੍ਰਦਰਸ਼ਨਾਂ ਵਿੱਚ ਸ਼ਾਮਲ ਜ਼ਰੂਰ ਹੋਣਗੇ। ਲੋਕ ਹਿਤੈਸ਼ੀ ਕਾਫ਼ਲਾ ਫ਼ਗਵਾੜਾ ਵਲੋਂ ਪਹਿਲੀ ਮਈ ਨੂੰ ਮਨਾਏ ਜਾ ਰਹੇ ਮਜ਼ਦੂਰ ਦਿਵਸ ਦੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਫੈਸਲਾ ਵੀ ਕੀਤਾ ਗਿਆ।ਇਸ ਸਮੇਂ ਮੋਹਣ ਸਿੰਘ ਭੱਟੀ, ਪ੍ਰਮੋਦ ਕੁਮਾਰ ਜੋਸ਼ੀ, ਸੀਤਲ ਰਾਮ ਬੰਗਾ,ਨਿਰਮੋਲਕ ਸਿੰਘ ਹੀਰਾ,ਕ੍ਰਿਸ਼ਨ ਗੋਪਾਲ ਚੋਪੜਾ,ਕੇ ਕੇ ਪਾਂਡੇ, ਹਰਭਜਨ ਲਾਲ ਕੌਲ,ਰਤਨ ਸਿੰਘ ਅਤੇ ਕੁਲਦੀਪ ਸਿੰਘ ਕੌੜਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਹੋਏ।

## ਸ੍ਰੀ ਗੁਰੂ ਤੇਗ ਬਹਾਦਰ ਨੇ ਸਾਰਾ ਵੰਸ਼ ਕੁਰਬਾਨ ਕੀਤਾ : ਸੈਣੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਰਮ ਅਤੇ ਸਮਾਜ ਦੀ ਰੱਖਿਆ ਲਈ ਆਪਣਾ ਸਾਰਾ ਵੰਸ਼ ਕੁਰਬਾਨ ਕਰ ਦਿੱਤਾ। ਉਨ੍ਹਾਂ ਨੇ ਨਾਗਰਿਕਾਂ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ, ਸਿਖਿਆਵਾਂ ਅਤੇ ਬਾਣੀ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਬਲਿਦਾਨ ਅਤੇ ਤਿਆਗ ਦੀ ਭਾਵਨਾ ਨੂੰ ਹਮੇਸ਼ਾ ਆਪਣੇ ਜਹਿਨ ਵਿੱਚ ਯਾਦ ਰੱਖਣ। ਇਹ ਹੀ ਸਾਡੀ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ। ਮੁੱਖ ਮੰਤਰੀ ਸੈਣੀ ਪਿੰਡ ਬੀਡ ਮਥਾਨਾ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਸ੍ਰੀ ਗੁਰਦੁਆਰਾ ਸਿੰਘ ਕਮੇਟੀ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਬੋਲ ਰਹੇ ਸਨ।ਇਸ ਤੋਂ ਪਹਿਲਾਂ ਮੁੱਖ ਮੰਤਰੀ, ਵਧੀਕ ਰਾਜ ਮੰਤਰੀ ਸੁਭਾਸ਼ ਸੁਧਾ ਨੇ ਪਿੰਡ ਬੀਡ ਮਥਾਨਾ ਦੇ ਪ੍ਰਵੇਸ਼ ਦੁਆਰ 'ਤੇ ਸ੍ਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੀਡ ਮਥਾਨਾ ਵੱਲੋਂ ਬਣਾਏ ਗਏ ਸ੍ਰੀ ਗੁਰੂ ਤੇਗ ਬਹਾਦਰ ਜੀ ਦੁਆਰ ਦਾ ਉਦਘਾਟਨ ਕੀਤਾ।

# ਨਵਾਂ ਜ਼ਮਾਨਾ ਐਤਵਾਰਤਾ



ਸ਼ਿਆਮ ਸੁੰਦਰ ਦੀਪਤੀ ਦੀਆਂ ਕਵਿਤਾਵਾਂ
(ਆਖ਼ਰੀ ਤੋਂ ਪਹਿਲੇ ਸਫ਼ੇ 'ਤੇ)

ਤੁਸੀਂ ਇਤਰਾਜ਼ ਕਰਦੇ ਹੋ ਹਵਾ ਕਿਉਂ ਬਣ ਗਈ ਨ੍ਹੇਰੀ
ਅਸਰ ਆਖ਼ਿਰ ਤਾਂ ਹੋਣਾ ਸੀ ਇਹ ਰੁੱਖਾਂ ਦੀ ਸ਼ਹਾਦਤ ਦਾ
ਨਿਆਂ ਦੀ ਆਸ ਵਿੱਚ ਬੇਆਸ ਹੋ ਕੇ ਤੁਰ ਗਿਆ ਹੈ ਉਹ
ਅਜੇ ਵੀ ਫ਼ੈਸਲਾ ਬਾਕੀ ਪਿਆ ਕਰਨਾ ਅਦਾਲਤ ਦਾ

- ਅਜੈ ਤਨਵੀਰ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 20 ਅਪ੍ਰੈਲ 2025 | www.nawanzamana.in | ਕੀਮਤ 5.00 ਰੁਪਏ




# .ਗ਼ਦਰ ਲਹਿਰ : ਸੂਰਮਗਤੀ, ਸਿਰੜ ਤੇ ਸਿਰਲੱਥਪੁਣੇ ਦੀ ਗਾਥਾ



ਬਾਬਾ ਸੋਹਣ ਸਿੰਘ ਭਕਨਾ, ਪ੍ਰਧਾਨ



ਮੌਲਵੀ ਬਰਕਤ ਉਲ੍ਹਾ, ਵਾਇਸ ਪ੍ਰਧਾਨ



ਬਾਬਾ ਕੇਸਰ ਸਿੰਘ ਠੱਠਗੜ੍ਹ, ਵਾਇਸ ਪ੍ਰਧਾਨ



ਲਾਲਾ ਹਰਦਿਆਲ, ਜਨਰਲ ਸਕੱਤਰ



ਪੰਡਤ ਕਾਂਸ਼ੀ ਰਾਮ ਮੜੌਲੀ, ਕੈਸ਼ੀਅਰ

ਇੱਕ ਸੌ ਬਾਰਾਂ ਵਰ੍ਹੇ ਪਹਿਲਾਂ ਅਮਰੀਕਾ ਦੇ ਆਰੇਗਨ ਪ੍ਰਾਂਤ ਦੇ ਅਸਟੋਰੀਆ ਵਿੱਚ ਬਣੀ ਗਦਰ ਪਾਰਟੀ ਦੇ ਸਥਾਪਨਾ ਦਿਵਸ 'ਤੇ ਵਿਸ਼ਵ ਭਰ 'ਚ ਅਜ਼ਾਦੀ, ਖੁਸ਼ਹਾਲੀ-ਬਰਾਬਰੀ, ਅਮਲ ਪੂਰਵਕ ਸਹਿਹੋਂਦ ਲਈ ਚੱਲੀਆਂ ਲਹਿਰਾਂ ਅਤੇ ਹਿੰਦੁਸਤਾਨ ਦੀ ਅਜ਼ਾਦੀ ਦੀ ਲੜਾਈ ਵਿੱਚ ਨਿਭਾਈ ਭੂਮਿਕਾ ਦੇ ਇਤਿਹਾਸ ਨੂੰ ਅੱਜ ਦੇ ਹਾਲਾਤ ਦੀ ਪ੍ਰਸੰਗਤਾ ਵਿੱਚ ਮੁੜ ਵਾਚਣ ਅਤੇ ਅਜਿਹੀ ਲਹਿਰ ਉਸਾਰਨ ਦੀ ਅੱਜ ਸਮੇਂ ਦੀ ਮੁੱਖ ਲੋੜ ਹੈ।

.ਗ਼ਦਰ ਲਹਿਰ ਪਹਿਲੀ ਕੌਮੀ ਜੱਦੋ-ਜਹਿਦ ਸੀ, ਜਿਹੜੀ ਧਰਮਾਂ, ਜਾਤਾਂ ਦੀਆਂ ਵੰਡੀਆਂ ਅਤੇ ਪ੍ਰਦੇਸਾਂ ਤੋਂ ਪੂਰੀ ਤਰ੍ਹਾਂ ਨਿਰਲੇਪ ਸੀ, ਇਹ .ਗ਼ਦਰ ਲਹਿਰ ਹੀ ਸੀ, ਜਿਸ ਨੇ ਧਰਮ ਨਿਰਪੱਖਤਾ ਨੂੰ ਸਹੀ ਅਰਥਾਂ ਵਿੱਚ ਅਪਣਾਇਆ ਸੀ। ਅੰਤਰ-ਰਾਸ਼ਟਰੀ ਚੇਤਨਾ .ਗ਼ਦਰ ਲਹਿਰ ਦਾ ਇੱਕ ਹੋਰ ਪੱਖ ਸੀ। .ਗ਼ਦਰੀ ਆਗੂਆਂ ਨੇ ਰੂਸ, ਚੀਨ, ਮੈਕਸੀਕੋ, ਆਇਰਲੈਂਡ, ਮਿਸਰ ਆਦਿ ਦੇਸ਼ਾਂ ਵਿੱਚ ਚੱਲ ਰਹੀਆਂ ਇਨਕਲਾਬੀ ਲਹਿਰਾਂ ਤੋਂ ਪ੍ਰੇਰਨਾ ਲਈ ਅਤੇ ਇਹਨਾਂ ਦੇਸ਼ਾਂ ਦੇ ਇਨਕਲਾਬੀਆਂ ਨਾਲ ਆਪਣੀ ਏਕਤਾ ਪ੍ਰਗਟ ਕਰਦੇ ਉਨ੍ਹਾਂ ਦੇ ਸਾਥੀ ਬਣੇ।

ਸੰਸਾਰ ਭਰ ਵਿੱਚ ਚੱਲ ਰਹੀਆਂ ਸਾਮਰਾਜ ਵਿਰੋਧੀ ਲਹਿਰਾਂ ਦਾ ਹਿੱਸਾ ਹੋਣ ਦੇ ਅਨੁਭਵ ਨੇ ਉਨ੍ਹਾਂ ਨੂੰ ਨਵੀਂ ਸੰਸਾਰ ਦ੍ਰਿਸ਼ਟੀ ਦਿੱਤੀ ਅਤੇ ਇਹ ਦ੍ਰਿਸ਼ਟੀ ਉਨ੍ਹਾਂ ਨੂੰ ਅੰਤਰਰਾਸ਼ਟਰਵਾਦ ਦੇ ਰਾਹ ਤੋਰਨ ਦਾ ਕਾਰਨ ਵੀ ਬਣੀ।

1913 ਵਿੱਚ .ਗ਼ਦਰ ਪਾਰਟੀ ਦੀ ਸ਼ਤਾਬਦੀ ਸਮੇਂ ਅਮਰੀਕੀ ਕਾਂਗਰਸ ਦੀ 113ਵੀਂ ਕਾਂਗਰਸ ਸਮੇਂ ਮਤਾ ਨੰ: H RES 259 ਪਾਸ ਕਰਦਿਆਂ ਕਿਹਾ ਸੀ :

"ਜਦੋਂ 20ਵੀਂ ਸਦੀ ਦੇ ਸ਼ੁਰੂ ਵਿੱਚ ਭਾਰਤੀ ਨਾਗਰਿਕ ਉੱਚ ਵਿੱਦਿਆ ਅਤੇ ਆਰਥਿਕ ਮੌਕਿਆਂ ਕਰਕੇ ਅਮਰੀਕਾ ਆਉਣੇ ਸ਼ੁਰੂ ਹੋਏ ਇਹ ਭਾਰਤੀ ਮੂਲ ਦੇ ਲੋਕ ਅਮਰੀਕਾ ਵਿੱਚ ਸਮਾਜਿਕ ਢਾਂਚੇ ਦਾ ਹਿੱਸਾ ਬਣੇ ਅਤੇ ਉਨ੍ਹਾਂ ਨੂੰ ਬਰਤਾਨੀਆ ਵਿਰੁੱਧ ਅਮਰੀਕੀ ਇਨਕਲਾਬ ਤੋਂ ਪ੍ਰੇਰਨਾ ਮਿਲੀ। ਉਨ੍ਹਾਂ ਨੇ 1913 ਵਿੱਚ ਓਰੇਗਨ ਦੇ ਅਸਟੋਰੀਆ ਵਿੱਚ ਹਿੰਦੋਸਤਾਨ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਨਾਂਅ ਦੀ ਜਥੇਬੰਦੀ ਬਣਾਈ, ਜਿਹੜੀ ਮੁੱਖ ਤੌਰ 'ਤੇ ਗਦਰ ਪਾਰਟੀ ਵਜੋਂ ਜਾਣੀ ਜਾਂਦੀ ਰਹੀ, ਜਿਸ ਦਾ ਮੁੱਖ ਨਿਸ਼ਾਨਾ ਬਰਤਾਨਵੀ ਬਸਤੀਵਾਦ ਤੋਂ ਹਿੰਦੋਸਤਾਨ ਨੂੰ ਮੁਕਤ ਕਰਾਉਣਾ ਸੀ। ਗਦਰ ਪਾਰਟੀ ਨੇ ਆਪਣਾ ਹੈੱਡਕੁਆਟਰ ਕੈਲੇਫੋਰਨੀਆ ਵਿੱਚ ਸਾਨਫਰਾਂਸਿਸਕੋ ਵਿਖੇ ਸਥਾਪਤ ਕੀਤਾ, ਜਿੱਥੇ ਆਪਣੇ ਨਿਸ਼ਾਨਿਆਂ, ਉਦੇਸ਼ਾਂ ਅਤੇ ਸਰਗਰਮੀਆਂ ਦੇ ਪ੍ਰਚਾਰ ਲਈ 'ਗਦਰ' ਨਾਂਅ ਦਾ ਅਖ਼ਬਾਰ ਕੱਢਿਆ, ਜਿਸ ਦੀਆਂ ਹਰ ਹਫ਼ਤੇ 5000 ਕਾਪੀਆਂ ਵੰਡੀਆਂ ਜਾਂਦੀਆਂ ਸਨ। ਅਮਰੀਕਾ ਅਤੇ ਕੈਨੇਡਾ ਵਿੱਚ ਹਜ਼ਾਰਾਂ ਭਾਰਤੀ ਆਪਣੇ ਦੇਸ਼ ਵਾਸੀਆਂ ਨੂੰ ਬਰਤਾਨਵੀ ਸਾਮਰਾਜ ਤੋਂ ਅਜ਼ਾਦੀ ਲਈ (ਜਿਹੜੀ 1947 'ਚ ਪ੍ਰਾਪਤ ਹੋਈ), ਲੜਨ ਅਤੇ ਲਾਮਬੰਦ ਕਰਨ ਲਈ ਹਿੰਦੋਸਤਾਨ ਪਰਤੇ। ਸੈਂਕੜੇ ਗਦਰੀ ਆਪਣੀ ਮਾਤ ਭੂਮੀ ਦੀ ਅਜ਼ਾਦੀ ਲਈ ਲੜਦੇ ਸ਼ਹੀਦ ਹੋ ਗਏ ਅਤੇ ਹੁਣ ਜਦੋਂ ਕਿ 2013 ਦਾ ਇਤਿਹਾਸਕ ਸਾਲ ਗਦਰ ਪਾਰਟੀ ਦੀ ਸਥਾਪਨਾ ਦੀ 100ਵੀਂ ਵਰ੍ਹੇਗੰਢ ਹੈ, ਜਿਸ ਨੇ ਵਿਸ਼ਵ ਭਰ 'ਚ ਖੁਦਮੁਖਤਾਰ, ਅਜ਼ਾਦੀ ਅਤੇ ਆਪਣੇ ਰਾਜ ਦੇ ਹੱਕ ਦੀ ਅਵਾਜ਼ ਬੁਲੰਦ ਕੀਤੀ ਸੀ।"

ਇਹ ਪ੍ਰਤੀਨਿਧ ਹਾਊਸ ਉਸ ਮਹਾਨ ਗਦਰ ਪਾਰਟੀ ਦੀ ਅਮਰੀਕਾ ਵਿਖੇ ਸਥਾਪਨਾ ਨੂੰ ਮਾਨਤਾ ਦਿੰਦਾ ਹੈ :

ਇਸੇ ਤਰ੍ਹਾਂ ਹੀ ਸ਼ਤਾਬਦੀ ਮੌਕੇ ਆਸਟੋਰੀਆ ਦੇ ਮੇਅਰ ਨੇ ਅਜਿਹੇ ਹੀ ਜਜ਼ਬਾਤ ਪ੍ਰਗਟ ਕਰਦੇ ਹੋਏ ਕਿਹਾ ਸੀ ਕਿ ਵਿਸ਼ਵ ਭਾਈਚਾਰੇ 'ਚ ਅਮਨ, ਖੁਦਮੁਖਤਾਰੀ, ਖੁਸ਼ਹਾਲੀ ਅਤੇ ਅਜ਼ਾਦੀ ਦੇ ਸੰਕਲਪ ਨੂੰ ਪ੍ਰਣਾਈ ਇਸ ਪਾਰਟੀ ਦੀ ਸਥਾਪਨਾ ਸਾਡੇ ਸ਼ਹਿਰ 'ਚ ਹੋਈ ਸੀ...ਅਸੀਂ ਇਸ 'ਤੇ ਮਾਣ ਪ੍ਰਗਟ ਕਰਦੇ ਹੋਏ ਗਦਰ ਸ਼ਤਾਬਦੀ ਦੇ ਸੁਨੇਹੇ ਨੂੰ ਬੁਲੰਦ ਕਰਨ ਲਈ ਸਾਰਾ ਸਾਲ ਜਸ਼ਨ ਮਨਾਉਣ ਦਾ ਐਲਾਨ ਕਰਦੇ ਹਾਂ....।

ਅਸਲ ਵਿੱਚ ਇਹ ਲਹਿਰ ਸੂਰਮਗਤੀ, ਸਿਰੜ ਤੇ ਸਿਰਲੱਥਪੁਣੇ ਦੇ ਅਜਿਹੇ ਅਲੋਕਾਰ ਜਜ਼ਬੇ ਦੇ ਸੰਦਰਭ ਵਿੱਚ ਹੀ ਸਮਝੀ ਜਾ ਸਕਦੀ ਹੈ, ਜਿਸ ਦੀ ਮਿਸਾਲ ਮਨੁੱਖੀ ਇਤਿਹਾਸ ਵਿੱਚ ਕਦੇ ਕਦਾਈਂ ਹੀ ਮਿਲਦੀ ਹੈ।

ਗਦਰ ਪਾਰਟੀ ਦੇ ਇਤਿਹਾਸ ਅਤੇ ਇਸ ਦੀ ਅਜ਼ਾਦੀ ਸੰਗਰਾਮ ਵਿੱਚ ਦੇਣ ਬਾਰੇ ਇਤਿਹਾਸਕਾਰਾਂ ਅਤੇ ਵਿਸ਼ਲੇਸ਼ਕਾਂ ਨੇ ਲਿਖਿਆ ਹੈ:

1913 ਦੀ .ਗ਼ਦਰ ਲਹਿਰ ਹਿੰਦੋਸਤਾਨ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਦਾ ਅਜਿਹਾ ਰੱਤ ਰੰਗਿਆ ਕਾਂਡ ਹੈ, ਜਿਸ ਦੇ ਰਚਨਹਾਰ ਉਹ ਹਿੰਦੋਸਤਾਨੀ ਸਨ, ਜਿਹੜੇ ਪਹਿਲੋਂ ਪਹਿਲ ਕੈਨੇਡਾ ਤੇ ਅਮਰੀਕਾ ਦੇ ਸ਼ਾਂਤ ਮਹਾਂਸਾਗਰ ਦੇ ਕੰਢਿਆਂ 'ਤੇ ਆ ਕੇ ਵਸੇ। ਇਹ ਅਜਿਹਾ ਹੰਭਲਾ ਸੀ, ਜਿਹੜਾ ਸੱਚਮੁੱਚ ਇਕ ਅਸਚਰਜ ਵਰਤਾਰਾ ਸੀ। ਜੇ ਇਸ ਲਹਿਰ ਦੇ ਮੋਢੀ ਹਿੰਦੁਸਤਾਨੀਆਂ ਦੀ ਗਿਣਤੀ, ਉਹਨਾਂ ਦੇ ਸਾਦਾ ਪਿਛੋਕੜ ਤੇ ਉਹਨਾਂ ਦੇ ਸੀਮਤ ਵਸੀਲਿਆਂ ਵੱਲ ਦੇਖੀਏ ਤਾਂ ਸੱਚਮੁੱਚ ਹੈਰਾਨੀ ਹੁੰਦੀ ਹੈ ਕਿ ਉਹ ਆਪਣੇ ਦੇਸ਼ ਦੀ ਆਜ਼ਾਦੀ ਲਈ ਏਨਾ ਕੁਝ ਕਿਵੇਂ ਕਰ ਸਕੇ।ਵਾਸਤਵ ਵਿਚ ਇਹ ਲਹਿਰ ਸੂਰਮਗਤੀ, ਸਿਰੜ ਤੇ ਸਿਰਲੱਥਪੁਣੇ ਦੇ ਅਜਿਹੇ ਅਲੋਕਾਰ ਜਜ਼ਬੇ ਦੇ ਸੰਦਰਭ ਵਿਚ ਹੀ ਸਮਝੀ ਜਾ ਸਕਦੀ ਹੈ, ਜਿਸ ਦੀ ਮਿਸਾਲ ਮਨੁੱਖੀ ਇਤਿਹਾਸ ਵਿਚ ਕਦੇ-ਕਦਾਈਂ ਹੀ ਮਿਲਦੀ ਹੈ।

ਇਹ ਲਹਿਰ ਉਹ ਬਹੁਪੱਖੀ ਲੜਾਈ ਦੀ ਲਾਜ਼ਮੀ ਉਪਜ ਸੀ, ਜਿਹੜੀ ਅਮਰੀਕਾ ਤੇ ਕੈਨੇਡਾ ਵਿਚ ਹਿੰਦੁਸਤਾਨੀਆਂ ਨੂੰ ਉਹਨੀਂ ਦਿਨੀਂ ਲੜਨੀ ਪਈ। ਇਹ ਕਰੜੀ ਲੜਾਈ ਉਹਨਾਂ ਨੂੰ ਇਸ ਲਈ ਲੜਨੀ ਪਈ ਸੀ, ਕਿਉਂਕਿ ਉਹ ਗ਼ੁਲਾਮ ਦੇਸ਼ ਤੋਂ ਆਏ ਸਨ। ਸਵਾਲ ਭਾਵੇਂ ਇਹਨਾਂ ਦੇਸ਼ਾਂ ਵਿਚ ਦਾਖ਼ਲ ਹੋਣ ਦਾ ਸੀ ਜਾਂ ਇੱਥੋਂ ਦੀਆਂ ਕਠਿਨ ਹਾਲਤਾਂ ਦਾ ਟਾਕਰਾ ਕਰਨ ਦਾ, ਇੱਥੋਂ ਦੇ ਗੋਰੇ ਲੋਕਾਂ ਦੇ ਮਨਾਂ ਵਿਚ ਆਪਣੇ ਪ੍ਰਤੀ ਘਿਰਣਾ ਤੇ ਤੁਅੱਸਬ ਨਾਲ ਨਜਿੱਠਣ ਦਾ ਸੀ ਜਾਂ ਇੱਥੋਂ ਦੀਆਂ ਸਰਕਾਰਾਂ ਦੀਆਂ ਵਿਤਕਰੇ ਭਰੀਆਂ ਨੀਤੀਆਂ ਤੇ ਮਨਸੂਬਿਆਂ ਨੂੰ ਪਛਾੜਨ ਦਾ, ਉਹਨਾਂ ਪਰਵਾਸੀਆਂ ਨੂੰ ਪੈਰ-ਪੈਰ ਉੱਤੇ ਜੂਝਣਾ ਪਿਆ। ਇਹਨਾਂ ਅਜਮਾਇਸ਼ ਭਰੇ ਸੰਘਰਸ਼ਾਂ ਵਿੱਚੋਂ ਲੰਘ ਕੇ ਹੀ ਉਹਨਾਂ ਨੂੰ ਅਹਿਸਾਸ ਹੋਇਆ ਜੇ ਉਹਨਾਂ ਇਹਨਾਂ ਦੇਸ਼ਾਂ ਵਿਚ ਇੱਜ਼ਤ ਤੇ ਮਾਣ ਨਾਲ ਜਿਉਣਾ ਹੈ ਤੇ ਸਿਰ ਉੱਚਾ ਚੁੱਕ ਕੇ ਤੁਰਨਾ ਹੈ ਤਾਂ ਇਸ ਦੇ ਲਈ ਹਿੰਦੁਸਤਾਨ ਦੀ ਆਜ਼ਾਦੀ ਪਹਿਲੀ ਸ਼ਰਤ ਹੈ। ਇੰਝ ਕਹਿਣਾ ਚਾਹੀਦਾ ਹੈ ਕਿ ਜਿਵੇਂ ਹਿੰਦ ਦੀ ਭਾਲ ਨੂੰ ਤੁਰੇ ਕੋਲੰਬਸ ਨੇ ਅਮਰੀਕਾ ਦਰਿਆਫ਼ਤ ਕਰ ਲਿਆ ਸੀ। ਉਂਝ ਹੀ ਪਰਵਾਸੀ ਹਿੰਦੁਸਤਾਨੀਆਂ ਨੂੰ ਅਮਰੀਕਾ ਪਹੁੰਚ ਕੇ ਹਿੰਦ ਦੀ ਗ਼ੁਲਾਮੀ ਦਰਿਆਫ਼ਤ ਹੋਈ।

ਇਹ ਠੀਕ ਹੈ ਕਿ ਇਹ ਲਹਿਰ ਹਿੰਦੁਸਤਾਨ ਵਿਚ ਇਨਕਲਾਬੀ ਜਾਗਰਤੀ ਤੇ ਉਭਾਰ ਪੈਦਾ ਕਰਨ ਦੇ ਪੱਖੋਂ ਕਿਤੇ ਵੱਧ ਡੂੰਘਾ ਤੇ ਜੁੱਗਵਰਤੀ ਅਸਰ ਪਾ ਸਕਦੀ ਸੀ, ਜੇ ਇਹ ਆਪਣੇ ਬੇਮਿਸਾਲ ਵਲਵਲੇ ਦੇ ਬਰਾਬਰ ਤੁਲ ਸਕਣ ਵਾਲੀ ਜਥੇਬੰਦਕ ਪਕਿਆਈ, ਵਿਚਾਰਧਾਰਕ ਸਪੱਸ਼ਟਤਾ ਤੇ ਕਾਰਗਰ ਰਣਨੀਤੀ ਵੀ ਵਿਕਸਤ ਕਰ ਸਕਦੀ। ਅਜਿਹਾ ਕਿਉਂ ਨਾ ਹੋ ਸਕਿਆ, ਇਸ ਦੇ ਕੁਝ ਇਕ ਕਾਰਨਾਂ ਦਾ ਜ਼ਿਕਰ ਬਾਬਾ ਸੋਹਣ ਸਿੰਘ ਭਕਨਾ ਤੇ ਹੋਰ ਪੁਰਾਣੇ ਆਗੂਆਂ ਨੇ ਆਪਣੀਆਂ ਯਾਦਾਂ ਵਿਚ ਕੀਤਾ ਤਾਂ ਹੈ ਪਰ ਇਹ ਵਧੇਰੇ ਵਿਸਤਰਿਤ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ। ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਇਸ ਲਹਿਰ ਨੇ ਆਪਣੀਆਂ ਸੀਮਾਵਾਂ ਦੇ ਬਾਵਜੂਦ ਹਿੰਦੁਸਤਾਨ ਦੇ ਸਾਕਤ ਸਿਆਸੀ ਮਾਹੌਲ ਨੂੰ ਅਜਿਹਾ ਝੰਜੋੜਿਆ ਕਿ ਇਸ ਪਿੱਛੋਂ ਅੰਗਰੇਜ਼ ਹਾਕਮ ਕਦੇ ਵੀ ਪੂਰੀ ਤਰ੍ਹਾਂ ਸੰਭਲ ਨਾ ਸਕੇ, ਭਾਵੇਂ ਉਹਨਾਂ ਸਮੇਂ ਦੇ ਸਮੇਂ ਲਈ ਇਸ ਲਹਿਰ ਨੂੰ ਦਬਾਅ ਦੇਣ ਦੇ ਦਾਅਵੇ ਜ਼ਰੂਰ ਬੰਨ੍ਹੇ।

ਦਰਅਸਲ .ਗ਼ਦਰ ਲਹਿਰ ਦੀ ਵਾਰਤਾ ਪਿਛਲੀ ਸਦੀ ਦੇ ਆਰੰਭ ਤੋਂ ਹੀ ਸ਼ੁਰੂ ਹੋ ਗਈ ਸੀ ਜਦੋਂ ਹਿੰਦੁਸਤਾਨੀਆਂ ਖ਼ਾਸ ਤੌਰ 'ਤੇ ਪੰਜਾਬੀਆਂ ਨੇ ਅਮਰੀਕਾ ਤੇ ਕੈਨੇਡਾ ਵੱਲ ਚਾਲੇ ਪਾਉਣੇ ਸ਼ੁਰੂ ਕੀਤੇ। ਸ਼ੁਰੂ-ਸ਼ੁਰੂ ਵਿਚ ਇਹਨਾਂ ਦੇਸ਼ਾਂ ਵਿਚ ਹਿੰਦੁਸਤਾਨੀਆਂ ਦੀ ਗਿਣਤੀ ਉਂਗਲਾਂ 'ਤੇ ਗਿਣਨ ਜੋਗੀ ਹੀ ਸੀ। ਪ੍ਰਾਪਤ ਅੰਕੜਿਆਂ ਅਨੁਸਾਰ 1905 ਤੱਕ ਕੈਨੇਡਾ ਵਿਚ ਵੱਸੇ ਹਿੰਦੁਸਤਾਨੀਆਂ ਦੀ ਗਿਣਤੀ ਕੇਵਲ 45 ਤੇ 1901 ਤੱਕ ਅਮਰੀਕਾ ਵਿਚ ਆਏ ਹਿੰਦੁਸਤਾਨੀਆਂ ਦੀ ਗਿਣਤੀ ਕੇਵਲ 34 ਸੀ।

ਉਹਨਾਂ ਸਮਿਆਂ ਵਿਚ ਅੰਗਰੇਜ਼ ਹਕੂਮਤ ਦੀਆਂ ਨੀਤੀਆਂ ਦੇ ਸਿੱਟੇ ਵਜੋਂ ਬਾਕੀ ਹਿੰਦੁਸਤਾਨ ਵਾਂਗ ਪੰਜਾਬ ਵਿਚ ਵੀ ਆਰਥਿਕ ਤੇ ਸਮਾਜੀ ਹਾਲਤਾਂ ਕੁਝ ਵਧੇਰੇ ਹੀ ਵਿਗੜ ਚੁੱਕੀਆਂ ਸਨ। ਔੜ, ਪਲੇਗ ਤੇ ਮਲੇਰੀਏ ਵਰਗੀਆਂ ਕੁਦਰਤੀ ਕਰੋਪੀਆਂ ਤੇ ਮਹਾਂਮਾਰੀਆਂ ਨੇ ਇਹਨਾਂ ਹਾਲਤਾਂ ਨੂੰ ਉੱਕਾ ਹੀ ਅਸਹਿ ਬਣਾ ਦਿੱਤਾ ਸੀ।

ਇਹ ਸਨ ਹਾਲਤਾਂ, ਜਿਨ੍ਹਾਂ ਵਿਚ ਪੰਜਾਬੀਆਂ ਨੇ ਰੁਜ਼ਗਾਰ ਦੀ ਭਾਲ ਵਿਚ ਵਿਦੇਸ਼ਾਂ ਦਾ ਰੁਖ਼ ਅਖ਼ਤਿਆਰ ਕੀਤਾ।ਰਾਜਨੀਤਕ ਸੂਝ ਦਾ ਅਭਾਵ ਬਾਬਾ ਹਰਨਾਮ ਸਿੰਘ ਟੁੰਡੀਲਾਟ ਅਨੁਸਾਰ ਦੁਖਦਾਈ ਗੱਲ ਇਹ ਸੀ ਕਿ ਇਕ ਤਾਂ ਇਹ ਲੋਕ ਬਹੁਤ ਘੱਟ ਪੜ੍ਹੇ ਹੋਏ ਸਨ ਅਤੇ ਦੂਸਰਾ ਕਿਸੇ ਵੀ ਸਿਆਸੀ ਸੂਝ ਤੋਂ ਕੋਰੇ ਸਨ, ਪਰ ਇਸ ਵਿਚ ਕਸੂਰ ਉਹਨਾਂ ਦਾ ਨਹੀਂ ਸੀ। ਉਦੋਂ ਹਿੰਦੁਸਤਾਨ ਵਿਚ ਕੌਮੀ ਮੁਕਤੀ ਦੀ ਲਹਿਰ ਅਜੇ ਪੁੰਗਰ ਹੀ ਰਹੀ ਸੀ ਅਤੇ ਪੜ੍ਹੇ-ਲਿਖੇ ਵਰਗਾਂ ਤੱਕ ਹੀ ਸੀਮਤ ਸੀ।

ਰਾਜਨੀਤਕ ਸੁੰਞ ਤੇ ਆਰਥਿਕ ਮੰਦਹਾਲੀ ਦੇ ਇਸ ਖੀਣੇ ਮਾਹੌਲ ਵਿਚ ਕੈਨੇਡਾ ਤੇ ਅਮਰੀਕਾ ਨੂੰ ਰਵਾਨਾ ਹੋਣ ਵਾਲੇ ਪੰਜਾਬੀਆਂ ਦੇ ਦਿਮਾਗ਼ ਵਿਚ ਰੋਜ਼ੀ ਦੀ ਭਾਲ ਤੋਂ ਇਲਾਵਾ ਹੋਰ ਕੋਈ ਸਰੋਕਾਰ ਹੋ ਵੀ ਨਹੀਂ ਸੀ ਸਕਦਾ। ਉਹਨਾਂ ਨੂੰ ਚਿੱਤ-ਚੇਤਾ ਵੀ ਨਹੀਂ ਸੀ ਕਿ ਅਗਲੇ ਕੁਝ ਹੀ ਸਾਲਾਂ ਵਿਚ ਉਹਨਾਂ ਨੂੰ ਆਪਣੀਆਂ ਕਮਾਈਆਂ, ਕਾਰੋਬਾਰ, ਮਿਲਖਾਂ ਤੇ ਬੈਂਕ ਖਾਤੇ ਵਿੱਚੇ ਛੱਡ ਕੇ ਖੜਣ ਸਿਰਾਂ 'ਤੇ ਬੰਨ੍ਹ ਦੇਸ਼ ਨੂੰ ਪਰਤਣਾ ਪੈਣਾ ਹੈ। ਇਹ ਪੰਜਾਬੀ ਕਿੱਥੋਂ ਤੁਰੇ ਸਨ ਤੇ ਕਿਸ ਮੰਜ਼ਲ ਤੱਕ ਪੁੱਜੇ, ਉਸ ਵੱਲ ਦੇਖਦਿਆਂ ਵਿਦੇਸ਼ਾਂ ਵੱਲ ਉਹਨਾਂ ਦੇ ਸਫ਼ਰ ਨੂੰ 'ਕੌਮੀ ਸੂਝ ਵੱਲ ਸਫ਼ਰ' ਦਾ ਨਾਂਅ ਦਿੱਤਾ ਜਾ ਸਕਦਾ ਹੈ।

ਹਿੰਦੁਸਤਾਨ ਵਿਚ ਹਥਿਆਰਬੰਦ ਵਿਦਰੋਹ ਕਰਨ ਦਾ .ਗ਼ਦਰ ਪਾਰਟੀ ਦਾ ਫ਼ੈਸਲਾ ਅਣਪਛਾਤੇ ਤੇ ਅਣਪਰਖੇ ਪਾਣੀਆਂ ਵਿਚ ਠਿੱਲ੍ਹਣ ਵਾਲੀ ਗੱਲ ਸੀ। ਇਸ ਦੇ ਬਾਵਜੂਦ ਜਿਹੜੇ ਲੋਕ ਇਹਨਾਂ ਪਾਰਟੀਆਂ ਨੂੰ ਪਰਖਣ ਲਈ ਸਭ ਤੋਂ ਪਹਿਲਾਂ ਅੱਗੇ ਆਏ, ਉਹ ਇਸ ਦੇ ਪਹਿਲੀ ਪਾਲ ਦੇ ਆਗੂ ਸਨ। ਇਸ ਪੱਖੋਂ .ਗ਼ਦਰ ਪਾਰਟੀ ਉਚੇਚੇ ਸਤਿਕਾਰ ਦੀ ਹੱਕਦਾਰ ਹੈ। ਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਹਥਿਆਰ ਪਹੁੰਚਾਉਣ ਲਈ ਪਹਿਲਾਂ ਹੀ ਜਾਪਾਨ ਚਲੇ ਗਏ ਸਨ। ਉਹ ਅਜੇ ਜਾਪਾਨ ਵਿਚ ਹੀ ਸਨ, ਜਦੋਂ ਉਹਨਾਂ ਨੂੰ ਇਹ ਸੁਨੇਹਾ ਮਿਲ ਗਿਆ ਸੀ ਕਿ ਉਹ ਹੋਰ .ਗ਼ਦਰੀ ਇਨਕਲਾਬੀਆਂ ਨੂੰ ਨਾਲ ਲੈ ਕੇ ਹਿੰਦੁਸਤਾਨ ਪਹੁੰਚਣ। ਭਾਈ ਭਗਵਾਨ ਸਿੰਘ ਨੂੰ ਕਿਹਾ ਗਿਆ ਕਿ ਉਹ ਜਾਪਾਨ, ਫ਼ਿਲਪਾਈਨ ਤੇ ਹਾਂਗਕਾਂਗ ਜਾ ਕੇ ਉਥੇ ਰਹਿੰਦੇ ਹਿੰਦੀਆਂ ਨੂੰ ਲਾਮਬੰਦ ਕਰਨ। ਪੰਡਤ ਸੋਹਨ ਲਾਲ ਪਾਠਕ ਨੂੰ ਸਿਆਮ ਵਿੱਚੋਂ ਦੀ ਹੁੰਦਿਆਂ ਹੋਇਆਂ ਬਰਮਾ ਪਹੁੰਚਣ ਦਾ ਕੰਮ ਸੌਂਪਿਆ ਗਿਆ। ਭਾਈ ਸੰਤੋਖ ਸਿੰਘ ਨੂੰ ਮਲਾਇਆ ਤੇ ਸਿੰਗਾਪੁਰ ਲਈ ਰਵਾਨਾ ਕੀਤਾ ਗਿਆ। ਬਾਬੂ ਹਰਨਾਮ ਸਿੰਘ ਨੂੰ ਕਿਹਾ ਗਿਆ ਕਿ ਉਹ ਸਿਆਮ ਵਿੱਚੋਂ ਦੀ ਹੁੰਦੇ ਹੋਏ ਬਰਮਾ ਪਹੁੰਚਣ ਤੇ ਸੋਹਨ ਲਾਲ ਪਾਠਕ ਦਾ ਹੱਥ ਵਟਾਉਣ। ਮੌਲਵੀ ਬਰਕਤਉਲਾ ਨੂੰ ਕਿਹਾ ਗਿਆ ਕਿ ਉਹ ਅਫ਼ਗਾਨਿਸਤਾਨ ਜਾ ਕੇ ਤੇ ਉਥੋਂ ਦੇ ਸ਼ਾਹ ਤੋਂ .ਗ਼ਦਰ ਲਈ ਹਮਾਇਤ ਹਾਸਲ ਕਰਨ ਤੇ ਅੰਗਰੇਜ਼ਾਂ ਵਿਰੁੱਧ ਲੜ ਰਹੇ ਪਠਾਣਾਂ ਨੂੰ ਨਾਲ ਰਲਾਉਣ ਦੀ ਕੋਸ਼ਿਸ਼ ਕਰਨ। ਇੰਝ ਹੀ ਹਰਨਾਮ ਸਿੰਘ ਟੁੰਡੀਲਾਟ ਤੇ ਨਿਧਾਨ ਸਿੰਘ ਚੁੱਘਾ ਦੇ ਜ਼ਿੰਮੇ ਵੀ ਵਿਸ਼ੇਸ਼ ਕਾਰਜ ਲਾਏ ਗਏ।

ਸੋਹਣ ਸਿੰਘ ਭਕਨਾ 60-70 ਇਨਕਲਾਬੀਆਂ ਦੇ ਪਹਿਲੇ ਪੂਰ ਨਾਲ ਨਾਮਸੰਗ ਜਹਾਜ਼ ਰਾਹੀਂ ਹਿੰਦੁਸਤਾਨ ਵੱਲ ਤੁਰੇ। ਇਸ ਪਹਿਲੇ ਪੂਰ ਵਿਚ ਸ਼ੰਘਾਈ ਤੋਂ ਰਲਣ ਵਾਲੇ ਇਨਕਲਾਬੀ ਵੀ ਸ਼ਾਮਲ ਸਨ। ਨਾਮਸੰਗ ਦੇ ਪਿੱਛੇ-ਪਿੱਛੇ 60-70 ਹੋਰ ਇਨਕਲਾਬੀ ਇਕ ਹੋਰ ਜਹਾਜ਼ ਐੱਸ. ਐੱਸ. ਕੋਰੀਆ ਰਾਹੀਂ 29 ਅਗਸਤ, 1914 ਨੂੰ ਸਾਨਫ੍ਰਾਂਸਿਸਕੋ ਤੋਂ ਰਵਾਨਾ ਹੋਏ।

ਦੇਖਿਆ ਜਾਏ ਤਾਂ ਜਿਹੜੇ ਹਿੰਦੁਸਤਾਨੀ ਰੁਜ਼ਗਾਰ ਦੀ ਭਾਲ ਵਿਚ ਏਨੇ ਤਰੱਦਦ ਨਾਲ ਬਾਹਰਲੇ ਦੇਸ਼ਾਂ ਨੂੰ ਗਏ ਸਨ, ਉਹਨਾਂ ਦਾ .ਗ਼ਦਰ ਪਾਰਟੀ ਦੇ ਸੱਦੇ ਉੱਤੇ 8000 ਤੋਂ ਵੱਧ ਦੀ ਵੱਡੀ ਗਿਣਤੀ ਵਿਚ ਦੇਸ਼ ਪਰਤਣਾ ਅਤੇ ਉਹ ਵੀ ਸਿਰਾਂ ਦੀ ਮੰਗ ਕਰਦੇ ਹਥਿਆਰਬੰਦ ਵਿਦਰੋਹ ਲਈ, ਇਹ ਸੱਚਮੁੱਚ ਇਕ ਵਚਿੱਤਰ ਵਰਤਾਰਾ ਸੀ। ਇਸ ਵਰਤਾਰੇ ਨੂੰ ਸਿਵਾਏ ਇਸ ਦੇ ਹੋਰ ਕਿਵੇਂ ਬਿਆਨ ਕੀਤਾ ਜਾ ਸਕਦਾ ਹੈ ਕਿ ਉਹ ਕੌਮੀ ਜਜ਼ਬੇ ਦੀ ਉਸ ਪਹਿਲੀ ਪ੍ਰਬਲ ਛੱਲ ਦਾ ਸਦਕਾ ਸੀ, ਜਿਹੜੀ ਪਰਵਾਸੀ ਹਿੰਦੁਸਤਾਨੀਆਂ ਵਿਚ ਏਨੇ ਤਤਕਾਲੀ ਰੂਪ ਵਿਚ ਉੱਭਰੀ ਤੇ ਉਹਨਾਂ ਨੂੰ ਆਪਣੇ ਨਾਲ ਵਹਾ ਕੇ ਲੈ ਤੁਰੀ। ਇਸ ਪੱਖ ਨੂੰ ਵੀ ਏਸੇ ਵਚਿੱਤਰ ਵਰਤਾਰੇ ਦਾ ਹਿੱਸਾ ਕਿਹਾ ਜਾ ਸਕਦਾ ਹੈ ਕਿ .ਗ਼ਦਰੀ ਆਗੂਆਂ ਨੇ ਅਜਿਹੀ ਸਾਵਧਾਨੀ ਤੇ ਭੇਦ ਤੋਂ ਕੰਮ ਲੈਣ ਦੀ ਲੋੜ ਵੱਲ ਘੱਟ ਹੀ ਧਿਆਨ ਦਿੱਤਾ, ਜਿਸ ਨੂੰ ਕਿਸੇ ਵੀ ਹਥਿਆਰਬੰਦ ਵਿਦਰੋਹ ਲਈ ਮੁੱਢਲੀ ਸ਼ਰਤ ਸਮਝਿਆ ਜਾਂਦਾ ਹੈ। ਉਹ ਐੱਸ.ਐੱਸ. ਕੋਰੀਆ ਜਹਾਜ਼ ਰਾਹੀਂ ਅਮਰੀਕਾ ਤੋਂ ਤੁਰੇ ਤਾਂ ਏਨੇ ਢੋਲ-ਢਮੱਕੇ ਨਾਲ ਕਿ ਸਥਾਨਕ ਅਖ਼ਬਾਰ 'ਪੋਰਟਲੈਂਡ ਟੈਲੀਗਰਾਮ' ਨੇ ਇਸ ਦੀ ਖ਼ਬਰ ਆਪਣੇ ਪਹਿਲੇ ਸਫ਼ੇ ਉੱਤੇ ਇਸ ਵੱਡੀ ਸੁਰਖ਼ੀ ਨਾਲ ਛਾਪੀ : 'ਗ੍ਰਹਿ-ਕ੍ਰਾਂਤੀ ਵਿਚ ਹਿੱਸਾ ਲੈਣ ਲਈ ਹਿੰਦੂਆਂ ਦੀ ਰਵਾਨਗੀ। ਆਪਣੇ ਲੰਮੇ ਸਮੁੰਦਰੀ ਸਫ਼ਰ ਸਮੇਂ .ਗ਼ਦਰੀ ਆਗੂ ਜਿਸ ਘਾਟ ਜਾਂ ਜਿਸ ਪੜਾਅ ਉੱਤੇ ਵੀ ਰੁਕਦੇ, ਉੱਥੇ ਖੁੱਲ੍ਹੇ ਜਲਸਿਆਂ ਵਿਚ ਹਥਿਆਰਬੰਦ ਇਨਕਲਾਬ ਦਾ ਪ੍ਰਚਾਰ ਕਰਦੇ ਅਤੇ ਆਪਣੇ ਹਮਵਤਨਾਂ ਨੂੰ ਸਾਥ ਦੇਣ ਲਈ ਵੰਗਾਰਦੇ। ਉਹਨਾਂ ਹਾਂਗਕਾਂਗ, ਸਿੰਗਾਪੁਰ ਤੇ ਰੰਗੂਨ ਵਿਚ ਠਹਿਰੀਆਂ ਹੋਈਆਂ ਪੰਜਾਬੀ ਪਲਟਨਾਂ ਵਿਚ ਹਥਿਆਰਬੰਦ ਵਿਦਰੋਹ ਦਾ ਖੁੱਲ੍ਹਾ ਪ੍ਰਚਾਰ ਕੀਤਾ। ਉਹਨਾਂ ਦੇ ਇਸ ਦਬੰਗ ਵਤੀਰੇ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਦੀ ਨਜ਼ਰ ਵਿਚ ਬਦੇਸ਼ਾਂ ਵਿਚ ਤੇ ਦੇਸ਼ ਤੋਂ ਬਾਹਰ ਵਸਦੇ ਹਿੰਦੁਸਤਾਨੀਆਂ ਨੂੰ ਝੰਜੋੜਨ ਦਾ ਇਹੀ ਇਕ ਰਾਹ ਸੀ। ਸ਼ਾਇਦ ਉਹ ਇਹ ਵੀ ਸਮਝਦੇ ਸਨ ਕਿ ਸਰਗਰਮੀਆਂ ਨੂੰ ਭੇਦ ਵਿਚ ਰੱਖਣ ਦਾ ਅਰਥ ਕਮਜ਼ੋਰੀ ਹੈ। ਅਜਿਹੇ ਨਿਧੜਕ ਪੈਂਤੜੇ ਵਿਚ ਉਹਨਾਂ ਦੇ ਇਸ ਵਿਸ਼ਵਾਸ ਦਾ ਵੀ ਹਿੱਸਾ ਜਾਪਦਾ ਸੀ ਕਿ ਹਿੰਦੁਸਤਾਨ ਵਿਚ .ਗ਼ਦਰ ਦੀ ਅੱਗ ਭੜਕ ਉੱਠਣ ਲਈ ਤਿਆਰ ਹੈ। ਇਸ ਦੇ ਲਈ ਕੇਵਲ ਚੰਗਿਆੜੀ ਸੁੱਟਣ ਦੇ ਦਲੇਰਾਨਾ ਐਕਸ਼ਨ ਦੀ ਲੋੜ ਹੈ, ਜਿਹੜਾ ਉਹ ਕਰਨ ਜਾ ਰਹੇ ਸਨ। ਬਾਬਾ ਸੋਹਣ ਸਿੰਘ ਭਕਨਾ ਨੇ ਇਹਨਾਂ ਵਿਚਾਰਾਂ ਦੀ ਤਸਦੀਕ ਕੀਤੀ ਸੀ। ਉਹਨਾਂ ਕਿਹਾ, ਲੋਕਾਂ ਨੂੰ ਝੰਜੋੜਨ ਲਈ ਦਲੇਰਾਨਾ ਪ੍ਰਚਾਰ ਤੋਂ ਕੰਮ ਲੈਣਾ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ, ਪਰ ਅਸੀਂ ਸਮਝਦੇ ਸਾਂ ਲੋਕਾਂ ਦਾ ਵਿਸ਼ਵਾਸ ਜਿੱਤਣ ਲਈ ਅਜਿਹੀ ਨਿਧੜਕ ਦਲੇਰੀ ਜ਼ਰੂਰੀ ਹੈ।

ਇਸ ਨਿਧੜਕ ਦਲੇਰੀ ਨੂੰ ਬਾਹਰਲੇ ਟਾਪੂਆਂ ਵਿਚ ਵਸਦੇ ਹਿੰਦੀਆਂ ਤੋਂ ਤਾਂ ਨਿਰਸੰਦੇਹ ਬੜਾ ਪੁਰਜੋਸ਼ ਹੁੰਗਾਰਾ ਮਿਲਿਆ, ਪਰ ਦੇਸ਼ ਦੇ ਅੰਦਰ ਲੋਕਾਂ ਨੂੰ ਝੰਜੋੜਨ ਦੇ ਜਿਸ ਮੁੱਢਲੇ ਮੰਤਵ ਨਾਲ .ਗ਼ਦਰੀ ਆਗੂਆਂ ਨੇ ਦਲੇਰੀ ਭਰੇ ਪ੍ਰਚਾਰ ਦਾ ਖ਼ਤਰਾ ਮੁੱਲ ਲਿਆ ਸੀ, ਉਹ ਪੂਰਾ ਨਾ ਹੋਇਆ। ਇਸ ਦੇ ਉਲਟ ਇਸ ਦਲੇਰਾਨਾ ਪੈਂਤੜੇ ਨੇ ਅਜਿਹੇ ਅਚਨਚੇਤ ਐਕਸ਼ਨ ਲਈ ਕੋਈ ਗੁੰਜਾਇਸ਼ ਨਾ ਰਹਿਣ ਦਿੱਤੀ, ਜਿਹੜਾ ਦੁਸ਼ਮਣ ਨੂੰ ਚੱਕਰ ਵਿਚ ਪਾਉਣ ਲਈ ਕਿਸੇ ਵੀ ਇਨਕਲਾਬੀ ਲੜਾਈ ਦੀ ਬੁਨਿਆਦੀ ਰਣਨੀਤੀ ਵਿਚ ਸ਼ਾਮਲ ਹੁੰਦਾ ਹੈ। ਹਥਿਆਰਬੰਦ ਵਿਦਰੋਹ ਦੇ ਖੁੱਲ੍ਹੇ ਸੱਦਿਆਂ ਨੇ ਅੰਗਰੇਜ਼ ਹਾਕਮਾਂ ਨੂੰ ਇਸ ਗੱਲੋਂ ਚੁਕੰਨੇ ਕਰ ਦਿੱਤਾ ਕਿ ਪਰਤ ਰਹੇ .ਗ਼ਦਰੀਆਂ ਦੇ ਇਰਾਦੇ ਕੀ ਹਨ। ਇਸ ਲਈ .ਗ਼ਦਰੀਆਂ ਨੂੰ ਕਾਬੂ ਕਰਨ ਦੇ ਸਾਰੇ ਬੰਦੋਬਸਤ ਉਹਨਾਂ ਪਹਿਲਾਂ ਹੀ ਕਰ ਲਏ ਸਨ। .ਗ਼ਦਰੀਆਂ ਦੇ ਜਹਾਜ਼ ਘਾਟ ਉੱਤੇ ਪਿੱਛੋਂ ਲਗਦੇ ਸਨ, ਅੰਗਰੇਜ਼ ਹਕੂਮਤ ਦੀ ਹਥਿਆਰਬੰਦ ਪੁਲਸ ਤੇ ਏਜੰਟ ਉਹਨਾਂ ਉੱਤੇ ਸਵਾਰ ਪਹਿਲਾਂ ਹੋ ਜਾਂਦੇ ਸਨ। ਜਹਾਜ਼ਾਂ ਤੇ ਮੁਸਾਫ਼ਰਾਂ ਦੀ ਪੂਰੀ ਤਲਾਸ਼ੀ ਲੈਂਦੇ ਸਨ ਅਤੇ .ਗ਼ਦਰੀ ਆਗੂਆਂ ਨੂੰ ਹਥਿਆਰਬੰਦ ਪਹਿਰੇ ਵਿਚ ਗੱਡੀਆਂ 'ਤੇ ਚੜ੍ਹਾ ਕੇ ਸਿੱਧੇ ਜੇਲ੍ਹਾਂ ਭੇਜ ਦਿੰਦੇ ਸਨ। ਅਗਾਊਂ ਰਿਪੋਰਟਾਂ ਮਿਲ ਜਾਣ ਕਾਰਨ ਇਸ ਵਾਰ ਅੰਗਰੇਜ਼ ਹਾਕਮਾਂ ਨੇ ਪੂਰੀ ਕੋਸ਼ਿਸ਼ ਕੀਤੀ ਕਿ ਕਾਮਾਗਾਟਾ ਮਾਰੂ ਜਿਹਾ ਖ਼ੂਨੀ ਸਾਕਾ ਵਾਪਰਨ ਦੀ ਬਦਨਾਮੀ ਉਹਨਾਂ ਨੂੰ ਨਾ ਖੱਟਣੀ ਪਏ। ਇਹ ਵੱਖਰੀ ਗੱਲ ਹੈ ਕਿ ਉਹਨਾਂ ਆਪਣੇ ਬੇ-ਨੇਮੇ ਸਾਮਰਾਜੀ ਕਾਨੂੰਨਾਂ ਦੀ ਆੜ ਵਿਚ .ਗ਼ਦਰੀਆਂ ਨੂੰ ਫ਼ਾਂਸੀਆਂ ਉਤੇ ਲਟਕਾਉਣ ਵਿਚ ਕਿਸੇ ਸ਼ਰਮ ਜਾਂ ਦਲੀਲ ਤੋਂ ਕੰਮ ਨਹੀਂ ਲਿਆ ਤਾਂ ਵੀ, ਕਈ .ਗ਼ਦਰੀ ਆਗੂ ਅੰਗ੍ਰੇਜ਼ ਹਾਕਮਾਂ ਦੀਆਂ ਸਾਰੀਆਂ ਪੇਸ਼ਬੰਦੀਆਂ ਦੇ ਬਾਵਜੂਦ ਬਚ ਨਿਕਲਣ ਵਿਚ ਸਫ਼ਲ ਹੋ ਗਏ ਸਨ। ਕਰਤਾਰ ਸਿੰਘ ਸਰਾਭਾ, ਨਿਧਾਨ ਸਿੰਘ ਚੁੱਘਾ, ਹਰਨਾਮ ਸਿੰਘ ਟੁੰਡੀਲਾਟ ਆਦਿ ਜਿਹੇ ਕਈ ਹੋਰ ਆਗੂ ਕੋਲੰਬੋ ਰਾਹੀਂ ਹਿੰਦੁਸਤਾਨ ਪਹੁੰਚੇ ਸਨ। ਇਸ ਦਾ ਅੰਗਰੇਜ਼ਾਂ ਨੂੰ ਇਲਮ ਹੀ ਨਹੀਂ ਸੀ। ਇਹ ਸਾਰੇ ਆਗੂ ਬਿਨਾਂ ਕਿਸੇ ਰੋਕ, ਰੁਕਾਵਟ ਦੇ ਪੰਜਾਬ ਪਹੁੰਚਣ ਵਿਚ ਸਫ਼ਲ ਹੋ ਗਏ ਸਨ।

ਅੰਗਰੇਜ਼ ਹਾਕਮਾਂ ਦੇ ਚੁੰਗਲ ਵਿੱਚੋਂ ਬਚ ਨਿਕਲੇ ਇਹਨਾਂ ਆਗੂਆਂ ਦੀ ਹਿੰਮਤ ਦਾ ਸਦਕਾ ਹੀ ਸੀ ਕਿ ਪੰਜਾਬ ਵਿਚ .ਗ਼ਦਰ ਪਾਰਟੀ ਮੁੜ ਤੋਂ ਸਫ਼ਬੰਦ ਹੋਈ, ਪੰਜਾਬ ਤੇ ਇਸ ਤੋਂ ਬਾਹਰ ਦੀਆਂ ਛੌਣੀਆਂ ਵਿਚ ਸੈਨਿਕਾਂ ਨੂੰ ਵਿਦਰੋਹ ਲਈ ਤਿਆਰ ਕਰਨ ਦੇ ਸਿਰਤੋੜ ਉਪਰਾਲੇ ਹੋਏ, ਪਿੰਡਾਂ ਵਿਚ ਪ੍ਰਚਾਰ ਹੋਇਆ ਤੇ .ਗ਼ਦਰ ਲਈ ਤਾਰੀਖ਼ਾਂ ਮਿੱਥੀਆਂ ਤੇ ਬਦਲੀਆਂ ਗਈਆਂ। ਅੰਤ ਨੂੰ ਬੰਗਾਲ ਦੇ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਦੇ ਪੰਜਾਬ ਆਉਣ ਪਿੱਛੋਂ ਤੈਅ ਹੋਇਆ ਕਿ 22 ਫ਼ਰਵਰੀ 1915 ਦੀ ਸ਼ਾਮ ਨੂੰ .ਗ਼ਦਰ ਦਾ ਝੰਡਾ ਬੁਲੰਦ ਕਰ ਦਿੱਤਾ ਜਾਏ।

.ਗ਼ਦਰ ਦੀਆਂ ਤਿਆਰੀਆਂ ਨੂੰ ਅੰਤਮ ਛੋਹਾਂ ਦੇਣ ਵਿਚ ਰੁੱਝੇ ਹੋਏ .ਗ਼ਦਰੀ ਆਗੂਆਂ ਨੂੰ ਪਤਾ ਹੀ ਨਹੀਂ ਸੀ ਕਿ ਸਰਕਾਰ ਦਾ ਇਕ ਏਜੰਟ ਕਿਰਪਾਲ ਸਿੰਘ ਉਹਨਾਂ ਦੀ ਉੱਤਲੀ ਸਫ਼ ਵਿਚ ਦਾਖ਼ਲ ਹੋ ਚੁੱਕਾ ਹੈ ਤੇ ਉਹਨਾਂ ਦੀਆਂ ਵਿਉਂਤਾਂ ਦੀ ਇਕ-ਇਕ ਖ਼ਬਰ ਪੁਲਸ ਤੱਕ ਪਹੁੰਚਾ ਰਿਹਾ ਹੈ। ਮੁਖ਼ਬਰੀ ਹੋਣ ਦਾ ਪਤਾ .ਗ਼ਦਰੀ ਆਗੂਆਂ ਨੂੰ ਕੁਝ ਦਿਨ ਪਹਿਲਾਂ ਹੀ ਲੱਗਾ। ਉਹਨਾਂ ਮੁਖ਼ਬਰ ਦੀ ਪਛਾਣ ਵੀ ਕਰ ਲਈ ਸੀ, ਪਰ ਉਦੋਂ ਤੱਕ ਖੇਡ ਵਿਗੜ ਚੁੱਕੀ ਸੀ। .ਗ਼ਦਰੀਆਂ ਨੇ ਸਥਿਤੀ ਨੂੰ ਸੰਭਾਲਣ ਲਈ ਵਿਦਰੋਹ ਦੀ ਤਾਰੀਖ 21 ਫ਼ਰਵਰੀ ਤੋਂ ਬਦਲ ਕੇ ਦੋ ਦਿਨ ਪਹਿਲਾਂ 19 ਫ਼ਰਵਰੀ ਕਰ ਦਿੱਤੀ ਸੀ। ਇਸ ਤਬਦੀਲੀ ਦੀ ਖ਼ਬਰ ਪਹੁੰਚਾਉਣ ਲਈ ਇਕ ਵਾਰ ਫੇਰ ਬੰਦੇ ਚੌਹੀਂ ਪਾਸੀਂ ਦੌੜਾਏ ਗਏ, ਪਰ ਤਾਰੀਖ ਬਦਲਣ ਦਾ ਵੀ ਕੋਈ ਫ਼ਾਇਦਾ ਨਾ ਹੋਇਆ।

ਗ੍ਰਿਫ਼ਤਾਰੀਆਂ ਅਤੇ ਮੁਕੱਦਮਿਆਂ ਦਾ ਸਿਲਸਿਲਾ ਸ਼ੁਰੂ ਹੋਇਆ। 'ਲਾਹੌਰ ਸਾਜ਼ਿਸ਼ ਕੇਸ' ਨਾਂਅ 'ਤੇ .ਗ਼ਦਰੀਆਂ ਨੂੰ ਫਾਂਸੀਆਂ ਅਤੇ ਕਾਲੇ ਪਾਣੀ ਉਮਰ ਕੈਦਾਂ ਦੀਆਂ ਸਜ਼ਾਵਾਂ ਸੁਣਾਈਆਂ ਗਈਆ। .ਗ਼ਦਰੀ ਇਨ੍ਹਾਂ ਸਜ਼ਾਵਾਂ ਤੋਂ ਡਰੇ ਨਹੀਂ, ਡੋਲੇ ਨਹੀਂ। ਫਾਂਸੀ ਦੇ ਤਖ਼ਤੇ 'ਤੇ ਉਹ .ਗ਼ਦਰ ਗੂੰਜਾਂ ਗਾਉਂਦੇ ਜਾਂਦੇ। ਇਹ ਸੀ ਉਨ੍ਹਾਂ ਦੇ ਵਲਵਲੇ ਦਾ ਬਾਂਕਾਪਨ। ਉਹ ਆਪਣੇ ਸੰਗਰਾਮ ਨੂੰ ਆਪਣੇ ਲਹੂ ਨਾਲ ਸਿੰਝ ਗਏ ਅਤੇ ਇਸ ਨੂੰ ਅੱਗੇ ਮੰਜ਼ਲ ਤੱਕ ਲੈ ਜਾਣ ਦਾ ਰਾਹ ਦੱਸ ਗਏ....।

ਉੱਘੇ ਕਮਿਊਨਿਸਟ ਚਿੰਤਕ ਅੰਤੋਨਿਓ ਗਰਾਮਸ਼ੀ ਦੇ ਸ਼ਬਦਾਂ ਵਿੱਚ .ਗ਼ਦਰੀਆਂ ਦੀ ਮੁੱਢਲੀ ਸ਼ਕਤੀ ਉਨ੍ਹਾਂ ਦੇ ਦ੍ਰਿੜ੍ਹ ਵਿਸ਼ਵਾਸਾਂ ਤੇ ਇਰਾਦਿਆਂ ਵਿੱਚ ਸੀ। ਗ੍ਰਿਫ਼ਤਾਰ ਹੋਣ ਮਗਰੋਂ ਉਨ੍ਹਾਂ ਉੱਤੇ ਬੰਦ ਅਦਾਲਤਾਂ ਵਿੱਚ ਕਈ ਸਾਜ਼ਿਸ਼ ਕੇਸ ਚਲਾਏ ਗਏ। ਕਈਆਂ ਨੂੰ ਫਾਂਸੀ ਦਿੱਤੀ ਗਈ ਅਤੇ ਕਈਆਂ ਨੂੰ ਉਮਰ ਕੈਦ ਜਾਂ ਕੋਰਟ ਮਾਰਸ਼ਲ ਕੀਤਾ ਗਿਆ, ਪਰ ਉਹ ਆਪਣੇ ਇਰਾਦਿਆਂ ਉੱਤੇ ਦ੍ਰਿੜ੍ਹ ਖੜੋਤੇ ਰਹੇ। ਉਨ੍ਹਾਂ ਕੌਮੀ ਆਜ਼ਾਦੀ ਵਾਸਤੇ ਅਤੇ ਆਜ਼ਾਦੀ ਮਗਰੋਂ ਲੋਕਾਂ ਦੀ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸੁਤੰਤਰਤਾ ਵਾਸਤੇ ਆਪਣਾ ਸੰਗਰਾਮ ਜਾਰੀ ਰੱਖਿਆ। ਉਨ੍ਹਾਂ ਦੀ ਦੇਸ਼ ਭਗਤੀ ਅਤੇ ਕੁਰਬਾਨੀਆਂ ਦੇ ਕਿੱਸੇ ਲੋਕ ਗੀਤ ਬਣ ਗਏ, ਜਿਹੜੇ ਅਗਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਦੇ ਰਹਿਣਗੇ...

**— ਗੁਰਮੀਤ**

ਮੋਬਾ. 98149-64455






ਅਸਟੋਰੀਆ (ਔਰੇਗਨ) ਦਾ ਫੀਨਿਸ਼ ਰਿਪਬਲਿਕ ਹਾਲ ਜਿੱਥੇ .ਗ਼ਦਰ ਪਾਰਟੀ ਦੀ ਸਥਾਪਨਾ ਦੀ ਪਹਿਲੀ ਮੀਟਿੰਗ ਹੋਈ ਸੀ। .ਗ਼ਦਰ ਪਾਰਟੀ ਦੀ ਯਾਦ ਵਿੱਚ ਬਣਿਆ ਪਾਰਕ।



.ਗ਼ਦਰ ਪਾਰਟੀ ਦੇ ਮੋਢੀ ਸੋਹਣ ਸਿੰਘ ਭਕਨਾ ਆਪਣੇ ਸਾਥੀਆਂ ਬਾਬਾ ਗੁਰਮੁਖ ਸਿੰਘ ਲਲਤੋਂ, ਬਾਬਾ ਪਿਰਥੀ ਸਿੰਘ ਆਜ਼ਾਦ, ਬਾਬਾ ਕਰਮ ਸਿੰਘ ਚੀਮਾ, ਹਨੂਮਤ ਸਹਾਏ, ਬਚਨ ਸਿੰਘ ਮਹਿਤਪੁਰ, ਹਰਜਾਪ ਸਿੰਘ ਤੇ ਹੋਰ ਸਾਥੀਆਂ ਨਾਲ 1963 ਵਿੱਚ .ਗ਼ਦਰ ਪਾਰਟੀ ਦੀ 50ਵੀਂ ਵਰ੍ਹੇਗੰਢ ਸਮੇਂ .ਗ਼ਦਰੀ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ।

## ਹਿੰਦੀ ਸ਼ਹੀਦਾਂ ਦਾ ਸੁਨੇਹਾ

ਹਿੰਦੁਸਤਾਨੀਓਂ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ ਤੋਂ ਨਹੀਂ ਭੁਲਾ ਜਾਣਾ॥
ਖਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ 'ਤੇ ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ॥
ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ ਫਰਜ਼ ਆਪਣਾ ਅਸਾਂ ਨਭਾ ਜਾਣਾ॥
ਸਾਡੀ ਯਾਦ ਨੇ ਵਤਨ ਸਪੁੱਤਰਾਂ ਨੂੰ ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ॥
ਸਾਡਾ ਜਿਸਮ ਹੈ ਵਤਨ ਦੀ ਖਾਕ ਪਿਯਾਰੀ ਇਸ ਨੂੰ ਵਤਨ ਦੇ ਵਿਚ ਮਲਾ ਜਾਣਾ॥
ਕੁਛ ਮਰ ਗਏ ਹਾਂ ਕੁਛ ਜੇਲ੍ਹ ਚਲੇ ਪਿਛੋਂ ਤੁਸਾਂ ਨਾ ਮੁਖ ਪ੍ਰਤਾ ਜਾਣਾ॥
ਕਦੇ ਦੇਖ ਸ਼ਹੀਦਾਂ ਦੀ ਕਬਰ ਵੱਲੋਂ ਦੋ ਦੋ ਫੁੱਲ ਪ੍ਰੇਮ ਦੇ ਪਾ ਜਾਣਾ॥
ਚਿੱਤ ਰਹੇ ਅਡੋਲ ਨਾ ਡੋਲ ਜਾਵੇ ਨੀਰ ਅੱਖੀਆਂ ਤੋਂ ਨਾ ਬਹਾ ਜਾਣਾ॥
ਬਣ ਕੇ ਫੁੱਲ ਆਜ਼ਾਦੀ ਦਾ ਟੈਹਿਕ ਪੈਣਾਂ ਜ਼ੁਲਮ ਨਾਲ ਨਾ ਕਿਤੇ ਕੁਮਲਾ ਜਾਣਾ॥
ਦਿੱਤਾ ਪਾੜ ਸਾਨੂੰ ਕੌਮੀ ਦੁਸ਼ਮਣਾਂ ਨੇ ਮੁਲਕ ਵਾਸਤੇ ਮਿੱਲ ਮਲਾ ਜਾਣਾ॥
ਜਿਹੜੇ ਜ਼ੁਲਮ ਤੋਂ ਹੋਈ ਏ ਅੱਗ ਪੈਦਾ ਇਸ ਨੂੰ ਹੋਰ ਭੀ ਜ਼ਰਾ ਚਮਕਾ ਜਾਣਾ॥
ਬੁਰੀ ਮੌਤ ਮਰਿਓ ਨਾ ਬੀਮਾਰ ਹੋ ਕੇ ਬਣ ਕੇ ਮਰਦ ਮੈਦਾਨ ਤਪਾ ਜਾਣਾ॥
ਵਤਨ ਸੇਵਕਾਂ ਨੂੰ ਮੰਦਾ ਬੋਲਿਓ ਨਾ ਕਿਤੇ ਦੇਖਣਾਂ ਚਿੱਤ ਦੁਖਾ ਜਾਣਾ॥
ਮੂਲਾ ਸਿੰਘ ਤੇ ਅਮਰ ਨਵਾਬ ਵਾਂਙੂ ਗਿਦੜ ਵਾਂਗ ਨਾ ਦੁੰਬ ਦਬਾ ਜਾਣਾ॥
ਦੁਸ਼ਮਣ ਅਸਾਂ ਦਾ ਬਹੁਤ ਬਦਮਾਸ਼ ਜ਼ਾਲਮ ਧੋਖਾ ਏਸ ਦਾ ਤੁਸਾਂ ਨਾ ਖਾ ਜਾਣਾ॥
ਸਾਰੇ ਜਗ ਤੋਂ ਬੁਰਾ ਬਦਮਾਸ਼ ਝੂਠਾ ਖਬਰਦਾਰ ਹੋ ਵਾਰ ਬਚਾ ਜਾਣਾ॥
ਜੇਲ੍ਹਾਂ ਹੈਨ ਕਾਲਜ ਵਤਨ ਸੇਵਕਾਂ ਦੇ ਉਥੇ ਆਪਣਾ ਨਾਮ ਲਿਖਾ ਜਾਣਾ॥
ਸਨਦ ਮਿਲੇ ਫਾਂਸੀ ਏਸ ਸਕੂਲ ਵਿਚੋਂ ਏਥੋਂ ਪਾਸ ਹੋਇਆਂ ਕੀ ਖਤਾ ਜਾਣਾ॥
ਹੁੰਦੇ ਫੇਲ੍ਹ ਬਹੁਤੇ ਐਪਰ ਪਾਸ ਥੋੜ੍ਹੇ ਵਤਨ ਵਾਸੀਓ ਚਿੱਤ ਨਾ ਢਾ ਜਾਣਾ॥
ਹਿੰਦੁਸਤਾਨ ਸਾਡਾ ਅਸੀਂ ਹਿੰਦ ਵਾਸੀ ਸਬਕ ਬੱਚਿਆਂ ਤਾਈਂ ਸਖਾ ਜਾਣਾ॥
ਪਿਯਾਰੇ ਪ੍ਰੀਤਮਾ ਚੱਲੇ ਹਾਂ ਅਸੀਂ ਜਿੱਥੇ ਏਸੇ ਰਾਸਤੇ ਤੁਸਾਂ ਭੀ ਆ ਜਾਣਾ॥

(.ਗ਼ਦਰ ਗੂੰਜਾਂ ਵਿੱਚੋਂ)

# ਸਰਕਾਰ ਦੀ ਦਿੱਸਦੀ ਨਾਲੋਂ ਅਣਦਿੱਸਦੀ ਨੀਤੀ ਦੇ ਸ਼ੱਕ ਹੇਠ ਭਾਰਤ ਦਾ ਅਗਲਾ ਸਮਾਂ ਕਿੱਦਾਂ ਦਾ ਹੋਵੇਗਾ!

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਅਸੀਂ ਪੰਜਾਬੀ ਹਾਂ ਤੇ ਪਹਿਲੀ ਇੱਛਾ ਇਹੋ ਰਹਿੰਦੀ ਹੈ ਕਿ ਕਿਸੇ ਵੀ ਹੋਰ ਗੱਲ, ਕਿਸੇ ਹੋਰ ਰਾਜ ਜਾਂ ਹੋਰ ਦੇਸ਼ ਦੀ ਗੱਲ ਕਰਨ ਦੀ ਥਾਂ ਅਸੀਂ ਪੰਜਾਬ ਨੂੰ ਪਹਿਲ ਦੇਈਏ ਤੇ ਇਸ ਦੇ ਮੁੱਦਿਆਂ ਦੀ ਗੱਲ ਕਰੀਏ, ਪਰ ਦੇਸ਼ ਪੱਧਰ ਦੇ ਮਸਲੇ ਬਹੁਤੀ ਵਾਰ ਭਾਰੂ ਹੋ ਜਾਂਦੇ ਹਨ ਤੇ ਜਿੱਥੇ ਬੈਠੇ ਹੋਈਏ, ਉਸ ਦੀ ਗੱਲ ਬਾਅਦ ਉੱਤੇ ਛੱਡਣੀ ਪੈਂਦੀ ਹੈ। ਇਸ ਦੇਸ਼ ਵਿੱਚ ਆਏ ਦਿਨ ਤੇ ਖਾਸ ਕਰ ਕੇ ਅੱਜਕੱਲ੍ਹ ਜੋ ਕੁਝ ਵਾਪਰ ਰਿਹਾ ਹੈ, ਪੰਜਾਬ ਉਸ ਦੇ ਅਸਰਾਂ ਤੋਂ ਅਛੂਤਾ ਨਹੀਂ ਰਹਿ ਸਕਦਾ ਤੇ ਉਹ ਸਾਰਾ ਕੁਝ ਏਨਾ ਧਿਆਨ ਖਿੱਚਣ ਵਾਲਾ ਹੈ ਕਿ ਉਸ ਦੀ ਗੱਲ ਟਾਲੀ ਜਾ ਸਕਣੀ ਸੰਭਵ ਨਹੀਂ ਹੁੰਦੀ।

ਪਿਛਲੇ ਹਫਤੇ ਦੌਰਾਨ ਭਾਰਤ ਦੇ ਕੁਝ ਰਾਜਾਂ ਵਿੱਚ ਸੂਚੀ ਦਰਜ ਜਾਤਾਂ, ਸ਼ਡਿਊਲਡ ਕਾਸਟਸ ਦੀ ਰਿਜ਼ਰਵੇਸ਼ਨ ਅੰਦਰ ਅਗਲੀ ਰਿਜ਼ਰਵੇਸ਼ਨ ਦੀ ਵੰਡ ਲਈ ਤਿੰਨ ਵਰਗ ਮਿੱਥਣ ਦੇ ਕੁਝ ਐਲਾਨ ਆਏ ਹਨ। ਪਹਿਲਾਂ ਇਹ ਕੁਝ ਦੱਖਣ ਭਾਰਤ ਦਾ ਸਿਰਫ ਇੱਕ ਰਾਜ ਕਰਨ ਲੱਗਾ ਤਾਂ ਮੁੱਦਾ ਦੇਸ਼ ਦੀ ਸੁਪਰੀਮ ਕੋਰਟ ਵਿੱਚ ਗਿਆ ਤੇ ਓਥੋਂ ਰੋਕ ਦਿੱਤਾ ਗਿਆ ਸੀ। ਫਿਰ ਕੇਸ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਕੋਲ ਚਲਾ ਗਿਆ, ਕਿਉਂ ਰਿਜ਼ਰਵੇਸ਼ਨ ਦਾ ਸਵਾਲ ਸਧਾਰਨ ਨਹੀਂ ਸੀ ਤੇ ਸੰਵਿਧਾਨਕ ਬੈਂਚ ਨੇ ਬਹੁ-ਸੰਮਤੀ ਨਾਲ ਫੈਸਲਾ ਦੇ ਦਿੱਤਾ ਕਿ ਰਿਜ਼ਰਵੇਸ਼ਨ ਨਾਲ ਸੰਬੰਧਤ ਜਾਤਾਂ ਇੱਕੋ ਜਿਹੀਆਂ ਨਹੀਂ, ਇਸ ਲਈ ਉਨ੍ਹਾਂ ਵਿੱਚੋਂ ਪਛੜੇ ਤੇ ਵੱਧ ਪਛੜੇ ਦੇ ਆਧਾਰ ਉੱਤੇ ਹੋਰ ਰਿਜ਼ਰਵੇਸ਼ਨ ਦੀ ਵੰਡ ਕੀਤੀ ਜਾ ਸਕਦੀ ਹੈ। ਇਸ ਨਾਲ ਜਿਹੜੀਆਂ ਜਾਤਾਂ ਬਹੁਤ ਜ਼ਿਆਦਾ ਪਛੜੀਆਂ ਹੋਈਆਂ ਹੋਣ ਕਾਰਨ ਰੋਸ ਕਰਦੀਆਂ ਸਨ ਕਿ ਰਿਜ਼ਰਵੇਸ਼ਨ ਦਾ ਸਾਰਾ ਲਾਭ ਸ਼ਡਿਊਲਡ ਕਾਸਟ ਵਿਚਲੀਆਂ ਕੁਝ ਸੁਖਾਲੀਆਂ ਜਾਤਾਂ ਤੱਕ ਸੀਮਤ ਰਹਿੰਦਾ ਹੈ, ਉਨ੍ਹਾਂ ਰੋਸ ਕਰਦੀਆਂ ਜਾਤਾਂ ਲਈ ਵੀ ਕੁਝ ਰਿਜ਼ਰਵੇਸ਼ਨ ਤੈਅ ਕਰ ਦਿੱਤੀ ਗਈ। ਕੁਝ ਰਾਜਾਂ ਨੇ ਇਸ ਕੰਮ ਦੀ ਪਹਿਲੀ ਪੁਲਾਂਘ ਪੁੱਟ ਲਈ ਹੈ, ਬਾਕੀ ਰਾਜਾਂ ਵਿੱਚ ਇਹ ਕੁਝ ਕਰਨ ਦੀ ਤਿਆਰੀ ਚੱਲ ਰਹੀ ਸੁਣੀਂਦੀ ਹੈ। ਫੈਸਲਾ ਸੁਪਰੀਮ ਕੋਰਟ ਵਿੱਚ ਹੋਇਆ ਹੋਣ ਕਾਰਨ ਇਹ ਅਮਲ ਲਗਭਗ ਸਾਰੇ ਰਾਜਾਂ ਵਿੱਚ ਹੁੰਦਾ ਰਹੇਗਾ, ਪਰ ਇਸ ਦੇ ਅਸਰ ਕਿੱਦਾਂ ਪੈਂਦੇ ਹਨ ਅਤੇ ਇਸ ਵਿੱਚ ਕਿਸੇ ਹੋਰ ਸੋਧ ਦੀ ਲੋੜ ਜਾਪਦੀ ਹੈ ਜਾਂ ਨਹੀਂ, ਇਹ ਅਗਲੇ ਸਾਲਾਂ ਵਿੱਚ ਆਮ ਲੋਕਾਂ ਦੇ ਤਜਰਬੇ ਤੋਂ ਤੈਅ ਹੋਵੇਗਾ।

ਦੋ ਵੱਡੇ ਸਵਾਲ ਇਸ ਵਕਤ ਸਾਰੇ ਦੇਸ਼ ਦੇ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣ ਚੁੱਕੇ ਹਨ। ਇਨ੍ਹਾਂ ਵਿੱਚੋਂ ਮਹੱਤਵ ਭਾਵੇਂ ਕਿਸੇ ਦਾ ਵੀ ਥੋੜ੍ਹਾ ਨਹੀਂ, ਪਰ ਰਾਜਾਂ ਵਿੱਚੋਂ ਪਾਸ ਹੋ ਕੇ ਆਏ ਬਿੱਲਾਂ ਨੂੰ ਦੇਸ਼ ਦੇ ਰਾਸ਼ਟਰਪਤੀ ਵੱਲੋਂ ਅਣ-ਐਲਾਨੇ ਸਮੇਂ ਤੱਕ ਰੋਕੇ ਜਾਣ ਦਾ ਮਾਮਲਾ ਕੇਂਦਰੀ ਸਿਆਸਤ ਦੇ ਪੱਖੋਂ ਵੱਧ ਅਹਿਮ ਸਮਝਿਆ ਜਾਂਦਾ ਹੈ। ਪਹਿਲਾਂ ਪੰਜਾਬ, ਪੱਛਮੀ ਬੰਗਾਲ, ਕੇਰਲਾ ਤੇ ਤਾਮਿਲਨਾਡੂ ਦੀਆਂ ਸਰਕਾਰਾਂ ਨੂੰ ਵਾਰ-ਵਾਰ ਸੁਪਰੀਮ ਕੋਰਟ ਨੂੰ ਇਹ ਬੇਨਤੀ ਕਰਨ ਜਾਣਾ ਪੈਂਦਾ ਸੀ ਕਿ ਗਵਰਨਰ ਫਾਈਲਾਂ ਨਹੀਂ ਕੱਢਦੇ ਤੇ ਰਾਜ ਸਰਕਾਰ ਦੇ ਕੰਮ ਵਿੱਚ ਅੜਿੱਕਾ ਪੈਂਦਾ ਹੈ। ਫਿਰ ਜਦੋਂ ਕੁਝ ਕੇਸਾਂ ਵਿੱਚ ਸੁਪਰੀਮ ਕੋਰਟ ਨੇ ਗਵਰਨਰਾਂ ਨੂੰ ਝਾੜ ਪਾਈ ਤੇ ਬੀਤੇ ਹਫਤੇ ਇਹ ਸਮਾਂ ਮਿਥ ਦਿੱਤਾ ਕਿ ਰਾਜ ਦੀ ਕਿਸੇ ਵੀ ਫਾਈਲ ਨੂੰ ਗਵਰਨਰ ਇਸ ਮਿਥੇ ਹੋਏ ਸਮੇਂ ਤੋਂ ਵੱਧ ਨਹੀਂ ਰੋਕਣਗੇ ਤਾਂ ਅਗਲਾ ਸਵਾਲ ਰਾਸ਼ਟਰਪਤੀ ਕੋਲ ਗਏ ਹੋਏ ਬਿੱਲਾਂ ਦਾ ਆ ਗਿਆ। ਸੁਪਰੀਮ ਕੋਰਟ ਨੇ ਰਾਸ਼ਟਰਪਤੀ ਲਈ ਵੀ ਇਹ ਹੱਦ ਬੰਨ੍ਹ ਦਿੱਤੀ ਕਿ ਉਹ ਸਿਰਫ ਐਨਾ ਸਮਾਂ ਰੋਕ ਸਕਦੇ ਹਨ, ਇਸ ਤੋਂ ਵੱਧ ਨਹੀਂ। ਇਹ ਗੱਲ ਕੇਂਦਰ ਸਰਕਾਰ ਚਲਾਉਣ ਵਾਲਿਆਂ ਨੂੰ ਹਜ਼ਮ ਨਹੀਂ ਸੀ ਹੋਈ, ਪਰ ਉਹ ਖੁਦ ਖੁੱਲ੍ਹ ਕੇ ਨਹੀਂ ਬੋਲੇ, ਪਹਿਲਾਂ ਕੇਰਲਾ ਦਾ ਗਵਰਨਰ ਬੋਲਿਆ ਕਿ ਪਾਰਲੀਮੈਂਟ ਦੇ ਕਰਨ ਵਾਲੇ ਕੰਮ ਸੁਪਰੀਮ ਕੋਰਟ ਕਰਨ ਲੱਗ ਪਈ ਹੈ। ਜਦੋਂ ਵੇਖਿਆ ਕਿ ਇਸ ਬਿਆਨ ਦਾ ਬਹੁਤਾ ਵਿਰੋਧ ਨਹੀਂ ਹੋ ਰਿਹਾ ਤਾਂ ਭਾਰਤ ਦੇ ਉੱਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਸਖਤ ਬਿਆਨ ਦਾਗ ਦਿੱਤੇ ਕਿ ਸੁਪਰੀਮ ਕੋਰਟ ਤਾਂ ਸੁਪਰ ਪਾਰਲੀਮੈਂਟ ਬਣਨ ਦਾ ਰਾਹ ਫੜਦੀ ਜਾਪਦੀ ਹੈ। ਇਹੋ ਨਹੀਂ, ਉਹ ਇਹ ਮਿਹਣਾ ਦੇਣ ਤੱਕ ਵੀ ਚਲਾ ਗਿਆ ਕਿ ਇੱਕ ਸੀਨੀਅਰ ਜੱਜ ਦੇ ਘਰ ਨੋਟਾਂ ਦੇ ਬੋਰੇ ਹੋਣ ਦਾ ਪਤਾ ਲੱਗਣ ਦੇ ਬਾਵਜੂਦ ਕੇਸ ਦਰਜ ਨਹੀਂ ਕਰਵਾਇਆ ਗਿਆ ਅਤੇ ਕੀ ਦੇਸ਼ ਦੇ ਲੋਕ ਇਹ ਮੰਨ ਲੈਣ ਕਿ ਏਥੇ ਖਾਸ ਕਲਾਸ ਦੇ ਲੋਕ, ਕਹਿਣ ਤੋਂ ਭਾਵ ਜੱਜ ਸਾਹਿਬਾਨ ਵੀ ਹਨ, ਜਿਨ੍ਹਾਂ ਖਿਲਾਫ ਕੇਸ ਦਰਜ ਨਹੀਂ ਹੋ ਸਕਦਾ! ਇਸ ਹਮਲੇ ਨੇ ਕਈ ਲੋਕਾਂ ਨੂੰ ਜਵਾਬੀ ਹਮਲਾ ਕਰਨ ਵਾਸਤੇ ਮਜਬੂਰ ਕਰ ਦਿੱਤਾ ਅਤੇ ਇੱਕ ਨਵੀਂ ਬਹਿਸ ਚੱਲ ਪਈ ਹੈ।

ਸਾਰਿਆਂ ਨੂੰ ਪਤਾ ਹੈ ਕਿ ਉੱਪ ਰਾਸ਼ਟਰਪਤੀ ਨੇ ਜਿਸ ਘਟਨਾ ਦਾ ਜ਼ਿਕਰ ਕੀਤਾ ਹੈ, ਉਹ ਦਿੱਲੀ ਦੀ ਹਾਈ ਕੋਰਟ ਦੇ ਇੱਕ ਜੱਜ ਦੇ ਘਰ ਅੱਗ ਲੱਗਣ ਬਾਰੇ ਹੈ, ਜਿਸ ਦੌਰਾਨ ਓਥੇ ਇੱਕ ਕਮਰੇ ਵਿੱਚ ਕਰੋੜਾਂ ਰੁਪਏ ਦੇ ਨੋਟਾਂ ਨਾਲ ਭਰੀਆਂ ਬੋਰੀਆਂ ਦੀ ਚਰਚਾ ਛਿੜੀ ਸੀ। ਉਨ੍ਹਾਂ ਬੋਰੀਆਂ ਵਿਚਲੇ ਕੁਝ ਨੋਟ ਅੱਗ ਨਾਲ ਸੜ ਗਏ, ਕੁਝ ਅੱਧ-ਸੜੇ ਦੱਸੇ ਗਏ, ਪਰ ਸੜਨ ਤੋਂ ਬਿਨਾਂ ਕਿੰਨੇ ਬਚ ਗਏ, ਇਹ ਨਹੀਂ ਸੀ ਦੱਸਿਆ ਗਿਆ। ਕੇਸ ਦਰਜ ਕਰਨ ਦੀ ਥਾਂ ਜੱਜ ਨੂੰ ਅਲਾਹਾਬਾਦ ਹਾਈ ਕੋਰਟ ਵਿੱਚ ਤਬਦੀਲ ਕਰ ਕੇ ਜਾਂਚ ਚੱਲਦੀ ਰੱਖੀ ਗਈ। ਇਹ ਗੱਲ ਬਿਲਕੁਲ ਠੀਕ ਹੈ ਕਿ ਜੱਜ ਦੇ ਵਿਰੁੱਧ ਕੇਸ ਦਰਜ ਨਹੀਂ ਸੀ ਕੀਤਾ ਗਿਆ, ਪਰ ਇਹ ਕਰਨਾ ਕਿਸ ਨੇ ਸੀ! ਜਿਹੜੇ ਫਾਇਰ ਬ੍ਰਿਗੇਡ ਵਾਲਿਆਂ ਨੇ ਨੋਟ ਸੜਦੇ ਦੇਖੇ ਤੇ ਉੱਪਰ ਸੂਚਨਾ ਦਿੱਤੀ, ਉਹ ਦਿੱਲੀ ਸਰਕਾਰ ਦੇ ਅਧੀਨ ਤੇ ਉਸ ਦੇ ਰਾਹੀਂ ਕੇਂਦਰ ਦੇ ਅਧੀਨ ਸਨ ਤੇ ਜਿਸ ਪੁਲਸ ਨੇ ਕੇਸ ਦਰਜ ਕਰਨਾ ਸੀ, ਉਹ ਵੀ ਏਸੇ ਤਰ੍ਹਾਂ ਕੇਂਦਰ ਸਰਕਾਰ ਦੇ ਅਧੀਨ ਹੈ, ਫਿਰ ਕੇਸ ਦਰਜ ਨਹੀਂ ਹੋਇਆ ਤਾਂ ਇਸ ਵਿੱਚ ਇਕੱਲੀ ਨਿਆਂ ਪਾਲਿਕਾ ਉੱਤੇ ਉਂਗਲ ਨਹੀਂ ਚੁੱਕੀ ਜਾ ਸਕਦੀ। ਨਿਆਂ ਪਾਲਿਕਾ ਆਪਣੀ ਥਾਂ ਇਸ ਸਵਾਲ ਦਾ ਜਵਾਬ ਦੇਂਦੀ ਰਹੇ, ਪਰ ਇਸ ਘਟਨਾ ਬਹਾਨੇ ਸਿਆਸੀ ਆਗੂਆਂ ਵੱਲੋਂ ਨਿਆਂ ਪਾਲਿਕਾ ਨੂੰ ਕਾਬੂ ਕਰਨ ਦੇ ਯਤਨ ਵੀ ਗਲਤ ਹਨ।

ਦੂਸਰਾ ਮੁੱਦਾ ਵਕਫ ਬਿੱਲ ਦਾ ਹੈ, ਜਿਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਮਿਲੀ ਤਾਂ ਕੇਂਦਰ ਸਰਕਾਰ ਚਲਾਉਣ ਵਾਲਿਆਂ ਲਈ ਮੁਸ਼ਕਲ ਸਥਿਤੀ ਬਣ ਗਈ। ਉਹ ਇਸ ਮੁੱਦੇ ਨਾਲ ਧਾਰਮਿਕ ਪੱਖੋਂ ਦੇਸ਼ ਦੇ ਲੋਕਾਂ ਦੀ ਕਤਾਰਬੰਦੀ ਲਈ ਯਤਨ ਕਰਦੇ ਕਹੇ ਜਾਂਦੇ ਹਨ ਅਤੇ ਇਹ ਕਤਾਰਬੰਦੀ ਹੋਣ ਵੀ ਲੱਗ ਪਈ ਹੈ। ਮਾਮਲਾ ਮੁਸਲਿਮ ਭਾਈਚਾਰੇ ਨਾਲ ਸੰਬੰਧ ਰੱਖਦੇ ਵਕਫ ਬੋਰਡ ਉੱਤੇ ਰੋਕਾਂ ਲਾਉਣ ਵਾਲੇ ਨਵੇਂ ਕਾਨੂੰਨ ਦਾ ਹੈ, ਜਿਸ ਬਾਰੇ ਉਹ ਰੋਸ ਕਰਨ ਤਾਂ ਕੇਂਦਰ ਸਰਕਾਰ ਦੇ ਖਿਲਾਫ ਕਰਦੇ ਹਨ, ਹਿੰਦੂ ਭਾਈਚਾਰਾ ਇਸ ਦੀ ਧਿਰ ਨਹੀਂ, ਪਰ ਜਦੋਂ ਰੋਸ ਲਈ ਨਿਕਲੇ ਤਾਂ ਅੱਗੋਂ ਉਨ੍ਹਾਂ ਵਿਰੁੱਧ ਕੁਝ ਜਥੇਬੰਦੀਆਂ ਬਾਜ਼ਾਰਾਂ ਵਿੱਚ ਸਰਕਾਰ ਦੇ ਪੱਖ ਵਿੱਚ ਡਟਣ ਲੱਗ ਪਈਆਂ, ਜਿਸ ਨਾਲ ਪੱਛਮੀ ਬੰਗਾਲ ਤੇ ਕੁਝ ਹੋਰ ਥਾਵਾਂ ਉੱਤੇ ਹਿੰਸਾ ਹੋਣ ਦੀਆਂ ਖਬਰਾਂ ਹਨ। ਮੁਸਲਿਮ ਭਾਈਚਾਰੇ ਦਾ ਰੋਸ ਫਿਰ ਸੁਪਰੀਮ ਕੋਰਟ ਦੇ ਜੱਜ ਸਾਹਿਬਾਨ ਨੇ ਸਵਾਲ ਦੇ ਰੂਪ ਵਿੱਚ ਕੇਂਦਰ ਸਰਕਾਰ ਅੱਗੇ ਪਰੋਸ ਦਿੱਤਾ ਹੈ ਕਿ ਤੁਸੀਂ ਵਕਫ ਬੋਰਡ ਵਿੱਚ ਗੈਰ-ਮੁਸਲਿਮ ਮੈਂਬਰ ਸ਼ਾਮਲ ਕੀਤੇ ਜਾਣ ਦੀ ਵਿਵਸਥਾ ਕਰ ਦਿੱਤੀ ਹੈ, ਕੀ ਕਿਸੇ ਹਿੰਦੂ ਸੰਸਥਾ ਵਿੱਚ ਵੀ ਗੈਰ-ਹਿੰਦੂਆਂ ਲਈ ਇਹੀ ਵਿਵਸਥਾ ਹੋ ਸਕਦੀ ਹੈ? ਇਸ ਦਾ ਜਵਾਬ ਦੇਣਾ ਸਰਕਾਰ ਲਈ ਔਖਾ ਹੋ ਗਿਆ, ਪਰ ਸਰਕਾਰੀ ਵਕੀਲ ਇਹ ਦਲੀਲ ਚੁੱਕ ਖੜੋਤਾ ਕਿ ਇਹ ਫੰਡ ਕਿਸੇ ਦੂਜੇ ਧਰਮ ਦੇ ਲਈ ਨਹੀਂ ਵਰਤੇ ਜਾਣਗੇ, ਜਦ ਕਿ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਸਿੱਧਾ ਇਹ ਕਹੀ ਜਾਂਦਾ ਹੈ ਕਿ ਵਕਫ ਦੀਆਂ ਜ਼ਮੀਨਾਂ ਉੱਤੇ ਘਰ ਬਣਾਏ ਜਾਣਗੇ। ਉਸ ਜਗ੍ਹਾ ਦੀ ਵਰਤੋਂ ਕਰ ਕੇ ਬਣਾਏ ਹੋਏ ਘਰ ਕੀ ਸਰਕਾਰ ਸਾਰੇ ਲੋਕਾਂ ਨੂੰ ਅਲਾਟ ਕਰੇਗੀ ਜਾਂ ਸਿਰਫ ਮੁਸਲਿਮ ਭਾਈਚਾਰੇ ਦੇ ਲੋਕਾਂ ਲਈ ਰਾਖਵੇਂ ਰੱਖੇਗੀ, ਜਿਨ੍ਹਾਂ ਦੇ ਵਕਫ ਬੋਰਡ ਦੀ ਇਹ ਜਾਇਦਾਦ ਸੀ, ਯੋਗੀ ਆਦਿੱਤਿਆਨਾਥ ਇਸ ਮੁੱਦੇ ਉੱਤੇ ਚੁੱਪ ਰਹਿੰਦਾ ਹੈ।

ਇਸ ਤੋਂ ਅਗਲਾ ਸਵਾਲ ਇਹ ਵੀ ਹੈ ਕਿ ਸਰਕਾਰ ਕਹਿੰਦੀ ਹੈ ਕਿ ਜਿਹੜੀਆਂ ਜਾਇਦਾਦਾਂ ਵਕਫ ਬੋਰਡ ਨੂੰ ਦਾਨ ਕੀਤੀਆਂ ਗਈਆਂ, ਉਨ੍ਹਾਂ ਦਾ ਕੋਈ ਰਿਕਾਰਡ ਨਹੀਂ ਲੱਭਦਾ। ਇਨ੍ਹਾਂ ਜਾਇਦਾਦਾਂ ਵਿੱਚੋਂ ਕਈ ਥਾਂ ਕਈ ਸਦੀਆਂ ਪਹਿਲਾਂ ਦੇ ਉਨ੍ਹਾਂ ਦੇ ਧਰਮ ਅਸਥਾਨ ਬਣੇ ਹੋਏ ਤੇ ਉਨ੍ਹਾਂ ਦੀ ਆਸਥਾ ਦਾ ਕੇਂਦਰ ਰਹੇ ਹਨ, ਜੇ ਇਨ੍ਹਾਂ ਜਾਇਦਾਦਾਂ ਦਾ ਕਈ ਸਦੀਆਂ ਪੁਰਾਣਾ ਰਿਕਾਰਡ ਨਹੀਂ ਮਿਲਦਾ ਤਾਂ ਦੂਸਰੇ ਧਰਮਾਂ ਦੇ ਹਜ਼ਾਰਾਂ ਧਰਮ ਅਸਥਾਨ ਵੀ ਕਈ ਸਦੀਆਂ ਪਹਿਲਾਂ ਦੇ ਬਣੇ ਹੋਏ ਹਨ ਅਤੇ ਉਨ੍ਹਾਂ ਦਾ ਵੀ ਰਿਕਾਰਡ ਨਹੀਂ ਮਿਲਦਾ ਕਿ ਜ਼ਮੀਨ ਦਾਨ ਵਿੱਚ ਮਿਲੀ ਜਾਂ ਖਰੀਦੀ ਸੀ! ਜਿਸ ਸਮੇਂ ਇਸ ਤਰ੍ਹਾਂ ਦੇ ਧਰਮ ਅਸਥਾਨ ਬਣਾਏ ਗਏ ਸਨ, ਉਸ ਵੇਲੇ ਜ਼ਮੀਨਾਂ-ਜਾਇਦਾਦਾਂ ਦੇ ਰਿਕਾਰਡ ਰੱਖਣ ਦੀ ਰਵਾਇਤ ਹੀ ਕਦੋਂ ਹੁੰਦੀ ਸੀ! ਕੁਝ ਅਸਥਾਨ ਭਾਈਚਾਰਕ ਪ੍ਰੰਪਰਾ ਨਾਲ ਬਣਾਏ ਜਾਂਦੇ ਰਹੇ ਅਤੇ ਕੁਝ ਹੋਰ ਧੱਕੇ ਨਾਲ ਬਣਾਉਣ ਦੀ ਗੱਲ ਮੰਨੀ ਜਾ ਸਕਦੀ ਹੈ, ਪਰ ਇਹ ਸਾਰਾ ਕੁਝ ਕਿਸੇ ਇੱਕ ਧਰਮ ਵਿੱਚ ਨਹੀਂ ਹੋਇਆ ਹੋਣਾ, ਜਿੱਥੇ ਜਿਹੜੀ ਧਿਰ ਦਾ ਰਾਜ ਸੀ ਅਤੇ ਉਸ ਦੇ ਅੱਗੇ ਕੋਈ ਅੜਨ ਵਾਲਾ ਨਹੀਂ ਸੀ, ਉਸ ਦੇ ਆਗੂ ਵੱਲੋਂ ਕਹੀ ਹੋਈ ਗੱਲ ਓਦੋਂ ਕਾਨੂੰਨ ਹੁੰਦੀ ਸੀ। ਜਦੋਂ ਰਾਜ ਦੀ ਪ੍ਰੀਭਾਸ਼ਾ ਹੀ ਹਾਲੇ ਨਿੱਖਰ ਕੇ ਸਾਹਮਣੇ ਨਹੀਂ ਸੀ ਆਈ, ਇਹੋ ਕੁਝ ਹੁੰਦਾ ਰਿਹਾ ਹੋ ਸਕਦਾ ਹੈ।

ਮਾਮਲਾ ਜਦੋਂ ਸੁਪਰੀਮ ਕੋਰਟ ਵਿੱਚ ਗਿਆ ਤਾਂ ਜਿਹੜੀ ਸਰਕਾਰ ਆਪਣੀ ਬਹੁ-ਗਿਣਤੀ ਨਾਲ ਪਾਰਲੀਮੈਂਟ ਵਿੱਚ ਕਿਸੇ ਨੂੰ ਖੰਘਣ ਨਹੀਂ ਸੀ ਦੇਂਦੀ, ਉਸ ਦੇ ਵਕੀਲ ਨੂੰ ਜੱਜਾਂ ਦੇ ਸਵਾਲਾਂ ਦੇ ਜਵਾਬ ਨਹੀਂ ਸਨ ਸੁਝ ਰਹੇ। ਆਖਰ ਉਸ ਨੇ ਤਰਲਾ ਕੀਤਾ ਕਿ ਜਵਾਬ ਲਈ ਸਮਾਂ ਦਿੱਤਾ ਜਾਵੇ, ਪਰ ਸਵਾਲ ਸੀ ਕਿ ਜਿਸ ਸਰਕਾਰ ਨੇ ਏਦਾਂ ਦਾ ਕਾਨੂੰਨ ਪਾਸ ਕਰਨ ਦੇ ਚੌਵੀ ਘੰਟਿਆਂ ਵਿੱਚ ਰਾਸ਼ਟਰਪਤੀ ਦੇ ਦਸਤਖਤ ਵੀ ਕਰਵਾ ਲਏ ਅਤੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਕਾਹਲੀ ਵੀ ਕਰ ਦਿੱਤੀ, ਉਹ ਇਸ ਮੰਗੇ ਗਏ ਸਮੇਂ ਅੰਦਰ ਕੋਈ ਹੋਰ ਕਾਰਵਾਈ ਕਰ ਸਕਦੀ ਹੈ। ਕੇਂਦਰ ਸਰਕਾਰ ਦੇ ਵਕੀਲ ਨੇ ਵਾਅਦਾ ਕੀਤਾ ਕਿ ਇਸ ਦੌਰਾਨ ਸਰਕਾਰ ਕੋਈ ਹੋਰ ਕਦਮ ਨਹੀਂ ਚੁੱਕੇਗੀ, ਪਰ ਅਦਾਲਤ ਨੇ ਇੱਕ ਹੋਰ ਸਵਾਲ ਪੁੱਛ ਲਿਆ ਕਿ ਤੁਹਾਡਾ ਵਾਅਦਾ ਸਿਰਫ ਕੇਂਦਰ ਸਰਕਾਰ ਤੱਕ ਸੀਮਤ ਹੋ ਸਕਦਾ ਹੈ, ਕਾਰਵਾਈ ਕਰਨ ਦਾ ਰਾਹ ਤਾਂ ਰਾਜ ਸਰਕਾਰਾਂ ਵੀ ਫੜ ਸਕਦੀਆਂ ਹਨ। ਉਸ ਵਕੀਲ ਨੂੰ ਕਹਿਣਾ ਪਿਆ ਕਿ ਉਹ ਕੇਂਦਰ ਸਰਕਾਰ ਵੱਲੋਂ ਵਚਨ ਦੇਂਦਾ ਹੈ ਕਿ ਰਾਜ ਸਰਕਾਰਾਂ ਨੂੰ ਵੀ ਏਦਾਂ ਕਰਨ ਤੋਂ ਰੋਕ ਦਿੱਤਾ ਜਾਵੇਗਾ। ਇਸ ਦੇ ਬਾਵਜੂਦ ਸੁਪਰੀਮ ਕੋਰਟ ਨੇ ਇਹ ਹੁਕਮ ਕੇਂਦਰ ਨੂੰ ਦੇ ਦਿੱਤਾ ਕਿ ਇਸ ਮਿਲੇ ਹੋਏ ਸਮੇਂ ਦੌਰਾਨ ਵਕਫ ਦੀ ਕਿਸੇ ਵੀ ਜ਼ਮੀਨ-ਜਾਇਦਾਦ ਦੀ ਸਥਿਤੀ ਵਿੱਚ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਕਹਿਣ ਦਾ ਭਾਵ ਇਹ ਕਿ ਓਨੀ ਦੇਰ ਤੱਕ ਇਹ ਕਾਨੂੰਨ ਸਸਪੈਂਡ ਵਾਲੀ ਹਾਲਤ ਵਿੱਚ ਰਹੇਗਾ। ਸਰਕਾਰ ਲਈ ਇਹ ਅਦਾਲਤੀ ਸੱਟ ਬਰਦਾਸ਼ਤ ਕਰਨੀ ਕੁਨੀਨ ਦੀ ਕੌੜੀ ਗੋਲੀ ਖਾਣ ਵਾਂਗ ਸੀ, ਪਰ ਇਹ ਖਾਣੀ ਪਈ ਹੈ।

ਇੱਕ ਤਰ੍ਹਾਂ ਦੋ ਹਫਤਿਆਂ ਅੰਦਰ ਉੱਤੋੜਿੱਤੀ ਦੋ ਕੇਸਾਂ ਵਿੱਚ ਕੇਂਦਰ ਸਰਕਾਰ ਨੂੰ ਅਦਾਲਤਾਂ ਤੋਂ ਝਟਕੇ ਲੱਗੇ ਅਤੇ ਉਹ ਦੋਵੇਂ ਮਾਮਲਿਆਂ ਵਿੱਚ ਪਿੱਛੇ ਹਟਦੀ ਨਜ਼ਰ ਪਈ ਹੈ। ਉਸ ਨੂੰ ਇਹ ਕਹਿਣਾ ਪਿਆ ਕਿ ਅਦਾਲਤ ਜਿੱਦਾਂ ਕਹਿੰਦੀ ਹੈ, ਅਗਲੀ ਸੁਣਵਾਈ ਤੱਕ ਵਕਫ ਦੀ ਕਿਸੇ ਜਾਇਦਾਦ ਦੀ ਸਥਿਤੀ ਵਿੱਚ ਤਬਦੀਲੀ ਨਹੀਂ ਕਰੇਗੀ ਤੇ ਇਹ ਵੀ ਕਿ ਮੁਸਲਿਮ ਭਾਈਚਾਰੇ ਦੇ ਮਾਮਲੇ ਵਿੱਚ ਕਿਸੇ ਹੋਰ ਦੇ ਦਖਲ ਦਾ ਕੋਈ ਇਰਾਦਾ ਨਹੀਂ ਹੈ। ਇਸ ਦੌਰਾਨ ਇਹ ਸਵਾਲ ਵੀ ਸਮਾਜੀ ਤੇ ਸਿਆਸੀ ਖੇਤਰ ਵਿੱਚ ਚਰਚਾ ਦਾ ਮੁੱਦਾ ਬਣਿਆ ਕਿ ਅੱਜ ਇੱਕ ਭਾਈਚਾਰੇ ਦੇ ਮਾਮਲਿਆਂ ਵਿੱਚ ਏਦਾਂ ਦੇ ਸਿੱਧੇ ਜਾਂ ਟੇਢੇ ਦਖਲ ਦੀ ਸ਼ੁਰੂਆਤ ਪਿੱਛੋਂ ਇਹੋ ਜਿਹਾ ਕੋਈ ਕਦਮ ਭਲਕ ਨੂੰ ਹੋਰਨਾਂ ਭਾਈਚਾਰਿਆਂ ਦੇ ਮਾਮਲਿਆਂ ਵਿੱਚ ਵੀ ਚੁੱਕਣ ਦਾ ਯਤਨ ਹੋ ਸਕਦਾ ਹੈ। ਜਦੋਂ ਗੱਲ ਏਥੋਂ ਤੱਕ ਸੀਮਤ ਨਾ ਰਹੇ ਕਿ ਹੋ ਕੀ ਹੁੰਦਾ ਪਿਆ ਹੈ, ਸਗੋਂ ਇਸ ਹੱਦ ਤੱਕ ਵਿਚਾਰ ਦਾ ਮੁੱਦਾ ਬਣਨ ਲੱਗ ਪਵੇ ਕਿ ਗੱਲ ਇਸ ਦੇ ਬਾਅਦ ਕਿੱਥੋਂ ਤੱਕ ਜਾ ਸਕਦੀ ਹੈ, ਇਸ ਦਾ ਸਿੱਧਾ ਮਤਲਬ ਹੈ ਕਿ ਸਰਕਾਰ ਬਾਰੇ ਸਮਾਜ ਤੇ ਨਿਆਂ ਪ੍ਰਣਾਲੀ ਨਾਲ ਜੁੜੇ ਲੋਕਾਂ ਵਿੱਚ ਬੇਵਿਸ਼ਵਾਸੀ ਦਾ ਮਾਹੌਲ ਹੈ। ਇਸ ਮਾਹੌਲ ਬਾਰੇ ਕੇਂਦਰ ਸਰਕਾਰ ਚਲਾਉਣ ਵਾਲੇ ਵੀ ਜਾਣਦੇ ਹਨ, ਇਸ ਦੇ ਬਾਵਜੂਦ ਉਹ ਇਸ ਤੋਂ ਖਾਸ ਚਿੰਤਤ ਨਹੀਂ ਜਾਪਦੇ ਅਤੇ ਇੰਜ ਲੱਗਦਾ ਹੈ ਕਿ ਇਹ ਵੀ ਇੱਕ ਰਾਜਨੀਤੀ ਦਾ ਹਿੱਸਾ ਜਿਹਾ ਹੋ ਸਕਦਾ ਹੈ। ਜੇ ਦਿੱਸਦੇ ਨਾਲੋਂ ਅਣਦਿੱਸਦੇ ਵੱਲ ਗੱਲ ਚਲੀ ਜਾਣ ਦਾ ਕੋਈ ਸ਼ੱਕ ਆਮ ਲੋਕਾਂ ਤੱਕ ਚਲਾ ਜਾਵੇ ਤਾਂ ਦੇਸ਼ ਦਾ ਭਵਿੱਖ ਕਿੱਦਾਂ ਦਾ ਹੋਵੇਗਾ, ਕਹਿ ਸਕਣਾ ਵੀ ਔਖਾ ਹੈ।

# ਜਿਸ ਦੀ ਫਟੀ ਨਾ ਬਿਆਈ, ਕੀ ਜਾਣੇ ਪੀੜ ਪਰਾਈ

**ਸੁਲਘਦੇ ਸਵਾਲ**

**ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ**

ਉਪਰੋਕਤ ਲੋਕ ਕਹਾਵਤ ਦੇਸ਼ ਦੇ ਸਧਾਰਨ ਬੰਦੇ ਤੋਂ ਲੈ ਕੇ ਸਿਖਰਲੇ ਲੀਡਰ 'ਤੇ ਢੁਕਦੀ ਹੈ, ਜਿਸ ਨੂੰ ਤੁਸੀਂ ਇਵੇਂ ਵੀ ਕਹਿ ਸਕਦੇ ਹੋ, ਜਿਸ ਨੇ ਕਦੇ ਖਾਸ ਕਿਸਮ ਦਾ ਦੁੱਖ ਨਾ ਝੱਲਿਆ ਹੋਵੇ, ਉਹ ਅਕਸਰ ਦੂਜਿਆਂ ਦੇ ਦੁੱਖ ਘੱਟ-ਵੱਧ ਹੀ ਜਾਣਦਾ ਹੈ। ਜਿਵੇਂ ਮੇਰੇ ਦੇਸ਼ ਦੀ ਅਬਾਦੀ ਆਉਣ ਵਾਲੇ ਕੁਝ ਸਾਲਾਂ ਤੱਕ ਡੇਢ ਅਰਬ ਦੇ ਕਰੀਬ ਢੁੱਕਣ ਵਾਲੀ ਹੈ। ਅਜੋਕੀ ਅਬਾਦੀ ਨੂੰ ਸਰਕਾਰ ਵਲੋਂ ਇੱਕ ਸੌ ਚਾਲੀ ਕਰੋੜ ਗਰਦਾਨਿਆ ਜਾ ਰਿਹਾ ਹੈ, ਜੋ ਜਨਤਾ ਬਿਨਾਂ ਦੁੱਖ-ਤਕਲੀਫ਼ਾ ਤੋਂ ਆਪਣੀ ਜ਼ਿੰਦਗੀ ਬਤੀਤ ਨਹੀਂ ਕਰ ਰਹੀ। ਜੇ ਸਰਕਾਰੀ ਅੰਕੜਿਆਂ 'ਤੇ ਹੀ ਝਾਤ ਮਾਰੀ ਜਾਵੇ ਤਾਂ ਪ੍ਰਧਾਨ ਮੰਤਰੀ ਮੂਡ 'ਚ ਆਉਣ 'ਤੇ ਇੱਕ ਸ਼ੇਖੀ ਲਹਿਜੇ 'ਚ ਆਮ ਪੁਕਾਰਦੇ ਹਨ-'ਦੇਸ਼ ਵਾਸਿਓ ਮੈਂ 85 ਕਰੋੜ ਗਰੀਬ ਲੋਗੋਂ ਕੋ ਮੁਫ਼ਤ ਮੇਂ ਅਨਾਜ ਮੁਹੱਈਆ ਕਰਵਾ ਰਹਾ ਹੂੰ, 25 ਕਰੋੜ ਲੋਗੋਂ ਕੋ ਮੈਂ ਗਰੀਬੀ ਰੇਖਾ ਸੇ ਨਿਕਾਲ ਚੁੱਕਾ ਹੂੰ।' ਜਿਸ ਦਾ ਮਤਲਬ ਇਹ ਹੋਇਆ ਕਿ ਵਿਸ਼ਵ ਗੁਰੂ ਦੇ 11 ਸਾਲ ਦੇ ਸਮੇਂ ਵਿੱਚ ਵੀ 110 ਕਰੋੜ ਜਨਤਾ ਗਰੀਬ ਹੈ। ਜ਼ਰੂਰੀ ਨਹੀਂ ਇਹ ਗਰੀਬ ਜਨਤਾ ਭੁੱਖ ਲੱਗਣ 'ਤੇ ਦਿਨ 'ਚ ਤਿੰਨ ਵੇਲੇ, ਦਿਨ 'ਚ ਦੋ ਵੇਲੇ ਰੱਜ ਕੇ ਰੋਟੀ ਖਾਂਦੀ ਹੋਏ। ਅਜਿਹਾ ਸਭ ਮੌਜੂਦਾ ਸਰਕਾਰ ਦੀਆਂ ਲੋਕ ਵਿਰੋਧੀ, ਦੇਸ਼ ਵਿਰੋਧੀ ਨੀਤੀਆਂ ਕਰਕੇ ਹੋ ਰਿਹਾ ਹੈ ਜਾਂ ਤੁਸੀਂ ਇਸ ਨੂੰ ਕਾਣੀਵੰਡ ਕਰਕੇ ਵੀ ਕਹਿ ਸਕਦੇ ਹੋ।

ਮੌਜੂਦਾ ਭਾਰਤੀ ਜਨਤਾ ਪਾਰਟੀ ਦੀ ਸਰਕਾਰ, ਜੋ ਮਰਜ਼ੀ ਗੱਪਾਂ ਛੱਡੀ ਜਾਵੇ, ਦਰਅਸਲ ਇਸ ਦਾ ਦੇਸ਼ ਵਿੱਚ ਕਿਸੇ ਤਰ੍ਹਾਂ ਦੀ ਮਹਿੰਗਾਈ 'ਤੇ ਕੋਈ ਕੰਟਰੋਲ ਨਹੀਂ। ਗਰੀਬ ਜਨਤਾ ਇਸ ਤੋਂ ਸੰਤੁਸ਼ਟ ਨਹੀਂ । ਦੇਸ਼ ਦੇ ਅੰਨਦਾਤਾ ਕਿਸਾਨਾਂ ਨਾਲ ਸਮੇਂ-ਸਮੇਂ ਸਿਰ ਵਾਅਦੇ ਕਰਕੇ ਮੁਕਰਨ ਦਾ ਰਿਕਾਰਡ ਇਸ ਸਰਕਾਰ ਪਾਸ ਹੈ। ਜਿਹੜੇ ਗਰੀਬਾਂ ਨੂੰ ਲੱਕੜ ਦੇ ਬਾਲਣ ਤੋਂ ਹਟਾ ਕੇ ਰਸੋਈ ਗੈਸ ਦੇ ਲੜ ਲਾਇਆ ਸੀ, ਉਹੀ ਗੈਸ ਸਿਲੰਡਰ 400 ਤੋਂ ਵਧਦਾ 900 ਰੁਪਏ ਦੀ ਉਚਾਈ 'ਤੇ ਪਹੁੰਚ ਗਿਆ ਹੈ।

ਚਾਰ-ਪੰਜ ਜੀਆਂ ਦੇ ਪਰਵਾਰ ਵਿੱਚ ਅਜਿਹਾ ਗੈਸ ਸਿਲੰਡਰ ਇਕ ਮਹੀਨਾ ਵੀ ਟਿਕਦਾ ਨਹੀਂ, ਦੂਜੇ ਪਾਸੇ ਗੋਦੀ ਮੀਡੀਆ ਦੇ ਮਾਲਕਾਂ ਦਾ 500-500 ਕਰੋੜ ਦਾ ਕਰਜ਼ਾ ਮੁਆਫ਼ ਕੀਤਾ ਜਾ ਰਿਹਾ ਹੈ। ਵੱਡੇ-ਵੱਡੇ ਕਾਰੋਬਾਰੀਆਂ 'ਤੇ ਮੁਕੱਦਮਾ ਚਲਾਉਣ ਦੀ ਥਾਂ ਉਨ੍ਹਾਂ ਦੇ ਕਰਜ਼ਿਆਂ 'ਤੇ ਲਕੀਰਾਂ ਮਾਰ ਦਿੱਤੀਆਂ ਜਾਂਦੀਆਂ ਹਨ। ਬੈਂਕਾਂ ਦਾ ਪੈਸਾ ਲੈ ਕੇ ਦੌੜੇ, ਭਗੌੜੇ ਜਿਨ੍ਹਾਂ 'ਚ ਖਾਸ ਕਰ ਮੋਦੀ ਦੇ ਯਾਰ ਹਨ, ਨੂੰ ਵਾਪਸ ਭਾਰਤ ਲਿਆਉਣ ਦਾ ਕੋਈ ਚਾਰਾ ਨਹੀਂ ਹੋ ਰਿਹਾ।

1853 'ਚ ਸ਼ੁਰੂ ਹੋਈ ਰੇਲ ਗੱਡੀ ਦੇ ਕਈ ਹਿੱਸੇ ਪ੍ਰਾਈਵੇਟ ਹੱਥਾਂ ਵਿੱਚ ਵੇਚੇ ਗਏ ਹਨ ਜਾਂ ਵੇਚੇ ਜਾ ਰਹੇ ਹਨ। ਹਰ ਮੁਨਾਫ਼ੇ 'ਚ ਚੱਲ ਰਹੇ ਮਹਿਕਮੇ ਨੂੰ ਸਮੇਂ-ਸਮੇਂ ਆਪਣੇ ਲੰਗੋਟੀ ਯਾਰਾਂ ਨੂੰ ਵੇਚ ਰਹੇ ਹਨ। ਭਾਵੇਂ ਕਾਂਗਰਸ ਸਰਕਾਰ ਦੀਆਂ ਆਪਣੀਆਂ ਕਮੀਆਂ ਵੀ ਰਹੀਆਂ, ਪਰ ਇਹ ਯਾਦ ਰੱਖਣ ਯੋਗ ਗੱਲ ਹੈ ਕਿ ਕਾਂਗਰਸ ਰਾਜ 'ਚ ਕਾਂਗਰਸ ਨੇ ਪਬਲਿਕ ਸੈਕਟਰ ਨੂੰ ਮਜ਼ਬੂਤ ਕੀਤਾ, ਜਿਸ ਪਬਲਿਕ ਸੈਕਟਰ ਦੀ ਮਾਲਕ ਹਮੇਸ਼ਾ ਹੀ ਮੌਜੂਦਾ ਸਰਕਾਰ ਹੁੰਦੀ ਹੈ, ਜਿਸ ਆਰ ਐੱਸ ਐੱਸ ਨੂੰ ਸਰਦਾਰ ਪਟੇਲ ਨੇ ਦੇਸ਼ ਦਾ ਗ੍ਰਹਿ ਮੰਤਰੀ ਹੁੰਦਿਆਂ ਖੂੰਜੇ ਲਾਈਆ ਸੀ ਜਾਂ ਬੈਨ ਕਰਨ ਦਾ ਉਪਰਾਲਾ ਕੀਤਾ ਸੀ, ਅੱਜ ਦੀ ਅਜੋਕੀ ਸਰਕਾਰ ਉਨ੍ਹਾਂ ਨਾਗਪੁਰੀਆਂ ਦਾ ਗੁਣਗਾਨ ਕਰ ਰਹੀ ਹੈ, ਉਨ੍ਹਾਂ ਨੂੰ ਦੇਸ਼ ਭਗਤ ਗਰਦਾਨ ਰਹੀ ਹੈ।

ਅਗਰ ਉਨ੍ਹਾਂ ਵਿੱਚ ਏਨੀ ਹੀ ਦੇਸ਼ ਭਗਤੀ ਹੈ ਤਾਂ ਕਿਉਂ ਨਹੀਂ ਅਜਿਹੇ ਵਿਹਲੜ ਲੋਕਾਂ ਨੂੰ ਦੇਸ਼ ਦੀ ਲੱਖਾ ਮੀਲ ਸਰਹੱਦ 'ਤੇ ਤਾਇਨਾਤ ਕੀਤਾ ਜਾ ਸਕਦਾ, ਉਹ ਸਿਰਫ਼ ਦੇਸ਼ 'ਚ ਰਹਿ ਕੇ ਦੇਸ਼ ਦਾ ਖਾ ਕੇ, ਸਿਰਫ਼ ਭਾਜਪਾ ਦਾ ਹੀ ਗੁਣਗਾਨ ਕਰ ਰਹੇ ਹਨ। ਭਾਜਪਾ ਨੂੰ ਜਿਤਾਉਣ ਲਈ ਤਰ੍ਹਾਂ-ਤਰ੍ਹਾਂ ਦੇ ਫਿਰਕੂ ਨਾਅਰਿਆਂ ਨੂੰ ਜਨਮ ਦਿੰਦੇ ਹਨ, ਜਿਸ ਨਾਲ ਦੇਸ਼ 'ਚ ਫਿਰਕੂ ਤਣਾਅ ਪੈਦਾ ਕਰਕੇ ਭਾਜਪਾ ਆਪਣੇ ਲਈ ਵੋਟ ਬੈਂਕ ਤਿਆਰ ਕਰਦੀ ਹੈ। ਆਪਸੀ ਭਾਈਚਾਰੇ ਨੂੰ ਡਰਾਉਣ ਖਾਤਰ ਕਦੇ ਆਖਦੀ ਹੈ-ਬਟੋਗੇ ਤਾਂ ਕਟੋਗੇ, ਜਦਕਿ ਸਭ ਸ਼ੁਰੂ ਤੋਂ ਹੀ ਜਾਣਦੇ ਹਨ ਕਿ ਭਾਰਤ ਇੱਕ ਬਹੁਕੌਮੀ, ਬਹੁਭਾਸ਼ੀ, ਬਹੁਧਰਮੀ ਇੱਕ ਗੁਲਦਸਤਾ ਹੈ। ਜਿਹੜੇ ਮੁਸਲਮਾਨਾਂ ਨੇ 1947 ਦੀ ਵੰਡ ਸਮੇਂ ਪਾਕਿਸਤਾਨ ਜਾਣ ਤੋਂ ਇਨਕਾਰ ਕਰਕੇ ਇਸੇ ਭਾਰਤ ਵਰਸ਼ ਨੂੰ ਹੀ ਪਹਿਲ ਦਿੱਤੀ, ਜਿਨ੍ਹਾਂ 'ਚੋਂ ਬਹੁਤੇ ਲੋਕ ਪਰਲੋਕ ਸਧਾਰ ਚੁੱਕੇ ਹਨ, ਬਾਕੀ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਬਤੌਰ ਮੁਸਲਮਾਨ ਆਪਣੇ ਪਰਵਾਰ 'ਚ ਜਨਮ ਲਿਆ ਅਤੇ ਭਾਰਤੀ ਮੁਸਲਮਾਨ ਕਹਿਲਾਏ, ਅੱਜ ਅਜਿਹੀਆਂ ਫਿਰਕੂ ਤਾਕਤਾਂ ਹਿੰਦੂ-ਮੁਸਲਮਾਨ 'ਚ ਨਫ਼ਰਤ ਫੈਲਾ ਕੇ ਮੁਸਲਮਾਨ ਫਿਰਕੇ ਨੂੰ ਡਰਾ-ਧਮਕਾ ਰਹੀਆਂ ਹਨ, ਜਿਵੇਂ ਮੁਸਲਮਾਨ ਵਾਕਿਆ ਹੀ ਪਾਕਿਸਤਾਨ ਤੋਂ ਆ ਕੇ ਇਥੇ ਵਸੇ ਹੋਣ।

ਜਿਸ ਨੂੰ ਤੁਸੀਂ ਗੋਦੀ ਮੀਡੀਆ 'ਤੇ ਦੇਖ ਸਕਦੇ ਹੋ। ਕਈ ਵਾਰ ਨਮਾਜ਼ ਪੜਨ 'ਤੇ ਰੋਕਾਂ ਲਾਈਆਂ ਜਾ ਸਕਦੀਆਂ ਹਨ, ਕਦੇ ਮਸਜਿਦਾਂ ਨੂੰ ਢੱਕਿਆ ਜਾਂਦਾ ਹੈ, ਸਾਡੇ ਲਈ ਨਿਮੋਸ਼ੀ ਵਾਲੀ ਗੱਲ ਉਦੋਂ ਬਣਦੀ ਹੈ, ਜਦੋਂ ਅਜ਼ਾਦੀ ਦੇ 75 ਸਾਲ ਬਾਅਦ ਵੀ ਅਜਿਹਾ ਹੋ ਰਿਹਾ ਹੈ। ਜਦ ਇਕ ਜੁਮਲੇ ਮੁਤਾਬਕ ਭਾਰਤ ਨੂੰ ਸੰਸਾਰ ਦੀ ਤੀਜੀ ਸ਼ਕਤੀ ਬਣਨ ਦੇ ਲਲਕਾਰੇ ਮਾਰ ਰਿਹਾ ਹਾਂ। ਅੱਜ ਦੇ ਦਿਨ ਵਿਸ਼ਵ ਗੁਰੂ ਤੇ ਵਿਸ਼ਵ ਚੌਧਰੀ ਬਣਨ ਦੀਆਂ ਗੱਪਾਂ ਵੱਡੇ ਪੱਧਰ 'ਤੇ ਛੱਡੀਆ ਜਾ ਰਹੀਆ ਹਨ।

ਉਪਰੋਂ ਭਾਵੇਂ ਮੌਜੂਦਾ ਸਰਕਾਰ ਕੁਝ ਕਹੇ, ਪਰ ਅੰਦਰੋਂ ਜਿਸ ਸੰਵਿਧਾਨ ਦੀ ਸਹੁੰ ਖਾਂਦੇ ਹਨ, ਉਸ ਤੋਂ ਡਾਢੇ ਔਖੇ ਲਗਦੇ ਹਨ, ਜਿਵੇਂ ਸੁਪਰੀਮ ਕੋਰਟ ਦੇ ਇੱਕ ਹੁਕਮ ਮੁਤਾਬਕ ਸੁਪਰੀਮ ਕੋਰਟ ਨੇ ਫੁਰਮਾਨ ਜਾਰੀ ਕੀਤਾ ਹੈ ਕਿ ਗਵਰਨਰ ਤੇ ਦੇਸ਼ ਦਾ ਰਾਸ਼ਟਰਪਤੀ ਸਮੇਂ ਸਿਰ ਪਾਸ ਕੀਤੇ ਬਿੱਲਾਂ ਨੂੰ ਕਲੀਅਰ ਕਰਨ, ਜਿਸ ਸੰਦੇਸ਼ ਤੋਂ ਦੇਸ਼ ਦੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਸਾਹਿਬ ਢਾਡੇ ਪ੍ਰੇਸ਼ਾਨ ਲਗਦੇ ਹਨ। ਉਨ੍ਹਾ ਮੁਤਾਬਕ ਸੁਪਰੀਮ ਕੋਰਟ ਅਜਿਹੇ ਹੁਕਮ ਰਾਸ਼ਟਰਪਤੀ ਨੂੰ ਨਹੀਂ ਕਰ ਸਕਦੀ। ਤੁਸੀਂ ਦੇਖੋਗੇ ਕਿ ਆਉਣ ਵਾਲੇ ਸਮੇਂ ਵਿੱਚ ਮੌਜੂਦਾ ਸਰਕਾਰ ਸੁਪਰੀਮ ਕੋਰਟ ਨੂੰ ਹੀ ਖ਼ਤਮ ਕਰਨ ਦੀਆਂ ਵਿਉਂਤਾਂ ਬੁਣਦੀ ਦਿੱਸੇਗੀ। ਸੁਪਰੀਮ ਕੋਰਟ ਦੇ ਅਜੋਕੇ ਹੁਕਮਾਂ ਨੇ ਉਪ ਰਾਸ਼ਟਰਪਤੀ ਨੂੰ ਅਜਿਹਾ ਬੇਅਰਾਮ ਕੀਤਾ, ਜਿਵੇਂ ਸੁਪਰੀਮ ਕੋਰਟ ਦੇ ਹੁਕਮਾਂ ਨਾਲ ਉਨ੍ਹਾ ਦੇ ਕੋਈ ਕੰਡਾ ਚੁੱਭ ਗਿਆ ਹੋਏ ਜਾਂ ਪੈਰ ਦੀ ਬਿਆਈ ਅਚਾਨਕ ਫਟ ਗਈ ਹੋਵੇ।

ਸਮੁੱਚੇ ਸੰਸਾਰ ਦੇ ਦੇਸ਼ਾਂ ਵਿੱਚ ਪਾਰਲੀਮੈਂਟ ਦੁਆਰਾ ਪਾਸ ਕੀਤੇ ਬਿੱਲਾਂ ਨੂੰ ਉਥੋਂ ਦੇ ਰਾਸ਼ਟਰਪਤੀ, ਪ੍ਰਧਾਨ, ਗਵਰਨਰ ਜਾਂ ਜਿਸ ਦਾ ਵੀ ਹੱਕ ਬਣਦਾ ਹੋਵੇ, ਅਜਿਹੇ ਬਿੱਲਾਂ 'ਤੇ ਆਪਣੇ ਦਸਤਖਤ ਕਰਕੇ ਕਾਨੂੰਨ ਦੀ ਸ਼ਕਲ ਦਿੰਦਾ ਹੈ। ਇਸ ਕਰਕੇ ਸਮੁੱਚੇ ਦੇਸ਼ ਵਾਸੀਆਂ ਦਾ ਹੱਕ ਬਣਦਾ ਹੈ ਕਿ ਜਿੰਨਾ ਚਿਰ ਅਸੀਂ ਇਸ ਦੇਸ਼ 'ਚ ਸਾਹ ਲੈਂਦੇ ਹਾਂ, ਤੁਰਦੇ-ਫਿਰਦੇ ਹਾਂ ਸਾਨੂੰ ਅੱਖਾਂ ਦੁਆਰਾ, ਕੰਨਾਂ ਦੁਆਰਾ ਚੰਗਾ-ਮਾੜਾ ਹੁੰਦਾ ਦੇਖਣਾ ਜਾ ਸੁਣਨਾ ਚਾਹੀਦਾ ਹੈ। ਬੁਰਾਈ ਖ਼ਿਲਾਫ਼ ਡਟਣਾ ਚਾਹੀਦਾ ਹੈ। ਸਦਾ ਹੀ ਦੇਸ਼ ਨੂੰ ਸਹੀ ਦਿਸ਼ਾ ਵੱਲ ਤੋਰੀ ਰੱਖਣਾ ਸਾਡਾ ਮੁੱਢਲਾ ਫਰਜ਼ ਬਣਦਾ ਹੈ ਜਿਹੜੇ ਲੋਕ ਜਾ ਜੋਧੇ ਜਾ ਪਾਰਟੀਆਂ ਇਸ ਕੰਮ ਹੋਣਾ ਚਾਹੀਦਾ ਹੈ। ਸਾਨੂੰ ਅਜਿਹੀ ਜੰਗ 'ਚ ਆਪਣਾ ਬਣਦਾ ਹਿੱਸਾ ਪਾਉਣਾ ਚਾਹੀਦਾ ਹੈ। ਦੇਸ਼ ਹੈ ਤਾਂ ਅਸੀਂ ਸਭ ਹਾਂ। ਜੈ ਜਨਤਾ!

**# ਸੰਪਰਕ : 98721-65741**

# ਪ੍ਰਾਚੀਨ ਨਗਰ ਹਰਿਆਣਾ

**ਪਿੰਡ ਵਸਿਆ-27**

**ਵਿਜੇ ਬੰਬੇਲੀ**

ਵਾਜਬ-ਉਲ-ਅਰਜ਼/ਵਜਾਹ ਤਸਮੀਆਂ ਦੇਹ ਹਜ਼ਾ ਅਨੁਸਾਰ, "ਹੁਸ਼ਿਆਰਪੁਰ-ਦਸੂਹਾ ਸ਼ਾਹਰਾਹ 'ਤੇ ਵਸਿਆ ਪਿੰਡ ਹਰਿਆਣਾ ਹਰੀਆ ਨਾਮੀ ਜੱਟ ਦੇ ਨਾਂਓ ਮੁੜ ਵਸਿਆ, ਜਿਹੜਾ ਆਪਣੇ ਕੁਨਬੇ ਨਾਲ ਸਥਿਤੀਆਂ-ਪ੍ਰਸਥਿਤੀਆਂ ਵੱਸ ਆਪਣੇ ਮਾਲ-ਡੰਗਰ ਨਾਲ ਭ੍ਰਮਣ ਕਰਦਿਆਂ ਇਸ ਸਬਜ਼ ਖਿੱਤੇ ਵਿੱਚ ਇਥੇ ਆ ਟਿਕਿਆ ਸੀ।" ਇੱਕ ਹੋਰ ਕਨਸੋਅ ਮੁਤਾਬਿਕ, "ਰਾਗ ਵਿਦਿਆ ਵਜੋਂ ਉੱਘੇ ਰਹੇ ਇਸ ਖੇੜੇ ਦਾ ਨਾਂਅ ਸੰਗੀਤਵੇਤਾ ਤਾਨਸੈਨ ਦੇ ਗੁਰੂ ਬੈਜੂਵਾਬਰਾ ਦੇ ਗੁਰੂ ਮਹਾਂ ਗਵੱਈਏ ਹਰੀ ਦਾਸ ਉਰਫ ਹਰੀ ਦੱਤ ਉਰਫ ਹਰੀਆ ਗਵੱਈਆ, ਜਿਹੜਾ ਮੂਲ ਰੂਪ 'ਚ ਇੱਥੋਂ ਦਾ ਹੀ ਸੀ, ਦੇ ਨਾਂਅ ਚਮਕਿਆ-ਦਮਕਿਆ।" ਤਾਨਸੈਨ ਦੇ ਨਾਨਕੇ ਇੱਥੇ ਸਨ, ਪਰ ਉਸ ਦਾ ਗੁਰੂ ਬੈਜੂਵਾਬਰਾ 'ਬਜਵਾੜਾ' (ਹੁਸ਼ਿਆਰਪੁਰ) ਦਾ ਸੀ, ਜਿਸ ਦੇ ਸੰਗੀਤਕ ਜਲੌਅ ਬਦੌਲਤ ਉਸ ਦੀ ਜੰਮਣ-ਭੋਇੰ ਦਾ ਨਾਂਅ 'ਬਜਵਾੜਾ' ਪੈ ਗਿਆ। ਇਤਿਹਾਸਕ ਹਵਾਲਾ ਦਸਤਾਵੇਜ਼ "ਨਾਰਥ ਸੇਂਟਸ ਇੰਡੀਆ" (ਕਰਨਾਟਕਾ ਯੂਨੀਵਰਸਿਟੀ) ਅਨੁਸਾਰ, "ਤਾਨਸੇਨ ਦਾ ਗੁਰੂ ਹਰੀਦਾਸ ਸੀ ਅਤੇ ਹਰੀਦਾਸ ਦਾ ਮਰਦਾਨਾ।" ਪਰ ਇਸ ਨਗਰ ਦਾ ਨਾਂਅ ਹਰਿਆਣਾ ਸਥਾਪਤ ਹੋਣ ਪਿੱਛੇ, ਲੋਕ 'ਵਾਜ਼ ਇਹ ਹੈ ਕਿ "ਇਹ ਖੇਤਰ ਐਨਾ ਜਲ-ਯੁਕਤ, ਜੰਗਲ ਲਬਰੇਜ਼ ਅਰਥਾਤ ਕੁਦਰਤੀ ਕੰਦ-ਮੂਲਾਂ/ਫਲਾਂ ਵਜੋਂ ਸਰ-ਸਬਜ਼ ਭਾਵ ਹਰਿਆਵਲਾ ਸੀ, ਇਸੇ ਸਿਫ਼ਤ ਤਹਿਤ ਇਹ ਸਮਾਂ-ਦਰ-ਸਮਾਂ ਵਿਗੜਦਾ-ਸੰਵਰਦਾ 'ਹਰਿਆਲੀ' ਤੋਂ 'ਹਰਿਆਣਾ' ਵਜੋਂ, ਲੋਕ ਮਨਾਂ 'ਤੇ ਉੱਕਰ ਗਿਆ।"

ਤਾਰੀਖ-ਕਦੀਮ-ਆਰੀਆ ਵ੍ਰਤ ਅਨੁਸਾਰ, "ਹਰਿਆਣਾ ਕਦੇ ਯਾਦੂ ਵੰਸ਼ ਦੀ ਰਿਆਸਤ ਸੀ।" ਤਵਾਰੀਖ ਕਸ਼ਮੀਰ 'ਰਾਜ ਤਰੰਗਨੀ' ਮੁਤਾਬਿਕ, "ਯਾਦੂ ਵੰਸ਼ ਦਾ ਮੂਲ ਕਾਬੁਲ-ਕੰਧਾਰ ਦੀ ਵਾਦੀ ਸੀ।" ਮਗਰੋਂ ਇਹ ਮੁਸਲਿਮ ਨਾਰੂ ਰਾਜਪੂਤਾਂ ਦੇ ਕਬਜ਼ੇ ਵਿਚ ਆ ਗਈ।" ਤਾਰੀਖ-ਏ-ਮੁਬਾਰਕ, ਹੁਸ਼ਿਆਰਪੁਰ ਡਿਸਟ੍ਰਿਕਟ ਗਜ਼ਟੀਅਰ ਅਤੇ ਪੰਜਾਬ ਅੰਡਰ ਦਾ ਗਰੇਟ ਮੁਗਲਜ਼ ਦੀਆਂ ਕਨਸੋਆਂ ਅਨੁਸਾਰ, "ਬਜਵਾੜਾ ਖਿੱਤਾ ਨਾਰੂ ਰਾਜਪੂਤਾਂ ਦੇ ਪੱਕੇ ਪੈਰੀਂ ਹੇਠਾਂ ਆਉਣ ਤੋਂ ਪਹਿਲਾਂ ਪੂਰੀ ਤਰ੍ਹਾਂ ਪਠਾਣਾਂ ਹੇਠ ਸੀ। ਇਧਰੋਂ ਲੰਘੇ ਬਾਬਰ ਨੇ ਹਰਿਆਣਾ ਦੇ ਚੜ੍ਹਦੇ, ਜੰਗਲ-ਪਹਾੜ 'ਚ ਸਥਿਤ 'ਕਿਲ੍ਹਾ ਮਲੌਂਤ' ਨੂੰ ਲੋਧੀਆਂ ਤੋਂ ਖੋਹਣ ਉਪਰੰਤ, ਮਗਰੋਂ ਬਜਵਾੜੇ ਦੇ ਪਠਾਣ ਭਜਾ ਦਿੱਤੇ। ਸਿੱਟੇ ਵਜੋਂ, ਨਾਰੂ ਰਾਜਪੂਤ ਹਰਿਆਣੇ ਪੱਕੇ-ਪੈਰੀਂ ਹੋ ਗਏ।" ਇਹ, ਉਹੀ ਨਾਰੂ ਰਾਜਪੂਤ ਤੇ ਹਰਿਆਣਾ ਹੈ, ਜਿਹਨਾਂ ਕੋਲ ਅਕਬਰ ਵਕਤ ਬੈਰਮ ਖਾ ਨੇ ਪਨਾਹ ਲਈ ਸੀ।"

ਪੁਖਤਾ ਦਸਤਾਵੇਜ਼ੀ ਪੁਸਤਕ 'ਏ ਗਲੋਸਰੀ ਆਫ ਦੀ ਟਰਾਇਬਜ਼ ਐਂਡ ਕਾਸਟ'ਜ਼' ਅਨੁਸਾਰ, "ਨਾਰੂ ਭਾਵੇਂ ਉੱਚੇਰੇ ਪਹਾੜੀ ਖੇਤਰਾਂ 'ਚ ਫੈਲਿਆ-ਪਸਰਿਆ ਕਬੀਲਾ ਸੀ, ਪਰ ਬਹੁਪਰਤੀ ਕਾਰਨਾਂ ਕਰਕੇ ਇਸ ਦਾ ਸਦਰ ਮੁਕਾਮ ਹੁਸ਼ਿਆਰਪੁਰ-ਜਲੰਧਰ ਖਿੱਤਾ ਬਣ ਗਿਆ, ਜਿਸ ਵਿਚ ਹਰਿਆਣਾ ਬੜਾ ਉੱਘਾ ਹੈ। ਨਾਰੂ ਰਾਜਪੂਤ, ਹਿੰਦੂ ਰਾਜਪੂਤਾਂ ਤੋਂ ਸਥਿਤੀਆਂ-ਪ੍ਰਸਥਿਤੀਆਂ ਵੱਸ ਕਨਵਰਟਡ ਹੋਏ ਮੁਸਲਿਮ ਸਨ, ਪਰ ਇੱਥੋਂ ਦੇ ਨਾਰੂਆਂ ਕਦੇ 'ਹਿੰਦੂ ਆਸਥਾ' ਨਹੀਂ ਛੱਡੀ। ਤੌੜ ਆਜ਼ਾਦੀ ਤੱਕ ਇਹਨਾਂ ਦੇ ਕੁੱਲ ਪ੍ਰੋਹਿਤ ਸਾਰਸਵੱਤ ਬ੍ਰਾਹਮਣ (ਕੰਚਨ ਕਵਾਲ) ਹੀ ਰਹੇ।" ਇਹ ਬ੍ਰਾਹਮਣ ਸਿਰੇ ਦੇ ਤਾਲੀਮ ਜ਼ਾਫਤਾ ਸਨ, ਜਿਹਨਾਂ ਦੀ ਲਿਆਕਤ ਅਤੇ ਕਲਮੀ ਕਿਸਬ ਦੀ ਤੂਤੀ ਚੁਫੇਰੇ ਬੋਲਦੀ ਸੀ। ਜੰਗਿ-ਏ-ਆਜ਼ਾਦੀ ਵਿਚ ਇਹਨਾਂ ਦੇ ਇੱਕ ਫਰਜ਼ੰਦ ਪੰਜਗਤ ਰਾਮ ਹਰਿਆਣਵੀ, ਗ਼ਦਰ ਪਾਰਟੀ ਦਾ ਉੱਘਾ ਰੁਕਨ, ਸਮੇਤ ਹਰਿਆਣਾ ਦੀ ਹਰ ਜਾਤ-ਧਰਮ ਦੇ ਜਾਇਆਂ ਨੇ ਅਣਤੋਲਵਾਂ ਹਿੱਸਾ ਪਾਇਆ ਸੀ।

ਨਾਰੂ ਰਾਜਪੂਤਾਂ ਅਨੁਸਾਰ "ਉਹ ਸੂਰਜਬੰਸੀ ਰਾਜਪੂਤ ਸਨ। ਰਾਜਾ ਰਾਮਚੰਦਰ ਦੀਆਂ ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਵਿੱਚੋਂ ਇੱਕ ਪੁਰਖਾ ਮੁਸਲਮਾਨ ਹੋ ਗਿਆ, ਜਿਸ ਨੂੰ ਮਹਿਦੂਦ ਗਜ਼ਨਵੀ ਨੇ ਨਾਰੂ ਸ਼ਾਹ ਦਾ ਖਿਤਾਬ ਦਿੱਤਾ। ਜਿਸ ਦੇ ਇੱਕ ਪੁੱਤਰ ਨੇ ਮਹੱਤਵਪੂਰਨ ਥਾਵੀਂ, ਚਾਰ ਨਾਰੂ ਪਰਗਨੇ (ਤਾਲੁਕਾ) ਸਥਾਪਤ ਕੀਤੇ : ਘੋੜੇਬਾਹਾ, ਸ਼ਾਮਚੁਰਾਸੀ, ਬਜਵਾੜਾ ਅਤੇ ਹਰਿਆਣਾ।" ਜ਼ਾਹਰ ਹੈ, ਉਦੋਂ 'ਹਰਿਆਣਾ ਬੁਲੰਦ ਵੱਸਦਾ ਹੋਵੇਗਾ। ਬਕੌਲ ਰਾਣਾ ਅਜ਼ਹਰ ਖਾਨ ਵਾਲਦ ਰਾਣਾ ਅਰਸ਼ਦ ਖਾਂ ਹਰਿਆਣਵੀ, ਹਾਲ ਆਬਾਦ ਉਕਾੜਾ (ਪਾਕਿਸਤਾਨ), ਜਿਹੜੇ ਭੁੱਟੋ ਵੇਲੇ ਪੰਜਾਬ ਅਸੰਬਲੀ 'ਚ ਮੈਂਬਰ ਆਹਲਾ ਵੀ ਰਹੇ, ਅਨੁਸਾਰ, "ਸਾਡੀ ਵੰਸ਼ਾਬਲੀ ਰਾਜਾ ਦਸ਼ਰਥ ਨਾਲ ਮਿਲਦੀ ਹੈ। ਰਾਹੋਂ ਵਾਲੇ ਨਾਨਕਿਆਂ ਦੀ ਮਾਤਾ ਕੌਸ਼ੱਲਿਆ ਨਾਲ। ਅਸੀਂ ਨਾਰੂ ਮੁਸਲਮਾਨ ਹਾਂ, ਹਿੰਦੂ ਰਾਜਪੂਤਾਂ ਤੋਂ ਕਨਵਰਟ ਹੋਏ ਅਤੇ ਨਾਨਕੇ ਹਿੰਦੂ ਘੋੜੇਵਾਹ ਰਾਜਪੂਤਾਂ ਤੋਂ। ਸਾਡੇ ਬਹੁਤੇ ਕੁਨਬੇ ਦਸੂਹਾ ਅਤੇ ਹੁਸ਼ਿਆਰਪੁਰ ਤਹਿਸੀਲਾਂ 'ਚ ਵੱਸਦੇ ਸਨ ਅਤੇ ਘੋੜੇਵਾਹਾਂ ਦੇ ਸਤਲੁੱਜ ਦੇ ਉਰਾਂ ਅਤੇ ਪਰਾਂ, ਗੜ੍ਹਸ਼ੰਕਰ-ਨਵਾਂਸ਼ਹਿਰ ਕੰਨੀ। ਬੜਾ ਮੋਹਤਬਾਰਾਨ ਸੀ ਸਾਡਾ ਕੁਨਬਾ, ਹਿੰਦੂ-ਮੁਸਲਿਮਾਂ ਦਾ ਮਿਲਗੋਭਾ।"

ਇੱਕ ਹੋਰ ਗਾਥਾ ਅਨੁਸਾਰ, "ਜੈਪੁਰ-ਜੋਧਪੁਰ ਦੇ ਰਾਜਿਆਂ ਦਾ ਇੱਕ ਫਰਜ਼ੰਦ ਮਹਿਮੂਦ ਗਜ਼ਨਵੀ ਵੇਲੇ ਮੁਸਲਮਾਨ ਬਣ ਗਿਆ। ਇਵਜ਼ ਵਿੱਚ ਗਜ਼ਨਵੀ ਨੇ ਉਸ ਨੂੰ ਨਾਰੂ ਸ਼ਾਹ ਦੇ ਖਿਤਾਬ ਨਾਲ ਨਿਵਾਜਿਆ। ਉਹ ਬਜਵਾੜੇ ਆਣ ਆਬਾਦ ਹੋਇਆ। ਬੰਦਾ ਦਲੇਰ ਅਤੇ ਯੁਕਤੀ ਸੀ, ਮੌਕਾ ਮਿਲਦਿਆਂ ਹੀ ਹਰਿਆਣਾ ਆ ਨੱਪਿਆ। ਰਗਾਂ 'ਚ ਪਿਆ ਹਿੰਦੂ ਖ਼ੂਨ, ਅਤੀਤ ਯਾਦ ਕਰਵਾ ਦਿੰਦਾ। ਮੁਸਲਿਮ ਹੁੰਦਿਆਂ ਵੀ ਹਿੰਦੂ ਆਸਥਾ ਦਰ-ਕਿਨਾਰ ਨਾ ਕਰ ਸਕਿਆ।" ਸਿੱਟੇ ਵਜੋਂ, ਤੋੜ ਸਿੱਖਾ ਸ਼ਾਹੀ ਤੱਕ ਉਸ ਦੇ ਵਾਰਸ, ਇੱਥੋਂ ਦੇ ਮੁਸਲਿਮ ਅਹਿਲਕਾਰ, ਦਾਨੇ ਅਤੇ ਧਰਮ-ਨਿਰਪੱਖ ਰਹੇ। ਇਸੇ ਕਾਰਨ ਮਿਸਲ ਕਰੋੜ ਸਿੰਘੀਆ ਦੇ ਸ. ਬਘੇਲ ਸਿੰਘ, ਜਿਸ ਦਾ ਸਦਰ-ਮੁਕਾਮ ਇਹੀ ਹਰਿਆਣਾ ਬਣਿਆ ਸੀ, ਨੇ ਇਥੋਂ ਦੇ ਮੁਸਲਿਮ ਰਾਜਪੂਤਾਂ ਦੀ ਪੁਖਤਾ, ਮਾਲਕੀ ਅਤੇ ਮਾਣ-ਸਤਿਕਾਰ ਬਰਕਰਾਰ ਰੱਖੀ। ਇਹ ਉਹੀ ਸ. ਬਘੇਲ ਸਿੰਘ ਹੈ, ਜਿਸ ਨੇ 'ਦਿੱਲੀ ਫਤਿਹ' 'ਚ ਕੁੰਜੀਵਤ ਰੋਲ ਨਿਭਾਇਆ ਸੀ। ਹਰਿਆਣੇ ਨਾਲ ਪੀਡੀ ਗਲਵੱਕੜੀ ਪਾ ਕੇ ਰੱਖਣ ਵਾਲਾ ਇਹ ਮਹਾਂ ਸਪੂਤ ਅੱਜ ਵੀ ਹਰਿਆਣਾ ਦੀ ਕੇਂਦਰੀ ਜੂਹ ਵਿਚ ਸਦੀਵੀ ਸੁੱਤਾ ਪਿਆ ਹੈ।

ਮੁੱਕਦੀ ਗੱਲ; "ਹਰਿਆਣਾ ਬੜਾ ਪ੍ਰਾਚੀਨ ਹੈ। ਪੱਕ ਨਾਲ ਕਦ ਵਸਿਆ'? ਨਹੀਂ ਲੱਭਾ।"

# ਭਾਰਤ 'ਚ ਮਾਓਵਾਦੀ ਨੀਤੀ ਦੀ ਰਾਜਨੀਤਕ ਅਸਫਲਤਾ : ਪੁਨਰ-ਵਿਚਾਰ ਦਾ ਸੱਦਾ

**ਪੱਲਬ ਸੇਨਗੁਪਤਾ**

**ਅਨੁ. ਐੱਮ ਐੱਸ ਭਾਟੀਆ**

2023 ਵਿੱਚ ਛੱਤੀਸਗੜ੍ਹ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੱਤਾ ਵਿੱਚ ਆਉਣ ਤੋਂ ਬਾਅਦ ਮਾਓਵਾਦੀ ਵਿਰੋਧੀ ਕਾਰਵਾਈਆਂ ਵਿੱਚ ਕਾਫੀ ਵਾਧਾ ਹੋਇਆ ਹੈ। 2024 ਵਿੱਚ ਸੁਰੱਖਿਆ ਬਲਾਂ ਨੇ 194 ਮਾਓਵਾਦੀਆਂ ਨੂੰ ਖਤਮ ਕੀਤਾ, 801 ਨੂੰ ਗ੍ਰਿਫਤਾਰ ਕੀਤਾ ਅਤੇ 742 ਵਿਦਰੋਹੀਆਂ ਨੇ ਆਤਮ ਸਮਰਪਣ ਕੀਤਾ।

2025 ਦੀ ਪਹਿਲੀ ਤਿਮਾਹੀ ਤੱਕ ਰਾਜ ਭਰ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ ਲੱਗਭੱਗ 103 ਮਾਓਵਾਦੀ ਮਾਰੇ ਗਏ ਹਨ। ਪ੍ਰਧਾਨ ਮੰਤਰੀ ਦੇ ਛੱਤੀਸਗੜ੍ਹ ਦੌਰੇ ਤੋਂ ਕੁਝ ਘੰਟੇ ਪਹਿਲਾਂ ਬੀਜਾਪੁਰ ਵਿੱਚ ਮਾਓਵਾਦੀਆਂ ਨੇ ਆਤਮ ਸਮਰਪਣ ਕਰ ਦਿੱਤਾ। ਜਦੋਂ ਕਿ ਇਹ ਘਟਨਾਵਾਂ ਮਾਓਵਾਦੀਆਂ ਦੀ ਮਹਾਨ ਕੁਰਬਾਨੀਆਂ ਕਰਨ ਦੀ ਇੱਛਾ ਨੂੰ ਦਰਸਾਉਂਦੀਆਂ ਹਨ, ਪਰ ਇਹਨਾਂ ਕੁਰਬਾਨੀਆਂ ਦੇ ਕੋਈ ਸਕਾਰਾਤਮਕ ਨਤੀਜੇ ਨਹੀਂ ਨਿਕਲੇ ਹਨ। ਇਸ ਦੀ ਬਜਾਏ ਸਥਿਤੀ ਆਪਣੀਆਂ ਅਸਫਲ ਰਣਨੀਤੀਆਂ ਅਤੇ ਰਣਨੀਤੀਆਂ ਬਾਰੇ ਇੱਕ ਇਮਾਨਦਾਰ ਆਤਮ-ਨਿਰੀਖਣ ਦੀ ਮੰਗ ਕਰਦੀ ਹੈ। ਸੀ ਪੀ ਆਈ ਦਾ ਮੰਨਣਾ ਹੈ ਕਿ ਮਾਓਵਾਦੀ ਲਾਈਨ ਦੇ ਇੱਕ ਆਲੋਚਨਾਤਮਕ ਪੁਨਰ-ਮੁਲਾਂਕਣ ਦਾ ਸਮਾਂ ਆ ਗਿਆ ਹੈ, ਨਾ ਸਿਰਫ ਰਣਨੀਤਕ ਆਧਾਰ 'ਤੇ, ਸਗੋਂ ਰਾਜਨੀਤਕ ਅਤੇ ਵਿਚਾਰਧਾਰਕ ਆਧਾਰ 'ਤੇ ਵੀ। ਨੁਕਸਦਾਰ ਇਤਿਹਾਸਕ ਸਮਾਨਾਂਤਰ: ਭਾਰਤ ਚੀਨ ਨਹੀਂ ਹੈ। ਦਹਾਕਿਆਂ ਤੋਂ ਭਾਰਤ ਵਿੱਚ ਮਾਓਵਾਦੀ ਵਿਦਰੋਹੀਆਂ ਨੇ ਇੱਕ ਹਥਿਆਰਬੰਦ ਇਨਕਲਾਬੀ ਸੰਘਰਸ਼ ਨੂੰ ਅੱਗੇ ਵਧਾਇਆ ਹੈ, ਜੋ ਕਿ ਲੰਮੇ ਲੋਕ ਯੁੱਧ ਰਾਹੀਂ ਰਾਜ ਨੂੰ ਉਖਾੜ ਸੁੱਟਣ ਵਿੱਚ ਚੀਨੀ ਕਮਿਊਨਿਸਟ ਪਾਰਟੀ ਦੀ ਸਫਲਤਾ ਨੂੰ ਦੁਹਰਾਉਣ ਦੀ ਕੋਸ਼ਿਸ਼ ਕਰ ਰਿਹਾ ਹੈ।

ਮਾਓਵਾਦੀ ਰਣਨੀਤੀ ਇਸ ਵਿਸ਼ਵਾਸ 'ਤੇ ਟਿਕੀ ਹੋਈ ਹੈ ਕਿ ਭਾਰਤ ਦੀਆਂ ਸਥਿਤੀਆਂ ਕ੍ਰਾਂਤੀਕਾਰੀ ਚੀਨ ਦੀਆਂ ਇਨਕਲਾਬ ਤੋਂ ਪਹਿਲੀਆਂ ਸਥਿਤੀਆਂ ਵਾਂਗ ਹਨ, ਜਿੱਥੇ ਇੱਕ ਕਮਜ਼ੋਰ ਰਾਜ ਸੀ, ਵਿਦੇਸ਼ੀ ਕਬਜ਼ਾ ਸੀ ਅਤੇ ਕਿਸਾਨ-ਅਧਾਰਤ ਹਥਿਆਰਬੰਦ ਸੰਘਰਸ਼ ਨੇ ਕਮਿਊਨਿਸਟ ਕਬਜ਼ੇ ਲਈ ਰਾਹ ਪੱਧਰਾ ਕੀਤਾ ਸੀ। ਹਾਲਾਂਕਿ ਇਹ ਸਮਾਨਤਾ ਭਾਰਤ ਵਿੱਚ ਕਈ ਕਾਰਨਾਂ ਕਰਕੇ ਬੁਨਿਆਦੀ ਤੌਰ 'ਤੇ ਨਹੀਂ ਹੈ।

ਜਗੀਰੂ ਚੀਨ ਦੇ ਉਲਟ ਭਾਰਤ ਵਿੱਚ ਨਿਯਮਤ ਚੋਣਾਂ ਦੇ ਨਾਲ ਇੱਕ ਕਾਰਜਸ਼ੀਲ ਸੰਸਦੀ ਲੋਕਤੰਤਰ ਹੈ। ਬਹੁਤ ਸਾਰੀਆਂ ਕਮੀਆਂ ਹੋਣ ਦੇ ਬਾਵਜੂਦ ਮੌਜੂਦਾ ਸੰਸਦੀ ਪ੍ਰਣਾਲੀ ਖੱਬੇਪੱਖੀ ਅੰਦੋਲਨਾਂ ਨੂੰ ਸੰਗਠਿਤ ਕਰਨ, ਅੰਦੋਲਨ ਕਰਨ ਅਤੇ ਨੀਤੀ ਨੂੰ ਪ੍ਰਭਾਵਿਤ ਕਰਨ ਲਈ ਕਾਨੂੰਨੀ ਰਸਤੇ ਪ੍ਰਦਾਨ ਕਰਦੀ ਹੈ, ਜਿਸ ਨੂੰ ਮਾਓਵਾਦੀਆਂ ਨੇ ਯੋਜਨਾਬੱਧ ਢੰਗ ਨਾਲ ਰੱਦ ਕਰ ਦਿੱਤਾ ਹੈ। ਇਸ ਤੋਂ ਇਲਾਵਾ ਭਾਰਤ ਦੀ ਜਾਤੀ, ਧਾਰਮਿਕ ਅਤੇ ਖੇਤਰੀ ਵਿਭਿੰਨਤਾ ਇੱਕ ਹਥਿਆਰਬੰਦ ਇਨਕਲਾਬ ਨੂੰ ਅਵਿਵਹਾਰਕ ਬਣਾਉਂਦੀ ਹੈ। ਮਾਓਵਾਦੀ ਨੀਤੀ ਦੀ ਮੱਧ ਭਾਰਤ ਵਿੱਚ ਕਬਾਇਲੀ ਇਲਾਕਿਆਂ ਤੋਂ ਪਰ੍ਹੇ ਵਿਆਪਕ ਗੱਠਜੋੜ ਬਣਾਉਣ ਵਿੱਚ ਅਸਮਰੱਥਾ, ਦੇਸ਼ ਦੀਆਂ ਸਮਾਜਿਕ-ਰਾਜਨੀਤਕ ਹਕੀਕਤਾਂ ਨੂੰ ਸਮਝਣ ਵਿੱਚ ਇਸ ਦੀ ਅਸਫਲਤਾ ਨੂੰ ਉਜਾਗਰ ਕਰਦੀ ਹੈ।

1940 ਦੇ ਦਹਾਕੇ ਵਿੱਚ ਚੀਨ ਦੇ ਉਲਟ ਭਾਰਤ ਦੀ ਉਦਾਰੀਕਰਨ ਤੋਂ ਬਾਅਦ ਦੀ ਆਰਥਿਕਤਾ ਨੇ ਇੱਕ ਵਧਦੀ ਸ਼ਹਿਰੀ ਮਜ਼ਦੂਰ ਜਮਾਤ ਅਤੇ ਪੇਂਡੂ ਇੱਛਾਵਾਨ ਆਬਾਦੀ ਪੈਦਾ ਕੀਤੀ ਹੈ, ਜੋ ਹਿੰਸਕ ਉਥਲ-ਪੁਥਲ ਦੀ ਬਜਾਏ ਸੁਧਾਰ ਚਾਹੁੰਦੇ ਹਨ। ਖੇਤੀਬਾੜੀ ਇਨਕਲਾਬ 'ਤੇ ਮਾਓਵਾਦੀ ਨਜ਼ਰੀਆ ਬਦਲਦੇ ਵਰਗ ਗਤੀਸ਼ੀਲਤਾ ਨੂੰ ਨਜ਼ਰਅੰਦਾਜ਼ ਕਰਦਾ ਹੈ, ਜਿਸ ਨੇ ਕਿਸਾਨੀ ਦੀ ਹਥਿਆਰਬੰਦ ਸੰਘਰਸ਼ ਦੀ ਨੀਤੀ ਨੂੰ ਜਾਰੀ ਰੱਖਣ ਦੀਆਂ ਸੰਭਾਵਨਾਵਾਂ ਨੂੰ ਘਟਾ ਦਿੱਤਾ ਹੈ।

**ਰਾਜ ਦਾ ਦਮਨ ਅਤੇ ਮਾਓਵਾਦੀ ਪ੍ਰਭਾਵ ਦਾ ਪਤਨ**

ਭਾਰਤੀ ਰਾਜ ਨੇ ਪੁਲਸ ਦਮਨ, ਖੁਫੀਆ ਕਾਰਵਾਈਆਂ ਅਤੇ ਵਿਕਾਸ ਪੱਖੀ ਪਹੁੰਚ ਦੇ ਸੁਮੇਲ ਰਾਹੀਂ ਮਾਓਵਾਦੀ ਬਗਾਵਤ ਦਾ ਬੇਰਹਿਮੀ ਨਾਲ ਮੁਕਾਬਲਾ ਕੀਤਾ ਹੈ। ਇਸ ਦੇ ਨਤੀਜੇ ਵਜੋਂ ਉੱਚ-ਪ੍ਰੋਫਾਈਲ ਮੁਕਾਬਲਿਆਂ (ਜਿਵੇਂ ਕਿ ਪੱਛਮੀ ਬੰਗਾਲ ਵਿੱਚ ਕਿਸ਼ਨ ਜੀ ਦੀ ਹੱਤਿਆ) ਅਤੇ ਸਮੂਹਿਕ ਆਤਮ ਸਮਰਪਣ (ਜਿਵੇਂ ਕਿ ਆਂਧਰਾ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿੱਚ ਦੇਖਿਆ ਗਿਆ ਹੈ) ਨੇ ਅੰਦੋਲਨ ਦੀ ਸੰਚਾਲਨ ਸਮਰੱਥਾ ਦਾ ਲੱਕ ਤੋੜ ਦਿੱਤਾ ਹੈ। ਇਸ ਦੇ ਨਾਲ ਹੀ ਮਾਓਵਾਦੀ ਹਿੰਸਾ, ਜਿਸ ਵਿੱਚ ਸੁਰੱਖਿਆ ਬਲਾਂ, ਨਾਗਰਿਕਾਂ ਅਤੇ ਇੱਥੋਂ ਤੱਕ ਕਿ ਕਬਾਇਲੀ ਵਿਰੋਧੀਆਂ 'ਤੇ ਹਮਲੇ ਸ਼ਾਮਲ ਹਨ, ਨੇ ਸੰਭਾਵੀ ਹਮਦਰਦਾਂ ਨੂੰ ਦੂਰ ਕਰ ਦਿੱਤਾ ਹੈ। ਅੰਦੋਲਨ ਦੇ ਤਾਨਾਸ਼ਾਹੀ ਅੰਦਰੂਨੀ ਸਫਾਈ (ਜਿਵੇਂ ਕਿ ਕਥਿਤ 'ਪੁਲਸ ਮੁਖਬਰਾਂ' ਨੂੰ ਫਾਂਸੀ) ਨੇ ਵਿਸ਼ਵਾਸ ਨੂੰ ਹੋਰ ਵੀ ਘਟਾ ਦਿੱਤਾ ਹੈ। ਜਦੋਂ ਕਿ ਮਾਓਵਾਦੀ ਦੱਬੇ-ਕੁਚਲੇ ਲੋਕਾਂ ਲਈ ਲੜਨ ਦਾ ਦਾਅਵਾ ਕਰਦੇ ਹਨ, ਉਨ੍ਹਾਂ ਦੀਆਂ ਕਾਰਵਾਈਆਂ ਨੇ ਉਨ੍ਹਾਂ ਲੋਕਾਂ ਨੂੰ ਨੁਕਸਾਨ ਪਹੁੰਚਾਇਆ ਹੈ, ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਨ ਦਾ ਦਾਅਵਾ ਕਰਦੇ ਹਨ। ਮਾਓਵਾਦੀ ਪ੍ਰਭਾਵਿਤ ਖੇਤਰਾਂ ਵਿੱਚ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਨੇ ਹਜ਼ਾਰਾਂ ਆਦਿਵਾਸੀਆਂ ਨੂੰ ਉਜਾੜ ਦਿੱਤਾ ਹੈ, ਜੋ ਰਾਜ ਦੇ ਦਮਨ ਅਤੇ ਮਾਓਵਾਦੀ ਜਬਰ ਦੋਵਾਂ ਦਾ ਸਾਹਮਣਾ ਕਰ ਰਹੇ ਹਨ। ਇਸ ਤੋਂ ਇਲਾਵਾ ਚੋਣ ਰਾਜਨੀਤੀ ਨੂੰ ਰੱਦ ਕਰਕੇ ਮਾਓਵਾਦੀਆਂ ਨੇ ਸੱਜੇ-ਪੱਖੀ ਤਾਕਤਾਂ ਲਈ ਰਾਹ ਪੱਧਰਾ ਕਰ ਦਿੱਤਾ ਹੈ। ਝਾਰਖੰਡ ਅਤੇ ਛੱਤੀਸਗੜ੍ਹ ਵਰਗੇ ਰਾਜਾਂ ਵਿੱਚ ਉਨ੍ਹਾਂ ਦੀਆਂ ਹਿੰਸਕ ਹਰਕਤਾਂ ਨੇ ਭਾਜਪਾ ਅਤੇ ਹੋਰ ਪਾਰਟੀਆਂ ਨੂੰ ਖੱਬੇ-ਪੱਖੀ ਸੰਘਰਸ਼ ਨੂੰ ਰਾਸ਼ਟਰ ਵਿਰੋਧੀ ਵਜੋਂ ਪੇਸ਼ ਕਰਨ ਦੀ ਹੱਲਾਸ਼ੇਰੀ ਦਿੱਤੀ ਹੈ, ਜਿਸ ਨਾਲ ਵਿਆਪਕ ਖੱਬੇ-ਪੱਖੀ ਅਤੇ ਲੋਕਤੰਤਰੀ ਸੰਘਰਸ਼ ਕਮਜ਼ੋਰ ਹੋ ਗਏ ਹਨ।

**ਅਸਫਲ ਮਾਓਵਾਦੀ ਨੀਤੀ ਦੇ ਅੰਤਰਰਾਸ਼ਟਰੀ ਤਜਰਬੇ**

ਇਹ ਮਾਓਵਾਦੀਆਂ ਲਈ ਆਪਣੀ ਰਾਜਨੀਤੀ 'ਤੇ ਮੁੜ ਵਿਚਾਰ ਕਰਨ ਦਾ ਸਹੀ ਸਮਾਂ ਹੈ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਮਾਓਵਾਦੀ ਸਮੂਹਾਂ ਨਾਲ ਜੋ ਵਾਪਰਿਆ, ਉਸ ਨੂੰ ਦੁਹਰਾਉਣਾ ਨਹੀਂ ਚਾਹੀਦਾ। ਹਥਿਆਰਬੰਦ ਇਨਕਲਾਬ ਦੀ ਮਾਓਵਾਦੀ ਰਣਨੀਤੀ ਨੂੰ ਕਈ ਦੇਸ਼ਾਂ ਵਿੱਚ ਵਾਰ-ਵਾਰ ਅਸਫਲਤਾਵਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਕਾਰਨ ਬਹੁਤ ਸਾਰੇ ਸਮੂਹ ਹਿੰਸਾ ਨੂੰ ਤਿਆਗ ਕੇ ਮੁੱਖ ਧਾਰਾ ਦੀ ਕਮਿਊਨਿਸਟ ਰਾਜਨੀਤੀ ਵਿੱਚ ਸ਼ਾਮਲ ਹੋਣ ਲਈ ਮਜਬੂਰ ਹੋਏ ਹਨ। ਨੇਪਾਲ ਵਿੱਚ, ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਨੇ ਇੱਕ ਦਹਾਕੇ ਤੱਕ ਬਗਾਵਤ ਕੀਤੀ, ਪਰ ਅੰਤ ਵਿੱਚ ਇੱਕ ਰਾਜਨੀਤਕ ਪਾਰਟੀ ਵਿੱਚ ਤਬਦੀਲ ਹੋ ਗਈ, ਚੋਣਾਂ ਲੜੀਆਂ ਅਤੇ ਇੱਥੋਂ ਤੱਕ ਕਿ ਸਰਕਾਰ ਦੀ ਅਗਵਾਈ ਵੀ ਕੀਤੀ, ਇਹ ਸਾਬਤ ਕਰਦੇ ਹੋਏ ਕਿ ਲੋਕਤੰਤਰੀ ਤਰੀਕੇ ਹਥਿਆਰਬੰਦ ਸੰਘਰਸ਼ ਤੋਂ ਵੱਧ ਪ੍ਰਾਪਤ ਕਰ ਸਕਦੇ ਹਨ।

ਪੇਰੂ ਵਿੱਚ ਸਾਈਨਿੰਗ ਪਾਥ ਦੀ ਬੇਰਹਿਮ ਬਗਾਵਤ ਇਸ ਦੇ ਨੇਤਾ ਅਬੀਮਾਈਲ ਗੁਜਮਾਨ ਦੇ ਫੜੇ ਜਾਣ ਤੋਂ ਬਾਅਦ ਢਹਿ ਗਈ, ਬਾਕੀ ਧੜੇ ਨਾਗਰਿਕਾਂ ਵਿਰੁੱਧ ਬਹੁਤ ਜ਼ਿਆਦਾ ਹਿੰਸਾ ਕਾਰਨ ਹਾਸ਼ੀਏ 'ਤੇ ਆ ਗਏ।

ਤੁਰਕੀ ਵਿੱਚ ਮਾਓਵਾਦੀ ਟੀ ਕੇ ਪੀ/ਐੱਮ ਐੱਲ ਅਤੇ ਹੋਰ ਅੱਤ-ਖੱਬੇ ਹਥਿਆਰਬੰਦ ਸਮੂਹ ਜਨਤਕ ਸਮਰਥਨ ਪ੍ਰਾਪਤ ਕਰਨ ਵਿੱਚ ਅਸਫਲ ਰਹੇ ਅਤੇ ਰਾਜ ਦੀਆਂ ਫੌਜਾਂ ਦੁਆਰਾ ਕੁਚਲ ਦਿੱਤੇ ਗਏ, ਜਦੋਂ ਕਿ ਕਾਨੂੰਨੀ ਖੱਬੇ-ਪੱਖੀ ਪਾਰਟੀਆਂ ਰਾਜਨੀਤਕ ਪ੍ਰਣਾਲੀ ਦੇ ਅੰਦਰ ਕੰਮ ਕਰਦੀਆਂ ਰਹੀਆਂ।

ਫਿਲਪੀਨਜ਼ ਵਿੱਚ ਵੀ, ਜਿੱਥੇ ਕਮਿਊਨਿਸਟ ਪਾਰਟੀ (ਸੀ ਪੀ ਪੀ) ਅਤੇ ਇਸ ਦੇ ਹਥਿਆਰਬੰਦ ਵਿੰਗ (ਐੱਨ ਪੀ ਏ) ਨੇ ਦਹਾਕਿਆਂ ਤੋਂ ਲੜਾਈ ਲੜੀ ਹੈ, ਅੰਦੋਲਨ ਸਥਿਰ ਬਣਿਆ ਹੋਇਆ ਹੈ, ਬਹੁਤ ਸਾਰੇ ਕਾਡਰ ਫੌਜੀ ਦਬਾਅ ਅਤੇ ਲੋਕਪ੍ਰਿਯ ਸਮੱਰਥਨ ਦੀ ਘਾਟ ਕਾਰਨ ਆਤਮ ਸਮਰਪਣ ਕਰ ਦਿੰਦੇ ਹਨ। ਇਹ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਮਾਓਵਾਦੀ ਲਹਿਰਾਂ ਜਦੋਂ ਵਿਆਪਕ ਖੱਬੇਪੱਖੀ ਗੱਠਜੋੜਾਂ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਤੋਂ ਅਲੱਗ ਹੁੰਦੀਆਂ ਹਨ, ਤਾਂ ਜਾਂ ਤਾਂ ਟੁੱਟ ਜਾਂਦੀਆਂ ਹਨ ਜਾਂ ਅਨੁਕੂਲ ਹੋਣ ਲਈ ਮਜਬੂਰ ਹੁੰਦੀਆਂ ਹਨ।

ਸਬਕ ਸਪੱਸ਼ਟ ਹੈ : ਜਨਤਕ ਰਾਜਨੀਤਕ ਸਮਰਥਨ ਤੋਂ ਬਿਨਾਂ ਹਥਿਆਰਬੰਦ ਸੰਘਰਸ਼ ਹਾਰ ਵੱਲ ਲੈ ਜਾਂਦਾ ਹੈ, ਜਦੋਂ ਕਿ ਮੁੱਖ ਧਾਰਾ ਕਮਿਊਨਿਸਟ ਅਤੇ ਪ੍ਰਗਤੀਸ਼ੀਲ ਲਹਿਰਾਂ ਵਿੱਚ ਏਕੀਕਰਨ ਸਮਾਜਵਾਦੀ ਟੀਚਿਆਂ ਨੂੰ ਅੱਗੇ ਵਧਾਉਣ ਲਈ ਇੱਕ ਟਿਕਾਊ ਰਸਤਾ ਪੇਸ਼ ਕਰਦਾ ਹੈ।

**ਸੀ ਪੀ ਆਈ ਵੱਲੋਂ ਅਸਫਲ ਰਣਨੀਤੀਆਂ 'ਤੇ ਮੁੜ ਵਿਚਾਰ ਕਰਨ ਦਾ ਲਗਾਤਾਰ ਸੱਦਾ**

ਨਕਸਲਵਾਦੀ ਲਹਿਰ ਦੀ ਸ਼ੁਰੂਆਤ ਤੋਂ ਹੀ ਸੀ ਪੀ ਆਈ ਨੇ ਪੁਲਸ ਅੱਤਿਆਚਾਰਾਂ ਅਤੇ ਨਕਸਲੀਆਂ ਦੇ ਝੂਠੇ ਮੁਕਾਬਲੇ ਦੀਆਂ ਹੱਤਿਆਵਾਂ ਦੀ ਲਗਾਤਾਰ ਨਿੰਦਾ ਕੀਤੀ ਹੈ। ਇਸ ਦੇ ਨਾਲ ਹੀ ਇਸ ਨੇ ਉਸ ਸਮੇਂ ਦੀ ਸੀ ਪੀ ਆਈ (ਐੱਮ ਐੱਲ) ਅਤੇ ਹੁਣ ਸੀ ਪੀ ਆਈ (ਮਾਓਵਾਦੀ) ਦੀ ਲੀਡਰਸ਼ਿਪ ਨੂੰ ਆਪਣੀਆਂ ਅਸਫਲ ਰਣਨੀਤੀਆਂ 'ਤੇ ਮੁੜ ਵਿਚਾਰ ਕਰਨ ਅਤੇ ਮੁੱਖ ਧਾਰਾ ਦੇ ਕਮਿਊਨਿਸਟ ਅੰਦੋਲਨ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ। 11 ਜੁਲਾਈ, 1970 ਨੂੰ ਇੱਕ ਫਰਜ਼ੀ ਮੁਕਾਬਲੇ ਵਿੱਚ ਆਂਧਰਾ ਪ੍ਰਦੇਸ਼ ਦੇ ਵੇਮਪਾਟਾਪੂ ਸੱਤਿਆਨਾਰਾਇਣ ਅਤੇ ਆਦਿਭਟਲਾ ਕਾਲੀਆਸਮ ਦੀਆਂ ਬੇਰਹਿਮੀ ਨਾਲ ਹੱਤਿਆਵਾਂ ਦੇ ਨਾਲ-ਨਾਲ ਪੰਜਾਬ ਦੇ ਬੂਝਾ ਸਿੰਘ ਅਤੇ ਵੱਖ-ਵੱਖ ਰਾਜਾਂ ਵਿੱਚ ਕਈ ਹੋਰਾਂ ਦੀ ਹੱਤਿਆ ਤੋਂ ਬਾਅਦ ਸੀ ਪੀ ਆਈ ਨੈਸ਼ਨਲ ਕੌਂਸਲ ਨੇ ਇਨ੍ਹਾਂ ਹੱਤਿਆਵਾਂ ਦੀ ਨਿੰਦਾ ਕਰਦੇ ਹੋਏ ਇੱਕ ਮਤਾ ਪਾਸ ਕੀਤਾ ਸੀ। ਇਸ ਨੇ ਸੀ ਪੀ ਆਈ (ਐੱਮ ਐੱਲ) ਲੀਡਰਸ਼ਿਪ ਨੂੰ ਆਪਣੇ ਨੇਤਾਵਾਂ ਅਤੇ ਕਾਡਰਾਂ ਦੁਆਰਾ ਅਪਣਾਏ ਗਏ ਵਿਅਕਤੀਗਤ ਅਤੇ ਸਮੂਹਿਕ ਅੱਤਵਾਦ ਦੇ ਗੁੰਮਰਾਹਕੁੰਨ ਅਤੇ ਨੁਕਸਾਨਦੇਹ ਪਹੁੰਚ ਨੂੰ ਛੱਡਣ ਦਾ ਵੀ ਸੱਦਾ ਦਿੱਤਾ ਸੀ।

ਹਰ ਕੋਈ ਜਾਣਦਾ ਹੈ ਕਿ ਕਿਵੇਂ ਸੀ ਪੀ ਆਈ ਦੇ ਸੰਸਦ ਮੈਂਬਰਾਂ ਨੇ ਅਜਿਹੀਆਂ ਹੱਤਿਆਵਾਂ ਨੂੰ ਬੰਦ ਕਰਨ ਲਈ ਸੰਸਦ ਵਿੱਚ ਇਨ੍ਹਾਂ ਮੁੱਦਿਆਂ ਨੂੰ ਵਾਰ-ਵਾਰ ਉਠਾਇਆ ਹੈ। ਸੀ ਪੀ ਆਈ ਨੇ ਸਲਵਾ ਜੁਡੂਮ ਦਾ ਵੀ ਵਿਰੋਧ ਕੀਤਾ, ਜੋ ਕਿ 2005 ਵਿੱਚ ਸਥਾਨਕ ਆਦਿਵਾਸੀਆਂ ਨੂੰ ਲਾਮਬੰਦ ਕਰਨ ਅਤੇ ਛੱਤੀਸਗੜ੍ਹ ਵਿੱਚ ਬਗਾਵਤ ਵਿਰੋਧੀ ਕਾਰਵਾਈਆਂ ਦੇ ਹਿੱਸੇ ਵਜੋਂ ਤਾਇਨਾਤ ਕਰਨ ਲਈ ਬਣਾਇਆ ਗਿਆ ਇੱਕ ਹਥਿਆਰਬੰਦ ਸਮੂਹ ਸੀ, ਜਿਸ ਦਾ ਉਦੇਸ਼ ਖੇਤਰ ਵਿੱਚ ਮਾਓਵਾਦੀ ਗਤੀਵਿਧੀਆਂ ਦਾ ਮੁਕਾਬਲਾ ਕਰਨਾ ਸੀ। ਸੀ ਪੀ ਆਈ ਮਾਓਵਾਦੀਆਂ ਵਿਰੁੱਧ ਅਜਿਹੇ ਰਾਜ-ਪ੍ਰਯੋਜਿਤ ਚੌਕਸੀ ਅੰਦੋਲਨਾਂ 'ਤੇ ਪਾਬੰਦੀ ਦੀ ਵਕਾਲਤ ਕਰਨ ਵਿੱਚ ਬਹੁਤ ਜ਼ਿਆਦਾ ਆਵਾਜ਼ ਉਠਾ ਰਹੀ ਸੀ।

ਆਪਣੀ ਨੀਤੀ ਦੀ ਲਗਾਤਾਰਤਾ ਦੇ ਹਿੱਸੇ ਵਜੋਂ ਸੀ ਪੀ ਆਈ ਨੇ ਇੱਕ ਵਾਰ ਫਿਰ ਫਰਜ਼ੀ ਮੁਕਾਬਲਿਆਂ ਦਾ ਮੁੱਦਾ ਉਠਾਇਆ। 11 ਫਰਵਰੀ ਨੂੰ ਆਪਣੇ ਸਭ ਤੋਂ ਤਾਜ਼ਾ ਬਿਆਨ ਵਿੱਚ, ਇਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕਤਲੇਆਮ ਮੁੱਖ ਤੌਰ 'ਤੇ ਵਿਸ਼ਾਲ ਕੁਦਰਤੀ ਜੰਗਲਾਂ ਅਤੇ ਖਣਿਜ ਸਰੋਤਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਦੇਣ ਦੀ ਸਹੂਲਤ ਦੇਣ ਲਈ ਹਨ। ਸੀ ਪੀ ਆਈ ਦੇ ਰਾਜ ਸਭਾ ਮੈਂਬਰ ਸੰਦੋਸ਼ ਕੁਮਾਰ ਨੇ ਵੀ ਸੰਸਦ ਵਿੱਚ ਆਦਿਵਾਸੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਫਰਜ਼ੀ ਮੁਕਾਬਲਿਆਂ ਬਾਰੇ ਚਿੰਤਾਵਾਂ ਪ੍ਰਗਟ ਕੀਤੀਆਂ ਹਨ। ਸੀ ਪੀ ਆਈ ਦਾ ਪੱਕਾ ਵਿਸ਼ਵਾਸ ਹੈ ਕਿ ਮਾਓਵਾਦੀ ਲਹਿਰ ਦਾ ਪਤਨ ਸਿਰਫ ਸਰਕਾਰੀ ਦਮਨ ਦਾ ਨਤੀਜਾ ਨਹੀਂ ਹੈ, ਸਗੋਂ ਉਨ੍ਹਾਂ ਦੀ ਰਾਜਨੀਤਕ ਦ੍ਰਿਸ਼ਟੀ ਦੀ ਅਸਫਲਤਾ ਹੈ। ਇੱਕ ਪੁਰਾਣੇ ਇਨਕਲਾਬੀ ਮਾਡਲ ਨਾਲ ਚਿੰਬੜੇ ਰਹਿ ਕੇ, ਮਾਓਵਾਦੀਆਂ ਨੇ ਆਪਣੇ-ਆਪ ਨੂੰ ਭਾਰਤ ਦੇ ਮਜ਼ਦੂਰ ਵਰਗਾਂ, ਪ੍ਰਗਤੀਸ਼ੀਲ ਬੁੱਧੀਜੀਵੀਆਂ ਅਤੇ ਇੱਥੋਂ ਤੱਕ ਕਿ ਉਨ੍ਹਾਂ ਦੇ ਹਿੰਸਕ ਤਰੀਕਿਆਂ ਨੂੰ ਰੱਦ ਕਰਨ ਵਾਲੇ ਹਮਦਰਦ ਕਾਰਕੁੰਨਾਂ ਤੋਂ ਵੀ ਅਲੱਗ ਕਰ ਲਿਆ ਹੈ।

ਸੀ ਪੀ ਆਈ ਦਾ ਮਾਓਵਾਦੀਆਂ ਨੂੰ ਮੁੱਖ ਧਾਰਾ ਕਮਿਊਨਿਸਟ ਲਹਿਰ ਵਿੱਚ ਸ਼ਾਮਲ ਹੋਣ ਦਾ ਸੱਦਾ ਸਮਰਪਣ ਨਹੀਂ ਹੈ, ਸਗੋਂ ਇੱਕ ਵਿਹਾਰਕ ਪੁਨਰਗਠਨ ਹੈ। ਜੇਕਰ ਟੀਚਾ ਅਸਲ ਸਮਾਜਿਕ ਤਬਦੀਲੀ ਹੈ, ਤਾਂ ਰਸਤਾ ਜਨਤਕ ਸੰਗਠਨ, ਚੋਣ ਪ੍ਰਕਿਰਿਆ ਵਿੱਚ ਹਿੱਸਾ ਅਤੇ ਨੀਤੀ ਦੀ ਵਕਾਲਤ ਵਿੱਚ ਹੈ-ਇੱਕ ਵਿਅਰਥ ਹਥਿਆਰਬੰਦ ਸੰਘਰਸ਼ ਵਿੱਚ ਨਹੀਂ, ਜੋ ਸਿਰਫ ਰਾਜ ਵੱਲੋਂ ਹਿੰਸਾ ਅਤੇ ਜਨਤਕ ਨਿਰਾਸ਼ਾ ਨੂੰ ਸੱਦਾ ਦਿੰਦਾ ਹੈ। ਇਤਿਹਾਸ ਨੇ ਆਪਣਾ ਫੈਸਲਾ ਦਿੱਤਾ ਹੈ ਕਿ ਭਾਰਤ ਵਿੱਚ ਘੱਟੋ-ਘੱਟ ਮੌਜੂਦਾ ਹਾਲਾਤ ਵਿੱਚ ਖੱਬੇ-ਪੱਖੀਆਂ ਲਈ ਛਾਪਾਮਾਰ ਯੁੱਧ ਨਹੀਂ, ਸਗੋਂ ਰਾਜਨੀਤਕ ਸ਼ਮੂਲੀਅਤ ਹੀ ਇੱਕੋ-ਇੱਕ ਵਿਹਾਰਕ ਰਸਤਾ ਹੈ। ਇਸ ਤੋਂ ਪਹਿਲਾਂ ਕਿ ਉਨ੍ਹਾਂ ਦਾ ਅੰਦੋਲਨ ਪੂਰੀ ਤਰ੍ਹਾਂ ਢਹਿ ਜਾਵੇ, ਮਾਓਵਾਦੀਆਂ ਨੂੰ ਇਸ ਸਬਕ ਵੱਲ ਧਿਆਨ ਦੇਣਾ ਚਾਹੀਦਾ ਹੈ।

**ਮੋਬਾ. 99884-91002**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਕ੍ਰਾਂਤੀਕਾਰੀ ਚੇਤਨਾ ਦਾ ਬਿਰਤਾਂਤ




ਫੋਕਸ

**ਚਰਚਾ ਇਕ ਪੁਸਤਕ ਦੀ**



**ਡਾ. ਅਨੁਰਾਗ ਸ਼ਰਮਾ**

## ਅਰਬਿੰਦੋ

(ਨਾਵਲ)
**ਅਸ਼ਵਨੀ ਗੁਪਤਾ**
**ਸਫੇ : 506, ਮੁੱਲ : 800 ਰੁਪਏ**
**ਪਰੱਗਿਆ ਸਾਹਿਤ ਪ੍ਰਕਾਸ਼ਨ, ਮੋਗਾ**

ਅਸ਼ਵਨੀ ਗੁਪਤਾ ਪੰਜਾਬੀ ਸਾਹਿਤ ਵਿੱਚ ਯੋਗਦਾਨ ਪਾਉਣ ਵਾਲਾ ਇਕ ਅਜਿਹਾ ਸਾਹਿਤਕਾਰ ਹੈ, ਜਿਸ ਦਾ ਜ਼ਿਕਰ ਅਜੇ ਪੰਜਾਬੀ ਸਾਹਿਤ ਵਿੱਚ ਬਹੁਤੀ ਚਰਚਾ ਦਾ ਵਿਸ਼ਾ ਨਹੀਂ ਬਣਿਆ। ਇੱਕ ਖਾਸ ਵਿਚਾਰਧਾਰਾ ਨਾਲ ਜੁੜੇ ਹੋਣ ਕਰਕੇ ਸ਼ਾਇਦ ਇਹ ਰਾਜਨੀਤਿਕ ਚੁੱਪ ਦਾ ਸ਼ਿਕਾਰ ਹੋਇਆ ਹੋਵੇ।ਆਪਣੇ ਹਥਲੇ ਨਾਵਲ 'ਅਰਬਿੰਦੋ' ਤੋਂ ਪਹਿਲਾਂ ਛੇ ਨਾਵਲ 'ਲਹੂ ਡੁੱਲ੍ਹਦਾ ਰਿਹਾ', 'ਗੱਲ ਕੱਟਿਅਨ ਕੇ ਪਾਸ', 'ਸੰਤਾਪੇ ਦਿਨ', 'ਮਿੱਟੀ ਨਾ ਫਰੋਲ ਜੋਗੀਆ', 'ਜੁਗ-ਗਰਦੀ' ਅਤੇ 'ਦੋ ਦੂਣੀ ਪੰਜ' ਨਾਵਲਾਂ ਰਾਹੀਂ ਇਸ ਨੇ ਪੰਜਾਬੀ ਨਾਵਲੀ ਜਗਤ ਵਿੱਚ ਆਪਣੀ ਪਛਾਣ ਬਣਾਈ ਹੈ। ਇਸ ਤੋਂ ਇਲਾਵਾ ਅਸ਼ਵਨੀ ਗੁਪਤਾ ਨੇ ਨਾਟਕ, ਗਜ਼ਲ ਅਤੇ ਅਨੁਵਾਦ ਉੱਪਰ ਵੀ ਚੌਖੀ ਹੱਥ ਅਜ਼ਮਾਈ ਕੀਤੀ ਹੈ। 'ਅਰਬਿੰਦੋ, ਮਹਾਰਸ਼ੀ ਅਰਬਿੰਦੋ ਘੋਸ਼ ਦੀ' ਜੀਵਨੀ ਉਪਰ ਅਧਾਰਤ ਇੱਕ ਇਤਿਹਾਸਕ-ਜੀਵਨਾਤਮਕ ਨਾਵਲ ਹੈ। ਭਾਰਤੀ ਆਜ਼ਾਦੀ ਸੰਗਰਾਮ ਦੇ ਪਿਤਾਮਾ ਤੇ ਰਾਸ਼ਟਰ ਦਾ ਸੰਕਲਪ ਦੇਣ ਵਾਲੇ ਅਰਬਿੰਦੋ ਭਾਰਤੀ ਰਾਸ਼ਟਰ ਦੇ ਨਿਰਮਾਣ ਵਿੱਚ ਧਰੂ ਤਾਰੇ ਵਾਂਗ ਹਨ। ਇਸ ਨਾਵਲ ਬਾਰੇ ਕੁਝ ਕਹਿਣ ਤੋਂ ਪਹਿਲਾਂ ਮੈਂ ਅਸ਼ਵਨੀ ਗੁਪਤਾ ਨੂੰ ਵਧਾਈ ਦੇਣਾ ਚਾਹਾਂਗਾ ਕਿ ਪਹਿਲੀ ਵਾਰ ਪੰਜਾਬੀ ਇਤਿਹਾਸਕ ਨਾਵਲ ਦੇ ਖੇਤਰ ਵਿੱਚ ਕਿਸੇ ਲੇਖਕ ਨੇ ਬੰਗਾਲ ਦੇ ਪ੍ਰਸਿੱਧ ਕ੍ਰਾਂਤੀਕਾਰੀਆਂ ਨੂੰ ਪਾਠਕਾਂ ਦੇ ਨਾਲ ਪਰਿਚਿਤ ਕਰਵਾਇਆ ਹੈ।ਅਸ਼ਵਨੀ ਗੁਪਤਾ ਆਪਣੇ ਨਾਵਲ ਦੇ ਸਾਵਰਕ ਦੇ ਆਖਰੀ ਸਫ਼ੇ ਉੱਤੇ ਸੁਆਮੀ ਵਿਵੇਕਾਨੰਦ ਦੀ ਸ਼ਾਗਿਰਦ ਸਿਸਟਰ ਨਿਵੇਦਤਾ ਦੀ ਉਕਤੀ ਦਾ ਜ਼ਿਕਰ ਕਰਦਾ ਹੋਇਆ ਆਖਦਾ ਹੈ, ਐਵੇਂ ਤਿੰਨ-ਚਾਰ ਸਾਲ ਦੀ ਆਪਣੀ ਘਾਲਣਾ ਸਦਕਾ ਹੀ ਜਿਹੜਾ ਪੂਰੇ ਸੁਤੰਤਰ ਅੰਦੋਲਨ ਨੂੰ ਤਿੰਨ-ਚਾਰ ਦਹਾਕੇ ਅੱਗੇ ਲੈ ਗਿਆ ਸੀ, ਉਸ ਨੇ ਅਧਿਆਪਕ, ਸਿੱਖਿਆ ਸ਼ਾਸਤਰੀ, ਸਾਹਿਤਕਾਰ, ਪੱਤਰਕਾਰ, ਰਾਜਨੀਤਿਕ ਆਗੂ, ਵਕਤਾ, ਦਰਸ਼ਨ ਵੇਤਾ ਅਤੇ ਅਧਿਆਤਮਕ ਗੁਰੂ ਦੀਆਂ ਵਿਵਧ ਭੂਮਿਕਾਵਾਂ ਵਿੱਚ ਵੀ ਆਪਣੀ ਲਾਸਾਨੀ ਪ੍ਰਤਿਭਾ ਅਤੇ ਇਤਿਹਾਸ ਦੇ ਸੁਨਹਿਰੀ ਪੰਨਿਆਂ ਉੱਪਰ ਅਮਿੱਟ ਛਾਪ ਛੱਡੀ ਹੈ। ਦੇਖਿਆ ਜਾਵੇ ਤਾਂ ਇਹੀ ਇਸ ਜੀਵਨ ਮੂਲਕ ਇਤਿਹਾਸਕ ਨਾਵਲ 'ਅਰਬਿੰਦੋ' ਦਾ ਕੇਂਦਰੀ ਨੁਕਤਾ ਹੈ। ਲੇਖਕ ਨੇ ਅਰਬਿੰਦੋ ਦੇ ਇਹਨਾਂ ਗੁਣਾਂ ਨੂੰ ਹੀ ਵਿਸਥਾਰ ਕੇ ਪਾਠਕਾਂ ਨਾਲ ਸਾਂਝ ਪਾਈ ਹੈ।

ਕਿਸੇ ਮਹਾਨ ਸ਼ਖ਼ਸੀਅਤ ਦੀ ਜੀਵਨੀ ਉੱਪਰ ਇਤਿਹਾਸਿਕ ਨਾਵਲ ਲਿਖਣਾ ਬੜਾ ਕਠਿਨ ਕਾਰਜ ਹੈ।ਤਥਿ ਪੁਰਖ ਦੀ ਵਿਧੀ ਰਾਹੀਂ ਲਿਖੇ ਜਾਣ ਵਾਲੇ ਕਿਸੇ ਜੀਵਨੀ ਮੂਲਕ ਇਤਿਹਾਸਕ ਨਾਵਲ ਵਿੱਚ ਕਿਸੇ ਸ਼ਖ਼ਸੀਅਤ ਦੇ ਕੁਝ ਖ਼ਾਸ ਪੱਖ ਉਭਾਰਨ ਲਈ ਜਿਹੜੇ ਕੇ ਕੋਈ ਸਾਹਮਣੇ ਨਹੀਂ ਆਏ ਹੁੰਦੇ, ਉਹਨਾਂ ਨੂੰ ਪਾਠਕਾਂ ਅੱਗੇ ਸਨਮੁੱਖ ਲਿਆਉਣ ਲਈ ਜੀਵਨੀ ਅਧਾਰਤ ਨਾਵਲ ਲਿਖਿਆ ਜਾਂਦਾ ਹੈ। ਜੀਵਨ ਦੇ ਕਿਸੇ ਵਿਸ਼ੇਸ਼ ਪੱਖ ਨੂੰ ਉਭਾਰਨ ਲਈ ਘਟਨਾਵਾਂ ਨੂੰ ਇੱਕ ਖਾਸ ਘਟਨਾਕ੍ਰਮ ਵਿੱਚ ਪਰੋ ਕੇ ਪੇਸ਼ ਕਰਨਾ ਜੀਵਨੀ ਮੂਲਕ ਇਤਿਹਾਸਿਕ ਨਾਵਲ ਦਾ ਉਦੇਸ਼ ਹੁੰਦਾ ਹੈ।ਇਸ ਵਿੱਚ ਇੱਕ ਗੱਲ ਦਾ ਖਾਸ ਖਿਆਲ ਰੱਖਣਾ ਪੈਂਦਾ ਹੈ ਕਿ ਝੂਠੀਆਂ ਘਟਨਾਵਾਂ ਤੇ ਝੂਠੇ ਚਰਿਤਰਾਂ ਦਾ ਗੁਰੇਜ਼ ਕੀਤਾ ਜਾਵੇ।ਇਹ ਗੱਲ ਤਲਵਾਰ ਦੀ ਧਾਰ 'ਤੇ ਚੱਲਣ ਦੇ ਬਰਾਬਰ ਹੁੰਦੀ ਹੈ। ਕਹਾਣੀ ਰਸ ਨੂੰ ਕਲਪਨਾ ਦੇ ਸੰਤੁਲਿਤ ਉਪਯੋਗ ਕਰਦਿਆਂ ਪੈਦਾ ਕਰਨਾ ਥੋੜ੍ਹਾ ਔਖਾ ਕੰਮ ਹੈ ।ਜਿਸ ਸਮੇਂ ਵਿੱਚ ਨਾਵਲ ਦਾ ਹੀਰੋ ਜਾਂ ਹੀਰੋਇਨ ਵਿਚਰ ਰਹੀ ਹੈ ਉਸ ਸਮੇਂ ਦੇ ਸਮਾਜ, ਸੱਭਿਆਚਾਰ, ਭਾਸ਼ਾ, ਖਾਣ-ਪੀਣ ਅਤੇ ਰਹਿਣ-ਸਹਿਣ ਆਦਿ ਦਾ ਪੂਰਾ ਗਿਆਨ ਨਾਵਲ ਦੀ ਸਫਲਤਾ ਲਈ ਲਾਹੇਵੰਦ ਸਿੱਧ ਹੁੰਦਾ ਹੈ। ਜੀਵਨਾਤਮਕ ਜਾਂ ਜੀਵਨੀ-ਮੂਲਕ ਇਤਿਹਾਸਿਕ ਨਾਵਲ ਕਿਸੇ ਮਹੱਤਵਪੂਰਨ ਵਿਅਕਤੀ ਦੇ ਅਤੀਤ ਜਾਂ ਜ਼ਿੰਦਗੀ ਵਿੱਚ ਰਚਨਾਤਮਕ ਲੈਨਜ਼ ਰਾਹੀਂ ਝਾਕਣ ਲਈ ਵਿਕਲੋਤਰੀ ਮੌਕਾ ਪ੍ਰਦਾਨ ਕਰਦਾ ਹੈ।ਜੀਵਨੀ-ਮੂਲਕ ਇਤਿਹਾਸਕ ਨਾਵਲ ਵਿੱਚ ਇੱਕ ਵੱਡਾ ਖਦਸ਼ਾ ਲੇਖਕ ਦੀ ਆਪਣੀ ਵਿਚਾਰਧਾਰਾ ਦੇ ਸ਼ਾਮਲ ਹੋਣ ਦਾ ਹੁੰਦਾ ਹੈ।ਇਸ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਲਈ ਜੀਵਨ ਮੂਲਕ ਨਾਵਲ ਨੂੰ ਲਿਖਣਾ ਥੋੜ੍ਹਾ ਕਠਿਨ ਕੰਮ ਹੈ। ਜੀਵਨੀ ਮੂਲਕ ਨਾਵਲ ਪ੍ਰੇਰਨਾ ਲਈ ਹੁੰਦੇ ਹਨ ਤਾਂ ਜੋ ਲੋਕ ਉਹਨਾਂ ਤੋਂ ਕੁਝ ਸਿੱਖਿਆ ਗ੍ਰਹਿਣ ਕਰ ਸਕਣ। ਇਸੇ ਲਈ ਲੇਖਕ ਦਾ ਦ੍ਰਿਸ਼ਟੀਕੋਣ ਵੀ ਬਹੁਤਾ ਕਰਕੇ ਸ਼ਰਧਾਮਈ ਹੋ ਸਕਦਾ ਹੈ, ਜਿਸ ਕਰਕੇ ਨਾਵਲ ਵਿੱਚ ਉਲਾਰ ਆਉਣਾ ਸੰਭਵ ਹੈ। ਕਿਸੇ ਗੁੰਮਨਾਮ ਸ਼ਖ਼ਸੀਅਤ ਨੂੰ ਅੱਗੇ ਲਿਆਉਣ ਲਈ ਵੀ ਲੇਖਕ ਦਾ ਉਦੇਸ਼ ਹੁੰਦਾ ਹੈ।ਅਰਬਿੰਦੋ 'ਨਾਵਲ ਅਰਬਿੰਦੋ ਘੋਸ਼ ਮਹਾਨ ਵਿਚਾਰਕ, ਕ੍ਰਾਂਤੀਕਾਰੀ, ਰਾਸ਼ਟਰ ਨਿਰਮਾਤਾ, ਅੰਦੋਲਨਕਾਰੀ ਅਤੇ ਅਧਿਆਤਮਕ ਜੀਵਨ ਵਿੱਚ ਉੱਚ ਸਥਿਤੀ ਪ੍ਰਾਪਤ ਇੱਕ ਅਜਿਹੀ ਸ਼ਖ਼ਸੀਅਤ ਦੀ ਜੀਵਨੀ ਹੈ, ਜਿਸ ਬਾਰੇ ਲੇਖਕ ਦੀ ਟਿੱਪਣੀ ਬੜੀ ਅਹਿਮ ਹੈ।ਗਵਰਨਰ ਸਾਹਿਬ ਸਰ ਐਂਡਰਿਊ ਫੇਜ਼ਰ ਅਤੇ ਕਈ ਹੋਰਾਂ ਦਾ ਮੰਨਣਾ ਹੈ ਖਾਸ ਕਰ ਬੰਗਾਲ ਵਿੱਚ ਮੌਜੂਦ ਖਤਰਨਾਕ ਸਥਿਤੀ ਦਾ ਸਭ ਤੋਂ ਖਤਰਨਾਕ ਕਾਰਨ ਇਹੋ ਅਰਬਿੰਦੋ ਘੋਸ਼ ਹੈ। ਹਿੰਦੁਸਤਾਨ ਦੇ ਰਾਜ-ਧ੍ਰੋਹ ਦੇ ਸਿਧਾਂਤਾਂ ਦਾ ਸਭ ਤੋਂ ਵੱਧ ਸਰਗਰਮ ਇਸੇ ਖਤਰਨਾਕ ਸ਼ੈਅ ਨੇ ਫੈਲਾਇਆ ਹੈ।ਲਾਰਡ ਮਿੰਟੋ ਸਾਹਿਬ ਪਤਾ ਕੀ ਕਹਿੰਦਾ ਹੈ ,ਫਿਲਹਾਲ ਜਿਹੜੇ ਸਭ ਤੋਂ ਵੱਧ ਖਤਰਨਾਕ ਬੰਦੇ ਨਾਲ ਅਸੀਂ ਪੇਸ਼ ਆਉਣਾ ਹੈ, ਉਹ ਹੈ ਅਰਬਿੰਦੂ ਘੋਸ਼ (ਸਫ਼ਾ 250) ਇਸੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਖਿਆਤੀ ਪ੍ਰਾਪਤ ਬੰਗਾਲ ਕ੍ਰਾਂਤੀਕਾਰੀ ਦੀ ਜੀਵਨੀ ਨੂੰ ਲੇਖਕ ਨੇ 506 ਸਫਿਆਂ ਤੇ 35 ਅਧਿਆਏ ਦੀ ਵੱਡ-ਆਕਾਰੀ ਰਚਨਾ ਵਿੱਚ ਸਮੇਟਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਭਾਸ਼ਾ ਵਿੱਚ ਖੇਤਰੀ ਕ੍ਰਾਂਤੀਕਾਰੀਆਂ ਦੇ ਜੀਵਨ ਉੱਪਰ ਅਧਾਰਤ ਜੀਵਨ ਮੂਲ ਇਤਿਹਾਸਿਕ ਨਾਵਲ ਮਿਲ ਜਾਂਦੇ ਹਨ।ਇਸ ਦੀ ਉਦਾਹਰਨ ਡਾਕਟਰ ਅਜੀਤ ਰਾਹੀ ਦੁਆਰਾ ਰਚਿਤ 'ਅਵਾਰਾ ਮਸੀਹਾ' ਨਾਂਅ ਦਾ ਇਕ ਨਾਵਲ ਹੈ, ਜਿਸ ਦਾ ਸੰਬੰਧ ਸਰਦਾਰ ਭਗਤ ਸਿੰਘ ਦੇ ਚਾਚੇ ਸਰਦਾਰ ਅਜੀਤ ਸਿੰਘ ਨਾਲ ਹੈ। ਪੰਜਾਬੀਆਂ, ਕ੍ਰਾਂਤੀਕਾਰੀਆਂ ਨਾਲ ਜੁੜਿਆ ਇਹ ਪਹਿਲਾ ਜੀਵਨੀ ਮੂਲਕ ਇਤਿਹਾਸਿਕ ਨਾਵਲ ਹੈ, ਜਿਹੜਾ ਸਰਦਾਰ ਅਜੀਤ ਸਿੰਘ ਦੇ ਜੀਵਨ ਦੇ ਅਨੇਕ ਪੱਖਾਂ ਨੂੰ ਪ੍ਰਥਮ ਪੁਰਖ ਸ਼ੈਲੀ ਵਿੱਚ ਸਾਡੇ ਸਾਹਮਣੇ ਲਿਆਉਂਦਾ ਹੈ। ਨਾਵਲਕਾਰ ਅਜੀਤ ਰਾਹੀ ਪ੍ਰਵਾਸੀ ਪੰਜਾਬੀ ਲੇਖਕ ਹੈ ਜਿਸ ਦੇ ਅਧਿਐਨ ਦਾ ਘੇਰਾ ਵਸੀਹ ਹੈ।

'ਮਹਾਂਰਿਸ਼ੀ ਅਰਬਿੰਦੋ' ਦੇ ਜੀਵਨ ਵਿਚਲੀਆਂ ਤਕਰੀਬਨ 35 ਕੁ ਮੁੱਖ ਘਟਨਾਵਾਂ ਨੂੰ ਲੈ ਕੇ ਇਸ ਨਾਵਲ ਦਾ ਤਾਣਾ-ਬਾਣਾ ਰਚਿਆ ਗਿਆ ਹੈ। ਨਾਵਲ ਦੀ ਸ਼ੁਰੂਆਤ ਇੰਗਲੈਂਡ ਵਿੱਚ ਇੱਕ ਕਮਰੇ ਵਿੱਚ ਬੈਠੇ ਮਿੱਤਰਾਂ ਦੀ ਗੱਪ-ਸ਼ੱਪ ਤੋਂ ਹੁੰਦੀ ਹੈ। ਅਰਬਿੰਦੋ ਇੰਗਲੈਂਡ ਪੜ੍ਹਨ ਆਇਆ ਹੈ। ਉਹ ਬੀ ਏ ਕਰਨ ਉਪਰੰਤ ਆਈ.ਸੀ.ਐੱਸ ਦੀ ਪ੍ਰਤੀਯੋਗੀ ਪ੍ਰੀਖਿਆ ਵਿੱਚ ਚੰਗੇ ਨੰਬਰਾਂ ਵਿੱਚ ਪਾਸ ਹੋਣ ਦੇ ਬਾਵਜੂਦ ਇੰਟਰਵਿਊ ਵਿੱਚ ਜਾਣ-ਬੁੱਝ ਕੇ ਫੇਲ੍ਹ ਹੋ ਜਾਂਦਾ ਹੈ। ਇਸ ਦਾ ਕਾਰਨ ਅੰਗਰੇਜ਼ ਸਾਮਰਾਜ ਪ੍ਰਤੀ ਉਸ ਦੀ ਘ੍ਰਿਣਾ ਹੈ। ਇੱਥੋਂ ਹੀ ਘਟਨਾਵਾਂ ਦਾ ਸਿਲਸਿਲਾ ਆਰੰਭ ਹੁੰਦਾ ਹੈ।ਇੰਗਲੈਂਡ ਤੋਂ ਘਰ ਵਾਪਸੀ ਪਿਤਾ ਦੀ ਮੌਤ ਮਹਾਰਾਜਾ ਗਾਇਕਵਾੜ ਦੀ ਰਿਆਸਤ ਵਿੱਚ ਨੌਕਰੀ ਕਰਦਿਆਂ ਪ੍ਰਤਿਭਾਵਾਨ ਹੋਣ ਕਾਰਨ ਕਈ ਉੱਚੇ ਅਹੁਦਿਆਂ 'ਤੇ ਕੰਮ ਕਰਨਾ, ਨਾਨਕੇ ਜਾਣਾ ਮਾਂ ਨੂੰ ਮਿਲਣਾ, ਛੋਟੇ ਭੈਣ-ਭਰਾਵਾਂ ਨਾਲ ਮੁਲਾਕਾਤ, ਬਚਪਨ ਦੀਆਂ ਯਾਦਾਂ, ਬੜੌਦਾ ਵਾਪਸ ਆ ਕੇ ਹੋਰ ਜ਼ਿੰਮੇਵਾਰੀਆਂ ਦੇ ਨਾਲ-ਨਾਲ ਕਾਲਜ ਵਿੱਚ ਪ੍ਰੋਫੈਸਰੀ, ਗੋਬਿੰਦ ਸਖਾ ਰਾਮ ਤੇ ਰਮੇਸ਼ ਚੰਦਰ ਦੱਤ ਵਰਗੇ ਵਿਦਵਾਨਾਂ ਦੀ ਸੰਗਤ, ਨਰਿੰਦਰ ਕੁਮਾਰ ਰਾਏ ਨੂੰ ਬਿਮਾਰੀ ਤੋਂ ਠੀਕ ਕਰਨਾ, ਫੇਰ ਮੀਆਂ ਮੁਹੰਮਦ ਤੋਂ ਯੋਗ ਦੀ ਪਸ ਦਾ ਇਲਾਜ, ਮਰਿਨਾਲਨੀ ਨਾਂਅ ਦੀ ਯੁਵਤੀ ਨਾਲ ਸ਼ਾਦੀ, ਘਰਵਾਲੀ ਨੂੰ ਆਗਾਮੀ ਯੋਜਨਾਵਾਂ ਦਾ ਬਿਓਰਾ ਦੱਸਣਾ, ਇਸ ਮਾਂ ਦੇ ਤਾਂ ਪੰਜ ਬੱਚੇ ਆ, ਪਰ ਮੇਰੀ ਉਸ ਮਾਂ ਦੀਆਂ ਕਰੋੜਾਂ ਸੰਤਾਨਾਂ ਹਨ। ਪਹਿਲੋਂ ਪਹਿਲ ਮੈਂ ਉਸ ਮਾਂ ਦੀਆਂ ਬੇੜੀਆਂ ਤੋੜਣੀਆਂ ਨੇ (ਸਫ਼ਾ112) ਹਨੀਮੂਨ ਲਈ ਨੈਨੀਤਾਲ ਜਾਣਾ ਤੇ ਫਿਰ ਬਫ਼ੇਟਾ ਪਹੁੰਚਣਾ, ਅਰਵਿੰਦ ਦੇ ਭਰਾ ਬਰਿੰਦਰ ਦਾ ਕ੍ਰਾਂਤੀਕਾਰੀਆਂ ਨਾਲ ਸੰਪਰਕ, ਫਟੇਹਾਲੀ ਬਰਿੰਦਰ ਦਾ ਆਪਣੇ ਭਰਾ ਨੂੰ ਮਿਲਣਾ, ਦੋਹਾਂ ਦਾ ਕ੍ਰਾਂਤੀ ਲਈ ਹਮ ਵਿਚਾਰ ਹੋਣਾ, ਅਰਬਿੰਦੋ ਦਾ ਬਰਿੰਦਰ ਨੂੰ ਭਾਰਤ ਮਾਂ ਨੂੰ ਜਗਦੰਬਾ ਮੰਨ ਕੇ ਪੂਜਾ ਕਰਨ ਲਈ ਕਹਿਣਾ, ਭੈਣ ਨਿਵੇਦਤਾ ਨਾਲ ਮੁਲਾਕਾਤ, ਹਥਿਆਰਬੰਦ ਕ੍ਰਾਂਤੀ ਦੀ ਤਿਆਰੀ, ਬਹੁਤੀਆਂ ਆਤਮਾਵਾਂ ਤੋਂ ਮੁਕਤੀ, ਮਹਾਯੋਗੀ ਬ੍ਰਹਮਾਨੰਦ ਨਾਲ ਮੁਲਾਕਾਤ, ਮਾਂ ਕਾਲੀ ਦਾ ਸਾਖਿਆਤ ਦਰਸ਼ਨ, ਮਾਨਕਤਲਾ ਵਾਲੀ ਜ਼ਮੀਨ 'ਤੇ ਕ੍ਰਾਂਤੀਕਾਰੀ ਅੱਡਾ ਬਣਾਉਣਾ, ਬੰਗਾਲ ਵੰਡ, ਸੁਦੇਸ਼ੀ ਅੰਦੋਲਨ, ਬਨਾਰਸ ਦੇ ਬਾਰੇ ਸਾਹਿਬ ਸੈਸ਼ਨ 'ਬੰਦੇ ਮਾਤਰਮ' ਉੱਪਰ ਪਾਬੰਦੀ, ਨੌਕਰੀ ਦਾ ਤਿਆਗ, ਆਜ਼ਾਦੀ ਵਿੱਚ ਬੰਗਾਲੀ ਪੱਤਰਕਾਰੀ ਦੀ ਭੂਮਿਕਾ, ਅਰਬਿੰਦੋ ਦੀ ਜੇਲ੍ਹ ਯਾਤਰਾ, ਔਰਬਿੰਦੋ ਫਰੇਜ਼ਰ ਉਪਰ ਬੰਬ ਸੁੱਟਣ ਦੀ ਘਟਨਾ, 'ਅਨੁਸ਼ੀਲਨ ਸੰਮਤੀ' ਦੀ ਸਥਾਪਨਾ, ਕਾਂਗਰਸ ਦਾ ਸੂਰਤ ਸੈਸ਼ਨ ਤੇ ਵਿਸ਼ਨੂੰ ਭਾਸਕਰ ਲੈਲੇਜੀ ਨਾਲ ਮੁਲਾਕਾਤ, ਕਿਸਫੋਰਡ ਦੇ ਕਤਲ ਦੀ ਕੋਸ਼ਿਸ਼, ਖੁਦੀਰਾਮ ਬੋਸ ਤੇ ਪ੍ਰਫੁੱਲ ਚਾਕੀ ਦੀ ਸ਼ਹਾਦਤ, ਅਰਬਿੰਦੋ ਦੀ ਗ੍ਰਿਫਤਾਰੀ, ਅੰਗਰੇਜ਼ੀ ਰਾਜ ਦੀਆਂ ਕੋਝੀਆਂ ਚਾਲਾਂ ਦਾ ਵਰਨਣ, ਮੁਰਾਰੀ ਕੁਕਰ ਬਾਗਣਵਾਲੀ ਬੰਬ ਕੇਸ, ਬਰਿੰਦਰ ਦਾ ਸਾਰਿਆਂ ਦੋਸ਼ਾਂ ਨੂੰ ਆਪਣੇ ਉੱਪਰ ਲੈਣਾ, ਕੇਸ ਬਦਲਣ ਲਈ ਭੈਣ ਨਿਵੇਦਤਾ ਵੱਲੋਂ ਅਪੀਲ, ਨਰਿੰਦਰ ਨਾਥ ਦਾ ਕਤਲ, ਜੇਲ੍ਹ ਵਿੱਚ ਰਹਿੰਦਿਆਂ ਅਧਿਆਤਮਿਕਤਾ ਵੱਲ ਵਧਣਾ, ਅਦਾਲਤ ਤੋਂ ਬਰੀ ਹੋਣਾ, ਉੱਤਰ ਪਾੜਾ ਵਿੱਚ ਭਾਸ਼ਣ ਅਤੇ ਫਿਰ ਕਲਕੱਤੇ ਤੋਂ ਪਲਾਇਨ, ਚੰਦਨ ਨਗਰ ਤੇ ਫਿਰ ਪਾਂਡੂਚੇਰੀ ਨੂੰ ਆਪਣਾ ਮੁਕਾਮ ਬਣਾਉਣਾ, ਪਾਂਡੂਚੇਰੀ ਵਿੱਚ ਰਹਿੰਦਿਆਂ ਅਧਿਆਤਮਿਕਤਾ ਵੱਲ ਬਹੁਤ ਜ਼ਿਆਦਾ ਝੁਕਾਓ ਹੋਣਾ, ਸੁਬਰਾਮਣੀਅਮ ਭਾਰਤੀ ਨਾਲ ਮਿਲ ਕੇ ਆਸ਼ਰਮ ਦੀ ਸਥਾਪਨਾ, ਫਰੈਂਚ ਨਾਗਰਿਕ ਮੀਰਾਂ ਨੂੰ ਉਥੇ ਦਾ ਪ੍ਰਬੰਧਕ ਬਣਾਉਣਾ, ਸਿਹਤ ਖਰਾਬ ਹੋਣਾ ਤੇ ਆਖਿਰ ਵਿੱਚ ਪਰਮ ਧਾਮ ਦੀ ਯਾਤਰਾ, ਇਹ ਕੁਝ ਖਾਸ ਘਟਨਾਵਾਂ ਹਨ, ਜਿਹੜੀਆਂ ਅਰਵਿੰਦੋ ਦੀ ਜੀਵਨੀ ਨੂੰ ਸਾਡੇ ਸਾਹਮਣੇ ਲਿਆਉਂਦੀਆਂ ਹਨ।

ਬਚਪਨ, ਜਵਾਨੀ ਅਤੇ ਬੁਢਾਪੇ ਦੀ ਪਿੱਠ ਭੂਮੀ ਵਿੱਚੋਂ 35-40 ਘਟਨਾਵਾਂ ਅਰਬਿੰਦੋ ਘੋਸ਼ ਦੀ ਦੇਸ਼ ਭਗਤੀ ਤੋਂ ਅਧਿਆਤਮਕ ਚਿੰਤਨ ਜਾਂ ਇਉਂ ਕਹਿ ਲਈਏ ਕਿ ਭਗਤੀ ਤੇ ਸ਼ਕਤੀ ਦੇ ਸੰਯੋਜਨ ਦਾ ਮੁਕੰਮਲ ਚਿੱਤਰ ਪੇਸ਼ ਕਰਦੀਆਂ ਹਨ।ਇੰਗਲੈਂਡ ਵਿੱਚ ਪੜ੍ਹਦਿਆਂ ਅੰਗਰੇਜ਼ਾਂ ਵਿੱਚ ਭਾਰਤੀ ਮਾਂ ਦਾ ਅਹਿਸਾਸ ਕਰਦਿਆਂ ਅਰਵਿੰਦੋ ਕਹਿੰਦਾ ਹੈ, ਜਦੋਂ ਉਹੀ ਮਾਂ ਭਾਰਤੀ ਵਿਦੇਸ਼ੀ ਵਿਧਰਮੀਆਂ ਤੇ ਆਤਤਾਈਆਂ ਦੇ ਜ਼ਬੈਦਦ ਨਾਲ ਕਰਾਹ ਰਹੀ ਹੈ ਤਾਂ ਸੱਚੀਂ ਅੰਦਰੋਂ ਤੜਾਟ ਨਿਕਲਦੇ ਹਨ। ਬਾਕੀ ਸਾਰੇ ਰਿਸ਼ਤੇ-ਨਾਤਿਆਂ ਨਾਲੋਂ ਮੈਨੂੰ ਮੇਰੀ ਮਾਤ ਭੂਮੀ ਵਾਲਾ ਮਾਂ ਭਾਰਤੀ ਬਾਲ ਰਿਸ਼ਤਾ ਜ਼ਿਆਦਾ ਖਿੱਚ ਪਾਉਂਦਾ (ਸਫ਼ਾ 20) ਇਸੇ ਅਹਿਸਾਸ ਅਧੀਨ ਉਹ ਆਈ.ਸੀ.ਐੱਸ ਦੀ ਪ੍ਰੀਖਿਆ ਵਿੱਚੋਂ ਨਾਂ ਵਾਲੀ ਇੰਟਰਵਿਊ ਵਿੱਚੋਂ ਜਾਣ-ਬੁੱਝ ਕੇ ਫੇਲ੍ਹ ਹੋ ਕੇ ਆਪਣੇ ਮੁਕੱਦਸ ਮਕਸਦ ਲਈ ਜਤਨਸ਼ੀਲ ਰਹਿੰਦੇ ਹਨ। ਇੰਗਲੈਂਡ ਤੋਂ ਆਉਣ ਤੋਂ ਬਾਅਦ ਮਹਾਰਾਜ ਗਾਇਕਵਾੜ ਦੀ ਰਿਆਸਤ ਵਿੱਚ ਭੂਮੀ ਬੰਦੋਬਸਤ ਮਹਿਕਮੇ ਦਾ ਕੰਮ ਬੜੀ ਬਾਖੂਬੀ ਨਾਲ ਸੰਭਾਲ ਕੇ ਤੇ ਫਿਰ ਉਹ ਆਪਣੇ ਪਰਵਾਰ ਦੀ ਸੁੱਧ ਲੈਂਦੇ ਹਨ। ਉਨ੍ਹਾਂ ਨੂੰ ਨਾਨਕੇ ਘਰ ਜਾ ਕੇ ਆਪਣੇ ਬਾਪ-ਮਾਂ ਅਤੇ ਹੋਰ ਭੈਣ-ਭਰਾਵਾਂ ਦਾ ਪਤਾ ਮਿਲਦਾ ਹੈ ।ਬਹੁਤ ਸਾਰੇ ਉੱਚੇ ਅਹੁਦਿਆਂ 'ਤੇ ਕੰਮ ਕਰਨ ਤੋਂ ਬਾਅਦ ਅਠਾਰਵਾਂ ਸਾਲ ਚੜ੍ਹਦੇ ਉਹ ਪ੍ਰੋਫੈਸਰ ਬਣ ਜਾਂਦੇ ਹਨ। ਉੱਥੇ ਵੀ ਬਹੁਮੁਖੀ ਪ੍ਰਤਿਭਾ ਦਾ ਧਾਰਨੀ ਹੋਣ ਕਰਕੇ ਲੋਕਾਂ ਦੀਆਂ ਅੱਖਾਂ ਵਿੱਚ ਰੜਕਣ ਲੱਗ ਜਾਂਦੇ ਹਨ। ਇਸੇ ਲਈ ਉਨ੍ਹਾਂ ਦੇ ਸਾਥੀ ਵਿਅੰਗ ਕਰਦੇ ਆਖਦੇ ਹਨ, ਪਰ ਹਿਰਦਿਆਂ ਗੀਸਾਂ ਹਮਾਤੜ-ਘਮਾਤੜ ਕਿੱਥੋਂ ਕਰ ਲਾਂਗੇ ਭਾਈ, ਇਹ ਹੈਗੇ ਵਿਸ਼ਵ ਸਾਹਿਤ ਦਾ ਇਨਸਾਈਕਲੋਪੀਡੀਆ ਯੂਨੀਵਰਸਿਟੀ ਪ੍ਰੋਫੈਸਰ ਦਾ ਮਹਾਨ ਸ਼ਬਦ ਕੋਸ਼, ਚਲਦੀ-ਫਿਰਦੀ ਲਾਇਬ੍ਰੇਰੀ (ਸਫ਼ਾ 81) ਪੜ੍ਹਾਉਂਦਿਆਂ ਹੋਇਆਂ ਵੀ ਉਹ ਆਪਣੇ ਵਿਦਿਆਰਥੀਆਂ ਨੂੰ ਦੇਸ਼ ਲਈ ਕੁਝ ਕਰਨ ਦੀ ਪ੍ਰੇਰਨਾ ਦਿੰਦੇ ਰਹਿੰਦੇ ਹਨ।ਉਹਨਾਂ ਦੀ ਅਜਿਹੀ ਸ਼ਖ਼ਸੀਅਤ ਤਾਂ ਹੀ ਦੇਸ਼ ਭਗਤੀ ਪਰਖ ਹੁੰਦੀ ਹੈ। ਮਿਰਨਾਲਨੀ ਨਾਲ ਵਿਆਹ ਕਰਵਾਉਣ ਦੇ ਬਾਵਜੂਦ ਵੀ ਉਹਨਾਂ ਦੀਆਂ ਗਤੀਵਿਧੀਆਂ ਵਿੱਚ ਕੋਈ ਫਰਕ ਨਹੀਂ ਪੈਂਦਾ ਤੇ ਉਹ ਆਪਣੇ ਭਰਾ ਬਰਜਿੰਦਰ ਨਾਲ ਮਿਲ ਕੇ ਦੇਸ਼ ਭਗਤੀ ਦੇ ਕੰਮ ਵਿੱਚ ਹੋਰ ਤੇਜ਼ੀ ਨਾਲ ਜੁਟ ਜਾਂਦੇ ਹਨ। ਆਪਣੇ ਭਰਾ ਦੀ ਸ਼ਖ਼ਸੀਅਤ ਬਾਰੇ ਉਹਨਾਂ ਦਾ ਛੋਟਾ ਭਰਾ ਬਰਿੰਦਰ ਕਹਿੰਦਾ ਹੈ, ਮੈਨੂੰ ਕੀ ਪਤਾ ਸੀ ਬਈ ਹਿੰਦੁਸਤਾਨ ਦੀ ਅਗਲੀ ਹਥਿਆਰਬੰਦ ਕ੍ਰਾਂਤੀ ਦਾ ਵਾਰ ਰੂਮ ਤਾਂ ਮੇਰੇ ਸਾਰੇ ਦਾਦਾ ਦੀਆਂ ਕਿਤਾਬਾਂ ਨਾਲ ਲੱਦਿਆ ਇਹ ਅਧਿਐਨ ਕੋਠੜਾ ਹੈ। ਮੈਂ ਜਾਣਦਾ ਕਿ ਐਥੇ ਬੈਠ ਕੇ ਘੰਟਿਆਂਬੱਧੀ ਤੁਸੀਂ ਕੱਲੀ ਕਵਿਤਾ ਹੀ ਨਹੀਂ ਲਿਖਦੇ, ਖੌਰੇ ਕਿੰਨੀਆਂ ਦੇਸੀ ਅਖ਼ਬਾਰਾਂ ਲਈ ਅਗਿਆਤ ਲੇਖਕ ਦੇ ਨਾਂਅ ਹੇਠ ਅੱਗ ਉਗਲਦੇ ਲੇਖ ਵੀ ਲਿਖ ਕੇ ਭੇਜਦੇ ਹੋ (ਸਫ਼ਾ 121) ਅਰਵਿੰਦੋ ਦੀ ਵਿਚਾਰਧਾਰਾ ਉੱਪਰ ਭਗਵਾਨ ਕ੍ਰਿਸ਼ਨ ਦੀ ਗੀਤਾ ਤੇ ਵਿਵੇਕਾਨੰਦ ਦਾ ਪ੍ਰਭਾਵ ਜਿਸ ਨੂੰ ਅਸੀਂ ਇੱਕੋ ਹੀ ਸਿੱਕੇ ਦੇ ਦੋ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਧਰਮ ਅਤੇ ਸਿਆਸਤ ਦਾ ਨਾਟ-ਮੰਚ

**ਸਾਹਿਤ ਚਿੰਤਨ**

**ਡਾ. ਚੰਦਰ ਪ੍ਰਕਾਸ਼**

## ਪਹਿਲੀ ਅਧਿਆਪਕਾ ਤੇ ਹੋਰ ਨਾਟਕ

(ਨਾਟ-ਸੰਗ੍ਰਹਿ)
**ਕੁਲਵੰਤ ਕੌਰ ਨਗਰ**
**ਸਫ਼ੇ-144, ਮੁੱਲ : 200 ਰੁਪਏ**
**ਚਿੰਤਨ ਪ੍ਰਕਾਸ਼ਨ, ਲੁਧਿਆਣਾ**

ਨਾਟਕ ਇਕੋ ਸਮੇਂ ਲਿਖਤ ਅਤੇ ਮੰਚ ਪਾਠ ਨਾਲ ਜੁੜਿਆ ਰਹਿੰਦਾ ਹੈ ।ਲਿਖਤ ਪਾਠ 'ਚੋਂ ਬਣੀਆਂ ਮੰਚ ਸੰਭਾਵਨਾਵਾਂ ਦੀ ਪ੍ਰਸਤੁਤੀ ਦੌਰਾਨ ਨਵਾਂ 'ਨਾਟ-ਪਾਠ' ਉਦੈ ਹੁੰਦਾ ਹੈ। ਨਾਟਕਕਾਰ-ਨਿਰਦੇਸ਼ਕ ਦੀ ਜੋਟੀ ਪਾਠਕ/ ਦਰਸ਼ਕ ਦੀ ਮਨੋਬਿਰਤੀ ਨੂੰ ਧਿਆਨ ਵਿੱਚ ਰੱਖਦੀ ਹੈ। ਅਦਾਕਾਰ ਆਪਣੀ ਅਦਾ-ਯੋਗਤਾ ਨੂੰ ਗੀਤ, ਸੰਗੀਤ, ਆਵਾਜ਼ਾਂ, ਵੇਸ਼ -ਭੂਸ਼ਾ, ਪਹਿਰਾਵੇ ਆਦਿ ਨਾਲ ਜੋੜ ਕੇ ਵਿਚਾਰ-ਪ੍ਰਭਾਵ ਸਿਰਜਦਾ ਹੈ। ਇਉਂ ਸੰਯੁਕਤ ਪ੍ਰਕਿਰਤੀ ਵਾਲੀ ਇਸ ਵਿਧਾ ਦਾ ਮੁੱਖ ਪ੍ਰਯੋਜਨ 'ਲੋਕ' ਤੱਕ ਪਹੁੰਚ ਕਰਨਾ ਹੁੰਦੀ ਹੈ। ਇਸ ਲੋਕ-ਪਹੁੰਚ ਵਿੱਚ ਸ਼ੌਂਕੀਆ ਰੰਗਕਰਮੀ, ਸਰਕਾਰੀ, ਗ਼ੈਰ-ਸਰਕਾਰੀ ਸੰਸਥਾਨ ਤੋਂ ਬਿਨਾਂ ਪ੍ਰਯੋਜਿਤ ਵਿਅਕਤੀ, ਨਾਟ-ਮੰਡਲੀਆਂ ਆਦਿ ਦਾ ਵੀ ਭਰਪੂਰ ਯੋਗਦਾਨ ਹੁੰਦਾ ਹੈ। ਸਮਕਾਲੀ ਪੰਜਾਬੀ ਨਾਟਕ ਦੀ ਮੰਚ-ਯੋਗਤਾ ਵਿੱਚ ਅਨੇਕਾਂ ਨਾਟ ਮੰਡਲੀਆਂ ਕਾਰਜ ਕਰ ਰਹੀਆਂ ਹਨ, ਜਿਨ੍ਹਾਂ ਵਿੱਚੋਂ 'ਮਾਨਵਤਾ ਕਲਾ ਮੰਚ ਨਗਰ' ਦਾ ਵੀ ਵਿਸ਼ੇਸ਼ ਨਾਂਅ ਹੈ।ਇਸ ਮੰਚ ਨਾਲ ਜੁੜੀ ਨਾਟਕਕਾਰ ਕੁਲਵੰਤ ਕੌਰ ਨਗਰ ਨੇ ਮੰਚ-ਮੰਡਲੀ ਲਈ ਨਾਟ-ਸਕ੍ਰਿਪਟਾਂ ਦੀ ਵੱਡੀ ਜ਼ਿੰਮੇਵਾਰੀ ਸੰਭਾਲੀ ਹੋਈ ਹੈ।'ਪਹਿਲੀ ਅਧਿਆਪਕਾ ਤੇ ਹੋਰ ਨਾਟਕ' ਸੰਗ੍ਰਹਿ ਵਿਚ ਸ਼ਾਮਲ ਛੇ ਨਾਟਕ ਇਸ ਗੱਲ ਉੱਤੇ ਸਹੀ ਪਾਉਂਦੇ ਹਨ ਕਿ ਨਾਟਕ-ਮੰਡਲੀਆਂ ਦੀ ਲੋੜ/ਮੰਗ ਮੁਤਾਬਕ ਇਹ ਤਤਕਾਲੀ ਮਸਲਿਆਂ ਉੱਤੇ ਖ਼ਰੇ ਉਤਰਦੇ ਹਨ।

ਨਾਟ-ਸੰਗ੍ਰਹਿ ਦੇ ਮੁੱਢ ਵਿਚ ਦਰਜ 'ਪਹਿਲੀ ਅਧਿਆਪਕਾ' ਨਾਟਕ ਭਾਵੇਂ ਸਵੈ-ਜੀਵਨੀਮੂਲਕ ਅੰਸ਼ ਭਾਂਤ ਦਾ ਹੈ, ਪਰ ਨਾਰੀ/ਦਲਿਤ ਸਰੋਕਾਰਾਂ ਦੀ ਤੰਦ ਨੂੰ ਸਮਕਾਲੀ ਹਾਲਾਤ ਨਾਲ ਜੋੜਨ ਦੀ ਸਮਰੱਥਾ ਰੱਖਦਾ ਹੈ।ਜੋਤੀਬਾ ਫੂਲੇ ਅਤੇ ਉਨ੍ਹਾਂ ਦੀ ਜੀਵਨ-ਸਾਥੀ ਸਵਿੱਤਰੀ ਬਾਈ ਦੀ ਸੰਘਰਸ਼ਮਈ ਗਾਥਾ 'ਚੋਂ ਪੈਦਾ ਹੋਈ ਤਰਕਵਾਦੀ ਦ੍ਰਿਸ਼ਟੀ ਪਾਖੰਡਵਾਦ/ਜਾਤਵਾਦ ਆਦਿ ਦੇ ਕੁਹਜ ਨੂੰ ਵੰਗਾਰਦੀ ਹੈ। ਜੋਤੀ ਦਾ ਨਾਟ-ਸੰਵਾਦ ਇਹੋ ਕੁਝ ਕਹਿੰਦਾ ਹੈ :- 'ਅੰਧ-ਵਿਸ਼ਵਾਸਾਂ ਦਾ ਖਾਤਮਾ, ਮੂਰਤੀ ਪੂਜਾ ਦਾ ਤਿਆਗ ਅਤੇ ਜਾਤੀ ਵਿਵਸਥਾ ਦਾ ਖਾਤਮਾ ਕਰਨਾ ਆਪਣਾ ਮੁੱਖ ਏਜੰਡਾ ਹੈ। ਜਨਮ ਤੋਂ ਲੈ ਕੇ ਮੌਤ ਤੱਕ ਇਹ ਬ੍ਰਾਹਮਣਵਾਦ ਕਿਸਾਨ ਤੇ ਮਜ਼ਦੂਰ ਨੂੰ ਕਿਸੇ ਨਾ ਕਿਸੇ ਪਖੰਡ ਵਿੱਚ ਉਲਝਾ ਕੇ ਲੁੱਟਦੇ ਹਨ ।ਪੈਰ-ਪੈਰ 'ਤੇ ਦਾਨ ਦਕਸ਼ਣਾ ਵਸੂਲਦੇ ਹਨ।' (ਸਫ਼ਾ/26) ਦਲਿਤ ਦੀ ਗੁਲਾਮੀ ਨੂੰ ਅੰਗਰੇਜ਼ੀ ਸ਼ਾਸਨ ਵਿਵਸਥਾ ਤੋਂ ਪੁਰਾਣੀ ਤੁਲਨਾ ਕੇ ਸਮਾਜਿਕ ਵਿਵਸਥਾ 'ਤੇ ਕਰਾਰਾ ਵਿਅੰਗ ਕੀਤਾ ਹੈ। ਇਉਂ ਸੱਤ ਝਾਕੀਆਂ ਵਾਲੀ ਇਸ ਨਾਟ-ਕਿਰਤ ਵਿਚ ਔਰਤ ਦੇ ਬਾਂਝਪਨ ਨੂੰ ਨਕਾਰ ਕੇ ਨਾਰੀ ਦੇ ਸਿੱਖਿਅਕ ਹੋਣ ਨੂੰ ਤਰਜੀਹ ਦਿੱਤੀ ਗਈ ਹੈ। ਪੇਟ 'ਚੋਂ ਜੰਮਣ ਵਾਲੇ ਬੱਚੇ ਦੀ ਥਾਂ ਹੋਰਨਾਂ ਬੱਚਿਆਂ ਨੂੰ ਵੀ 'ਆਪਣੇ' ਸਮਝ ਕੇ ਸਮਾਜ-ਉਥਾਨ ਵਿਚ ਯੋਗਦਾਨ ਪਾਇਆ ਜਾ ਸਕਦਾ ਹੈ। ਪ੍ਰਤੀਬੱਧ ਵਿਚਾਰਾਂ ਨਾਲ ਕਿਸੇ ਮੰਜ਼ਲ ਨੂੰ ਸਰ ਕਰਕੇ ਵਿਅਕਤੀਗਤ/ਸਮੂਹਕ ਪਛਾਣ ਵਿਚ ਵੀ ਵਾਧਾ ਕੀਤਾ ਜਾ ਸਕਦਾ ਹੈ। ਨਾਰੀ ਸਵਾਲਾਂ ਬਾਰੇ ਹੋਣ ਵਾਲੀ ਚਰਚਾ ਦੇ ਸੰਦਰਭ ਵਿਚ ਪਹਿਲੀ ਅਧਿਆਪਕਾ ਸਵਿੱਤਰੀ ਬਾਈ ਫੂਲੇ ਦੀ ਸਮਾਜ-ਮਾਨਤਾ ਦਾ ਨਾਟ-ਮੰਚਣ ਹਵਾਲੇਯੋਗ ਸਥਾਨ ਰੱਖਦਾ ਹੈ।

'ਨਾਰੀ ਸ਼ਕਤੀ' ਨਾਟ-ਰਚਨਾ ਦਾ ਪ੍ਰਸੰਗ ਵੀ ਨਾਰੀ ਹੋਂਦ-ਪਛਾਣਕਾਰੀ ਨਾਲ ਹੈ। ਚੇਤਨ ਨਾਰੀ ਆਗੂ ਦੀ ਯੋਗ ਅਗਵਾਈ ਨਾਲ ਅਲਾਮਤਾਂ ਨੂੰ ਨਜਿੱਠਣਾ ਅਸਾਨ ਹੋ ਜਾਂਦਾ ਹੈ। ਮਰਦ ਹੈਂਕੜਬਾਜ਼ੀ, ਨਸ਼ਾਖੋਰੀ, ਪਿਛਾਂਹਖਿੱਚੂ ਸੋਚ, ਭਰੂਣ ਹੱਤਿਆ, ਵਿਆਹ ਵਿਵਸਥਾ ਆਦਿ ਦਾ ਪ੍ਰਤੀਰੋਧਕ ਪ੍ਰਵਚਨ ਸਿਰਜ ਕੇ ਪ੍ਰਸ਼ਾਸਨਿਕ ਅਧਿਕਾਰੀਆਂ/ ਅਫ਼ਸਰਸ਼ਾਹੀ ਤੋਂ ਜਵਾਬ ਮੰਗਿਆ ਜਾਂਦਾ ਹੈ। ਹਰਜੀਤ, ਕਮਲਾ ਵਰਗੀਆਂ ਔਰਤਾਂ ਥਾਣੇਦਾਰ ਨੂੰ ਸਿੱਧੇ ਰੂਪ 'ਚ ਸੰਬੋਧਿਤ ਹੁੰਦੀਆਂ ਹਨ:- 'ਨੌਕਰ ਤਾਂ ਤੁਸੀਂ ਸਾਰੀ ਜਨਤਾ ਦੇ ਓ। ਜਨਤਾ ਦੇ ਲਈ ਤੁਹਾਨੂੰ ਥਾਣੇ 'ਚ ਬਿਠਾਇਆ ਗਿਆ।'— ਆਪਾਂ ਚੁੱਪ ਨ੍ਹੀ ਬੈਠਣਾ। ਅਸੀਂ ਹੁਣ ਔਰਤਾਂ 'ਤੇ ਹੋ ਰਹੇ ਜ਼ੁਰਮਾਂ ਦਾ ਪ੍ਰਚੰਡ ਵਿਰੋਧ ਕਰਾਂਗੇ, ਅਸੀਂ ਆਪਣੀ ਸ਼ਕਤੀ ਨੂੰ ਪਛਾਣਾਂਗੇ ਤੇ ਇੱਕ 'ਮਹਾਂ ਸ਼ਕਤੀ' ਦੇ ਰੂਪ 'ਚ ਕੁਕਰਮ ਕਰਨ ਵਾਲਿਆਂ ਨਾਲ ਟੱਕਰਾਂ ਕਰਾਂਗੇ। 'ਦੇਖ ਲਈਂ ਥਾਣੇਦਾਰਾ—।ਰਿਪੋਰਟ ਤੂੰ ਲਿਖੇਂਗਾ..!!' (ਸਫ਼ੇ/80-81) ਕੁੜੀਆਂ ਨੂੰ ਆਤਮ ਨਿਰਭਰ ਅਤੇ ਕਰਾਟੇ ਸਿਖਾਉਣ ਦੀ ਸਲਾਹ ਦਿੰਦਾ ਨਾਟਕ ਨਾਰੀ ਸ਼ਕਤੀ ਜ਼ਿੰਦਾਬਾਦ ਦੇ ਨਾਅਰਿਆਂ ਤੱਕ ਸਫ਼ਰ ਕਰਦਾ ਹੈ।ਇਹ ਨਾਟਕ ਗੁਰਸ਼ਰਨ ਸਿੰਘ ਦੀ ਯਾਦ ਕਰਵਾਉਂਦਾ ਪੇਂਡੂ ਰੰਗਮੰਚ ਦੀ ਸ਼ਾਖਾ ਜਾਪਣ ਲੱਗਦਾ ਹੈ।ਨਾਟਕੀ ਤਣਾਅ/ਟਕਰਾਓ ਦੀ ਘਾਟ ਬਾਵਜੂਦ ਸਮਾਜਿਕ-ਵਿਕਾਸ ਲਈ ਕੀਤਾ ਉੱਦਮ ਪਾਠਕ/ਦਰਸ਼ਕ ਮਨ ਨੂੰ ਹਲੂਣਨ ਲਈ ਹੰਭਲਾ ਮਾਰਦਾ ਹੈ।




'ਦੇਸ਼ ਧ੍ਰੋਹੀ ਕੌਣ ?' ਨਾਟ ਦੇ ਵਿਸ਼ਾਗਤ ਸਰੋਕਾਰ ਬਹੁਭਾਂਤੀ ਹਨ। ਪਿਛਲੇ ਕੁਝ ਅਰਸੇ ਤੋਂ ਸਮਾਜ ਤਬਦੀਲੀ ਲਈ ਕੀਤੇ ਜਾ ਰਹੇ ਸੁਚੇਤ ਯਤਨਾਂ ਵਿਚ ਮੀਡੀਆ ਦੀ ਵੱਡੀ ਭੂਮਿਕਾ ਹੈ।ਇਤਿਹਾਸ, ਮਿਥਿਹਾਸ, ਸੱਭਿਆਚਾਰ ਆਦਿ ਨੂੰ ਵਿਸ਼ੇਸ਼ ਅਰਥਾਂ ਵਿਚ ਰੂਪਾਂਤਰਤ ਕਰਕੇ ਵਿਸ਼ੇਸ਼ ਮਾਹੌਲ ਬਣਾਇਆ ਜਾ ਰਿਹਾ ਹੈ।ਇਸ ਮਾਹੌਲ 'ਚੋਂ ਹੀ 'ਗੋਦੀ ਮੀਡੀਆ' ਦਾ ਸੰਕਲਪ ਪੈਦਾ ਹੋਇਆ ਹੈ। ਧਰਮ ਨੂੰ ਸੁਰੱਖਿਆ ਕਵਚ ਵਜੋਂ ਮਾਨਤਾ ਮਿਲ ਚੁੱਕੀ ਹੈ। ਧਰਮ ਅਤੇ ਸਿਆਸਤ ਦੇ ਕਾਵਿ-ਸ਼ਾਸਤਰ ਨੂੰ ਉਸਾਰਨ-ਵਿਗਾੜਨ ਵਿਚ 'ਬਾਬਿਆਂ ਦਾ ਬਾਜ਼ਾਰ' ਪ੍ਰਮੁੱਖ ਹੈ।'ਕਰੰਜਲੀ ਸਟੋਰ' 'ਤੇ ਦੇਸੀ ਦਵਾਈਆਂ ਅਤੇ ਜੈਵਿਕ ਖਾਦ ਵਸਤੂਆਂ ਦੀ ਵਧਦੀ ਮੰਗ ਅਤੇ ਬਾਬਿਆਂ ਦੇ ਗੋਡਿਆਂ ਦਾ ਵਿਦੇਸ਼ ਵਿਚ ਹੋਣ ਵਾਲਾ ਅਪ੍ਰੇਸ਼ਨ 'ਵਿਅੰਗ' ਬਣਦੇ ਹਨ। ਸਕਿੱਟਨੁਮਾ, ਸਪਾਟ ਸ਼ੈਲੀ ਵਿਚ ਚੱਲਣ ਵਾਲਾ ਇਹ ਨਾਟਕ ਵਿਪਰੀਤ ਸਥਿਤੀਆਂ ਨੂੰ ਸਰ ਕਰਨ ਲਈ ਇਕਜੁਟਤਾ ਦਾ ਸੁਨੇਹਾ ਦਿੰਦਾ ਹੈ।

'ਧਰਤੀ ਪੰਜ ਦਰਿਆਵਾਂ ਦੀ' ਸੰਕੇਤਕ ਸਿਰਲੇਖ ਵਾਲਾ ਨਾਟਕ, ਜਵਾਨੀ ਦੇ ਨਸ਼ਈ ਰੁਝਾਨਾਂ ਨੂੰ ਮੁਖ਼ਾਤਿਬ ਹੈ। ਹੀਰਾ, ਦੀਪਕ ਪਾਤਰਾਂ ਦੀ ਨਸ਼ੇੜੀ ਮਨੋਬਿਰਤੀ ਦਾ ਨਾਟ-ਬਿਰਤਾਂਤ ਸਿਰਜਦਿਆਂ ਰਾਜਸੀ ਆਗੂਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ :-'ਤੁਸੀਂ ਤਾਂ ਹੱਥ ਨਹੀਂ ਲਾਉਂਦੇ ਮੰਤਰੀ ਸਾਹਿਬ, ਪਰ ਨਸ਼ੇ ਹਰ ਦੁਕਾਨ ਹਰ ਥਾਂ ਤੋਂ ਮਿਲਦੇ ਆ, ਇਹ ਹਰ ਥਾਂ ਲੀਡਰਾਂ ਦੀ ਮਿਲੀਭੁਗਤ ਤੋਂ ਬਿਨਾਂ ਨਹੀਂ ਪਹੁੰਚਦੇ ।ਅਜੇ ਆਲੂ-ਪਿਆਜ਼ ਦਾ ਕਾਲ ਤਾਂ ਪੈ ਜਾਣ, ਪਰ ਇੱਥੇ ਨਸ਼ੇ ਦਾ ਕਾਲ ਨਹੀਂ ਪੈਂਦਾ।' ਸਫ਼ਾ/96 ਨੇਤਾਵਾਂ ਦੀ ਮਿਲੀਭੁਗਤ ਨਾਲ ਹੀ ਨਸ਼ਾ ਵਪਾਰ ਪ੍ਰਫੁੱਲਿਤ ਹੁੰਦਾ ਹੈ। ਵਿੱਕੀ, ਜਰਨੈਲ, ਜੀਤੋ ਆਦਿ ਪਾਤਰਾਂ ਦੀ ਸੋਚਣੀ ਕਾਰਨ 'ਦੀਪਕ' ਬੁਝਣੋਂ ਬਚ ਜਾਂਦਾ ਹੈ ਅਤੇ ਹੀਰਾ ਵੀ ਨਸ਼ੇ ਤਿਆਗਣ ਲਈ ਰਾਜ਼ੀ ਹੁੰਦਾ ਹੈ। ਪਾਤਰਾਂ ਦੇ ਨਾਮਕਰਨ ਨੂੰ ਕਥਾ 'ਚ ਢਾਲ ਕੇ ਅਰਥ-ਵਿਸਤ੍ਰਿਤ ਕਰਨ ਦੀ ਕੋਸ਼ਿਸ਼ ਵਧੀਆ ਹੈ, ਪਰ ਕਈ ਥਾਈਂ ਸੰਵਾਦ ਬੇਜਾਨ ਹਨ। ਦੂਜੇ ਬੰਨੇ ਸੰਸਥਾਗਤ ਉਪਰਾਲਿਆਂ ਵਜੋਂ ਇਹੋ ਜਿਹੇ ਨਾਟਕਾਂ ਦਾ ਮੰਚਨ ਕਿਸੇ ਦਾ ਜੀਵਨ ਵੀ ਸੰਵਾਰ ਸਕਦਾ ਹੈ।'

'ਆਜ਼ਾਦੀ' ਨਾਟਕ ਦਾ ਸੰਬੰਧ ਵੀ ਸਮਕਾਲੀ ਵਿਕਰਾਲ ਸਮੱਸਿਆਵਾਂ ਦੇ ਆਰ-ਪਾਰ ਫ਼ੈਲਿਆ ਹੋਇਆ ਹੈ। ਸਰਕਾਰਾਂ ਦੇ ਫੋਕੇ-ਧੋਖੇ, ਵਾਅਦਿਆਂ-ਵਿਖਾਵਿਆਂ ਵਿਚ 'ਆਮ ਬੰਦੇ' ਦੀ ਤਰਸਯੋਗ ਹਾਲਤ ਉਸ ਦੇ 'ਤਨ-ਮਨ' ਦਾ ਸੰਤਾਪ ਬਣਦੀ ਹੈ। ਸੰਤਾਪ-ਗ੍ਰਸਤ ਹੋਣੀ ਨੂੰ ਟਾਲਣ ਲਈ ਗਰੀਬੂ ਦੀ ਪੋਤੀ ਫਿਜ਼ਾ ਮੂਹਰੇ ਆ ਕੇ ਸਿਆਸੀ ਨੇਤਾਵਾਂ ਨੂੰ ਲਲਕਾਰਦੀ ਹੈ :-ਪੜ੍ਹੇ-ਲਿਖੇ ਲੋਕਾਂ ਤੋਂ ਅਨਪੜ੍ਹ ਲੋਕ ਰਾਜ ਕਰ ਰਹੇ ਨੇ। ਜੋ ਮੂੰਹ ਆਇਆ, ਬੋਲ ਰਹੇ ਨੇ। ਕੀ ਇਸ ਤਾਨਾਸ਼ਾਹੀ ਦੇ ਖਿਲਾਫ ਸਾਨੂੰ ਬੋਲਣਾ ਨਹੀਂ ਚਾਹੀਦਾ। ਸਾਡੇ ਕੋਲੋਂ ਪੜ੍ਹਾਈ ਖੋਹੀ ਜਾ ਰਹੀ ਹੈ। ਰੋਜ਼ਗਾਰ ਹੈ ਨ੍ਹੀ ।ਨੌਜਵਾਨਾਂ ਦੇ ਜਹਾਜ਼ਾਂ ਦੇ ਜਹਾਜ਼ ਭਰ-ਭਰ ਪ੍ਰਦੇਸ਼ ਜਾ ਰਹੇ ਨੇ। ਕਿਉਂ ? ਕਿਉਂ ਹਾਕਮ ਸੰਵਿਧਾਨ ਦੀਆਂ ਧੱਜੀਆਂ ਉਡਾ ਰਹੇ ਨੇ। ਲੁੱਟ, ਕੁੱਟ ਤੇ ਫੁੱਟ ਦਾ ਪ੍ਰਚਾਰ ਕਰ ਰਹੇ ਨੇ। ਜੋ ਅੰਨ੍ਹੀ ਲੁੱਟ ਦੇ ਖਿਲਾਫ ਬੋਲਦਾ ਹੈ, ਉਸ ਨੂੰ ਜੇਲ੍ਹਾਂ 'ਚ ਸੁੱਟਿਆ ਜਾਂਦਾ ਹੈ।ਫ਼ੈਸਲਾ ਤੁਸੀਂ ਕਰਨਾ ਹੈ ਕਿ ਦੇਸ਼ ਵੇਚਣਾ ਹੈ ਜਾਂ ਬਚਾਉਣਾ ਹੈ'। (ਸਫ਼ਾ/143) ਸਿਆਸਤ ਦੀ ਨੁਮਾਇੰਦਗੀ ਕਰਨ ਵਾਲਿਆਂ ਨੂੰ ਚੁਣੌਤੀ ਦੇਣ ਲਈ ਫਿਜ਼ਾ ਨਵੇਂ ਮਾਹੌਲ/ਚੇਤਨਾ ਦੀ ਪ੍ਰਤੀਕ ਹੋ ਨਿੱਬੜਦੀ ਹੈ।

ਸਮਾਜਿਕ ਬਰਾਬਰਤਾ ਲਈ ਕੀਤੇ ਜਾਣ ਵਾਲੇ ਸੰਘਰਸ਼ਾਂ ਵਿਚ 'ਇਕਜੁਟਤਾ' ਲਾਜ਼ਮੀ ਸ਼ਰਤ ਹੈ। ਨਵੀਂ-ਪੁਰਾਣੀ ਪੀੜ੍ਹੀ ਦੀ ਵਿਚਾਰਧਾਰਕ ਵਿਰੋਧਤਾ 'ਚੋਂ ਸਾਂਝੇ ਗੁਣ ਤਲਾਸ਼ ਕੇ ਅੱਗੇ ਵਧਣਾ ਸਮੇਂ ਦੀ ਲੋੜ ਹੈ। ਬੇਜ਼ੁਬਾਨੇ/ਬੇਜ਼ਮੀਨੇ ਕਿਰਤੀ-ਕਾਮਿਆਂ ਵੱਲੋਂ ਸਮੂਹਿਕ ਰੂਪ ਵਿਚ ਪਿੰਡ ਮੁਠੱਡਾ ਵਿਚ ਕੀਤਾ ਗਿਆ ਜ਼ਮੀਨੀ ਘੋਲ 'ਕ੍ਰਾਂਤੀ' ਨਾਟਕ ਦਾ ਬੀਜ/ਸਰੋਤ ਬਣਦਾ ਹੈ। ਸੀਰੀ-ਸਾਂਝੀ ਦੀ ਸੰਬੰਧਕਾਰੀ ਵਿਚ ਮਸ਼ੀਨ, ਪੂੰਜੀ, ਵੋਟ ਦਖ਼ਲ ਦੇ ਵੱਡੇ ਫ਼ੇਰ ਬਦਲ ਕਾਰਨ ਡਾਵਾਂਡੋਲ ਵਾਤਾਵਰਣ ਬਣਦਾ ਜਾ ਰਿਹਾ ਹੈ।ਧੰਨੇ ਅਤੇ ਕੈਲੇ ਦੇ ਸੰਵਾਦ ਇਹੋ ਚਿੰਤਾ ਕਰਦੇ ਹਨ:-'ਵੋਟਾਂ ਜ਼ਿਆਦਾ ਕਰਕੇ ਤਾਂ ਵਿਹੜੇ ਵਾਲਿਆਂ ਦੀ ਪੁੱਛ-ਪੜਤਾਲ ਏ। ਨਹੀਂ ਤਾਂ ਸਾਨੂੰ ਕੋਈ ਰਾਹ-ਗਲੀ ਨਾ ਬੁਲਾਵੇ ।-ਆਹ ਗੱਲ ਸਹੀ ਆ ਅੱਗੇ ਵੱਢਣੀ ਹੁੰਦੀ ਸੀ ਕਣਕ ਤਾਂ ਜ਼ਿਮੀਦਾਰਾਂ ਦਾ ਸੌਂਗੇੜਾ ਵਿਹੜੇ ਵਾਲਿਆਂ ਦੇ ਘਰੇ ਹੁਣ ਮਸ਼ੀਨਾਂ ਤੋਂ ਬਾਅਦ ਬੰਦਿਆਂ ਨੂੰ ਕੋਈ ਪੁੱਛਦਾ ਹੀ ਨਹੀਂ।' (ਸਫ਼ਾ/103) ਨੌਜਵਾਨ ਸਰਪੰਚ ਕ੍ਰਾਂਤੀ ਦੇ ਭਾਸ਼ਣੀ/ਸੰਬੋਧਨੀ ਸ਼ਬਦ ਜਨ-ਸਾਧਾਰਨ ਲਈ ਪ੍ਰੇਰਣਾਦਾਇਕ ਬਣਦੇ ਹਨ:-'ਮੇਰੇ ਪਿੰਡ ਵਾਸੀਓ, ਇਹ ਪੰਚਾਇਤੀ ਜ਼ਮੀਨ ਮਹਿਜ਼ ਇੱਕ ਜ਼ਮੀਨ ਦਾ ਟੁਕੜਾ ਨਹੀਂ ਹੈ। ਸਾਡਾ ਸਵੈਮਾਨ ਏ।ਹੁਣ ਸੋਚੋ ਕਿ ਸੱਤਰ ਸਾਲਾਂ 'ਚ ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਜੋ ਕਿ ਦਲਿਤ ਵਰਗ ਲਈ ਰਾਖਵਾਂ ਹੈ, ਕੀ ਉਹਨਾਂ ਨੂੰ ਅੱਜ ਤੱਕ ਮਿਲਿਆ, ਜੇਕਰ ਨਹੀਂ ਤਾਂ ਕਿਉਂ ਨਹੀਂ ਮਿਲਿਆ। ਕਿਉਂਕਿ ਅਸੀਂ ਆਪਣੇ ਹੱਕ ਲੈਣ ਲਈ ਇੱਕ ਮੁੱਠ ਨਹੀਂ ਹੋਏ ।ਇਸ ਗੱਲ 'ਚ ਕੋਈ ਦੋ ਰਾਏ ਨਹੀਂ ਸਾਡੇ ਦੇਸ਼ ਦੇ ਗਰੀਬ ਕਿਸਾਨਾਂ ਦੀ ਹਾਲਤ ਮਾੜੀ ਹੈ, ਪਰ ਬੇਜ਼ਮੀਨਿਆਂ ਤੇ ਮਜ਼ਦੂਰਾਂ ਦੀ ਹਾਲਤ ਕੀ ਹੈ, ਕਿਸੇ ਤੋਂ ਛੁਪੀ ਹੋਈ ਨਹੀਂ।' (ਸਫ਼ਾ/119) ਕ੍ਰਾਂਤੀ ਪ੍ਰਸ਼ਾਸਨ ਨੂੰ ਵੰਗਾਰ ਕੇ ਜ਼ਮੀਨੀ ਹੱਕ ਪ੍ਰਾਪਤ ਕਰਨ ਦਾ ਰਾਹ ਪੱਧਰਾ ਕਰਦਾ ਹੈ ।

ਸੰਗ੍ਰਹਿ ਵਿਚ ਸ਼ਾਮਲ ਨਾਟਕਾਂ ਦੀ ਸੁਰ ਸੰਦੇਸ਼ਮੂਲਕ ਹੈ। ਪੂਰਵ ਨਿਰਧਾਰਤ ਯੋਜਨਾ ਤਹਿਤ ਸਿਰਜਣਾਤਮਕਤਾ ਦਾ ਅੰਗ ਬਣਦੇ ਹੋਏ ਇਹ ਨਾਟਕ ਪੇਂਡੂ ਰੰਗਮੰਚ ਦੀ ਵਿਕਾਸ ਰੇਖਾ ਨੂੰ ਅਗਾਂਹ ਲਿਜਾਂਦੇ ਹਨ। ਇਨ੍ਹਾਂ ਨਾਟਕਾਂ ਦੀ ਸੰਰਚਨਾਤਮਕ ਬਣਤਰ ਵੱਲ ਥੋੜ੍ਹਾ ਜਿਹਾ ਧਿਆਨ ਦੇਣ ਦੀ ਲੋੜ ਹੈ। ਸੰਬੋਧਨੀ/ਭਾਸ਼ਣਨੁਮਾ ਸੰਵਾਦ ਦੀ ਨਾਟ-ਵਰਤੋਂ ਦਾ ਸੁਚੇਤ ਯਤਨ ਰਚਨਾਤਮਕ ਪ੍ਰਬੰਧ ਨੂੰ ਠੋਸਹੀਣ ਵੀ ਕਰਦਾ ਹੈ।ਵਿਧਾਗਤ ਪ੍ਰਭਾਵ ਵਿਚ ਨਾਟਕੀ ਤਣਾਉ-ਟਕਰਾਓ ਨੂੰ ਅੱਖੋਂ ਪਰੋਖੇ ਕਰਨਾ ਔਖੈ। ਅੰਤਿਮ ਵਾਕ ਵਜੋਂ ਕਿਹਾ ਜਾ ਸਕਦਾ ਹੈ ਕਿ ਅਜਿਹੇ ਨਾਟਕ ਸਮਾਜ/ਰੰਗਮੰਚ ਲਈ ਰਾਹ-ਦਸੇਰਾ ਹੁੰਦੇ ਹਨ/ਹੋ ਸਕਦੇ ਹਨ।

# ਪੁਸਤਕ ਰੀਵਿਊ

## ਮਘਦਾ ਸੂਰਜ ਮੱਘਰ ਸਿੰਘ ਕੁਲਰੀਆਂ

**ਲੇਖਕ/ਸੰਪਾਦਕ-ਡਾ. ਜਗਤਾਰ ਸਿੰਘ ਜੋਗਾ**
**ਪੰਨੇ-228, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਮੱਘਰ ਸਿੰਘ ਦੇ ਸੰਘਰਸ਼ਾਂ ਵਿਚ 1972 ਦਾ ਮੋਗੇ ਦਾ ਰੀਗਲ ਸਿਨੇਮਾ ਦਾ ਸੰਘਰਸ਼ ਵੀ ਸੀ ।ਇਹ ਸੰਘਰਸ਼ ਮਾਨਸਾ, ਬਠਿੰਡਾ ਤੇ ਹੋਰ ਕਈ ਜ਼ਿਲ੍ਹਿਆਂ ਤੱਕ ਫੈਲ ਗਿਆ ਸੀ ।ਮੁਫਤ ਬੱਸ ਕਿਰਾਇਆ ਸੰਘਰਸ਼ ਵਿਚ ਮੱਘਰ ਸਿੰਘ ਦਾ ਅਹਿਮ ਰੋਲ ਸੀ । ਇਹ ਸੰਘਰਸ਼ ਵੀ 1974 ਵਿਚ ਹੋਇਆ ਸੀ ।ਪੰਜਾਬ ਦੇ ਕਾਲੇ ਦਿਨਾਂ (1978—1982) ਦੇ ਸਮੇਂ ਵਿਚ ਉਸ ਨੇ ਦਲੇਰੀ ਨਾਲ ਵਿਰੋਧੀਆਂ ਨਾਲ ਟੱਕਰ ਲਈ। 1975 ਦੀ ਐਮਰਜੈਂਸੀ ਦਾ ਉਹ ਕੱਟੜ ਵਿਰੋਧੀ ਸੀ। ਉਸ ਸਮੇਂ ਲੋਕਾਂ ਦੀ ਆਜ਼ਾਦੀ ਖੋਹ ਲਈ ਗਈ ਸੀ। ਇਕ ਲੇਖ ਵਿਚ ਗੁਰਦਿਆਲ ਸਿੰਘ ਸੀਤਲ ਨੇ ਮੱਘਰ ਸਿੰਘ ਨੂੰ ਮਨਬਚਨ ਤੇ ਕਰਮ ਕਰਨ ਦਾ ਬਹਾਦਰ ਸੂਰਮਾ ਕਿਹਾ ਹੈ ।ਲੇਖਕ ਨੇ ਆਪਣੀ ਮੱਘਰ ਸਿੰਘ ਨਾਲ ਪਹਿਲੀ ਮੁਲਾਕਾਤ ਦਾ ਜ਼ਿਕਰ ਕੀਤਾ ਹੈ ।ਮੱਘਰ ਸਿੰਘ ਦੇ ਦੋਸਤ ਪੁਸ਼ਪਿੰਦਰ ਸਿੰਘ ਮੰਡੇਰ ਨਾਲ ਮੱਘਰ ਸਿੰਘ ਬਾਰੇ ਮੁਲਾਕਾਤ ਪੜ੍ਹਨ ਵਾਲੀ ਹੈ। ਇਹ ਗੱਲਬਾਤ ਜਗਤਾਰ ਸਿੰਘ ਜੋਗਾ ਨੇ ਕੀਤੀ ਸੀ। ਲੇਖਕ ਮੇਜਰ ਸਿੰਘ ਦਰੀਆਪੁਰ ਨੇ ਮੱਘਰ ਸਿੰਘ ਨੂੰ ਨਿਧੜਕ ਤੇ ਇਨਕਲਾਬੀ ਆਗੂ ਕਿਹਾ ਹੈ। ਅਸਲ ਵਿਚ ਮੱਘਰ ਸਿੰਘ ਨਕਸਲਵਾਦੀ ਲਹਿਰ ਦੀ ਪੈਦਾਵਾਰ ਸੀ। ਉਸ ਨੇ ਜੇਲ੍ਹ ਵਿਚ ਕਦੇ ਮੁਆਫੀਨਾਮਾ ਨ੍ਹੀ ਸੀ ਲਿਖਿਆ। ਜੇਲ੍ਹ ਵਿਚ ਮੱਘਰ ਸਿੰਘ ਨੇ ਬਾਰੂ ਸਤਵਰਗ (ਅਧਿਆਪਕ) ਨਾਲ ਰਲ ਕੇ ਜੁਝਾਰੂ ਕਵਿਤਾਵਾਂ ਲਿਖੀਆਂ। ਉਸ ਨੇ ਪੁਲਸ ਦੇ ਚੱਕੀਆਂ ਵਿਚ ਜਾਚ ਦੇ ਹੁਕਮਾਂ ਨੂੰ ਟਿੱਚ ਜਾਣਿਆ ਤੇ ਸਖਤ ਵਿਰੋਧ ਕੀਤਾ। ਕਰਮਜੀਤ ਜੋਗਾ ਨੇ ਮੱਘਰ ਸਿੰਘ ਨਾਲ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ ਹਨ ।ਇਨ੍ਹਾਂ ਯਾਦਾਂ ਵਿਚ ਲੇਖਕ ਨੇ ਆਪਣੇ ਅਧਿਆਪਕ ਹੋਣ ਦਾ ਜ਼ਿਕਰ ਕੀਤਾ ਹੈ ।ਉਸ ਸਮੇਂ ਮੱਘਰ ਸਿੰਘ ਕੁਲਰੀਆ ਆਪਣੇ ਇਲਾਕੇ ਬੁਢਲਾਡਾ ਦਾ ਜ਼ਿੰਮੇਵਾਰ ਆਗੂ ਸੀ। ਸੰਘਰਸ਼ਾਂ ਸਮੇਂ ਦੀ ਪੁਸਤਕ ਵਿਚ ਕੁਲਰੀਆ ਦੇ ਹੋਰ ਸਾਥੀਆਂ ਦੀ ਵੀ ਗਾਥਾ ਹੈ ।ਡਾ. ਜਗਤਾਰ ਸਿੰਘ ਜੋਗਾ ਦੀ ਮਿੰਦਰ ਪਾਲ ਭੱਠਲ ਨਾਲ ਹੋਈ ਗੱਲਬਾਤ ਵਿਚ ਮੱਘਰ ਸਿੰਘ ਕੁਲਰੀਆ ਦੀ ਸਾਹਿਤ ਸਿਰਜਨਾ ਦੀ ਚਰਚਾ ਕੀਤੀ ਹੈ। ਇਸ ਪ੍ਰਸੰਗ ਵਿਚ ਨਾਟਕ ਕਲਾ ਕੇਂਦਰ ਬਰਨਾਲਾ ਨਾਲ ਜੁੜਨ ਦੀ ਜਾਣਕਾਰੀ ਹੈ ।ਜਗਰੂਪ ਸਿੰਘ ਝੁਨੀਰ, ਸੁਖਦੇਵ ਸਿੰਘ ਪਾਂਧੀ, ਮਾਸਟਰ ਖੇਤਾ ਸਿੰਘ, ਹਰਦੇਵ ਸਿੰਘ ਕੁਬੇ, ਚੰਦ ਸਿੰਘ ਭੁਪਾਲ ਨੇ ਇਸ ਅਧਿਆਇ ਵਿਚ ਮੱਘਰ ਸਿੰਘ ਦੀ ਸ਼ਖਸੀਅਤ ਦੇ ਕਈ ਪੱਖ ਲਿਖੇ ਹਨ।

ਪੁਸਤਕ ਦੇ ਦੂਸਰੇ ਅਧਿਆਇ ਵਿਚ ਮੱਘਰ ਸਿੰਘ ਦੀ ਪਤਨੀ ਗਮਦੂਰ ਕੌਰ, ਭੈਣ ਜਸਪਾਲ ਕੌਰ, ਭਰਾ ਗੁਰਦੇਵ ਸਿੰਘ ਤੇ ਨਾਜ਼ਰ ਸਿੰਘ, ਮਲਕੀਤ ਸਿੰਘ ਤੇ ਹੋਰ ਪਰਵਾਰਕ ਜੀਆਂ ਨੇ ਮੱਘਰ ਸਿੰਘ ਨੂੰ ਭਾਵਪੂਰਤ ਸ਼ਬਦਾਂ ਵਿਚ ਯਾਦ ਕੀਤਾ ਹੈ।

ਤੀਸਰੇ ਅਧਿਆਇ ਵਿਚ 16 ਵਾਰਤਕ ਲਿਖਤਾਂ ਹਨ ।ਇਨ੍ਹਾਂ ਵਿਚ ਸੁਖਦੇਵ ਸਿੰਘ ਭੁਪਾਲ ਨੇ ਲੋਕ ਲਹਿਰਾਂ ਦੇ ਪ੍ਰਸੰਗ ਵਿਚ ਮੱਘਰ ਸਿੰਘ ਦੀਆਂ ਯਾਦਾਂ ਤਾਜ਼ਾ ਕੀਤੀਆਂ ਹਨ। ਇਸ ਵਿਚ ਮਾਰਕਸਵਾਦ ਦੀ ਚਰਚਾ ਵੀ ਹੈ। ਕਮਿਊਨਿਸਟ ਪਾਰਟੀਆਂ ਦੇ ਰੋਲ ਦਾ ਇਤਿਹਾਸ ਹੈ। 24 ਜੁਲਾਈ 1985 ਨੂੰ ਇਤਿਹਾਸਕ ਰਾਜੀਵ-ਲੌਂਗੋਵਾਲ ਸਮਝੌਤੇ ਦਾ ਜ਼ਿਕਰ ਮਿਲਦਾ ਹੈ । ਅਜਾਇਬ ਸਿੰਘ ਟਿਵਾਣਾ ਨੇ ਆਪਣੇ ਲੇਖ ਵਿਚ ਮੱਘਰ ਸਿੰਘ ਨੂੰ ਬੁਲੰਦ ਆਵਾਜ਼ ਕਿਹਾ ਹੈ। ਨਾਵਲਕਾਰ ਓਮ ਪ੍ਰਕਾਸ਼ ਗਾਸੋ ਨੇ ਮੱਘਰ ਸਿੰਘ ਕੁਲਰੀਆ ਦੇ ਜ਼ਿੰਦਗੀ ਵਿਚ ਲਏ ਅਹਿਦਨਾਮਿਆਂ ਦੀ ਚਰਚਾ ਕੀਤੀ ਹੈ ।ਲੇਖਕ ਦਾ ਵਿਚਾਰ ਹੈ ਕਿ ਮੱਘਰ ਸਿੰਘ ਕੋਲ ਜ਼ਿੰਦਗੀ ਦੀ ਅੱਖ ਸੀ। ਉਹ ਸਹਿਜ ਸੁਭਾਅ ਵਾਲਾ ਬੰਦਾ ਸੀ। ਕਰੋਧ ਉਸ ਦੇ ਨੇੜੇ ਨਹੀਂ ਸੀ ਆਇਆ ।ਸਹਿਜ ਬਿਰਤੀ ਮੱਘਰ ਸਿੰਘ ਦਾ ਵਿਸ਼ੇਸ਼ ਗੁਣ ਸੀ ।ਲਖਵਿੰਦਰ ਸਿੰਘ ਅਨੁਸਾਰ ਮੱਘਰ ਸਿੰਘ ਕੁਲਰੀਆ ਕੁਰਬਾਨੀ ਵਾਲਾ ਸ਼ਖਸ ਸੀ ।ਇਸ ਤੋਂ ਇਲਾਵਾ ਸੁਖਦਰਸ਼ਨ ਨੱਤ, ਰਣਜੀਤ ਲਹਿਰਾ, ਪੱਤਰਕਾਰ ਹਮੀਰ ਸਿੰਘ ਨੇ ਮੱਘਰ ਸਿੰਘ ਕੁਲਰੀਆ ਦੀ ਸ਼ਖਸੀਅਤ ਦੇ ਕਈ ਪੱਖ ਉਜਾਗਰ ਕੀਤੇ ਹਨ ।ਨਰਾਇਣ ਦੱਤ ਦੀ ਦ੍ਰਿਸ਼ਟੀ ਵਿਚ ਮੱਘਰ ਸਿੰਘ ਕੁਲਰੀਆ ਹਕੂਮਤ ਦੀਆਂ ਅੱਖਾਂ ਵਿਚ ਰੜਕਦਾ ਸੀ। ਮੱਘਰ ਸਿੰਘ ਦੀ ਭੈਣ ਮਨਜੀਤ ਕੌਰ ਜਖੇਪਲ ਨੇ ਆਪਣੇ ਵੀਰ ਦੇ ਗੁਣਾਂ ਦੀ ਵਡਿਆਈ ਕੀਤੀ ਹੈ । ਕੁਝ ਦਿਲਚਸਪ ਘਟਨਾਵਾਂ ਦਾ ਜ਼ਿਕਰ ਹੈ । ਭਾਵੇਂ ਕੁਝ ਲੇਖਾਂ ਵਿਚ ਦੁਹਰਾਓ ਹੈ, ਜੋ ਕਿ ਸੁਭਾਵਕ ਹੈ ਕਿਉਂਕਿ ਇਕੋ ਸ਼ਖਸ ਬਾਰੇ ਸਾਰੇ ਵਿਦਵਾਨਾਂ ਦੇ ਵਿਚਾਰ ਹਨ। ਪੁਸਤਕ ਦੇ ਪੰਨੇ 203—220 ਵਿਚ 24 ਨਾਮਵਰ ਸ਼ਖਸੀਅਤਾਂ ਨੇ ਮੱਘਰ ਸਿੰਘ ਨਾਲ ਆਪਣੀ ਨੇੜਤਾ ਦਾ ਜ਼ਿਕਰ ਕੀਤਾ ਹੈ ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਬਾਲ ਤਰੰਗਾਂ

**ਬਲਵਿੰਦਰ ਸਿੰਘ ਜੰਮੂ**
**ਸਫੇ-56, ਮੁੱਲ-160 ਰੁਪਏ**
**ਆਜ਼ਾਦ ਬੁੱਕ ਡਿਪੂ, ਅੰਮ੍ਰਿਤਸਰ**

ਬਲਵਿੰਦਰ ਸਿੰਘ ਜੰਮੂ ਪੰਜਾਬ ਤੋਂ ਬਾਹਰ ਜੰਮੂ ਕਸ਼ਮੀਰ ਵਿੱਚ ਪੰਜਾਬੀ ਸਾਹਿਤ ਦੇ ਪ੍ਰਚਾਰ ਅਤੇ ਪਸਾਰ ਲਈ ਵਚਨਬੱਧ ਹਨ। ਉਹਨਾਂ ਨੇ ਹੁਣ ਤੱਕ ਪ੍ਰੋੜ੍ਹ ਸਹਿਤ (ਮਨ ਮੰਦਰ-ਕਾਵਿ ਸੰਗ੍ਰਹਿ, ਯਾਦਾਂ-ਕਾਵਿ ਸੰਗ੍ਰਹਿ, ਮਿੱਤਰਾਂ ਨਾਲ ਬਹਾਰਾਂ-ਬਾਲ ਗੀਤ) ਲਿਖਣ ਦੇ ਨਾਲ-ਨਾਲ ਹੱਥਲੀ ਪੁਸਤਕ 'ਬਾਲ ਤਰੰਗਾਂ' ਦੀ ਰਚਨਾ ਕੀਤੀ ਹੈ। ਇਹ ਪੁਸਤਕ ਬਾਲ ਮਨ ਦੀਆਂ ਮਨੋਭਾਵਨਾਵਾਂ ਨੂੰ ਉਜਾਗਰ ਕਰਦੀ ਹੈ। ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਨੂੰ ਦਰਸਾਉਂਦੀਆਂ ਬੱਚਿਆਂ ਦੇ ਪੱਧਰ ਦੀਆਂ ਕੁੱਲ ਚੌਵੀ ਕਵਿਤਾਵਾਂ ਹਨ। ਸਾਰੀਆਂ ਕਵਿਤਾਵਾਂ ਰੌਚਿਕ ਹਨ। ਸਹਿਜੇ ਹੀ ਬੱਚਿਆਂ ਦੀ ਮਾਨਸਿਕਤਾ ਦੇ ਨਾਲ ਢੁੱਕਦੀਆਂ ਹਨ। ਕਵਿਤਾਵਾਂ ਦੀ ਭਾਸ਼ਾ ਸਰਲ ਹੈ। ਹਰ ਕਵਿਤਾ ਕਵੀ ਨੇ ਬਾਲ ਮਨ ਦੇ ਬੌਧਿਕ ਪੱਧਰ ਤੱਕ ਸਿਰਜੀ ਹੈ। ਹਰ ਕਵਿਤਾ ਵਿੱਚ ਬੱਚਿਆਂ ਲਈ ਕੋਈ ਨਾ ਕੋਈ ਸਾਰਥਿਕ ਸੁਨੇਹਾ ਹੈ। 'ਚੌਕੀਦਾਰ' ਕਵਿਤਾ ਵਿੱਚ ਦਿਨ-ਰਾਤ ਮਿਹਨਤ ਕਰਨ ਦਾ ਸੁਨੇਹਾ ਝਲਕਦਾ ਹੈ। 'ਬਸੰਤ ਬਹਾਰ' ਕਵਿਤਾ ਵਿੱਚ ਕਵੀਜਨ ਨੇ ਫੁੱਲਾਂ ਦੀ ਗੱਲ ਕਰਨ ਦੇ ਨਾਲ-ਨਾਲ ਭਾਰਤ ਦੀਆਂ ਰੁੱਤਾਂ ਦੀ ਵੀ ਗੱਲ ਕੀਤੀ ਹੈ।

ਬਲਵਿੰਦਰ ਸਿੰਘ ਜੰਮੂ ਆਪਣੇ ਵਾਤਾਵਰਨ ਅਤੇ ਆਲ਼ੇ-ਦੁਆਲ਼ੇ ਦੀ ਸਫ਼ਾਈ ਰੱਖਣ ਲਈ ਬੱਚਿਆਂ ਨੂੰ 'ਬੱਚਿਓ ਰੱਖੋ ਸਾਫ਼ ਸਫਾਈ' ਦੀ ਕਵਿਤਾ ਵਿੱਚ ਸਫਾਈ ਰੱਖਣ ਲਈ ਪ੍ਰੇਰਿਤ ਕਰਦੇ ਹਨ। ਕਵੀ ਵਾਤਾਵਰਨ ਪ੍ਰਤੀ ਸੰਜੀਦਾ ਹੋਣ ਕਰਕੇ ਬੱਚਿਆਂ ਨੂੰ 'ਆਓ ਬੱਚਿਓ ਮੈਂ ਸੁਣਾਵਾਂ ਕਵਿਤਾ' ਵਿੱਚ ਰੁੱਖਾਂ ਦੀਆਂ ਗੱਲਾਂ ਕਰਦਾ ਹੋਇਆ ਰੁੱਖਾਂ ਦੀ ਮਹੱਤਤਾ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਂਦਾ ਹੈ। 'ਵੀਰ ਦਾ ਵਿਆਹ', 'ਪਾਪਾ ਨਵਾਂ ਘਰ ਬਣਾਓ', 'ਨਵਾਂ ਸੂਟ ਹੈ ਲੈਣਾ' ਕਵਿਤਾਵਾਂ ਵਿੱਚ ਕਵੀ ਬੱਚਿਆਂ ਨੂੰ ਸਮਾਜਿਕ ਵਰਤਾਰੇ ਪ੍ਰਤੀ ਜਾਗਰੂਕ ਕਰਨ ਦੇ ਨਾਲ ਰਿਸ਼ਤਿਆਂ ਦੀ ਵੀ ਅਹਿਮੀਅਤ ਦੱਸਦਾ ਹੈ। ਕਵੀ ਮਾਂ ਦੇ ਪਿਆਰ ਨੂੰ ਸਮਰਪਿਤ 'ਮੇਰੀ ਮੰਮੀ', 'ਮੰਮੀ ਚੱਲ ਚੱਲੀਏ ਬਾਜ਼ਾਰ' ਕਵਿਤਾਵਾਂ ਰਾਹੀਂ ਮਾਂ ਦੀ ਮੁਹੱਬਤ ਦਾ ਜ਼ਿਕਰ ਕਰਦਾ ਹੈ। 'ਬਾਲ ਤਰੰਗਾਂ' (ਬਾਲ ਕਾਵਿ ਸੰਗ੍ਰਹਿ) ਦੀਆਂ ਸਾਰੀਆਂ ਕਵਿਤਾਵਾਂ ਬਾਲ ਮਨ ਨੂੰ ਰਿਸ਼ਤਿਆਂ ਨਾਲ, ਕੁਦਰਤ ਨਾਲ ਅਤੇ ਸਮਾਜ ਨਾਲ ਇਕਮਿਕ ਹੁੰਦੇ ਹੋਏ ਭਵਿੱਖ ਦੇ ਚੰਗੇ ਨਾਗਰਿਕ ਦੀ ਸਿਰਜਣਾ ਕਰਨ ਵੱਲ ਸੁਚੱਜੇ ਕਦਮ ਪੁੱਟਦੀਆਂ ਹਨ। ਇਸ ਪੁਸਤਕ ਦੀ ਇੱਕ ਖ਼ਾਸੀਅਤ ਇਹ ਹੈ ਕਿ ਸਾਰੀਆਂ ਕਵਿਤਾਵਾਂ ਦੇ ਨਾਲ ਵਿਸ਼ਿਆਂ ਨੂੰ ਦਰਸਾਉਂਦੀਆਂ ਹੋਈਆਂ ਸੁੰਦਰ ਤਸਵੀਰਾਂ ਵੀ ਹਨ, ਜੋ ਬਾਲ ਮਨ ਨੂੰ ਆਕਰਸ਼ਿਤ ਕਰਨ ਦੇ ਨਾਲ ਰੌਚਿਕਤਾ ਵੀ ਪੈਦਾ ਕਰਦੀਆਂ ਹਨ। 'ਮਾਨਸਰ ਝੀਲ' ਕਵਿਤਾ ਕੁਦਰਤ ਦੇ ਸੁੰਦਰ ਨਮੂਨੇ ਨੂੰ ਪੇਸ਼ ਕਰਦੀ ਹੈ। 'ਮੇਰਾ ਦੇਸ਼ ਹੈ ਸਭ ਤੋਂ ਪਿਆਰਾ' ਕਵਿਤਾ ਵਿੱਚ ਭਾਈਚਾਰਕ ਸਾਂਝ ਦੀ ਗੱਲ ਕੀਤੀ ਗਈ ਹੈ। ਬਾਲ ਕਾਵਿ ਸੰਗ੍ਰਹਿ ਬਾਲ ਸਾਹਿਤ ਵਿੱਚ ਯਕੀਨਨ ਆਪਣੀ ਨਿੱਗਰ ਪੈੜ ਪਾਉਂਦੀ ਹੈ। ਲੇਖਕ ਬਲਵਿੰਦਰ ਸਿੰਘ ਜੰਮੂ ਇਸ ਕਾਰਜ ਲਈ ਵਧਾਈ ਦੇ ਹੱਕਦਾਰ ਹਨ।

**— ਅੰਮ੍ਰਿਤਪਾਲ ਕਲੇਰ**

## ਦੇਵ : ਸ਼ਬਦ ਅਕਾਰ

**ਸੰਪਾਦਤ : ਡਾ. ਰਘਬੀਰ ਸਿੰਘ**
**ਮੁੱਲ : 500, ਪੰਨੇ : 208**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**




ਦੇਵ ਸੰਵੇਦਨਾ ਭਰਪੂਰ ਸ਼ਾਇਰ ਤੇ ਚਿੱਤਰਕਾਰ ਹੈ। ਉਹ ਸ਼ਬਦਾਂ ਨਾਲ ਚਿੱਤਰ ਵਾਹ ਦਿੰਦੇ ਹੈ ਤੇ ਚਿੱਤਰਾਂ ਵਿੱਚ ਕਵਿਤਾ ਕਹਿ ਦਿੰਦਾ ਹੈ। ਉਸ ਦੀ ਕਵਿਤਾ ਤੇ ਸ਼ਖ਼ਸੀਅਤ ਨੂੰ ਸਮਝਣ ਲਈ ਹੱਥਲੀ ਪੁਸਤਕ ਦੀ ਵਿਉਂਤਬੰਦੀ ਕੀਤੀ ਗਈ ਹੈ। ਇਸ ਪੁਸਤਕ ਨੂੰ ਪ੍ਰਸਿੱਧ ਚਿੰਤਕ, ਆਲੋਚਕ ਤੇ 'ਸਿਰਜਣਾ' ਰਸਾਲੇ ਦੇ ਸੰਪਾਦਕ ਡਾ. ਰਘਬੀਰ ਸਿੰਘ ਨੇ ਸੰਪਾਦਤ ਕੀਤਾ ਹੈ। ਕਿਤਾਬ ਦੇ ਮੁਢਲੇ ਸ਼ਬਦ ਵਿੱਚ ਡਾ. ਰਘਬੀਰ ਸਿੰਘ ਨੇ ਦੇਵ ਨੂੰ ਕਲਾ ਅਤੇ ਸਾਹਿਤ ਜਗਤ ਵਿੱਚ ਨਿਵੇਕਲਾ ਵਰਤਾਰਾ ਕਿਹਾ ਹੈ। ਜਿਸਦੀ ਅਮੂਰਤ ਚਿੱਤਰਕਾਰੀ ਨੂੰ ਸਮਝ ਸਕਣਾ ਬੜਾ ਕਠਿਨ ਕਾਰਜ ਹੈ। 'ਸਿਰਜਣਾ' ਰਸਾਲੇ ਦੇ ਹਰ ਅੰਕ ਦੇ ਟਾਇਟਲ ਪੰਨੇ ਉੱਤੇ ਦੇਵ ਦੇ ਚਿੱਤਰਕਾਰ ਵੇਖ ਕੇ ਅਸੀਂ ਉਸ ਦੀ ਚਿੱਤਰਕਾਰੀ ਨੂੰ ਸਮਝ ਸਕਦੇ ਹਾਂ। ਅਗਾਂਹ ਦੇਵ ਦੇ ਸੁਭਾ, ਪਹਿਰਾਵੇ, ਰਿਸ਼ਤਿਆਂ ਬਾਰੇ ਮੰਥਨ ਹੈ। ਜਦੋਂ ਦੇਵ ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਦਾ ਹੈ ਤਾਂ ਉਸ ਦੀ ਕਵਿਤਾ ਨੂੰ ਗੰਭੀਰਤਾ ਨਾਲ ਸਮਝਿਆ ਜਾਣ ਲੱਗ ਪੈਂਦਾ ਹੈ। ਡਾ. ਰਘਬੀਰ ਸਿੰਘ ਇਕ ਥਾਂ ਲਿਖਦੇ ਹਨ, "ਕਵਿਤਾ, ਚਿੱਤਰਕਾਰੀ ਦੇ ਖੇਤਰ ਵਿਚ ਪ੍ਰਵੇਸ਼ ਕਰਨ ਦੇ ਛੇਤੀ ਹੀ ਮਗਰੋਂ ਦੇਵ ਇਕ ਨਿਵੇਕਲੀ ਸ਼ਖ਼ਸੀਅਤ ਵਜੋਂ ਚਰਚਾ ਵਿਚ ਆ ਗਿਆ ਸੀ। 2005 ਵਿੱਚ ਰਘਬੀਰ ਸਿੰਘ ਹੁਰਾਂ 'ਦੇਵ, ਕਾਵਿ ਤੇ ਕਲਾ' ਪੁਸਤਕ ਸੰਪਾਦਤ ਕੀਤੀ ਸੀ। ਉਸ ਪੁਸਤਕ ਵਿੱਚ ਕਾਫੀ ਸਾਰੇ ਵਾਧੇ ਕਰਕੇ ਤੇ ਕੁਝ ਤਬਦੀਲੀਆਂ ਕਰਕੇ ਨਵੇਂ ਨਾਂ ਹੇਠ ਮੁੜ ਪ੍ਰਕਾਸ਼ਤ ਕੀਤਾ ਗਿਆ ਹੈ।

ਡਾ. ਰਘਬੀਰ ਸਿੰਘ ਵੱਲੋਂ ਲਿਖੇ ਲੇਖ 'ਹੁਣ ਤੋਂ ਪਹਿਲਾਂ' ਦੀ ਗੱਲ' 'ਚ ਦੇਵ ਦੀ ਸਮੁੱਚੀ ਕਵਿਤਾ ਦੇ ਅਛੂਤੇ ਨੁਕਤਿਆ ਨੂੰ ਵਿਸਥਾਰ ਨਾਲ ਸਮਝਿਆ ਗਿਆ ਹੈ। ਪੰਜ ਪੁਸਤਕਾਂ ਦੀ ਸਮੱਗਰ ਯਾਤਰਾ ਨੂੰ ਬਦਲਦੇ ਯਥਾਰਥ ਵਿੱਚ ਉਸ ਦੀ ਕਵਿਤਾ ਦੀ ਵਸਤੂ-ਸਮੱਗਰੀ ਤੇ ਦ੍ਰਿਸ਼ਟੀਆਂ ਵਿੱਚ ਜੋ ਤਬਦੀਲੀ ਆਉਂਦੀ ਹੈ ਰਘਬੀਰ ਸਿੰਘ ਨੇ ਉਸ ਨੂੰ ਸਮਝਿਆ ਹੈ। ਡਾ. ਸੁਤਿੰਦਰ ਸਿੰਘ ਨੂਰ ਨੇ 'ਦੇਵ ਦੀ ਕਵਿਤਾ ਦਾ ਪੈਰਾਡਾਈਮ' ਸਿਰਲੇਖ ਅਧੀਨ 1970 ਵਿੱਚ ਛਪੇ ਦੇਵ ਦੇ ਪਹਿਲੇ ਸੰਗ੍ਰਹਿ 'ਵਿਦਰੋਹ' ਨੂੰ ਸਮਝਿਆ ਹੈ ਜਦੋਂ ਸਮੁੱਚਾ ਪੰਜਾਬੀ ਸਾਹਿਤ ਪਰਿਵਰਤਨ ਦੇ ਦੌਰ ਵਿੱਚ ਲੰਘ ਰਿਹਾ ਸੀ। ਨੂਰ ਆਪਣੇ ਥੀਸਸ ਵਿੱਚ ਇਹ ਸਿੱਧ ਕਰਦਾ ਹੈ ਕਿਵੇਂ ਦੇਵ 'ਵਿਦਰੋਹ' ਰਾਹੀਂ ਆਪਣਾ ਵੱਖਰਾ ਪੈਰਾਡਾਈਮ ਸਿਰਜਦਾ ਹੋਇਆ ਆਪਣੀ ਪਹਿਚਾਨ ਬਣਾਉਂਦਾ ਹੈ। ਜਦੋਂ ਡਾ. ਯੋਗਰਾਜ 'ਦੇਵ ਦੀ ਕਵਿਤਾ : ਮਹਾਂ-ਬਿਰਤਾਂਤਾਂ ਦੇ ਭਰਮਾਂ ਦਾ ਵਿਸਫੋਟ' ਕਹਿ ਕੇ ਹੋਰ ਅਗਾਂਹ ਦੀ ਗੱਲ ਕਰਦਾ ਹੈ ਕਿ ਕਿਵੇਂ ਦੇਵ ਕਵਿਤਾ ਸਿਰਜਦਿਆਂ ਵਰਤਮਾਨ, ਰਾਜਨੀਤੀ, ਸੱਭਿਆਚਾਰਕ ਰਵਾਇਤਾਂ, ਪ੍ਰਵਚਨਾਂ, ਸੱਤਾ ਧਾਰਮਿਕ ਪ੍ਰਪੰਚਾਂ ਤੇ ਕਾਟਾ ਫੇਰਦਾ ਹੈ। ਯਾਦਵਿੰਦਰ ਸਿੰਘ ਦੇ ਲੇਖ 'ਦੇਵ ਰੰਗ, ਸ਼ਬਦ, ਸਫ਼ਰ' ਵੱਖਰੀ ਭਾਂਤ ਦਾ ਲੇਖ ਹੈ। ਜਿਸ ਵਿੱਚ ਦੇਵ ਦੇ ਸੁਭਾ, ਵਿਸ਼ਵੀ ਚਿੰਤਨ, ਅਤੇ ਕਲਾ ਦੇ ਰਹੱਸਾ ਦੀ ਥਾਹ ਪਾਉਂਦਾ ਹੈ। ਦੇਵ ਨੂੰ ਸਮਝਣ ਲਈ ਉਹ ਸਲਮਾਨ ਰਸ਼ਦੀ ਦੇ ਨਾਵਲ 'ਮਿਡਨਾਇਟਸ ਚਿਲਡਰਨ' ਦੀ ਧਾਰਨਾ ਵਿਕਸਿਤ ਕਰਦਾ ਹੋਇਆ ਜਰਮਨ ਫ਼ਿਲਾਸਫਰ ਅਡਾਰਨੋ ਤੱਕ ਚਲੇ ਜਾਂਦਾ ਹੈ। ਪ੍ਰਸਿੱਧ ਚਿੰਤਕ ਡਾ. ਸਰਬਜੀਤ ਸਿੰਘ ਆਪਣੇ ਲੇਖ 'ਤਲਾਸ਼, ਪਿਆਸ ਤੇ ਪਰਵਾਜ਼ : ਸਫ਼ਰ' ਰਾਹੀ ਦੇਵ ਦੇ ਸਵੈ ਨੂੰ ਸਮਝਦਾ ਹੈ। ਉਹ ਦੇਵ ਨੂੰ ਰਵਾਇਤ ਭੰਨ ਕੇ ਨਵੀਂ ਰਵਾਇਤ ਸਿਰਜਣ ਵਾਲਾ ਕਵੀ ਕਹਿੰਦਾ ਹੋਇਆ ਉਸ ਵਿੱਚ ਦੇਵ ਦੇ ਤਲਖ਼ ਅਨੁਭਵ ਤੇ ਤੇਜ਼ਾਬੀ ਵਿਦਰੋਹ ਦੀ ਨਿਸ਼ਾਨਦੇਹੀ ਕਰਦਾ ਹੈ।

ਕਿਤਾਬ ਵਿੱਚ ਡਾ. ਰਜਿੰਦਰਪਾਲ ਸਿੰਘ ਬਰਾੜ ਅਤੇ ਡਾ. ਸਾਧੂ ਸਿੰਘ ਦੇ ਦੋ ਸ਼ਬਦ ਚਿੱਤਰ ਦੇਵ ਦੇ ਅਨੇਕਾਂ ਪੱਖਾਂ ਨੂੰ ਸਾਡੇ ਸਾਹਮਣੇ ਪੇਸ਼ ਕਰ ਜਾਂਦੇ ਹਨ। ਬਰਾੜ ਨੇ ਦੇਵ ਦੇ ਸੁਭਾ, ਰੰਗਾਂ ਨਾਲ ਸਾਂਝ, ਵੱਖ ਵੱਖ ਯਾਤਰਾਂ ਦੇ ਪੜ੍ਹਾ, ਪੈਰਾਂ ਦੀ ਭਟਕਣ ਤੇ ਹੋਰ ਸੁਭਾ ਦੇ ਪੱਖਾਂ ਨੂੰ ਰੌਚਿਕਤਾ ਨਾਲ ਬਿਆਨ ਕੀਤਾ ਹੈ। ਸਾਧੂ ਸਿੰਘ ਨੇ ਵੀ ਦੇਵ ਦੇ ਹਨੇਰੇ ਕੋਨਿਆਂ ਉੱਤੇ ਆਪਣੀ ਅਨੁਭਵੀ ਟਾਰਚ ਨਾਲ ਰੌਸ਼ਨੀ ਪਾਈ ਹੈ। ਹਰਜੀਤ ਸਿੰਘ ਦੀ ਲਿਖਤ 'ਹਲਟੀ ਵਾਲਾ ਘਰ' ਵੀ ਵੱਖਰੀ ਭਾਂਤ ਦੀ ਹੈ। ਜਿਸ ਵਿੱਚ ਉਸ ਨੇ ਦੇਵ ਦੇ ਜਗਰਾਉਂ ਵਾਲੇ ਮੁੱਢਲੇ ਦਿਨਾਂ ਨੂੰ ਚੇਤੇ ਕੀਤਾ ਹੈ। ਦੇਵ ਨੂੰ ਸਮਝਣ ਵਾਲੀ ਤੀਜੀ ਲਿਖਤ ਸੁਕੀਰਤ ਆਨੰਦ ਹੁਰਾਂ ਦੀ ਦੇਵ ਨਾਲ ਕੀਤੀ ਮੁਲਾਕਾਤ ਹੈ। ਸੁਕੀਰਤ-ਦੇਵ ਦਾ ਲੰਮਾ ਵਾਰਤਾਲਾਪ ਦੇਵ ਦੇ ਬਹੁਤ ਸਾਰੇ ਪੱਖਾਂ ਨੂੰ ਪਾਠਕਾਂ ਅੱਗੇ ਰੱਖ ਦਿੱਦਾ ਹੈ। ਜਿਹਦੇ ਵਿੱਚ ਉਹਦੀ ਕਲਾ, ਕਵਿਤਾ ਬਾਰੇ ਤੇ ਨਿੱਜੀ ਜ਼ਿੰਦਗੀ ਦੇ ਸਵਾਲ ਹਨ ਜਿਨ੍ਹਾਂ ਦਾ ਉੱਤਰ ਦੇਵ ਨੇ ਬੜੀ ਸੁਹਿਰਦਤਾ ਨਾਲ ਦਿੱਤਾ ਹੈ। ਉੱਤਰ ਦਿੰਦਿਆਂ ਦੇਵ ਕਹਿੰਦਾ ਹੈ ਕਿ ਮੇਰਾ ਰਸਮੀ ਵਿਆਹ ਵਿਚ ਮੇਰਾ ਕੋਈ ਯਕੀਨ ਨਹੀਂ। ਮੇਰਾ ਜਨਮਾਂ-ਮਨਮਾਂਤਰਾਂ ਦੇ ਰਿਸ਼ਤਿਆਂ ਵਿਚ ਕੋਈ ਯਕੀਨ ਨਹੀਂ। ਆਪਣੇ ਬੱਚੇ ਸਿਧਾਰਥ ਬਾਰੇ ਉਹ ਕਹਿੰਦਾ ਹੈ, "1970 ਵਿਚ ਜੰਮਿਆ ਸੀ। ਘਰ ਵਿੱਚ ਉਸ ਨੂੰ ਗੋਗੋ ਕਹਿੰਦੇ ਸਨ। ਪੱਤਰਕਾਰ ਹੈ। ਟਾਈਮਜ਼ ਆਫ ਇੰਡੀਆ' ਵਿੱਚ ਕੰਮ ਕਰਦਾ ਹੈ। ਮੇਰੇ ਸਾਹਿਤਕ ਸੰਸਾਰ ਨਾਲ ਉਸ ਦਾ ਕੋਈ ਵਾਸਤਾ ਨਹੀਂ। ਸਾਡੇ ਵਿਚਕਾਰ ਪਿਓ-ਪੁੱਤਰ ਵਾਲਾ ਰਿਸ਼ਤਾ ਨਹੀਂ। ਪਿਓ ਦਾ ਰੋਲ ਨਹੀਂ ਨਿਭਾਉਣਾ ਚਾਹੁੰਦਾ। ਨਾ ਤਾਂ ਮੈਂ ਉਸ ਲਈ ਕੋਈ ਮਾਡਲ ਹੋ ਸਕਦਾ ਹਾਂ ਤੇ ਨਾ ਹੀ ਹੁਣ ਮੈਨੂੰ ਹੱਕ ਹੈ ਕਿ ਪਿਓਪੁਣਾ ਦਿਖਾਵਾਂ।" ਕਮਲਜੀਤ ਕੋਮਲ, ਬੀਰ ਬਹਾਦਰ ਗਰੇਵਾਲ ਨੇ ਵੀ ਦੇਵ ਦੇ ਕੁਝ ਅਛੂਤੇ ਪਹਿਲੂਆਂ ਨੂੰ ਲਿਖਤੀ ਰੂਪ ਦਿੱਤਾ ਹੈ। ਕਿਤਾਬ ਵਿੱਚ ਦੇਵ ਵੱਲੋਂ ਲਿਖੀ ਲਿਖਤ 'ਦੂਹਰੀ ਪ੍ਰਤਿਭਾ ਦੀ ਪ੍ਰਕਿਰਿਆ : ਸੰਸੇ ਤੇ ਸਰੋਕਾਰ' ਵਿੱਚ ਦੇਵ ਨੇ ਆਪਣੀ ਸਿਰਜਣਕਾਰੀ ਤੇ ਆਰਟ ਦੇ ਸਰੋਤਾਂ ਦੀ ਨਿਸ਼ਾਨਦੇਹੀ ਕੀਤੀ ਹੈ।

ਪਰਮਿੰਦਰ ਸਿੰਘ ਸ਼ੌਂਕੀ ਦਾ ਲੇਖ 'ਤਿਕੋਨਾ ਸਫ਼ਰ' ਅਤੇ ਦੇਵ ਦੀ ਅੰਤਰ-ਗਾਥਾ' ਅਤੇ ਡਾ. ਵਨੀਤਾ ਦੇ ਲੇਖ 'ਦੇਵ ਦੀ ਕਵਿਤਾ-ਸ਼ਾਇਰੀ ਦੀ ਪਹਿਚਾਣ ਦੀ ਸੰਰਚਨਾ' ਦੇਵ ਦੀ ਕਵਿਤਾ ਦੇ ਵਿਸ਼ਲੇਸ਼ਣ ਕਰਦੀਆਂ ਲਿਖਤਾਂ ਹਨ। ਦੇਵ ਵੱਲੋਂ ਲਿਖਿਆ 'ਕਵਿਤਾ ਤੇ ਸਿਰਜਣਾ' ਵੱਖਰੀ ਭਾਂਤ ਦਾ ਲੇਖ ਹੈ ਜੋ ਕਵੀ ਦੀ ਵਾਰਤਕੀ ਹੈ। ਉਸ ਨੇ 'ਆਲੋਚਕੀ ਗਿਟ-ਮਿਟ ਤੋਂ ਪੂਰੀ ਤਰ੍ਹਾਂ ਮੁਕਤ ਹੋ ਕੇ ਲਿਖਿਆ ਹੈ। ਉਹ ਆਪਣੇ ਲੇਖ ਵਿੱਚ ਇਹ ਵੀ ਮੰਨਦਾ ਹੈ ਕਿ ਕੋਈ ਵੀ ਕਵੀ ਵੱਡਾ ਜਾਂ ਛੋਟਾ ਨਹੀਂ ਹੁੰਦਾ। ਆਪਣੇ ਲੇਖ 'ਚ ਦੇਵ ਨੇ ਢੇਰ ਸਾਰੇ ਕਵੀਆਂ ਨੂੰ ਚੇਤੇ ਕੀਤਾ ਹੈ। ਸੰਪਾਦਤ ਕਿਤਾਬ ਵਿੱਚ ਡਾ. ਗੁਰਭਗਤ ਸਿੰਘ ਸਮੇਤ ਚਾਰ ਲੇਖ ਅੰਗਰੇਜ਼ੀ ਜ਼ੁਬਾਨ ਵਿੱਚ ਲਿਖੇ ਗਏ ਹਨ। ਜਿਨ੍ਹਾਂ ਵਿੱਚ ਇਕ ਲਿਖਤ ਦੇਵ ਦੀ ਆਪਣੀ ਹੈ। ਕਿਤਾਬ ਦੇ ਸ਼ੁਰੂ ਵਿੱਚ ਰੇਣੁਕਾ ਸਿੰਘ ਦੀ 'ਏ ਪੋਇਟ-ਪੇਂਟਰ' ਸਿਰਲੇਖ ਦੀ ਕਵਿਤਾ ਵੀ ਹੈ। ਦੇਵ ਨੂੰ ਸਮਝਣ ਲਈ ਮਹੱਤਵਪੂਰਨ ਕਿਤਾਬ ਹੈ।

**- ਭਗਵੰਤ ਰਸੂਲਪੁਰੀ (94170-64350)**

# 'ਏਕਮ' ਪੁਰਸਕਾਰ ਸਮਾਰੋਹ



**ਅੰਮ੍ਰਿਤਸਰ**-ਏਕਮ ਸਾਹਿਤ ਮੰਚ ਅੰਮ੍ਰਿਤਸਰ ਵੱਲੋਂ ਸੱਤਵਾਂ ਸਾਲਾਨਾ ਏਕਮ ਪੁਰਸਕਾਰ ਸਮਾਰੋਹ ਭਾਈ ਵੀਰ ਸਿੰਘ ਨਿਵਾਸ ਅਸਥਾਨ ਵਿਖੇ ਕਰਵਾਇਆ ਗਿਆ। ਮੰਚ ਦੀ ਰਵਾਇਤ ਅਨੁਸਾਰ ਇਸ ਵਾਰ ਗੁਰਦੀਪ ਸਿੰਘ ਸੈਣੀ ਨੂੰ ਉਹਨਾਂ ਦੀ ਪਲੇਠੀ ਗ਼ਜ਼ਲ ਦੀ ਪੁਸਤਕ 'ਅੱਜ ਤੋਂ ਬਗ਼ਾਵਤ' ਤੇ ਜਸਵੰਤ ਗਿੱਲ ਸਮਾਲਸਰ ਨੂੰ ਉਸ ਦੀ ਕਵਿਤਾ ਦੀ ਪਹਿਲੀ ਕਿਤਾਬ 'ਜ਼ਿੰਦਗੀ ਦੇ ਪਰਛਾਵੇਂ' ਵਾਸਤੇ ਏਕਮ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਡਾ. ਮੋਹਨ ਤਿਆਗੀ ਮੁੱਖ ਮਹਿਮਾਨ ਤੇ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੀ ਅਸਿਸਟੈਂਟ ਪ੍ਰੋਫੈਸਰ ਡਾ. ਬਲਜੀਤ ਕੌਰ ਰਿਆੜ ਨੇ ਮੰਚ ਸੰਭਾਲਿਆ ਤੇ ਕਥਾਕਾਰ ਜਸਪਾਲ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ। ਇਸ ਤੋਂ ਪਿੱਛੋਂ ਅਰਤਿੰਦਰ ਸੰਧੂ ਨੇ ਏਕਮ ਸਾਹਿਤ ਮੰਚ ਵੱਲੋਂ ਪਹਿਲੇ ਸਮੇਂ ਦੌਰਾਨ ਕੀਤੇ ਗਏ ਸਾਹਿਤਕ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਜਸਵੰਤ ਗਿੱਲ ਦੇ ਵਿਦੇਸ਼ ਵਿੱਚ ਹੋਣ ਕਰਕੇ ਉਹਨਾਂ ਦੇ ਭਰਾ ਸ਼ਾਇਰ ਚਰਨਜੀਤ ਗਿੱਲ ਸਮਾਲਸਰ ਨੇ ਪੁਰਸਕਾਰ ਹਾਸਲ ਕੀਤਾ ਤੇ ਕਵਿਤਾਵਾਂ ਦੀ ਸਾਂਝ ਵੀ ਪਾਈ। ਗੁਰਦੀਪ ਸਿੰਘ ਸੈਣੀ ਦੀ ਕਿਤਾਬ ਬਾਰੇ ਏਕਮ ਸਾਹਿਤ ਮੰਚ ਵੱਲੋਂ ਸ਼ਾਇਰ ਮਲਕੀਤ ਰਾਸੀ ਤੇ ਜਸਵੰਤ ਗਿੱਲ ਦੀ ਕਿਤਾਬ ਬਾਰੇ ਸ਼ਾਇਰਾ ਵਿਜੇਤਾ ਰਾਜ ਨੇ ਆਪਣੇ ਵਿਚਾਰ ਪਰਗਟ ਕੀਤੇ। ਡਾ. ਮੋਹਨ ਤਿਆਗੀ ਨੇ ਕਿਹਾ ਕਿ ਅਜਿਹੇ ਮੁਸ਼ਕਲਾਂ ਭਰੇ ਸਮੇਂ ਵਿੱਚ ਸ਼ਾਇਰਾਂ ਦੀ ਸਮਾਜ ਨੂੰ ਸੇਧ ਦੇਣ ਵਾਸਤੇ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ। ਕੇਵਲ ਧਾਲੀਵਾਲ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਜਦੋਂ ਲੇਖਕ ਦਾ ਰਿਸ਼ਤਾ ਕਾਗਜ਼ ਦੀ ਥਾਂ ਮੋਬਾਇਲ ਤੇ ਤਕਨੀਕ 'ਤੇ ਨਿਰਭਰ ਹੁੰਦਾ ਜਾ ਰਿਹਾ ਹੈ ਤਾਂ ਸਾਡਾ ਫ਼ਿਕਰ ਕਰਨਾ ਬਣਦਾ ਹੈ। ਕੰਵਰ ਜਸਮਿੰਦਰ ਪਾਲ ਤੇ ਭਿੰਦਰ ਸਿੰਘ ਸੋਹੀ ਨੂੰ ਏਕਮ ਸਾਹਿਤ ਮੰਚ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਆਖ਼ਰ ਵਿੱਚ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ ਤੇ ਸਨਮਾਨਿਤ ਸ਼ਾਇਰਾਂ ਨੂੰ ਏਕਮ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਿਤ ਸ਼ਖ਼ਸੀਅਤਾਂ ਦੇ ਨਾਲ ਆਏ ਹੋਏ ਲੇਖਕਾਂ ਨੂੰ ਵੀ ਏਕਮ ਸਾਹਿਤ ਮੰਚ ਵੱਲੋਂ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।

ਇਸ ਦੌਰਾਨ ਇੰਦਰ ਸਿੰਘ ਰਾਜ਼ ਦੀ 'ਤਰਜ਼-ਏ-ਜ਼ਿੰਦਗੀ', ਸੁਖਦੇਵ ਸਿੰਘ ਝੰਡ ਦੀ 'ਪਾਕਿਸਤਾਨ ਫੇਰੀ ਦੀਆਂ ਯਾਦਾਂ' ਤੇ ਮਨਮੋਹਨ ਸਿੰਘ ਢਿੱਲੋਂ ਦੀਆਂ ਤਿੰਨ ਵਾਰਤਕ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ। ਅੰਤ ਵਿੱਚ ਕੰਵਲਪ੍ਰੀਤ ਕੌਰ ਥਿੰਦ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ ਤੇ ਬਲਜੀਤ ਰਿਆੜ ਦੇ ਸੰਤੁਲਿਤ ਮੰਚ ਸੰਚਾਲਨ ਨਾਲ ਪ੍ਰੋਗਰਾਮ ਸੰਪੰਨ ਹੋਇਆ।

# ਨਾਟ ਨਿਰਦੇਸ਼ਕ ਸੰਜੀਵਨ ਨਾਲ ਰੂਬਰੂ



**ਚੰਡੀਗੜ੍ਹ**-ਪਹਿਲੀ ਗੱਲ ਤਾਂ ਮੈਂ ਜੀਵਨ ਵਿਚ ਅਜਿਹਾ ਕੁੱਝ ਵੀ ਨਹੀਂ, ਜਿਸ ਬਾਰੇ ਕੁੱਝ ਲਿਖਿਆ ਜਾਵੇ, ਜੇ ਕਦੇ ਲਿਖਿਆ ਤਾਂ ਉਸ ਦਾ ਰੂਪ ਨਾਟਕ ਹੋਵੇਗਾ। ਨਾਟਕ ਹੋਵੇਗਾ 'ਗੰਦਾ-ਬੰਦਾ'। ਇਹ ਖੁਲਾਸਾ ਕੀਤਾ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਨੇ। ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵੱਲੋਂ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ ਵਿਖੇ ਨਾਟ ਨਿਰਦੇਸ਼ਕ ਸੰਜੀਵਨ ਦੇ ਕਰਵਾਏ ਰੂ-ਬ-ਰੂ ਸਮਾਰੋਹ ਦੌਰਾਨ ਇਕ ਸਵਾਲ ਦੇ ਜਵਾਬ 'ਚ ਕਿਹਾ ਕਿ ਜਦੋਂ ਕਦੇ ਆਪਣੇ ਜੀਵਨ ਬਾਰੇ ਲਿਖਿਆ ਤਾਂ ਉਹ ਨਾਟਕ 'ਗੰਦਾ ਬੰਦਾ' ਹੋਵੇਗਾ। ਹੋਰ ਵੀ ਕਈ ਲੜਕੇ-ਲੜਕੀਆਂ ਨੇ ਰੰਗਮੰਚ, ਸਾਹਿਤ ਅਤੇ ਸਿਆਸਤ ਬਾਰੇ ਗੰਭੀਰ ਪ੍ਰਸ਼ਨ ਉਠਾਏ।

ਨਾਟਕਰਮੀ, ਡੀ.ਡੀ ਪੰਜਾਬੀ ਅਤੇ ਅਕਾਸ਼ਵਾਣੀ ਦੇ ਮੰਚ ਸੰਚਾਲਕ ਗੁਰਵਿੰਦਰ ਸਿੰਘ ਨੇ ਰੂ-ਬ-ਰੂ ਕਰਤਾ ਦਾ ਫਰਜ਼ ਅਦਾ ਕਰਦਿਆਂ ਕਿਹਾ, ਸਾਢੇ ਚਾਰ ਦਹਾਕਿਆਂ ਤੋਂ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਸਰਗਰਮ ਸੰਜੀਵਨ ਪਿਛਲੇ ਢਾਈ ਦਹਾਕਿਆਂ ਤੋਂ ਇਪਟਾ, ਪੰਜਾਬ ਦੀ ਰਹਿਨੁਮਾਈ ਕਰ ਰਿਹਾ ਹੈ।ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਸਿੱਧੂ ਅਤੇ ਟਿੱਕਰੀ ਬੱਲੇ ਕਿਸਾਨ ਅੰਦੋਲਨ ਵਿਚ ਸੰਜੀਵਨ ਨੇ ਇਪਟਾ ਦੇ ਰੰਗਕਰਮੀਆਂ ਨੂੰ ਲੈ ਕੇ ਲੋਕ ਅਤੇ ਕਿਸਾਨ ਮਸਲਿਆਂ ਦਾ ਜ਼ਿਕਰ ਅਤੇ ਫ਼ਿਕਰ ਕਰਦੇ ਨਾਟਕਾਂ, ਨੁੱਕੜ ਨਾਟਕਾਂ ਅਤੇ ਗਾਇਕੀ ਰਾਹੀਂ ਕਿਸਾਨ/ਮਜ਼ਦੂਰ ਅੰਦੋਲਨ ਦਾ ਸਮਰਥਨ ਕੀਤਾ।ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀਮਤੀ ਜਸਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਆਰੰਭੀ ਸਾਹਿਤਕ ਅਤੇ ਰੂ-ਬ-ਰੂ ਸਮਾਗਮਾਂ ਦੀ ਲੜੀ ਵਿਚ ਕਰਵਾਏ ਸੰਜੀਵਨ ਸਿੰਘ ਦਾ ਰੂ-ਬ-ਰੂ ਸਮਾਗਮ ਕਾਲਜ ਦੇ ਪ੍ਰਿੰਸੀਪਲ ਡਾ. ਜਗਸੀਰ ਸਿੰਘ ਤੋਂ ਇਲਾਵਾ ਡਾ. ਪਰਮਜੀਤ ਕੌਰ, ਡਾ. ਹਰਜਿੰਦਰ ਕੌਰ ਦੇ ਉਚੇਚੇ ਯਤਨਾਂ ਨਾਲ ਨੇਪਰੇ ਚੜ੍ਹਿਆ।ਇਪਟਾ, ਪੰਜਾਬ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਰੂਪੋਵਾਲੀ ਨੇ ਆਪਣਾ ਪ੍ਰਧਾਨਗੀ ਭਾਸ਼ਣ ਦਿੱਤਾ। ਇਸ ਸਮਾਗਮ ਵਿਚ ਕਾਲਜ ਦੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਤੋਂ ਇਲਾਵਾ ਇਪਟਾ, ਕਪੂਰਥਲਾ ਦੇ ਪ੍ਰਧਾਨ ਡਾ. ਹਰਭਜਨ ਸਿੰਘ, ਇਪਟਾ ਦੀ ਸੂਬਾ ਸਕੱਤਰ ਸ੍ਰੀਮਤੀ ਸਰਬਜੀਤ ਰੂਪੋਵਾਲੀ, ਸ੍ਰੀਮਤੀ ਰਮਿੰਦਰ ਕੌਰ, ਮਨੀਸ਼ ਕੁਮਾਰ, ਸਲਮਾਨ ਅਤੇ ਸ੍ਰੀਮਤੀ ਸਵਰਾਜ ਕੌਰ ਵੀ ਖ਼ਾਸ ਤੌਰ 'ਤੇ ਸ਼ਾਮਲ ਹੋਏ।

# ਸਮਕਾਲ

## ਕਹਾਣੀ ਧਾਰਾ : ਗੋਸ਼ਟੀ ਪੰਜਾਬੀ ਦਲਿਤ ਸਾਹਿਤ ਚੇਤਨਾ ਤੇ ਚਿੰਤਨ

ਕਹਾਣੀ ਧਾਰਾ-77 (ਅਪ੍ਰੈਲ-ਜੂਨ,2025) ਦੇ ਅੰਕ ਵਿੱਚ 'ਪੰਜਾਬੀ ਦਲਿਤ ਸਾਹਿਤ ਚੇਤਨਾ ਤੇ ਚਿੰਤਨ' ਵਿਸ਼ੇ 'ਤੇ ਗੋਸ਼ਟੀ ਪ੍ਰਕਾਸ਼ਤ ਕੀਤੀ ਗਈ ਹੈ। 39 ਪੰਨਿਆਂ ਉੱਤੇ ਫੈਲੀ ਇਸ ਗੋਸ਼ਟੀ ਵਿੱਚ ਦਲਿਤ ਸਾਹਿਤ ਤੇ ਚਿੰਤਨ ਦੇ ਮਹੱਤਵਪੂਰਨ ਮੁੱਦਿਆਂ ਉੱਤੇ ਵਿਦਵਾਨਾਂ ਨੇ ਆਪਣੀਆਂ ਮੁੱਲਵਾਨ ਧਾਰਨਾਵਾਂ ਪੇਸ਼ ਕੀਤੀਆਂ ਹਨ। ਗੋਸ਼ਟੀ ਵਿੱਚ ਡਾ. ਸਰਬਜੀਤ ਸਿੰਘ, ਡਾ. ਯੋਗਰਾਜ, ਡਾ. ਸਵਰਾਜਬੀਰ, ਅਮਰਜੀਤ ਗਰੇਵਾਲ, ਡਾ. ਜਸਵਿੰਦਰ ਸਿੰਘ, ਡਾ. ਪਰਮਜੀਤ ਕੌਰ ਸਿੱਧੂ, ਡਾ. ਅਵਤਾਰ ਸਿੰਘ, ਡਾ. ਸੁਰਜੀਤ ਸਿੰਘ, ਡਾ. ਪਰਵੀਨ, ਡਾ. ਰੌਣਕੀ ਰਾਮ, ਡਾ. ਭੀਮ ਇੰਦਰ ਸਿੰਘ, ਗੁਰਮੀਤ ਕੱਲਰਮਾਜਰੀ, ਸਾਹਿਬ ਸਿੰਘ ਅਤੇ ਡਾ. ਅਕਸੈ ਕੁਮਾਰ ਨੇ ਮੁੱਲਵਾਨ ਵਿਚਾਰ ਪ੍ਰਗਟ ਕੀਤੇ ਹਨ। ਹੱਥਲੇ ਅੰਕ ਦੀ ਸੰਪਾਦਕੀ ਵਿਛੋੜਾ ਦੇ ਗਏ ਪ੍ਰੇਮ ਪ੍ਰਕਾਸ਼ ਉੱਤੇ ਹੈ 'ਡਿੱਗ ਗਿਆ ਪੰਜਾਬੀ ਕਹਾਣੀ ਦਾ ਥੰਮ' ਸੰਪਾਦਕੀ ਵਿੱਚ ਪ੍ਰੇਮ ਪ੍ਰਕਾਸ਼ ਨੂੰ ਬਤੌਰ ਕਹਾਣੀਕਾਰ ਦੇ ਤੌਰ ਤੇ ਯਾਦ ਕੀਤਾ ਗਿਆ ਹੈ।



ਇਸ ਅੰਕ ਵਿੱਚ ਸੱਤ ਪੰਜਾਬੀ ਤੇ ਦੋ ਅਨੁਵਾਦ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਝੂਠਾ ਗੁਲਾਬ (ਗੈਬਰੀਅਲ ਗਾਰਸ਼ੀਆ ਮਾਰਕੇਜ਼), ਲਾਈਟਸ! ਕੈਮਰਾ! ਐਕਸ਼ਨ!! (ਭਾਲ ਚੰਦਰ ਜੋਸ਼ੀ), ਚੂ..ਹ..ਹ..ੜ..ੜ (ਅੰਬਰ ਹੁਸੈਨੀ), ਜਿਹਨੇ ਮੇਰਾ ਦਿਲ ਲੁੱਟਿਆ (ਜੋਗੇ ਭੰਗਲ), ਮੂਰਤਾਂ ਜਦ ਬੋਲੀਆਂ (ਹਰਮੇਸ਼ ਮਾਲੜੀ), ਦੀਪ (ਰਵਿੰਦਰ ਰੁਪਾਲ ਕੌਲਗੜ੍ਹ), ਜਿਤੁ ਦਿਹਾੜੈ ਧਨ ਵਰੀ (ਲਖਵਿੰਦਰ ਵਿਰਕ ), ਜਾਹ ! ਮੈਂ ਤੈਨੂੰ ਛੱਡਿਆ.. (ਮਨਦੀਪ ਰਿੰਪੀ) ਤੇ ਮੈਲ਼ (ਅਲਫ਼ਾਜ਼) ਕਹਾਣੀਆਂ ਵਿਸ਼ੈ, ਕਲਾ ਪੱਖ ਵਰਗੇ ਪਹਿਲੂਆਂ ਤੋਂ ਮਹੱਤਵਪੂਰਨ ਹਨ। 'ਜਨ ਬੋਧ' ਕਾਲਮ ਵਿੱਚ ਟੀਪੂ ਸਲਮਾਨ ਮਖ਼ਦੂਮ ਦਾ ਲਿਖਿਆ ਲੇਖ 'ਕਰਾਰਦਾਦੇ-ਮਕਾਸਿਦ' ਪ੍ਰਕਾਸ਼ਤ ਹੋਇਆ ਹੈ ਜਿਸ ਦਾ ਪਰਮਜੀਤ ਮੀਸ਼ਾ ਹੁਰਾਂ ਨੇ ਲਿਪੀ ਵਟਾਂਦਰਾ ਕੀਤਾ ਹੈ। ਆਪਣਾ ਘਰ ਤੇ ਪਲ ਦੋ ਪਲ ਕਿਤਾਬਾਂ ਦੇ ਡਾ. ਜਸਵਿੰਦਰ ਕੌਰ ਬਿੰਦਰਾ ਤੇ ਡਾ. ਸੰਦੀਪ ਰਾਣਾ ਵੱਲੋਂ ਲਿਖੇ ਸਮੀਖਿਆ ਲੇਖ ਛਪੇ ਹਨ। ਮੇਰਾ ਸਟੱਡੀ ਟੇਬਲ ਤਹਿਤ 16 ਕਿਤਾਬਾਂ 'ਤੇ ਸੰਖੇਪ ਟਿੱਪਣੀਆਂ ਕੀਤੀਆਂ ਗਈਆਂ ਹਨ। ਹੱਥਲਾ ਅੰਕ ਸੁੰਦਰ ਦਿੱਖ ਨਾਲ ਪ੍ਰਕਾਸ਼ਤ ਹੋਇਆ ਹੈ। ਕਹਾਣੀ ਧਾਰਾ ਦੇ ਹੱਥਲੇ ਅੰਕ ਦੇ ਸਫ਼ੇ 160 ਤੇ ਮੁੱਲ : 100 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ ਕਹਾਣੀ ਧਾਰਾ, ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ-144026, ਪੰਜਾਬ।

ਕਹਾਣੀ ਧਾਰਾ ਦੇ ਸੰਪਾਦਕ : ਭਗਵੰਤ ਰਸੂਲਪੁਰੀ (94170-64350) ਹਨ।

## ਕਲਾਕਾਰ ਸਾਹਿਤਕ : ਛੇ ਕਹਾਣੀਆਂ

ਕਲਾਕਾਰ ਸਾਹਿਤਕ-148 (ਅਪ੍ਰੈਲ-ਜੂਨ, 2025) ਅੰਕ ਵਿੱਚ ਸਿਉਂਕ (ਬਲਬੀਰ ਕੌਰ ਸੰਘੇੜਾ), ਕਰੀਮ ਬਖ਼ਸ਼ (ਮਨਮੋਹਨ ਸਿੰਘ ਦਾਊਂ), ਸਵੇਰ ਦਾ ਭੁੱਲਿਆ (ਸੁਰਿੰਦਰ ਸਿੰਘ ਨੇਕੀ), ਬਿੰਦੀਆ ਚਮਕੇਗੀ (ਰਵਿੰਦਰ ਰੁਪਾਲ ਕੌਲਗੜ੍ਹ), ਚਾਨਣ ਦਾ ਕਤਲ (ਬਾਬੂ ਸਿੰਘ ਰੈਹਲ) ਤੇ ਸਿਰ ਦੀ ਛੱਤ (ਲਾਲ ਸਿੰਘ ਕਲਸੀ) ਦੀਆਂ ਕਹਾਣੀਆਂ ਪ੍ਰਕਾਸ਼ਤ ਹੋਈਆਂ ਹਨ। ਉਸ ਦੇ ਨਾਲ ਸੰਧੂ ਵਰਿਆਣਵੀ, ਗੁਰਦਿਆਲ ਦਲਾਲ, ਗੁਰਦਰਸ਼ਨ, ਕਰਮ ਸਿੰਘ ਜ਼ਖ਼ਮੀ, ਕੰਵਲ ਚੌਹਾਨ, ਹਾਕਮ ਸਿੰਘ ਭੰਗੂ, ਮਹਿੰਦਰ ਸਿੰਘ ਪੰਜੂ, ਚਰਨ ਸਿੰਘ, ਲਕਸ਼ਮੀ ਨਰਾਇਣ ਭੀਖੀ, ਕੰਵਰਜੀਤ ਭੱਠਲ ਤੇ ਸੁਰਜੀਤ ਸਿੰਘ ਮਰਜਾਰਾ ਦੀਆਂ ਕਵਿਤਾਵਾਂ, ਗ਼ਜ਼ਲਾਂ, ਗੀਤ ਪ੍ਰਕਾਸ਼ਤ ਹੋਏ ਹਨ। ਸੁਰਿੰਦਰ ਭੱਠਲ ਦਾ ਰਾਮ ਸਰੂਪ ਸ਼ਰਮਾ ਵੱਲੋਂ ਲਿਖਿਆ ਕਾਵਿ ਚਿੱਤਰ ਛਪਿਆ ਹੈ।



ਜਸਬੀਰ ਭੁੱਲਰ ਦੀ ਸਵੈ ਜੀਵਨੀ 'ਖੰਭਾਂ ਵਾਲਾ ਘੋੜਾ' ਤੇ ਹਰਜੀਤ ਕੌਰ ਵਿਰਕ ਦੇ ਨਾਵਲ 'ਘੱਗਰ ਕੰਢੇ ਦੇ ਕਜ਼ਾਕ' ਦੇ ਕੁਝ ਹਿੱਸੇ ਪ੍ਰਕਾਸ਼ਤ ਕੀਤੇ ਹਨ। ਪਰਗਟ ਸਤੌਜ ਨੇ ਸੱਤ-ਔਜ ਦੀਆਂ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ਹੈ। ਦਲਬੀਰ ਸਿੰਘ ਦਾ ਪੈਂਤੀ ਅੱਖਰੀ 'ਕੱਕਾ-ਕਾਂ, ਕੱਕਾ ਕਬੂਤਰ' ਮਹੱਤਵਪੂਰਨ ਹੈ। ਪਰਖ਼ ਪੜਚੋਲ ਤਹਿਤ ਗੁਲਾਬੀ ਸੁੰਡੀ (ਡਾ. ਭੁਪਿੰਦਰ ਕੌਰ), ਦੋ ਪੁਲਾਂਘਾ ਦੂਰ (ਤੇਜਾ ਸਿੰਘ ਤਿਲਕ), ਲੋਕ ਬੋਲੀਆਂ (ਨਿਰੰਜਨ ਬੋਹਾ), ਅਦਬ (ਰਾਮ ਸਰੂਪ ਸ਼ਰਮਾ), ਮੇਰੀ ਅੱਲੜ੍ਹ ਵਰੇਸ (ਤੇਜਿੰਦਰ ਚੰਡਿਹੋਕ), ਕੁਦਰਤ ਦੀ ਗੋਦ ਵਿਚ (ਰਾਮ ਸਰੂਪ ਸ਼ਰਮਾ) ਤੇ ਸ਼ਾਇਰੀ ਦਾ ਸਰਵਰ (ਰਾਮਪਾਲ ਸ਼ਾਹਪੁਰੀ) ਰੀਵਿਊ ਪ੍ਰਕਾਸ਼ਤ ਕੀਤੇ ਗਏ ਹਨ। ਕਲਾਕਾਰ ਸਾਹਿਤਕ ਦੇ ਸਫ਼ੇ 100 ਤੇ ਮੁੱਲ : 75 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ ਕਲਾਕਾਰ ਨਿਵਾਸ, ਪੱਤੀ ਰੋਡ, ਬਰਨਾਲਾ।

ਕਲਾਕਾਰ ਸਾਹਿਤਕ ਦੇ ਸੰਪਾਦਕ : ਕੰਵਰਜੀਤ ਭੱਠਲ (93165-16951) ਹਨ।

## ਪੰਖੜੀਆਂ : ਅਪ੍ਰੈਲ,2025

ਮਾਸਿਕ 'ਪੰਖੜੀਆਂ' ਦਾ ਨਵਾਂ ਅੰਕ ਛਪ ਗਿਆ ਹੈ। ਹੱਥਲੇ ਅੰਕ ਦੀ ਸੰਪਾਦਕੀ ਡਾ. ਬੀ. ਆਰ. ਅੰਬੇਡਕਰ' ਤੇ ਹੈ। ਹਰਿੰਦਰ ਸਿੰਘ ਗੋਗਨਾ (ਅਪ੍ਰੈਲ ਫੂਲ ਬਣਾਇਆ), ਲਖਵਿੰਦਰ ਸਿੰਘ ਬਾਜਵਾ (ਮੂਰਖ ਚੋਰ), ਗੁਰਸ਼ਰਨ ਸਿੰਘ (ਜ਼ਬਾਨ ਦਾ ਰਸ), ਸੰਜੀਵ ਸਿੰਘ ਸੈਣੀ (ਵਫ਼ਾਦਾਰੀ ਮਨ ਦਾ ਸਕੂਨ), ਡਾ. ਦਵਿੰਦਰ ਕੌਰ ਖੁਸ਼ ਧਾਲਾਵਾਲ (ਨੈਤਿਕ ਕਦਰਾਂ-ਕੀਮਤਾਂ ਦਾ ਪਾਲਣਾ ਜ਼ਰੂਰੀ), ਗਗਨਪ੍ਰੀਤ ਕੌਰ ਸੱਪਲ (ਮਾਂ ਨੂੰ ਚਿੱਠੀ) ਕਮਲਜੀਤ ਨੀਲੋਂ (ਪਾਣੀ ਹੀ ਪਾਣੀ), ਕੁਲਵੰਤ ਸਿੰਘ ਢੰਡਾ (ਸੰਤ ਗੁਰੂ ਸ੍ਰੀ ਨਾਭਾ ਦਾਸ ਜੀ), ਕਰਮਜੀਤ ਕੌਰ ( ਪਰਵਾਸੀ ਪੰਛੀ), ਪਲਵਿੰਦਰ ਸੋਹਲ (ਮਾਂ-ਬੋਲੀ) ਆਦਿ ਦੇ ਬਾਲ ਮਨਾਂ ਦੀ ਤ੍ਰਿਪਤੀ ਕਰਨ ਵਾਲੇ ਲੇਖ ਪ੍ਰਕਾਸ਼ਤ ਹੋਏ ਹਨ। ਅਤੇ ਵੰਦਨਾ ਵਰਮਾ (ਦੇਸ਼ ਦੀ ਦੂਜੀ ਕਿਰਨ ਬੇਦੀ), ਬਲਦੇਵ ਸਿੰਘ (ਤਾਏ ਦੀਆਂ ਭੂਤਾਂ ), ਡਾ. ਟੀ. ਆਰ. ਸ਼ਰਮਾ (ਘਮੰਡੀ ਬੋਹੜ) ਦੀਆਂ ਰੌਚਿਕ ਕਹਾਣੀਆਂ ਛਪੀਆਂ ਹਨ। ਇਸ ਤੋਂ ਇਲਾਵਾ ਮਨਮੋਹਨ ਸਿੰਘ ਬਾਸਰਕੇ, ਸੁਰਜੀਤ ਦੇਵਲ, ਉਮਕਾਰ ਸੂਦ ਬਹੋਨਾ, ਸਤਪਾਲ ਕੌਰ, ਅਮਰਜੀਤ ਸਿੰਘ ਫ਼ੌਜੀ, ਪਵਿੱਤਰ ਸਿੰਘ ਕੂੰਮਪੁਰ ਦੀਆਂ ਕਵਿਤਾਵਾਂ ਵੀ ਛਪੀਆਂ ਹਨ। ਰਸਾਲੇ ਦੇ ਟਾਇਟਲ ਉੱਤੇ ਡਾ. ਅੰਬੇਡਕਰ ਦੀ ਤਸਵੀਰ ਖਿੱਚ ਭਰਪੂਰ ਹੈ। ਪੰਖੜੀਆਂ ਦੇ ਸਫ਼ੇ : 40 ਤੇ ਮੁੱਲ : 20 ਰੁਪਏ ਹੈ। ਸੰਪਰਕ ਪਤਾ ਹੈ : ਸੰਪਾਦਕ ਪੰਖੜੀਆਂ, ਮੈਗਜ਼ੀਨ ਸੈੱਲ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਮੁਹਾਲੀ-160062



ਪ੍ਰਾਇਮਰੀ ਸਿੱਖਿਆ ਦੇ ਸੰਪਾਦਕ : ਪਰਮਿੰਦਰ ਕੌਰ (ਸੰਪਰਕ : 0172-5227-395) ਹਨ।

## ਪੰਜਾਬੀ ਕੀ ਪ੍ਰਤੀਨਿਧੀ ਦਲਿਤ ਕਹਾਣੀਆਂ




ਪਿਛਲੇ ਦੋ ਤਿੰਨ ਦਹਾਕਿਆਂ ਤੋਂ ਪੰਜਾਬੀ ਵਿੱਚ ਲਿਖੀ ਜਾ ਰਹੀ ਦਲਿਤ ਕਹਾਣੀ ਦਾ ਪਾਠਕਾਂ, ਆਲੋਚਕਾਂ ਤੇ ਦੂਜੀਆਂ ਭਾਸ਼ਾਵਾਂ ਦੇ ਪਾਠਕਾਂ-ਅਨੁਵਾਦਕਾਂ ਵੱਲੋਂ ਕਾਫੀ ਗੰਭੀਰਤਾ ਨਾਲ ਨੋਟਿਸ ਲਿਆ ਜਾ ਰਿਹਾ ਹੈ। ਹੱਥਲੀ ਪੁਸਤਕ ਵਿੱਚ ਪੰਜਾਬੀ ਵਿੱਚ ਚਰਚਿਤ ਰਹੀਆਂ ਦਲਿਤ ਕਹਾਣੀਆਂ ਦਾ ਹਿੰਦੀ ਵਿੱਚ ਅਨੁਵਾਦ ਹਿੰਦੀ ਪੰਜਾਬੀ ਦੇ ਗਿਆਤਾ ਰਾਜੇਂਦਰ ਤਿਵਾਰੀ ਹੁਰਾਂ ਬੜੀ ਮਿਹਨਤ ਨਾਲ ਕੀਤਾ ਹੈ। ਕਿਤਾਬ ਵਿੱਚ ਹਿੰਦੀ ਦੇ ਪ੍ਰਸਿੱਧ ਚਿੰਤਕ ਬਜਰੰਗ ਬਿਹਾਰੀ ਤਿਵਾਰੀ ਵੱਲੋਂ ਲੰਮੀ ਚੌੜੀ 23 ਪੰਨਿਆਂ ਦੀ ਭੂਮਿਕਾ 'ਪੰਜਾਬੀ ਦਲਿਤ ਕਹਾਣੀ ਵਸਤੂ ਔਰ ਸ਼ਿਲਪ' ਲਿਖੀ ਗਈ ਹੈ। ਜਿਸ ਵਿੱਚ ਉਨ੍ਹਾਂ ਇਨ੍ਹਾਂ ਕਹਾਣੀਆਂ ਦੀਆਂ ਖ਼ੂਬੀਆਂ ਤੇ ਵਿਸ਼ੇ ਵਸਤੂ ਨੂੰ ਭਾਰਤੀ ਪ੍ਰਸੰਗ ਵਿੱਚ ਸਮਝਣ ਦਾ ਯਤਨ ਕੀਤਾ ਹੈ।

ਇਸ ਪੁਸਤਕ ਵਿੱਚ ਅਜਮੇਰ ਸਿੱਧੂ (ਗੌਰਜਾਂ), ਅਤਰਜੀਤ (ਬਿੱਛੂ), ਗੁਰਮੀਤ ਆਰਿਫ਼ (ਲਕੀਰ 'ਚ ਘਿਰਿਆ ਹੋਇਆ), ਗੁਰਮੀਤ ਕੜਿਆਲਵੀ (ਨਿਮੋਲੀਆਂ), ਜਸਵੰਤ ਰਾਏ (ਬ੍ਰਾਹਮ ਅਸਤਰ), ਤ੍ਰਿਪਤਾ ਕੇ. ਸਿੰਘ (ਜਿੱਤੀ ਹੋਈ ਬਾਜ਼ੀ), ਦੇਸ ਰਾਜ ਕਾਲੀ (ਜ਼ਖ਼ਮਾਂ ਦਾ ਰਸਤਿਓਂ), ਨਛੱਤਰ (ਹਾਰ ਜਿੱਤ), ਪ੍ਰੇਮ ਗੋਰਖੀ (ਦੂਰੀ), ਬਲੀਜੀਤ (ਠੀਹਾਂ), ਬਿੰਦਰ ਬਸਰਾ (ਸੱਚੇ ਘਰ ਦਾ ਰਾਹ), ਭਗਵੰਤ ਰਸੂਲਪੁਰੀ (ਜੜ੍ਹਾਂ), ਮੋਹਨ ਲਾਲ ਫਿਲੌਰੀਆ (ਬਦਬੂ) ਤੇ ਸਰੂਪ ਸਿਆਲਵੀ (ਨੇਰ੍ਹੇ ਦੇ ਵਾਸੀ) ਸਮੇਂ ਸਮੇਂ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਕਹਾਣੀਆਂ ਦਾ ਹਿੰਦੀ ਅਨੁਵਾਦ ਪ੍ਰਕਾਸ਼ਤ ਕੀਤਾ ਗਿਆ ਹੈ। ਹਿੰਦੀ ਭਾਸ਼ਾ ਦੇ ਵਿਦਵਾਨ ਇਨ੍ਹਾਂ ਕਹਾਣੀਆਂ ਰਾਹੀਂ ਪੰਜਾਬੀ ਦੀ ਦਲਿਤ ਕਹਾਣੀ ਨੂੰ ਸਮਝਣ ਦੇ ਨਾਲ ਨਾਲ ਇਨ੍ਹਾਂ ਕਹਾਣੀਆਂ ਰਾਹੀ ਪੰਜਾਬ ਦੀ ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਪਿੱਠਭੂਮੀ ਵਿੱਚ ਦਲਿਤਾਂ ਲੋਕਾਂ ਦੀ ਕੀ ਸਥਿਤੀ ਹੈ ਨੂੰ ਸਮਝ ਸਕਦੇ ਹਨ। ਕਿਤਾਬ ਦੇ ਅੰਤ ਵਿੱਚ ਕਹਾਣੀਕਾਰਾਂ ਦੀ ਸੰਖੇਪ ਜਾਣਕਾਰੀ ਦਿੱਤੀ ਗਈ ਹੈ। ਰਾਜੇਂਦਰ ਤਿਵਾਰੀ ਹੁਰਾਂ ਕਹਾਣੀਆਂ ਨੂੰ ਬੜੀ ਮਿਹਨਤ ਨਾਲ ਅਨੁਵਾਦ ਕੀਤਾ ਹੈ। ਕਿਤਾਬ ਨੂੰ ਲੋਕ ਮਿੱਤਰ ਪ੍ਰਕਾਸ਼ਨ, ਸ਼ਾਹਦਰਾ, ਦਿੱਲੀ ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ ਜਿਸ ਦਾ ਮੁੱਲ : 295 ਰੁਪਏ ਅਤੇ ਪੰਨੇ : 208 ਹਨ।

**- ਭਗਵੰਤ ਰਸੂਲਪੁਰੀ**

# ਡਾ. ਸਚਿਨ ਦੇ ਨਾਵਲ 'ਬੀ ਜੀ' 'ਤੇ ਵਿਚਾਰ-ਚਰਚਾ




**ਲਹਿਰਾਗਾਗਾ**-ਸਾਹਿਤਕ ਮੰਚ, ਲਹਿਰਾਗਾਗਾ ਵੱਲੋਂ ਸਥਾਨਕ ਪੈਨਸ਼ਨਰਜ਼ ਹੋਮ ਵਿਖੇ ਨੌਜਵਾਨ ਸਾਹਿਤਕਾਰ ਡਾ. ਸਚਿਨ ਸ਼ਰਮਾ ਦੇ ਦੂਜੇ ਨਾਵਲ 'ਬੀ ਜੀ' 'ਤੇ ਵਿਚਾਰ-ਚਰਚਾ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਕਵੀ-ਦਰਬਾਰ ਵਿੱਚ ਇਲਾਕੇ ਦੇ ਲੇਖ਼ਕਾਂ ਨੇ ਰਚਨਾਵਾਂ ਪੇਸ਼ ਕੀਤੀਆਂ। ਰਤਨਪਾਲ ਡੂਡੀਆਂ ਨੇ ਨਾਵਲ 'ਤੇ ਪਰਚਾ ਪੜ੍ਹਦਿਆਂ ਕਿਹਾ ਕਿ ਲੇਖ਼ਕ ਕਥਾ ਵਰਣਨ ਅਤੇ ਬਿਰਤਾਂਤ ਨੂੰ ਵੰਨ-ਸੁਵੰਨਤਾ ਦੇਣ ਵਾਲਾ ਧਨੀ ਹੈ। ਉਹ ਆਪਣੀ ਕਲਾ ਦੇ ਬਲਬੂਤੇ ਪਾਠਕਾਂ ਨੂੰ ਉਂਗਲ ਫੜ ਕੇ ਤੋਰਨ ਦੇ ਸਮਰੱਥ ਹੈ। ਇਸ ਉਪਰੰਤ ਡਾ. ਜਗਦੀਸ਼ ਪਾਪੜਾ, ਰਣਜੀਤ ਲਹਿਰਾ, ਧਰਮਾ ਹਰਿਆਊ ਅਤੇ ਧਰਮਿੰਦਰ ਬਾਵਾ ਨੇ ਨਾਵਲ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਲੇਖ਼ਕ ਨੂੰ ਵਧਾਈ ਦਿੱਤੀ।ਡਾ. ਸਚਿਨ ਨੇ ਕਿਹਾ ਕਿ ਉਹ ਜਲਦ ਹੀ ਤੀਸਰਾ ਨਾਵਲ ਪਾਠਕਾਂ ਦੀ ਝੋਲੀ ਪਾਉਣਗੇ। ਉਹਨਾਂ ਕਿਹਾ ਕਿ ਸਾਹਿਤ ਹੀ ਮਨੁੱਖ ਨੂੰ ਜਿਊਣ ਦਾ ਵਲ ਸਿਖਾਉਂਦਾ ਹੈ। ਇਸ ਉਪਰੰਤ ਕਵੀ-ਦਰਬਾਰ ਦੌਰਾਨ ਰਾਜਿੰਦਰ ਚਾਹਿਲ ਜਵਾਹਰਵਾਲਾ, ਜਗਵੀਰ ਸਿੰਘ ਗਾਗਾ, ਬਲਦੇਵ ਸਿੰਘ ਨਿਮਰ, ਧਰਮਾ ਹਰਿਆਊ, ਜਸਵੀਰ ਲਾਡੀ, ਸਤਨਾਮ ਸਿੰਘ ਚੱਕ ਭਾਈਕੇ, ਖ਼ੁਸ਼ਪ੍ਰੀਤ ਹਰੀਗੜ੍ਹ, ਸੁਖਜਿੰਦਰ ਲਾਲੀ, ਧਰਮਿੰਦਰ ਬਾਵਾ, ਜਗਦੀਸ਼ ਪਾਪੜਾ, ਰਤਨਪਾਲ ਡੂਡੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ, ਲਹਿਰਾਗਾਗਾ ਦੇ ਪ੍ਰਧਾਨ ਜਰਨੈਲ ਸਿੰਘ ਅਤੇ ਵਿੱਤ ਸਕੱਤਰ ਮਾਸਟਰ ਭਗਵਾਨ ਦਾਸ ਨੇ ਹਾਜ਼ਰੀਨ ਨੂੰ ਅੱਗੇ ਤੋਂ ਅਜਿਹੀਆਂ ਗਤੀਵਿਧੀਆਂ ਲਈ ਸਹਿਯੋਗ ਦਾ ਵਿਸ਼ਵਾਸ ਦਿਵਾਇਆ। ਹਾਜ਼ਰ ਲੇਖਕਾਂ ਵੱਲੋਂ ਆਪੋ-ਆਪਣੀਆਂ ਕਿਤਾਬਾਂ ਪੈਨਸ਼ਨਰਜ਼ ਹੋਮ ਨੂੰ ਭੇਟ ਕਰਕੇ ਲਾਇਬ੍ਰੇਰੀ ਦਾ ਆਗਾਜ਼ ਕੀਤਾ ਅਤੇ ਅੱਗੇ ਤੋਂ ਹੋਰ ਕਿਤਾਬਾਂ ਦਾ ਯੋਗਦਾਨ ਪਾਉਣ ਦਾ ਭਰੋਸਾ ਦਿੱਤਾ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਮਾਗਮ

**ਲੁਧਿਆਣਾ** : ਅਕਾਡਮੀ ਵੱਲੋਂ 27 ਅਪ੍ਰੈਲ ਨੂੰ ਸਵੇਰੇ 9.30 ਵਜੇ ਪੰਜਾਬੀ ਭਵਨ ਲੁਧਿਆਣਾ ਵਿਖੇ 'ਕਵੀਸ਼ਰ ਦਰਬਾਰ-1' ਕਰਵਾਇਆ ਜਾ ਰਿਹਾ ਹੈ। 19 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਲਾਇਬ੍ਰੇਰੀ ਪਿੰਡ ਨਾਰੰਗਵਾਲ ਵਿਖੇ 'ਆਓ ਬੱਚਿਓ! ਕਿਤਾਬਾਂ ਪੜ੍ਹੀਏ' ਸਮਾਗਮ ਕਰਵਾਇਆ ਜਾ ਰਿਹਾ ਹੈ ਜਿਸ 'ਚ ਬਾਲ ਲੇਖਕ ਕਮਲਜੀਤ ਨੀਲੋਂ ਵਿਸ਼ੇਸ਼ ਪ੍ਰਵਕਤਾ ਵਜੋਂ ਭਾਗ ਲੈਣਗੇ। 24 ਅਪ੍ਰੈਲ ਨੂੰ ਸਵੇਰੇ 8 ਵਜੇ ਸ.ਸ. ਸ. ਸਕੂਲ ਖੁੱਡੀ ਕਲਾਂ ਬਰਨਾਲਾ ਵਿਖੇ 'ਆਓ ਕਿਤਾਬਾਂ ਪੜ੍ਹੀਏ-3' ਸਮਾਗਮ ਕਰਵਾਇਆ ਜਾ ਰਿਹਾ ਹੈ। ਜਿਸ 'ਚ ਬਾਲ ਲੇਖਕ ਦਰਸ਼ਨ ਸਿੰਘ ਆਸ਼ਟ ਕਿਤਾਬਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਨਗੇ। 22 ਅਪ੍ਰੈਲ ਨੂੰ ਸੁਰਜੀਤ ਕੌਰ ਕੈਨੇਡਾ ਦਾ ਪੀ. ਜੀ. ਸਰਕਾਰੀ ਕਾਲਜ, ਸੈਕਟਰ 11 ਚੰਡੀਗੜ੍ਹ ਵਿਖੇ ਰੂ ਬ ਰੂ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਸਮਾਗਮ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਕਰਨਗੇ।

# 'ਪੀਲੀ ਧਰਤੀ ਕਾਲਾ ਅੰਬਰ' ਲੋਕ ਅਰਪਿਤ



**ਅੰਮ੍ਰਿਤਸਰ**-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਜਨਵਾਦੀ ਲੇਖਕ ਸੰਘ ਦੇ ਸਹਿਯੋਗ ਨਾਲ ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ ਵਿਖੇ ਪੰਜਾਬੀ ਸ਼ਾਇਰ ਸੁਸ਼ੀਲ ਦੁਸਾਂਝ ਦੇ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਪੀਲੀ ਧਰਤੀ ਕਾਲਾ ਅੰਬਰ' ਲੋਕ ਅਰਪਿਤ ਕੀਤਾ ਗਿਆ।ਸ਼ਾਇਰ ਦੇਵ ਦਰਦ ਦੀ ਯਾਦ ਵਿੱਚ ਇਸ ਹੋਏ ਇਸ ਸਮਾਗਮ ਨੂੰ ਦੀਪ ਦੇਵਿੰਦਰ ਸਿੰਘ ਨੇ ਤਰਤੀਬ ਦਿੱਤੀ, ਜਦੋਂਕਿ ਪ੍ਰਤੀਕ ਸਹਿਦੇਵ ਅਤੇ ਮੋਹਿਤ ਸਹਿਦੇਵ ਨੇ ਸਵਾਗਤੀ ਸ਼ਬਦ ਕਹੇ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਚਰਚਾ ਅਧੀਨ ਪੁਸਤਕ 'ਪੀਲੀ ਧਰਤੀ ਕਾਲਾ ਅੰਬਰ' ਦੀ ਸਮੁੱਚੀ ਸ਼ਾਇਰੀ ਮਨੁੱਖੀ ਜੀਵਨ ਦਾ ਸਾਹ-ਸਤ ਹੈ। ਡਾ. ਲਖਵਿੰਦਰ ਜੌਹਲ ਨੇ ਕਿਹਾ ਕਿ ਸੁਸ਼ੀਲ ਹੁਰਾਂ ਦੀ ਸਮੁੱਚੀ ਸ਼ਾਇਰੀ ਮਨੁੱਖੀ ਮਨ ਵਿੱਚ ਉਪਜੇ ਭਾਵਾਂ ਦੀ ਤਰਜਮਾਨੀ ਕਰਦਿਆਂ ਸਾਰਥਿਕ ਸੁਨੇਹਾ ਦਿੰਦੀ ਹੈ। ਦਰਸ਼ਨ ਬੁੱਟਰ, ਬਲਵਿੰਦਰ ਸੰਧੂ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ ਡਾ. ਹੀਰਾ ਸਿੰਘ, ਮਨਮੋਹਨ ਸਿੰਘ ਢਿੱਲੋਂ, ਡਾ. ਪਰਮਜੀਤ ਸਿੰਘ ਬਾਠ, ਡਾ. ਸੀਮਾ ਗਰੇਵਾਲ, ਰਾਜਬੀਰ ਗਰੇਵਾਲ, ਨਵ ਭੁੱਲਰ, ਰਮਿੰਦਰਜੀਤ ਕੌਰ, ਵਿਪਨ ਗਿੱਲ, ਡਾ. ਕਸ਼ਮੀਰ ਸਿੰਘ, ਹਰਮੀਤ ਆਰਟਿਸਟ, ਰਸ਼ਪਿੰਦਰ ਗਿੱਲ, ਸੁਰਿੰਦਰ ਖਿਲਚੀਆਂ, ਐੱਸ ਪਰਸ਼ੋਤਮ, ਬਰਕਤ ਵੋਹਰਾ, ਕਰਮ ਸਿੰਘ ਹੁੰਦਲ, ਸੁਰਿੰਦਰ ਸਿੰਘ ਘਰਿਆਲਾ, ਬਲਵਿੰਦਰ ਝਬਾਲ, ਰਾਜ ਕੁਮਾਰ ਰਾਜ, ਰਾਜ ਪਾਲ ਸ਼ਰਮਾ, ਡਾ. ਕਸ਼ਮੀਰ ਸਿੰਘ, ਸੁਮੀਤ ਸਿੰਘ, ਕੁਲਜੀਤ ਵੇਰਕਾ, ਦਲਜੀਤ ਸੋਨਾ, ਗੁਰਜੀਤ ਅਜਨਾਲਾ, ਸਿਮਰ ਜੀਤ ਸਿਮਰ, ਹਰਜਿੰਦਰ ਸਿੰਘ ਕਲਸੀ, ਪਰਮਜੀਤ ਕੌਰ, ਤ੍ਰਿਪਤਾ ਸ਼ਮੀ ਮਹਾਜਨ, ਸੁਭਾਸ਼ ਪਰਿੰਦਾ, ਨਵਦੀਪ ਕੁਮਾਰ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਕਹਾਣੀ ਸੰਗ੍ਰਹਿ 'ਸਲੋਚਨਾ' 'ਤੇ ਵਿਚਾਰ-ਚਰਚਾ ਅੱਜ

**ਪਟਿਆਲਾ** : ਪੰਜਾਬੀ ਭਾਸ਼ਾ ਦੇ ਵਿਕਾਸ ਲਈ ਨਿਰੰਤਰ ਕਾਰਜਸ਼ੀਲ ਮਾਲਵਾ ਰਿਸਰਚ ਸੈਂਟਰ ਪਟਿਆਲਾ ਵੱਲੋਂ ਅਮਰ ਗਰਗ ਕਲਮਦਾਨ ਦਾ ਕਹਾਣੀ ਸੰਗ੍ਰਹਿ ਸਲੋਚਨਾ ਨੂੰ ਲੋਕ ਅਰਪਣ ਕਰਨ ਲਈ ਇੱਕ ਵਿਸ਼ਾਲ ਸਮਾਰੋਹ ਦਾ ਆਯੋਜਨ 20 ਅਪ੍ਰੈਲ ਨੂੰ 10.30 ਵਜੇ ਸਵੇਰੇ ਸਰਦਾਰ ਪਟੇਲ ਗਰੀਨਵੁੱਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਧੂਰੀ ਵਿਖੇ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸੈਂਟਰ ਦੇ ਜਨਰਲ ਸਕੱਤਰ ਡਾ. ਭਗਵੰਤ ਸਿੰਘ ਨੇ ਦੱਸਿਆ ਕਿ ਪਵਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਹੋ ਰਹੇ ਸਮਾਗਮ ਵਿੱਚ ਮੁੱਖ ਮਹਿਮਾਨ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਆਸ਼ੀਰਵਾਦ ਡਾ. ਤੇਜਵੰਤ ਮਾਨ ਸਾਹਿਤ ਰਤਨ, ਉਦਘਾਟਨ ਡਾ. ਲਖਵਿੰਦਰ ਸਿੰਘ ਜੌਹਲ, ਵਿਸ਼ੇਸ਼ ਮਹਿਮਾਨ ਏ.ਆਰ. ਸ਼ਰਮਾ, ਦਰਸ਼ਨ ਆਸ਼ਟ, ਰਾਜਵੰਤ ਸਿੰਘ ਘੁੱਲੀ ਹੋਣਗੇ। ਪ੍ਰਵਿਸ਼ਟਾ ਵਿਚਾਰ ਸਵਾਮੀ ਰਾਜ ਸ਼ਰਮਾ ਜੀ ਮਹਾਰਾਜ, ਦਾਰਸ਼ਨਿਕ ਵਿਚਾਰ ਡਾ. ਈਸ਼ਵਰਦਾਸ ਸਿੰਘ ਮਹਾਂਮੰਡਲੇਸ਼ਵਰ ਤੇ ਪ੍ਰੋ. ਸੰਧੂ ਵਰਿਆਣਵੀ ਦੇਣਗੇ। ਇਸ ਮੌਕੇ ਸੈਂਟਰ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੇ ਸਨਮਾਨ ਕੀਤੇ ਜਾਣਗੇ, ਜਿਨ੍ਹਾਂ ਵਿੱਚ ਜੋਰਾ ਸਿੰਘ ਮੰਡੇਰ, ਅਨੋਖ ਸਿੰਘ ਵਿਰਕ, ਬਲਵਿੰਦਰ ਸਿੰਘ ਭੱਟੀ, ਜੋਗਾ ਸਿੰਘ ਧਨੌਲਾ, ਸਤੀਸ਼ ਵਿਦਰੋਹੀ, ਨਿਰਮਲਾ ਗਰਗ, ਪ੍ਰਿੰ. ਪ੍ਰੇਮਲਤਾ, ਭੁਪਿੰਦਰ ਰਿਸ਼ੀ, ਗੁਰਨਾਮ ਸਿੰਘ ਤੇ ਗੁਰਦਿਆਲ ਨਿਰਮਾਣ ਦੇ ਨਾਂਅ ਸ਼ਾਮਲ ਹਨ। ਪੇਪਰ ਡਾ. ਜਗਦੀਪ ਕੌਰ, ਜਸਵੀਰ ਰਾਣਾ, ਡਾ. ਅਰਵਿੰਦਰ ਕੌਰ ਕਾਕੜਾ, ਜੋਗਿੰਦਰ ਕੌਰ ਅਗਨੀਹੋਤਰੀ, ਸੁਰਿੰਦਰ ਮੰਡ ਪੜ੍ਹਨਗੇ। ਡਾ. ਤੇਜਾ ਸਿੰਘ ਤਿਲਕ ਤੇ ਡਾ. ਗਿਆਨ ਚੰਦ ਜੈਨ ਬਹਿਸ ਦਾ ਆਰੰਭ ਕਰਨਗੇ। ਡਾ. ਰਾਕੇਸ਼ ਸ਼ਰਮਾ, ਸੁਰਿੰਦਰ ਨਾਗਰਾ, ਮੂਲਚੰਦ ਸ਼ਰਮਾ ਆਦਿ ਚਰਚਾ 'ਚ ਭਾਗ ਲੈਣਗੇ। ਏ ਪੀ ਸਿੰਘ, ਰਾਮ ਸਿੰਘ ਅਲਬੇਲਾ ਤੇ ਪ੍ਰਿੰ. ਪੁਸ਼ਵਿੰਦਰ ਰਾਣਾ ਗਾਇਨ ਕਰਨਗੇ।

# '70% ਪ੍ਰੇਮ ਕਥਾ' ਲੋਕ ਅਰਪਣ ਤੇ ਵਿਚਾਰ-ਚਰਚਾ



**ਨਾਭਾ** : ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਜੇ.ਕੇ ਮੈਮੋਰੀਅਲ ਗਲੋਬਲ ਸਕੂਲ ਬਾਗੜੀਆਂ ਵਿਖੇ ਜਸਵੀਰ ਰਾਣਾ ਦਾ ਨਵਾਂ ਨਾਵਲ '70% ਪ੍ਰੇਮ ਕਥਾ' ਲੋਕ ਅਰਪਣ ਕਰਨ ਦੀ ਰਸਮ ਨੂੰ ਪ੍ਰਧਾਨਗੀ ਮੰਡਲ ਵਿੱਚ ਦਰਸ਼ਨ ਬੁੱਟਰ, ਜਤਿੰਦਰ ਹਾਂਸ, ਦਵਿੰਦਰ ਮਲਹਾਂਸ, ਡਾ. ਗੁਰਮੀਤ ਕੌਰ, ਹਰਜੀਤ ਕੌਰ ਵਿਰਕ, ਡਾ. ਗੁਰਪ੍ਰੀਤ ਕੌਰ ਢੀਂਡਸਾ, ਯਾਤਿੰਦਰ ਮਾਹਲ ਤੇ ਸਕੂਲ ਦੇ ਸੰਚਾਲਕ ਬਲਬੀਰ ਸਿੰਘ ਸੋਹੀ ਨੇ ਅਦਾ ਕੀਤਾ। ਨਾਵਲ ਉੱਪਰ ਚਰਚਾ ਦਾ ਮੁੱਢ ਬੰਨ੍ਹਦਿਆਂ ਡਾ. ਬਿੰਦਰ ਸਿੰਘ ਭੁਮਸੀ ਨੇ ਆਪਣੇ ਪਰਚੇ ਵਿੱਚ ਨਾਵਲ ਦੇ ਪਾਤਰਾਂ, ਘਟਨਾਵਾਂ ਤੇ ਬਿਰਤਾਂਤਕ ਜੁਗਤਾਂ ਦੇ ਮਨੋਵਿਗਿਆਨਕ ਪਾਸਾਰਾਂ ਨੂੰ ਇਕੱਲਤਾ ਅਤੇ ਬੇਗਾਨਗੀ ਦੇ ਪ੍ਰਸੰਗ ਵਿੱਚ ਉਭਾਰਿਆ। ਡਾ. ਧਰਮ ਚੰਦ ਵਾਤਿਸ਼ ਨੇ ਨਾਵਲ ਵਿੱਚ ਪਾਤਰਾਂ ਦੇ 'ਐਕਸ਼ਨ-ਰਿਐਕਸ਼ਨ' ਦੀ ਨਿਸ਼ਾਨਦੇਹੀ ਨੂੰ ਅਸਤਿੱਤਵਵਾਦੀ ਨੁਕਤਾ ਨਿਗਾਹ ਤੋਂ ਪ੍ਰਸਤੁਤ ਕੀਤਾ।ਡਾ. ਗੁਰਮੀਤ ਕੌਰ ਨੇ ਕਿਹਾ ਕਿ ਇਹ ਗਲਪੀ ਬਿਰਤਾਂਤ ਜਾਦੂਈ ਯਥਾਰਥ ਦਾ ਖ਼ੂਬਸੂਰਤ ਪ੍ਰਮਾਣ ਹੈ। ਪੰਜਾਬੀ ਨਾਵਲ ਦੇ ਖੇਤਰ ਵਿੱਚ ਮਾਂ-ਬਾਪ ਬਾਰੇ ਲਿਖਿਆ ਇਹ ਪਹਿਲਾ ਨਾਵਲ ਹੈ। ਪ੍ਰਧਾਨਗੀ ਮੰਡਲ ਸਮੇਤ ਇਹ ਵਿਚਾਰ ਪੇਸ਼ ਕਰਨ ਵਾਲਿਆਂ ਵਿੱਚ ਡਾ. ਰਾਜਪ੍ਰੀਤ ਕੌਰ ਬੈਨੀਪਾਲ, ਡਾ. ਇਕਬਾਲਜੀਤ ਸਿੰਘ ਬੈਨੀਪਾਲ, ਡਾ. ਮੁਹੰਮਦ ਸ਼ਫੀਕ, ਸੰਦੀਪ ਸਿੰਘ ਬਦੇਸ਼ਾ, ਪ੍ਰੋ. ਸਤਿੰਦਰਪਾਲ ਕੌਰ ਸੱਤੀ, ਜਗਤਾਰ ਸ਼ੇਰਗਿੱਲ, ਸੁਖਵਿੰਦਰ ਸਿੰਘ ਅਟਵਾਲ, ਲਾਭ ਸਿੰਘ ਚਤਾਮਲੀਵਾਲਾ, ਹਰਪਾਲ ਸਿੰਘ ਮੰਡੇਰ, ਸੰਦੀਪ ਸੋਖਲ ਤੇ ਜਗਦੀਪ ਸਿੰਘ ਮੁਹਾਲੀ ਸ਼ਾਮਲ ਸਨ। ਜੇ.ਕੇ ਮੈਮੋਰੀਅਲ ਗਲੋਬਲ ਸਕੂਲ ਬਾਗੜੀਆਂ ਵੱਲੋਂ ਸਾਰੇ ਵਿਦਵਾਨ ਲੇਖਕਾਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਾਹਿਤ ਸਿਰਜਣਾ ਮੰਚ ਅਮਰਗੜ੍ਹ ਵੱਲੋਂ ਇਕ ਸਨਮਾਨ ਸਕੂਲ ਦੇ ਸੰਚਾਲਕ ਬਲਬੀਰ ਸਿੰਘ ਸੋਹੀ ਨੂੰ ਭੇਟ ਕੀਤਾ ਗਿਆ। ਅਖੀਰ ਵਿੱਚ ਹਾਜ਼ਰ ਵਿਦਵਾਨਾਂ, ਸਰੋਤਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਮਾਗਮ ਦਾ ਮੰਚ ਸੰਚਾਲਨ ਜਸਵੀਰ ਰਾਣਾ ਨੇ ਕੀਤਾ।

# 'ਲਾਲ ਰੱਤਾ' 'ਤੇ ਚਰਚਾ 22 ਨੂੰ

**ਚੰਡੀਗੜ੍ਹ** : ਸਵਪਨ ਫਾਊਂਡੇਸਨ, ਪਟਿਆਲਾ, ਤੇ ਜ਼ਿਲ੍ਹਾ ਭਾਸ਼ਾ ਵਿਭਾਗ ਮੋਹਾਲੀ ਵੱਲੋਂ ਭੁਪਿੰਦਰ ਸਿੰਘ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਤੇ ਵਿਚਾਰ ਚਰਚਾ 22 ਅਪ੍ਰੈਲ, 25 ਨੂੰ ਜ਼ਿਲ੍ਹਾ ਭਾਸ਼ਾ ਪ੍ਰਬੰਧਕੀ ਕੰਪਲੈਕਸ, ਸੈਕਟਰ-76 ਮੋਹਾਲੀ ਵਿਖੇ ਸਵੇਰੇ 10.30 ਤੇ ਕਰਵਾਈ ਜਾ ਰਹੀ ਹੈ। ਜਿਸ ਵਿੱਚ ਮੁੱਖ ਮਹਿਮਾਨ ਗੁਰਦੇਵ ਚੌਹਾਨ, ਵਿਸ਼ੇਸ਼ ਮਹਿਮਾਨ ਭਗਵੰਤ ਰਸੂਲਪੁਰੀ ਹੋਣਗੇ ਤੇ ਪ੍ਰਧਾਨਗੀ ਕਰਨਗੇ ਡਾ. ਮਨਮੋਹਨ, ਬਲੀਜੀਤ ਤੇ ਡਾ. ਪ੍ਰਵੀਨ ਕੁਮਾਰ। ਜਰਨਲ ਸਕੱਤਰ ਜਗਦੀਪ ਸਿੱਧੂ ਨੇ ਵਿਚਾਰ ਚਰਚਾ ਵਿੱਚ ਆਉਣ ਦਾ ਸਭ ਨੂੰ ਖੁੱਲ੍ਹਾ ਸੱਦਾ ਦਿੱਤਾ ਹੈ।

# ਸ਼ਿਵਚਰਨ ਗਿੱਲ ਯਾਦਗਾਰੀ ਪੁਰਸਕਾਰ ਸਮਾਰੋਹ ਸੰਪੰਨ

**ਲੰਡਨ**-ਬਰਤਾਨੀਆ ਦੀ ਧਰਤੀ 'ਤੇ ਪੰਜਾਬੀ ਸਾਹਿਤ, ਸੱਭਿਆਚਾਰ ਤੇ ਵਿਰਸੇ ਦੀ ਬਿਹਤਰੀ ਲਈ ਕੰਮ ਕਰ ਰਹੀਆਂ ਸ਼ਖ਼ਸੀਅਤਾਂ ਨੂੰ ਹਰ ਸਾਲ ਸਨਮਾਨਿਤ ਕਰਨ ਦਾ ਵੱਡਾ ਉਪਰਾਲਾ ਸ਼੍ਰੋਮਣੀ ਸਾਹਿਤਕਾਰ ਸ਼ਿਵਚਰਨ ਗਿੱਲ ਮੈਮੋਰੀਅਲ ਟਰੱਸਟ ਸਾਊਥਾਲ ਵੱਲੋਂ ਕੀਤਾ ਜਾ ਰਿਹਾ ਹੈ। ਸ਼ਿਵਚਰਨ ਗਿੱਲ ਦੇ ਪਰਵਾਰ ਵੱਲੋਂ ਇਸ ਵਰ੍ਹੇ ਦਾ ਸਨਮਾਨ ਸਮਾਰੋਹ ਹੈਸਟਨ ਕਮਿਊਨਿਟੀ ਸੈਂਟਰ ਹੰਸਲੋ ਵਿਖੇ ਕਰਵਾਇਆ ਗਿਆ।ਸਮਾਗਮ ਦੀ ਸ਼ੁਰੂਆਤ ਸ਼ਾਇਰ ਅਜੀਮ ਸ਼ੇਖਰ ਵੱਲੋਂ ਮੋਤਾ ਸਿੰਘ ਸਰਾਏ, ਹਰਜੀਤ ਅਟਵਾਲ, ਦਲਵੀਰ ਕੌਰ ਤੇ ਸ਼ਿਵਦੀਪ ਕੌਰ ਢੇਸੀ, ਡਿਪਟੀ ਮੇਅਰ ਕੌਂਸਲਰ ਸ਼ਕੀਲ ਅਕਰਮ ਨੂੰ ਸਮਾਗਮ ਦੀ ਪ੍ਰਧਾਨਗੀ ਮੰਡਲ 'ਚ ਬਿਰਾਜਮਾਨ ਹੋਣ ਦੇ ਸੱਦੇ ਨਾਲ ਹੋਈ। ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਸ਼ਿਵਦੀਪ ਕੌਰ ਢੇਸੀ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਸਨਮਾਨ ਸਮਾਰੋਹ ਦੌਰਾਨ ਪੰਜਾਬੀ ਸਾਹਿਤ ਤੇ ਕਲਾ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਸਰਵਸ੍ਰੀ ਮੋਤਾ ਸਿੰਘ ਸਰਾਏ, ਜਨਾਬ ਸਲੀਮ ਖਾਨ ਗਿੰਮੀ, ਸਵ: ਗੁਰਨਾਮ ਸਿੰਘ ਗਿੱਲ, ਸ਼ਾਇਰਾ ਕੁਲਵੰਤ ਕੌਰ ਢਿੱਲੋਂ, ਬਹੁਪੱਖੀ ਸ਼ਖ਼ਸੀਅਤ ਜਤਿੰਦਰ ਪੱਤੜ, ਸ਼ਾਇਰ ਸੁਰਿੰਦਰ ਸੀਹਰਾ, ਵਿਸ਼ਵ ਪ੍ਰਸਿੱਧ ਗਾਇਕ ਚੰਨੀ ਸਿੰਘ ਦੀ ਧੀ ਗਾਇਕਾ ਮੋਨਾ ਸਿੰਘ, ਅਜੀਤ ਸਿੰਘ ਰਾਏ ਨੂੰ ਸਨਮਾਨਿਤ ਕੀਤਾ ਤਾਂ ਪੰਡਾਲ ਤਾੜੀਆਂ ਨਾਲ ਗੂੰਜ ਉੱਠਿਆ। ਸਮਾਗਮ ਦੇ ਦੂਜੇ ਭਾਗ ਵਿੱਚ ਆਯੋਜਿਤ ਕੀਤੇ ਕਵੀ ਦਰਬਾਰ ਵਿੱਚ ਸਾਹਿਤਕ ਰਚਨਾਵਾਂ ਦਾ ਹੜ੍ਹ ਵਗ ਤੁਰਿਆ ਜਦੋਂ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਵੱਲੋਂ ਮੰਚ ਸੰਚਾਲਨ ਵਜੋਂ ਇੱਕ ਤੋਂ ਬਾਅਦ ਇੱਕ ਸ਼ਾਇਰ ਨੂੰ ਹਾਜ਼ਰੀਨ ਦੇ ਰੂਬਰੂ ਕੀਤਾ। ਕਵੀ ਦਰਬਾਰ ਦੌਰਾਨ ਰੂਪ ਦਵਿੰਦਰ ਕੌਰ, ਭਿੰਦਰ ਜਲਾਲਾਬਾਦੀ, ਪਰਮਿੰਦਰ ਕੌਰ ਹਾਰਫੋਰਡ, ਕਿੱਟੀ ਬੱਲ, ਗੁਰਮੇਲ ਸੰਘਾ, ਰਾਜਿੰਦਰਜੀਤ, ਜਸਵਿੰਦਰ ਰੱਤੀਆਂ, ਬਿੱਟੂ ਖੰਗੂੜਾ, ਅਮਨਦੀਪ ਕੌਰ, ਨਛੱਤਰ ਭੋਗਲ, ਰੁਪਿੰਦਰ ਗਿੱਲ, ਕੁਲਵੰਤ ਕੌਰ ਢਿੱਲੋਂ, ਮਨਜੀਤ ਕੌਰ ਪੱਡਾ, ਸ਼ਗੁਫ਼ਤਾ ਗਿੰਮੀ ਲੋਧੀ, ਗੁਰਨਾਮ ਢਿੱਲੋਂ, ਕੁਲਦੀਪ ਸਿੰਘ ਗਰੇਵਾਲ, ਜਤਿੰਦਰ ਪੱਤੜ, ਜਤਿੰਦਰ ਸਿੰਘ, ਬੇਅੰਤ ਕੌਰ, ਸੁਰਿੰਦਰ ਸੀਹਰਾ, ਕਿਰਪਾਲ ਪੂਨੀ, ਬੰਟੀ ਉੱਪਲ, ਮਨਪ੍ਰੀਤ ਸਿੰਘ ਬੱਧਨੀ, ਅਮਨਦੀਪ ਸਿੰਘ ਅਮਨ, ਨਾਹਰ ਸਿੰਘ ਗਿੱਲ, ਅਜੀਮ ਸ਼ੇਖਰ, ਕਮਲਪ੍ਰੀਤ ਕੌਰ, ਦਿਲਰਾਜ ਕੌਰ, ਮਹਿੰਦਰਪਾਲ ਧਾਲੀਵਾਲ ਆਦਿ ਵੱਲੋਂ ਗ਼ਜ਼ਲਾਂ, ਕਵਿਤਾਵਾਂ, ਨਜ਼ਮਾਂ ਰਾਹੀਂ ਮਾਹੌਲ ਨੂੰ ਚਾਰ ਚੰਨ੍ਹ ਲਾਏ ਗਏ। ਇਸ ਸਮੇਂ ਜਿੱਥੇ ਸ਼ਿਵਚਰਨ ਗਿੱਲ ਦੀਆਂ ਲਿਖਤਾਂ ਦਾ ਸੰਗ੍ਰਹਿ 'ਅਲਖ' ਪੁਸਤਕ ਲੋਕ ਅਰਪਣ ਕੀਤੀ ਗਈ, ਉੱਥੇ 'ਪੰਜ ਦਰਿਆ' ਅਖ਼ਬਾਰ ਦਾ ਸ਼ਿਵਚਰਨ ਗਿੱਲ ਯਾਦਗਾਰੀ ਵਿਸ਼ੇਸ਼ ਅੰਕ ਵੀ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ।



# ਕਲਾ ਤੇ ਸਾਹਿਤ ਮਨੁੱਖ ਨੂੰ ਸੁਚੱਜਾ ਜੀਵਨ ਪ੍ਰਦਾਨ ਕਰਦੇ ਹਨ : ਲਾਲੀ ਕਰਤਾਰਪੁਰੀ

**ਕੋਟ ਈਸੇ ਖਾਂ**-ਜੀਵਨ ਨੂੰ ਸੇਧ ਦੇਣ ਲਈ ਪੁਸਤਕਾਂ ਨਾਲ ਸਾਂਝ ਪਾਉਣੀ ਜ਼ਰੂਰੀ ਹੈ, ਕਿਉਂਕਿ ਕਲਾ ਅਤੇ ਸਾਹਿਤ ਮਨੁੱਖ ਨੂੰ ਸੁਚੱਜਾ ਜੀਵਨ ਪ੍ਰਦਾਨ ਕਰਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸ਼ਾਇਰ ਲਾਲੀ ਕਰਤਾਰਪੁਰੀ ਨੇ ਲੇਖਕ ਵਿਵੇਕ ਦੇ ਗ੍ਰਹਿ ਵਿਖੇ ਸੰਖੇਪ ਪ੍ਰੈੱਸ ਮਿਲਣੀ ਦੌਰਾਨ ਕੀਤਾ। ਉਹਨਾਂ ਕਿਹਾ ਕਿ ਮੇਰਾ ਸ਼ੁਰੂ ਤੋਂ ਰੁਝਾਨ ਸੰਗੀਤ ਵੱਲ ਸੀ।ਇਸ ਸਦਕਾ ਹੀ ਲੋਕ ਸੰਪਰਕ ਵਿਭਾਗ ਵਿਚ ਕੰਮ ਕਰਨ ਦਾ ਮੌਕਾ ਮਿਲਿਆ।ਵੱਖ-ਵੱਖ ਥਾਵਾਂ 'ਤੇ ਕੰਮ ਕਰਦਿਆਂ ਅਨੇਕਾਂ ਹੀ ਪ੍ਰਤੀਭਾਵਾਨ ਨੌਜਵਾਨ ਵਰਗ ਨੂੰ ਸਾਹਿਤ ਅਤੇ ਸੰਗੀਤ ਨਾਲ ਜੋੜਿਆ। ਪੰਜਾਬ ਦੇ ਸਕੂਲਾਂ ਵਿਚ ਪੁਸਤਕ ਪ੍ਰਦਰਸ਼ਨੀਆਂ ਅਤੇ ਨਾਟਕ ਖੇਡੇ। ਹੁਣ ਵੀ ਕਲਾ ਪ੍ਰੇਮੀ ਉਹਨਾਂ ਕੋਲ ਆਉਂਦੇ ਹਨ, ਮੈਂ ਵੀ ਉਹਨਾਂ ਨੂੰ ਮਿਲਦਾ ਹਾਂ ਤਾਂ ਕਿ ਵੱਧ ਤੋਂ ਵੱਧ ਸਾਹਿਤ ਦਾ ਪ੍ਰਚਾਰ-ਪ੍ਰਸਾਰ ਹੋਵੇ।ਇਸ ਮੌਕੇ ਲੇਖਕ ਵਿਵੇਕ ਕੋਟ ਈਸੇ ਖਾਂ ਨੇ ਦੱਸਿਆ ਕਿ ਲਾਲੀ ਕਰਤਾਰਪੁਰੀ ਹਮੇਸ਼ਾ ਸਾਰਥਕ ਮਾਰਗ ਦਰਸ਼ਨ ਕਰਦੇ ਰਹਿੰਦੇ ਹਨ ਅਤੇ ਸਾਡੀ ਸਾਹਿਤਕ ਸਾਂਝ ਬੜੀ ਪਕੇਰੀ ਹੈ।ਸਮਾਜ ਸੇਵੀ ਪਵਨ ਕੁਮਾਰ ਨੇ ਉਹਨਾਂ ਨੂੰ ਜੀ ਆਇਆਂ ਆਖਿਆ ਅਤੇ ਸਾਹਿਤ ਪ੍ਰਤੀ ਉਹਨਾਂ ਦੀਆਂ ਸੇਵਾਵਾਂ ਅਤੇ ਸਰਗਰਮੀਆਂ ਦੀ ਸ਼ਲਾਘਾ ਕੀਤੀ। ਅੰਤ ਵਿਚ ਆਏ ਹੋਏ ਮਹਿਮਾਨ ਨੂੰ ਵਿਵੇਕ ਵੱਲੋਂ ਪੁਸਤਕਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਪਾਠਕਾਂ ਦੇ ਝਰੋਖੇ 'ਚੋਂ

## ਜਲ੍ਹਿਆਂਵਾਲਾ ਬਾਗ਼ ਸੰਬੰਧੀ ਸਮੱਗਰੀ

'ਨਵਾਂ ਜ਼ਮਾਨਾਂ ਦਾ ਐਤਵਾਰਤਾ ਅੰਕ ਪੜ੍ਹਿਆ। ਜਲ੍ਹਿਆਂਵਾਲਾ ਬਾਗ਼ ਸੰਬੰਧੀ ਸਮੱਗਰੀ ਪ੍ਰਭਾਵਸਾਲੀ ਲੱਗੀ। ਹਕੀਮ ਅਜ਼ਮਲ ਖ਼ਾਨ ਦੇ ਜਲ੍ਹਿਆਂਵਾਲਾ ਬਾਗ਼ ਬਾਰੇ ਪ੍ਰਭਾਵ ਨਵੇਕਲੇ ਸਨ। ਇਸ ਮਹਾਂ ਦੁਖਾਂਤ ਦੇ ਆਰ-ਪਾਰ ਜੋ ਘਟਨਾਵਾਂ ਵਾਪਰੀਆਂ ਉਸ ਦਾ ਖ਼ਾਨ ਨੇ ਵਿਸ਼ਲੇਸ਼ਣ ਕੀਤਾ ਹੈ। ਇਸ ਭਾਸ਼ਣ ਨੂੰ ਪੂਰਾ ਪੜ੍ਹਨ ਦੀ ਮੇਰੀ ਇੱਛਾ ਹੈ। ਬਾਕੀ ਡਾ. ਸਵਰਾਜਬੀਰ ਨੇ ਵੀ ਇਸ ਦੁਖਾਂਤ ਦਾ ਬਸਤੀਵਾਦੀ ਚਿਹਰਾ ਨਕਾਬ ਕੀਤਾ ਹੈ ਆਪਣੇ ਲੇਖ ਵਿੱਚ। ਜਤਿੰਦਰ ਪਨੂੰ ਨੂੰ ਮੈਂ ਬੜੀ ਰੀਝ ਨਾਲ ਪੜ੍ਹਦਾ ਹਾਂ। ਸ਼ੁਗਲੀ ਦੇ 'ਸੁਲਘਦੇ ਸਵਾਲ' ਵੀ ਪ੍ਰਭਾਵਸ਼ਾਲੀ ਹੁੰਦੇ ਨੇ। ਸੁਰਜੀਤ ਸੁਮਨ ਦਾ ਕਾਲਮ 'ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-12' ਵੱਖਰੀ ਭਾਂਤ ਦਾ ਹੁੰਦਾ ਹੈ। ਉਹ ਵਿੱਚ ਚਲੰਤ ਮਸਲਿਆਂ ਕਹਾਣੀ ਰਸ਼ ਨਾਲ ਬਾ ਖ਼ੂਬੀ ਪੇਸ਼ ਕਰਦਾ ਹੈ। ਬਾਕੀ ਕਿਤਾਬਾਂ ਦੇ ਰੀਵਿਊ ਵਾਲਾ ਪੰਨਾ ਵੀ ਵਧੀਆਂ ਤਰੀਕੇ ਨਾਲ ਜਾਣਕਾਰੀ ਦੇ ਜਾਂਦਾ ਹੈ।

**-ਸਰਬਜੀਤ ਹੁੰਦਲ, ਯਮਨਾ ਨਗਰ**

## 'ਸੁਰ ਸੰਗੀਤ ਦੇ ਹੀਰੇ'

30 ਮਾਰਚ ਦੇ ਨਵਾਂ ਜ਼ਮਾਨਾ ਵਿੱਚ ਸਰੇਸ਼ਰੀ ਕੇਸਰ ਬਾਈ ਕੇਰਕਰ ਦੀ ਮੁਲਾਕਾਤਾ ਮਨ ਨੂੰ ਧੂਹ ਪਾਉਣ ਵਾਲੀ ਸੀ। 'ਸੁਰ ਸੰਗੀਤ ਦੇ ਹੀਰੇ' ਲੇਖਾਂ ਦੀਆਂ ਸਾਰੀਆਂ ਲੜੀਆਂ ਮੈਂ ਸਾਂਭੀਆਂ ਹੋਈਆਂ ਹਨ। ਅਜਿਹੀਆਂ ਲਿਖਤਾਂ ਆਮ ਤੌਰ ਕੇ ਅਖ਼ਬਾਰਾਂ ਵਿੱਚ ਘੱਟ ਹੀ ਪੜ੍ਹਨ ਨੂੰ ਮਿਲਦੀਆਂ ਹਨ। ਸੰਗੀਤ ਸਬੰਧੀ ਲੇਖਾਂ ਨੂੰ ਲਗਾਤਾਰ ਛਾਪਣ ਦੀ ਪਿਰਤ ਜਾਰੀ ਰੱਖੋ। ਬਾਕੀ ਪ੍ਰੇਮ ਪ੍ਰਕਾਸ਼ ਦੀਆਂ ਗੱਲਾਂ ਬੜੀਆਂ ਰੌਚਕ ਲੱਗੀਆਂ ਹਨ। 'ਨਵਾਂ ਜ਼ਮਾਨਾਂ' ਵਿੱਚ ਹੁਣ ਲੇਖਕਾਂ ਦੀਆਂ ਮੁਲਾਕਾਤਾਂ ਨਹੀਂ ਛਪਦੀਆਂ। 'ਫੋਕਸ' ਕਾਲਮ ਵਿੱਚ ਕਈ ਵਾਰ ਸਧਾਰਨ ਕਿਸਮ ਦੀਆਂ ਕਿਤਾਬਾਂ ਬਾਰੇ ਛਪ ਜਾਂਦਾ ਹੈ। ਫੋਕਸ ਦਾ ਅਕਸ ਉੱਤਮ ਦਰਜ਼ੇ ਦੀਆਂ ਕਿਤਾਬਾਂ ਦਾ ਬਣਿਆ ਹੋਇਆ ਹੈ। ਬਾਕੀ ਕੋਸ਼ਿਸ਼ ਕਰੋ ਸਾਰੀਆਂ ਕਿਤਾਬਾਂ ਦੇ ਰੀਵਿਊ ਲੱਗ ਜਾਣ। ਮੇਰੀ ਕਿਤਾਬ ਦਾ ਰੀਵਿਊ ਅਜੇ ਤੱਕ ਨਹੀਂ ਲੱਗਾ। ਕਿਤਾਬ ਭੇਜੇ ਨੂੰ ਸਾਲ ਹੋ ਗਿਆ ਹੈ। ਬਾਕੀ ਐਤਵਾਰਤਾਂ ਤਰੱਕੀ ਕਰ ਰਿਹਾ ਹੈ।

**-ਅਵਿਨਾਸ਼ ਜੱਜ, ਗਾਹਲੜੀ, ਗੁਰਦਾਸਪੁਰ**

## ਜਲ੍ਹਿਆਂਵਾਲਾ ਬਾਗ

13 ਅਪ੍ਰੈਲ ਦੇ 'ਐਤਵਾਰਤਾ' ਵਿਚ ਪ੍ਰਸਿੱਧ ਪੰਜਾਬੀ ਪੱਤਰਕਾਰ ਸਵਰਾਜਬੀਰ ਨੇ 1919 ਦੇ ਜਲ੍ਹਿਆਂਵਾਲਾ ਬਾਗ ਅੰਮ੍ਰਿਤਸਰ ਦੇ ਭਿਆਨਕ ਕਤਲੇਆਮ ਦਾ ਜ਼ਿਕਰ ਕੀਤਾ ਹੈ। ਉਸ ਵੇਲੇ ਅੰਗਰੇਜ਼ ਜਨਰਲ ਉਡਵਾਇਰ ਦੀ ਇਹ ਸਾਰੀ ਗਿਣੀ-ਮਿੱਥੀ ਸਾਜ਼ਿਸ਼ ਸੀ।ਉਹ ਭਾਰਤੀਆਂ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ।ਉਹ ਭਾਰਤੀਆਂ ਦੇ ਆਜ਼ਾਦੀ ਅੰਦੋਲਨ ਤੋਂ ਖਫਾ ਸੀ।ਉਸ ਦੀ ਮਨਸ਼ਾ ਵੱਧ ਤੋਂ ਵੱਧ ਭਾਰਤੀਆਂ ਨੂੰ ਮਾਰਨ ਦਾ ਸੀ।ਇਸੇ ਲਈ ਉਸ ਨੇ ਗੋਲੀਆਂ ਦੀ ਬੁਛਾੜ ਕੀਤੀ ਤੇ ਵੱਡੀ ਗਿਣਤੀ ਵਿਚ ਲੋਕ ਸਦਾ ਦੀ ਨੀਂਦ ਸੌਂ ਗਏ।ਇਹ ਸਭ ਤੋਂ ਵੱਡਾ ਕਹਿਰ ਸੀ।ਇਹ ਇਤਿਹਾਸਕ ਕਾਂਡ ਅੱਜ ਭਾਰਤ ਦੇ ਇਤਿਹਾਸ ਦਾ ਕਾਲਾ ਵਰਕਾ ਬਣ ਚੁੱਕਾ ਹੈ। ਹਰੇਕ ਵਿਸਾਖੀ 'ਤੇ ਅਸੀਂ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੇ ਸ਼ਹੀਦਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਦੇ ਹਾਂ।ਲੇਖਕ ਨੇ ਅੰਗਰੇਜ਼ ਮਾਨਸਿਕਤਾ ਦਾ ਸਹੀ ਵਿਸ਼ਲੇਸ਼ਣ ਕੀਤਾ ਹੈ।ਇਹ ਵਹਿਸ਼ੀ ਅਤੇ ਕਰੂਰ ਚਿਹਰਾ ਸੀ। ਇਸ ਅੰਕ ਵਿਚ ਹਰੀਸ਼ ਜੈਨ ਨੇ ਵੀ ਅਨੁਵਾਦਿਤ ਲੇਖ ਵਿਚ ਜਲ੍ਹਿਆਂਵਾਲਾ ਬਾਗ ਦੇ ਦੁਖਾਂਤ ਨੂੰ ਪੇਸ਼ ਕੀਤਾ ਹੈ।ਜਲ੍ਹਿਆਂਵਾਲਾ ਬਾਗ ਦੀ ਲਾਟ ਸਾਨੂੰ ਸਦਾ ਹੀ ਸ਼ਹੀਦਾਂ ਦੀ ਯਾਦ ਕਰਾਉਂਦੀ ਰਹੇਗੀ।ਸੰਜੀਵਨ ਸਿੰਘ ਨੇ ਸਾਡੇ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਦੀ ਜੀਵਨ ਸਾਥਣ ਦਾ ਜ਼ਿਕਰ ਕੀਤਾ ਹੈ।ਗੁਰਦੀਪ ਕੌਰ ਨੇ ਅਮਰਜੀਤ ਗੁਰਦਾਸਪੁਰੀ ਨੂੰ ਪੂਰਾ ਸਾਥ ਦਿੱਤਾ, ਜਿਸ ਕਰਕੇ ਉਸ ਨੇ ਪੰਜਾਬੀ ਗਾਇਕੀ ਵਿਚ ਬਹੁਤ ਨਾਮਣਾ ਖੱਟਿਆ।

ਗੁਰਦਾਸਪੁਰੀ ਦੇ ਤੂੰਬੀ ਦੇ ਗੀਤ ਅੱਜ ਵੀ ਆਕਾਸ਼ਵਾਣੀ 'ਤੇ ਸੁਣੇ ਜਾਂਦੇ ਹਨ। 'ਦ੍ਰਿਸ਼ਟੀਕੋਣ' ਨੇ ਪੰਜਾਬ ਕਾਂਗਰਸ ਦੀ ਵਰਤਮਾਨ ਸਥਿਤੀ ਦਾ ਸ਼ੀਸ਼ਾ ਪੇਸ਼ ਕੀਤਾ ਹੈ। ਕਿਸੇ ਵੀ ਸਿਆਸੀ ਪਾਰਟੀ ਵਿਚ ਤਿੜਕਨ ਪਾਰਟੀ ਲਈ ਨੁਕਸਾਨਦੇਹ ਹੁੰਦੀ ਹੈ। ਲੋਕ ਹਰੇਕ ਪਾਰਟੀ ਦਾ ਮਨੋਵਿਗਿਆਨ ਜਾਣਦੇ ਹਨ।ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਕਿਤਾਬ ਗੁਰੂ ਨਾਨਕ ਦੇਵ ਦੀ ਫਿਲਾਸਫੀ 'ਤੇ ਰੌਸ਼ਨੀ ਪਾਉਂਦੀ ਹੈ। ਕਿਤਾਬ ਦੇ ਵੱਖ-ਵੱਖ ਲੇਖਾਂ ਦੀ ਕੁਲਦੀਪ ਸਿੰਘ ਬੇਦੀ ਦੀ ਚੰਗੀ ਜਾਣਕਾਰੀ ਦਿੱਤੀ ਹੈ।ਚਰਚਿੱਤ ਕਹਾਣੀਕਾਰਾ ਪਵਿੱਤਰ ਕੌਰ ਮਾਟੀ ਦੀ ਕਿਤਾਬ 'ਰੌਂਗ ਨੰਬਰ' ਦੀਆਂ ਕਹਾਣੀਆਂ ਬਾਰੇ ਡਾ. ਭੂਪਿੰਦਰ ਕੌਰ ਨੇ ਚੰਗੀ ਜਾਣਕਾਰੀ ਦਿੱਤੀ ਹੈ।ਪਵਿੱਤਰ ਕੌਰ ਮਾਟੀ ਦੀਆਂ ਕਹਾਣੀਆਂ ਵਿੱਚ ਵਿਦੇਸ਼ਾਂ ਵਿੱਚ ਪੰਜਾਬੀਆਂ ਦੀ ਜ਼ਿੰਦਗੀ ਦਾ ਚਿਹਰਾ ਦਿਸਦਾ ਹੈ ।

**—ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਬਸਤਰ 'ਚ ਕਤਲੇਆਮ ਤੇ ਸ਼ਾਂਤੀ ਗੱਲਬਾਤ ਦੀ ਤਜਵੀਜ਼ : ਬੂਟਾ ਸਿੰਘ ਮਹਿਮੂਦਪੁਰ

ਸੁਰ ਸੰਗੀਤ ਦੇ ਹੀਰੇ-8: ਪ੍ਰੋ. ਬੀ ਆਰ ਦਿਓਧਰ

'ਧੀਆਂ ਡਾਲਰ ਖੋਜਣ ਚੱਲੀਆਂ' : ਪ੍ਰੋ. ਕੁਲਵੰਤ ਸਿੰਘ ਔਜਲਾ , (ਫੋਕਸ) ਗੋਪਾਲ ਸਿੰਘ ਬੁੱਟਰ

ਬਲਜੀਤ ਕੌਰ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸ਼ਿਆਮ ਸੁੰਦਰ ਦੀਪਤੀ ਦੀਆਂ ਕਵਿਤਾਵਾਂ



(1)

ਪਿਆਰ ਏਨਾ ਤਾਕਤਵਰ ਵੀ ਹੋ ਸਕਦਾ
ਇਹ ਉਦੋਂ ਪਤਾ ਚੱਲਿਆ
ਜਦੋਂ ਮੈਂ ਖੁਦ ਤੇਰੀਆਂ ਬਾਹਾਂ ਵਿੱਚ
ਮਹਿਸੂਸ ਕੀਤਾ
ਮੈਨੂੰ ਪਿਆਰ ਹੀ ਹੋ ਗਿਆ।

ਪਿਆਰ ਏਨਾ ਤਾਕਤਵਰ ਹੋ ਸਕਦਾ ਹੈ
ਮੈਨੂੰ ਉਦੋਂ ਪਤਾ ਚੱਲਿਆ
ਜਦੋਂ ਮੈਂ ਆਪਣੀਆਂ ਅੱਖਾਂ ਵਿੱਚ ਦੇਖੇ ਹੰਝੂ ਤੇ
ਤੇਰੀਆਂ ਅੱਖਾਂ ਵਿੱਚ ਖੁਦ ਨੂੰ ਪਿਘਲਦੇ ਦੇਖਿਆ

ਪਿਆਰ ਦੀ ਤਾਕਤ ਉਦੋਂ ਸਮਝਿਆ
ਜਦੋਂ ਮੈਂ ਕਤਰਾ-ਕਤਰਾ
ਆਪਣੀਆਂ ਰਗਾਂ ਵਿੱਚ ਘੁੰਮਿਆ ਤੇ
ਦੋਹਾਂ ਦੀ ਖੁਸ਼ਬੂ ਦਾ ਅਹਿਸਾਸ ਹੋ ਗਿਆ

(2)

ਉਸ ਨੇ ਪੁੱਛਿਆ,
ਤੂੰ ਮੈਨੂੰ ਕਿੰਨਾ ਪਿਆਰ ਕਰਣੈ ?

ਉਸ ਨੂੰ ਸੋਚੀਂ ਪਿਆ ਦੇਖ,
ਉਸ ਫਿਰ ਕਿਹਾ—
ਕਿਹੜੀਆਂ ਗਿਣਤੀਆਂ-ਮਿਣਤੀਆਂ ਵਿੱਚ ਪੈ ਗਿਆ,
ਛੱਡ ਹਿਸਾਬ ਕਿਤਾਬ,
ਚੱਲ ਏਨਾ ਦੱਸ,
ਹਾਂ ਜਾਂ ਨਾ।

ਹੁਣ ਉਹ ਬੋਲਿਆ,
ਇਹ ਸਵਾਲ-
ਫਿਰ ਵੀ ਠੀਕ ਹੈ।

ਪਰ ਮੈਂ ਤਾਂ ਹੋਰ ਸੋਚ ਰਿਹਾ ਸੀ,
ਕੀ ਜਵਾਬ ਦੇਣਾ ਜ਼ਰੂਰੀ ਹੈ।

(3)

ਤੂੰ ਕਦੇ ਬੀਜ ਨੂੰ ਪੁੰਗਰਦੇ ਤੇ ਫਿਰ,
ਛਾਂਦਾਰ ਦਰੱਖ਼ਤ ਬਣਦੇ ਦੇਖਿਆ ?

ਤੂੰ ਕਦੇ ਛਾਂਦਾਰ ਦਰੱਖ਼ਤ ਸਾਹਮਣੇ ਖੜ੍ਹ ਕੇ,
ਉਸ ਦੇ ਬੀਜ ਰੂਪ ਬਾਰੇ ਸੋਚਿਆ ਹੈ ?

ਸੋਚ !
ਤੈਨੂੰ ਤੇਰੇ ਜੀਵਨ ਬੀਜ ਦੀ,
ਤਾਕਤ ਦਾ ਅੰਦਾਜ਼ਾ ਹੋਵੇਗਾ ।
ਤੇਰੀ ਜ਼ਿੰਦਗੀ ਦੇ ਬੂਟੇ ਨੂੰ,
ਦਰੱਖਤ ਬਣਨ ਦਾ ਬਲ ਮਿਲੇਗਾ।

(4)

ਮੈਂ ਘਾਹ ਹਾਂ।
ਉਗਾਊ ਹਾਂ।
ਪੈਰਾਂ ਹੇਠ ਲਿਤਾੜੋ
ਪਾਣੀ ਦਿਓ ਜਾਂ ਨਾ ਦਿਓ
ਗਰਮੀ ਜਾਂ ਸਰਦੀ।

ਸੁੱਕ ਜਾਵਾਂਗਾ
ਸੁੱਕੜ ਜਾਵਾਂਗਾ
ਪੀਲ਼ਾ ਪੈ ਜਾਵਾਂਗਾ
ਜਦੋਂ ਵੀ ਮੌਸਮ ਹੋਵੇਗਾ ਹੱਕ ਵਿੱਚ
ਫਿਰ ਤੋਂ ਉੱਗ ਪਵਾਂਗਾ।

ਇਹ ਨਾ ਸੋਚਣਾ ਕਿ
ਮਰ ਜਾਵਾਂਗਾ
ਖਾਹ ਮਖਾਹ ਹਾਂ
ਮੈਂ ਘਾਹ ਹਾਂ।

(5)

ਪੱਤਿਆਂ ਤੱਕ ਹੀ
ਪਹੁੰਚਾ ਸਕਦੀ ਹੈ ਖ਼ਬਰ,
ਖੁਸ਼ਕ ਹੋ ਰਹੇ ਮੌਸਮ ਦੀ।

ਇਹ ਤਾਂ ਹੁਣ
ਪੱਤਿਆਂ ਦਾ ਫ਼ਰਜ਼ ਹੈ,
ਜੜ੍ਹਾਂ ਨੂੰ ਸੁਨੇਹਾ ਲਾਉਣ।

ਬੁਨਿਆਦ ਤੋਂ ਬਿਨਾਂ
ਕਿਵੇਂ ਬਣਿਆ ਰਹਿ ਸਕਦਾ ਹੈ ਕੋਈ।

(6)

ਹਵਾ ਤਾਂ ਪੱਤਿਆਂ ਨੂੰ ਹੀ ਸੁਣਾ ਸਕਦੀ ਹੈ,
ਖੁਸ਼ਕ ਹੋ ਰਹੀ ਹੈ ਫਿਜ਼ਾ ਦੀ ਖ਼ਬਰ
ਇਹ ਤਾਂ ਹੁਣ
ਉਨ੍ਹਾਂ ਦਾ ਫ਼ਰਜ਼ ਹੈ
ਜੜ੍ਹਾਂ ਨੂੰ ਸੁਨੇਹਾ ਲਾਉਣ

ਬੁਨਿਆਦ ਤੋਂ ਬਿਨਾਂ
ਕਦੋਂ ਹੁੰਦਾ ਹੈ ਵਜੂਦ।

(7)

ਹਵਾ ਤੇਜ਼ ਸੀ
ਹਨੇਰੀ ਬਣ ਕੇ ਆਈ।

ਝਿਜੋੜਦੀ ਰਹੀ
ਝੁਕਾਉਂਦੀ ਵੀ ਰਹੀ
ਮੁਸਕਰਾਉਂਦੀ ਰਹੀ
ਠਹਾਕੇ ਲਗਾਉਂਦੀ
ਆਪਣੀ ਬੇ-ਤਰਸ ਤਾਕਤ ਨਾਲ।

ਪੇੜਾਂ ਨੂੰ ਪਤਾ ਸੀ
ਬਹੁਤ ਦੇਰ ਨਹੀਂ ਚੱਲਣ ਵਾਲਾ
ਇਸ ਦਾ ਜ਼ੋਰ, ਇਸ ਦਾ ਜ਼ੋਰ

ਇਹ ਨਹੀਂ ਸੀ
ਹਵਾ ਦਾ ਦਮ-ਕੰਮ ਜਾਇਆ ਗਿਆ
ਕੁਝ ਦਰੱਖਤ ਡਿੱਗੇ, ਟੁੱਟੇ ਵੀ ਕੁਝ
ਇਸ ਉਮੀਦ ਨਾਲ ਕਿ
ਫਿਰ ਆਬਾਦ ਹੋਵਾਂਗੇ।

ਇਸ ਤੂਫ਼ਾਨ ਵਿੱਚ
ਉੱਖੜੇ ਵੀ ਕਈ
ਪਰ ਇਸ ਵਾਰਦਾਤ ਵਿੱਚ
ਕਮੀ
ਹਵਾ ਦੇ ਜ਼ੋਰ ਤੋਂ ਵੱਧ
ਉਸ ਦੀਆਂ ਜੜ੍ਹਾਂ ਦੀ ਵੀ ਸੀ।

(8)

ਮਰਜਾਣੀਏ
ਇਹ ਸੀ ਮੇਰਾ ਨਾਂਅ,
ਜਿਸ ਨਾਲ ਮੇਰੀ ਮਾਂ,
ਮੈਨੂੰ ਬੁਲਾਉਂਦੀ ਸੀ।

ਪਰ ਦਿਲ ਵਿੱਚ ਨਹੀਂ ਸੀ, ਅਜਿਹਾ ਕੁਝ
ਬਹੁਤ ਪਿਆਰ ਕਰਦੀ ਸੀ,
ਮੇਰੀ ਹਰ ਪੀੜ,
ਹੁੰਦੀ ਸੀ ਪਹਿਲਾਂ ਉਸ ਦੀ।

ਮੈਂ ਵੀ ਕਹਿੰਦੀ ਹਾਂ,
ਅੱਜ ਕੱਲ੍ਹ ਆਪਣੀ ਧੀ ਨੂੰ,
ਮਰ ਜਾ ਤੂੰ, ਮਰਦੀ ਕਿਉਂ ਨਹੀਂ ?
ਮੈਂ ਖਿਝ ਕੇ ਕਹਿੰਦੀ ਹਾਂ,
ਗੁੱਸੇ ਵਿੱਚ ਕਹਿੰਦੀ ਹਾਂ,
ਕਦੇ ਕਦੇ ਮਨ ਵਿੱਚ ਦੁਆ ਵੀ ਕਰਦੀ ਹਾਂ,
ਮਰ ਹੀ ਜਾਵੇ ਤਾਂ ਚੰਗਾ ਹੈ।

ਮੇਰੇ ਕੋਲ-
ਮੇਰੀ ਮਾਂ ਜਿੱਡਾ ਜਿਗਰਾ ਨਹੀਂ ਹੈ,
ਇਸ ਹਨੇਰੇ ਅੱਗੇ ਖੜ੍ਹਨ ਦਾ।

(9)

ਚੁੰਨੀ ਲਾਹ ਕੇ
ਪਰਚਮ ਬਣਾਇਆ।
ਦੋਸਤ ਕਹਿਣ ਲੱਗੇ
ਹੋ ਗਈ ਹਲਕੀ
ਲੱਥ ਗਿਆ ਬੋਝ।

ਉਸ ਕਿਹਾ—
ਗੱਲ ਹਲਕੇ-ਭਾਰੇ ਹੋਣ ਦੀ ਨਹੀਂ
ਸਵਾਲ ਹੈ-
ਜ਼ਿੰਦਗੀ ਦੀਆਂ—
ਕੰਡਿਆਲੀਆਂ ਰਾਹਾਂ ਨੂੰ
ਪੱਧਰਾਂ ਕਰਨ ਦਾ।

ਜੇ ਝੰਡਾ ਚੁਕਿਆ ਹੀ ਹੁੰਦਾ ਹੈ
ਜੇ ਹਿੱਕ ਤਾਣਿਆਂ ਹੀ ਹੁੰਦਾ ਹੈ
ਪਰਚਮ ਲਹਿਰਾਉਂਦੇ ਹੀ
ਮਿਲਦਾ ਹੈ ਹੌਸਲਾ
ਤੇ ਬਣਦਾ ਹੈ ਰਾਹ।

(10)

ਜਿਸ ਤੌਹੀਨ ਨੂੰ
ਪਤਨੀ ਭੋਗਦੀ ਹੈ,
ਤੁਹਾਡੇ ਅੰਦਰ ਬੈਠੇ ਮਰਦ ਕਾਰਨ।

ਉਸ ਵੇਲੇ ਉਹ ਔਰਤ,
ਪਤਨੀ ਦੇ ਨਾਲ-ਨਾਲ,
ਧੀ-ਭੈਣ ਵੀ ਹੁੰਦੀ ਹੈ, ਮਾਂ ਵੀ।

ਜਿਸ ਦੀ ਬੇਅਦਬੀ ਨੂੰ ਲੈ ਕੇ
ਖ਼ੂਨ ਖੌਲਣ ਲੱਗਦਾ ਹੈ ਤੁਹਾਡਾ,
ਪਤਾ ਹੈ ਤੁਹਾਨੂੰ।

ਮਾਂ, ਧੀ, ਭੈਣ ਤੇ ਭਾਵੇਂ ਪ੍ਰੇਮਿਕਾ
ਸਭ ਵਿੱਚ ਇੱਕ ਤੰਦ ਸਾਂਝੀ ਹੈ,
ਉਹ ਹੈ ਉਸ ਦਾ ਔਰਤ ਹੋਣਾ।
ਪਤਾ ਹੈ ਤੁਹਾਨੂੰ।

(11)

ਬਿਮਾਰੀ ਨਾਲ ਕਮਜ਼ੋਰ ਹੋਈ ਮਾਂ ਨੇ ਕਿਹਾ,
ਪੁੱਤ/ਮੈਨੂੰ ਕੋਈ ਤਾਕਤ ਦੀ ਦਵਾ ਹੀ ਲਿਆ ਦੇ

ਪੁੱਤ ਬੋਲਿਆ,
ਕੀ ਕਰਨੀ ਹੈ ਮਾਂ ਤਾਕਤ
ਤੂੰ ਕਿਸੇ ਨਾਲ ਲੜਨਾ ਹੈ ?

ਮਾਂ ਸਹਿਜੇ ਹੀ ਬੋਲੀ
ਪੁੱਤ ਲੜਨ ਲਈ ਨਹੀਂ
ਬਚਾਅ ਲਈ ਵੀ ਹੁੰਦੀ ਹੈ
ਲੋੜ ਤਾਕਤ ਦੀ।

(12)

ਬੜਾ ਹੈ ਔਖਾ
ਰਾਹ ਬਾਬਾ ਨਾਨਕ ਦਾ
ਖਹਿੜਾ ਛੱਡ, ਪਾਸਾ ਵੱਟ

ਸੱਚੇ ਸੌਦੇ ਵਾਲੇ ਰਾਹ ਤੁਰ
ਦੱਸੋ ਹੁਣ ਹੈ ਸਰਦਾ
ਬਾਬਾ ਤਾਂ ਖੁਦ ਆਪਣੇ ਘਰ ਦੀ
ਭੋਰਾ ਫ਼ਿਕਰ ਨ੍ਹੀ ਕਰਦਾ
ਆਪਾਂ ਦੱਸ ਹੈ ਕਾਹਤੋਂ ਪਾਣਾ
ਗਲ ਵਿੱਚ ਆਪਣੇ ਝੰਜਟ
ਖਹਿੜਾ ਛੱਡ ਪਾਸਾ ਵੱਟ

ਬਾਬੇ ਤੂੰ ਤਾਂ ਐਵੇਂ ਹੈ ਬਸ
ਪੰਗਾ ਲੈਣ ਦੀ ਆਦਤ
ਉਹਨੂੰ ਤਾਂ ਕੋਈ ਪ੍ਰਵਾਹ ਹੈ ਨਹੀਂ
ਕਿੰਨੀ ਬਾਬਰ ਦੀ ਤਾਕਤ
ਐਵੇਂ ਹੀ ਲੋਕਾਂ ਦੀ ਖਾਤਰ
ਉੱਠ ਖੜਦਾ ਹੈ ਝੱਟਪੱਟ
ਖਹਿੜਾ ਛੱਡ ਪਾਸਾ ਵੱਟ।

(13)

ਪਹਾੜ ਦੇ ਉਸ ਪਾਰ
ਝੀਲ ਸੀ ਪਾਣੀ ਸੀ।
ਚਾਹੁਣ ਵਾਲੇ ਲੱਭ ਹੀ ਲੈਂਦੇ
ਪਿਆਸ ਦੇ ਮਾਰੇ
ਪਹੁੰਚ ਹੀ ਜਾਂਦੇ।

ਦੂਰ ਸੀ ਨੇੜੇ ਸੀ
ਰਾਹ ਔਖਾ ਸੀ ਸੌਖਾ ਸੀ
ਜੋ ਵੀ ਸੀ

ਪਰ ਇੱਕ ਗੱਲ ਪੱਕੀ ਹੈ
ਜ਼ਿੰਦਗੀ ਤੱਕ ਪਹੁੰਚਣ ਲਈ
ਉਸ ਦੀ ਤਲਾਸ਼ ਕਰਨੀ ਹੀ ਪੈਂਦੀ ਹੈ।
ਜ਼ਿੰਦਗੀ ਕੋਲ ਜਾਣਾ ਹੀ ਪੈਂਦਾ।

# 98158-08506

## ਬਦਲਾਅ

ਕੇਕ ਕੱਟਣ ਤੋਂ ਬਾਅਦ ਘਰ ਵਿੱਚ ਗੁਰਸ਼ਾਨ ਦੇ ਜਨਮ ਦਿਨ ਦੀ ਪਾਰਟੀ ਚੱਲ ਰਹੀ ਸੀ, ਰਿਸ਼ਤੇਦਾਰ, ਦੋਸਤ, ਮਿੱਤਰ ਤੇ ਆਂਢੀ-ਗੁਆਂਢੀ ਜਨਮ ਦਿਨ ਦਾ ਗਿਫ਼ਟ ਤੋਹਫ਼ਾ ਦੇਣ ਤੋਂ ਬਾਅਦ ਖਾ-ਪੀ ਰਹੇ ਸਨ।ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਵੱਖ-ਵੱਖ ਸਟਾਲ ਲੱਗੇ ਹੋਏ ਸਨ ਅਤੇ ਮਹਿਮਾਨ ਆਪਣੀ-ਆਪਣੀ ਪਸੰਦੀ ਦਾ ਖਾ-ਪੀ ਰਹੇ ਸਨ। ਮੈਂ ਵੀ ਪਲੇਟ ਵਿੱਚ ਕੁੱਝ ਖਾਣ-ਪੀਣ ਦਾ ਸਾਮਾਨ ਪਾ ਕੇ ਬਰਾਂਡੇ ਵਿੱਚ ਮੰਜੇ 'ਤੇ ਬੈਠੀ ਚਾਚੀ ਅਮਰੋ ਜਿਸ ਦੀ ਉਮਰ ਤਕਰੀਬਨ ਨੱਬੇ-ਪਚਾਨਵੇਂ ਸਾਲ ਦੀ ਹੋਵੇਗੀ, ਦੇ ਕੋਲ ਇਸ ਲਈ ਜਾ ਬੈਠਾ ਕਿ ਉਸ ਨਾਲ਼ ਦੁੱਖ-ਸੁੱਖ ਸਾਂਝਾ ਕਰਨ ਲਈ ਗੱਲਬਾਤ ਕਰੂੰਗਾ!

ਮੈਂ ਜਾ ਕੇ ਚਾਚੀ ਤਕੜੀ ਐਂ ? ਕਹਿ ਕੇ ਮੰਜੇ 'ਤੇ ਬੈਠ ਕੇ ਖਾਣ ਹੀ ਲੱਗਾ ਸੀ ਕਿ ਚਾਚੀ ਨੇ ਆਪਣੀ ਜੂਠੀ ਪਲੇਟ ਮੇਰੇ ਵੱਲ ਕਰਦੇ ਹੋਏ ਕਿਹਾ ਕਿ ਲੈ ਇਹਨੂੰ ਥੱਲੇ ਰੱਖ ਦੇ ਤੇ ਮੈਨੂੰ ਪਾਣੀ ਦਾ ਗਲਾਸ ਫੜਾ ਦੇ, ਜੋ ਮੰਜੇ ਦੀ ਦੌਣ ਵਿੱਚ ਫਸਾਇਆ ਹੋਇਆ ਸੀ। ਮੈਂ ਪਲੇਟ ਫ਼ੜ ਕੇ ਮੰਜੇ ਦੇ ਥੱਲੇ ਰੱਖ ਦਿੱਤੀ ਤੇ ਚਾਚੀ ਨੂੰ ਪਾਣੀ ਦਾ ਗਿਲਾਸ ਫੜਾ ਦਿੱਤਾ। ਉਸ ਨੇ ਦੋ-ਤਿੰਨ ਘੁੱਟਾਂ ਪਾਣੀ ਦੀਆਂ ਭਰੀਆਂ ਤੇ ਬਾਕੀ ਪਾਣੀ ਨਾਲ਼ ਹੱਥਾਂ ਦੇ ਪੋਟੇ ਧੋਂਦੀ-ਧੋਂਦੀ ਹੌਲ਼ੀ-ਹੌਲ਼ੀ ਬੋਲੀ, 'ਵਾਹਿਗੁਰੂ ਤੇਰਾ ਸ਼ੁਕਰ ਹੈ, ਰੁੱਖੀ-ਮਿੱਸੀ ਸਭ ਨੂੰ ਦੇਈਂ।' ਮੈਂ ਖ਼ਾਲੀ ਗਿਲਾਸ ਫੜ ਕੇ ਦੌਣ ਵਿੱਚ ਫ਼ਿਰ ਟੰਗ ਦਿੱਤਾ। ਮੈਂ ਆਪਣੀ ਪਲੇਟ ਚੱਕ ਕੇ ਖਾਣ ਹੀ ਲੱਗਾ ਸੀ ਕਿ ਮੇਰੀ ਨਿਗਾਹ ਸਾਹਮਣੇ ਰੋਟੀ-ਪਾਣੀ ਖਾ ਰਹੇ ਇੱਕ ਦੋ ਨਵੇਂ ਵਿਆਹੇ ਜੋੜਿਆਂ 'ਤੇ ਪਈ, ਜੋ ਇੱਕ-ਦੂਜੇ ਦੇ ਮੂੰਹ ਵਿੱਚ ਬੁਰਕੀਆਂ ਪਾ ਰਹੇ ਸਨ ਤੇ ਖੁਸ਼ੀ-ਖੁਸ਼ੀ ਪਾਰਟੀ ਦਾ ਅਨੰਦ ਮਾਣ ਰਹੇ ਸਨ। ਮੈਂ ਚਾਚੀ ਨੂੰ ਉਧਰ ਦੇਖਣ ਨੂੰ ਕਿਹਾ ਤਾਂ ਉਸ ਨੇ ਪਹਿਲਾਂ ਆਪਣੀ ਬੂਟੀਆਂ ਵਾਲ਼ੀ ਚੁੰਨੀ ਨਾਲ ਐਨਕ ਦੇ ਸ਼ੀਸ਼ੇ ਸਾਫ਼ ਕੀਤੇ ਤੇ ਫੇਰ ਐਨਕ ਲਾ ਕੇ ਉਧਰ ਦੇਖ ਕੇ ਬੋਲੀ, 'ਵਾਗਰੂ ਵਾਗਰੂ ਨੇਰ੍ਹ ਸਾਈਂ ਦਾ ਕੁੜੇ ਸ਼ਰਮ ਨਾ ਹਯਾ ਇਨ੍ਹਾਂ ਨੂੰ!'

ਫਿਰ ਮੈਂ ਚਾਚੀ ਨੂੰ ਪੁੱਛਿਆ ਕਿ ਚਾਚੀ ਜਦੋਂ ਤੁਹਾਡਾ ਵਿਆਹ ਹੋਇਆ ਸੀ ਤਾਂ ਉਦੋਂ ਵੀ ਨਵੇਂ ਵਿਆਹੇ ਜੋੜੇ ਇੱਕ-ਦੂਜੇ ਦੇ ਮੂੰਹ 'ਚ ਬੁਰਕੀਆਂ ਪਾਉਂਦੇ ਸੀ! ਤਾਂ ਚਾਚੀ ਬੋਲੀ ਵਾਗਰੂ-ਵਾਗਰੂ ਆਖ।

ਬੰਦਾ ਬੁੜ੍ਹੀ ਦੀ ਝੂਠ ਖਾਵੇ ਏਦੂੰ ਮਾੜੀ ਗੱਲ ਹੋਰ ਕੀ ਹੋਊ! ਜੂਠ ਖਾ ਕੇ ਫੇਰ ਕੀ ਮੱਲ ਬਣਜੂ!

ਮੈਂ ਕਿਹਾ-ਚਾਚੀ ਇਹ ਪੁਰਾਣੀ ਪੀੜ੍ਹੀ ਅਤੇ ਨਵੀਂ ਪੀੜ੍ਹੀ ਵਿੱਚ ਬਦਲਾਅ ਦੀ ਨਿਸ਼ਾਨੀ ਹੈ, ਹੁਣ ਜ਼ਮਾਨਾ ਬਹੁਤ ਬਦਲ ਚੁੱਕਾ ਹੈ, ਹੁਣ ਮੁੰਡੇ ਕੁੜੀ ਤੇ ਬੰਦੇ-ਬੁੜ੍ਹੀ ਵਿੱਚ ਕੋਈ ਫ਼ਰਕ ਨ੍ਹੀਂ ਰਿਹਾ।

ਤਾਂ ਚਾਚੀ ਬੋਲੀ, ਵੇ ਕਿਹੜਾ ਬਦਲਾਅ! ਏਨਾ ਨੂੰ ਏਹੀ ਚੱਜ ਕਰਨੇ ਆਉਂਦੇ ਐ! ਕਿਸੇ ਨੂੰ ਮੰਜਾ ਪੀੜ੍ਹੀ ਨੀਂ ਬੁਣਨਾ ਆਉਂਦਾ, ਕਿਸੇ ਨੂੰ ਚੁੱਲ੍ਹਾ ਹਾਰ੍ਹਾ ਨੀਂ ਬਣਾਉਣਾ ਆਉਂਦਾ, ਕਿਸੇ ਨੂੰ ਗੋਹਾ ਮਿੱਟੀ ਨੀਂ ਫੇਰਨਾ ਆਉਂਦਾ! ਲਿੱਪਣਾ-ਪੋਚਣਾ ਨੀਂ ਆਉਂਦਾ, ਨਾ ਕਿਸੇ ਨੂੰ ਕੰਧੋਲੀ, ਟਾਂਡ ਬਣਾਉਣੀ ਆਉਂਦੀ ਐ, ਹੋਰ ਤਾਂ ਹੋਰ ਏਨ੍ਹਾਂ ਨੂੰ ਤਾਂ ਰਿਸ਼ਤਿਆਂ ਦਾ ਵੀ ਨੀਂ ਪਤਾ ਕਿ ਸਾਡਾ ਕੋਈ ਕੀ ਲਗਦੈ! ਕੋਈ ਚਾਚੀ, ਤਾਈ, ਮਾਸੀ, ਭੂਆ ਹੋਵੇ, ਸਭ ਨੂੰ ਆਂਟੀ ਆਂਟੀ! ਪੜ੍ਹਿਉਰੇ, ਪਤੀਸ ਦਾ ਵੀ ਨੀਂ ਪਤਾ ! ਕੁੱਢਰਾਂ ਕਿਸੇ ਥਾਂ ਦੀਆਂ ਤੇ ਚਾਚੀ ਕਿੰਨਾ ਚਿਰ ਮੂੰਹ ਵਿੱਚ ਹੀ ਬੁੜ-ਬੁੜ ਕਰੀ ਗਈ ।

ਮੈਂ ਸੋਚ ਰਿਹਾ ਸੀ ਕਿ ਗੱਲ ਤਾਂ ਚਾਚੀ ਦੀ ਵੀ ਸਹੀ ਹੈ, ਪਰ ਸਮਾਜਿਕ ਵਿਕਾਸ ਰਾਹੀਂ ਪੀੜ੍ਹੀ-ਦਰ-ਪੀੜ੍ਹੀ ਵਿੱਚ ਹੋ ਰਹੇ ਬਦਲਾਅ ਨੂੰ ਵੀ ਤਾਂ ਨਿਕਾਰਿਆ ਨਹੀਂ ਜਾ ਸਕਦਾ।

**— ਅਮਰਜੀਤ ਸਿੰਘ ਫ਼ੌਜੀ**

## ਫੁੱਲਾਂ ਦੀ ਮਹਿਕ ਵਰਗਾ ਸਰਬਾਂਗੀ ਸਾਹਿਤਕਾਰ ਡਾ. ਅਮਰ ਕੋਮਲ



ਕਿਸੇ ਵੀ ਵਿਅਕਤੀ ਵਿਸ਼ੇਸ਼ ਜਾਂ ਸਾਹਿਤਕ ਵਿਦਵਾਨ ਬਾਰੇ ਲਿਖਣਾ ਸੌਖਾ ਕਾਰਜ ਨਹੀਂ ਹੁੰਦਾ, ਕਿਉਂਕਿ ਇਸ ਦੇ ਲਈ ਉਸ ਵਿਦਵਾਨ ਦੇ ਹਰ ਪਹਿਲੂ ਭਾਵ ਸਮਾਜਿਕ, ਰਾਜਨੀਤਕ, ਆਰਥਿਕ, ਧਾਰਮਿਕ, ਵਿਵਹਾਰਿਕ ਅਤੇ ਪਰਵਾਰਕ ਪਿਛੋਕੜ ਦੀ ਜਾਣਕਾਰੀ ਬਾਰੇ ਜਾਣੂ ਹੋਣਾ ਅਤਿ ਜ਼ਰੂਰੀ ਹੈ। ਡਾਕਟਰ ਅਮਰ ਕੋਮਲ ਅਜਿਹਾ ਮਕਬੂਲ ਤੇ ਸਰਬਾਂਗੀ ਸਾਹਿਤਕਾਰ ਹੈ ਜਿਸ ਨੇ ਹੁਣ ਤੱਕ ਸੈਂਕੜੇ ਵੱਖ-ਵੱਖ ਸਾਹਿਤਕ ਵੰਨਗੀਆਂ ਦੀਆਂ ਪੁਸਤਕਾਂ ਰਾਹੀਂ ਸਾਹਿਤ ਅਤੇ ਸਮਾਜ ਦੀ ਸੇਵਾ ਕੀਤੀ ਹੈ ਅਤੇ ਇਸ ਪੰਧ 'ਤੇ ਆਪਣੀ ਉਮਰ ਦੇ ਨੌਂ ਦਹਾਕੇ ਪਾਰ ਕਰਕੇ ਵੀ ਨਿਰੰਤਰ ਤੁਰਿਆ ਜਾ ਰਿਹਾ ਹੈ, ਹੁਣ ਨਵੰਬਰ 2024 ਵਿੱਚ ਉਨ੍ਹਾਂ ਦਾ ਲੱਗਭੱਗ ਇਕਾਨਵਾਂ ਜਨਮ ਦਿਨ ਮਨਾਇਆ ਜਾ ਰਿਹਾ ਹੈ। ਹੁਣ ਤੱਕ ਉਨ੍ਹਾਂ ਨੇ ਅਨੇਕਾਂ ਹੀ ਕਾਵਿ-ਸੰਗ੍ਰਹਿ, ਨਿਬੰਧ-ਸੰਗ੍ਰਹਿ, ਕਹਾਣੀ-ਸੰਗ੍ਰਹਿ, ਮਿੰਨੀ ਕਹਾਣੀ-ਸੰਗ੍ਰਹਿ, ਬਾਲ ਸਾਹਿਤ ਨਾਲ਼ ਸੰਬੰਧਤ ਪੁਸਤਕਾਂ, ਆਲੋਚਨਾ ਦੀਆਂ ਪੁਸਤਕਾਂ, ਸੰਪਾਦਨ ਪੁਸਤਕਾਂ, ਅਨੁਵਾਦ ਪੁਸਤਕਾਂ, ਸਵੈ-ਜੀਵਨੀ, ਸ਼ਬਦ-ਚਿੱਤਰ ਅਤੇ ਪੁਸਤਕ ਰੀਵਿਊ ਆਦਿ ਸਾਹਿਤ ਦੀ ਝੋਲੀ ਪਾਈਆਂ ਹਨ।

ਡਾ. ਅਮਰ ਕੋਮਲ ਦਾ ਅਸਲ ਨਾਂਅ ਅਮਰਨਾਥ ਹੈ, ਜਿਸ ਨੇ 29 ਨਵੰਬਰ 1933 ਨੂੰ ਪਿਤਾ ਸਾਵਣ ਰਾਮ ਦੇ ਗ੍ਰਹਿ ਵਿਖੇ ਮਾਤਾ ਗਿਆਨ ਦੇਵੀ ਦੀ ਕੁੱਖੋਂ ਮਹਿਲ ਕਲਾਂ ਜ਼ਿਲ੍ਹਾ ਬਰਨਾਲਾ ਵਿਖੇ ਜਨਮ ਲਿਆ। ਉਹਨਾਂ ਦਾ ਵਿਆਹ ਸ੍ਰੀਮਤੀ ਚਾਂਦ ਰਾਣੀ ਨਾਲ ਹੋਇਆ, ਜਿਹੜੇ ਸਿੱਖਿਆ ਵਿਭਾਗ ਵਿਚ ਮੁੱਖ ਅਧਿਆਪਕਾ ਰਹੇ ਹਨ, ਪਰ ਹੁਣ ਉਹ ਸਾਡੇ ਵਿਚਕਾਰ ਨਹੀਂ ਹਨ। ਉਹਨਾਂ ਦੇ ਪੁੱਤਰ ਡਾਕਟਰ ਸੰਜੀਵ ਕਾਲੀਆ ਅਤੇ ਦੋ ਪੁੱਤਰੀਆਂ ਕਵਿਤਾ ਬਾਲੀ ਅਤੇ ਅਮਿਤਾ ਸ਼ਰਮਾ ਆਪੋ-ਆਪਣੇ ਪਰਵਾਰਾਂ ਨਾਲ ਖੁਸ਼ਹਾਲ ਹਨ। ਉਨ੍ਹਾਂ ਨੇ ਐੱਮ.ਏ. (ਪੰਜਾਬੀ) ਕਰਨ ਤੋਂ ਬਾਅਦ ਪੀ.ਐੱਚ.ਡੀ. ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ ਅਤੇ ਉਹ ਬਤੌਰ ਲੈਕਚਰਾਰ ਪੰਜਾਬੀ ਵਿਭਾਗ, ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਤਾਇਨਾਤ ਰਹੇ। ਉਹ ਬਰਨਾਲਾ ਨਾਲ਼ ਸੰਬੰਧ ਰੱਖਦੇ ਹੋਣ ਕਰਕੇ ਰੋਜ਼ਾਨਾ ਬਰਨਾਲਾ ਤੋਂ ਸੰਗਰੂਰ ਅਤੇ ਸੰਗਰੂਰ ਤੋਂ ਬਰਨਾਲਾ ਆਉਣ-ਜਾਣ (ਅੱਪ-ਡਾਊਨ) ਕਰਦੇ ਸਨ। ਉਹ ਆਪਣੇ ਪਰਵਾਰ ਸਮੇਤ ਜੂਨ 2006 ਤੱਕ ਬਰਨਾਲਾ ਵਿਖੇ ਰਹੇ ਤੇ ਫਿਰ ਪਟਿਆਲਾ ਚਲੇ ਗਏ, ਜਿੱਥੇ ਅੱਜਕੱਲ੍ਹ ਤਸ਼ਰੀਫ਼ ਰੱਖ ਰਹੇ ਹਨ। ਡਾਕਟਰ ਕੋਮਲ ਪੰਜਾਬੀ ਸਾਹਿਤ ਸਭਾ (ਰਜਿ.) ਬਰਨਾਲਾ ਦੇ ਮੋਢੀ ਸਾਹਿਤਕਾਰਾਂ ਵਜੋਂ ਕਾਰਜਸ਼ੀਲ ਰਹੇ ਅਤੇ ਹੁਣ ਵੀ ਉਹ ਸਭਾ ਨਾਲ਼ ਜੁੜੇ ਹੋਏ ਹਨ।

ਡਾਕਟਰ ਕੋਮਲ ਨਾਲ਼ ਮੇਰਾ ਰਾਬਤਾ ਪੜ੍ਹਾਈ ਕਰਦੇ ਸਮੇਂ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਹੋਇਆ ਸੀ। ਇਹ ਕੋਈ 1977-78 ਤੋਂ 1979-80 ਦੀ ਗੱਲ ਹੈ, ਜਦੋਂ ਮੈਂ ਬੀ. ਏ. ਭਾਗ ਪਹਿਲਾ ਵਿੱਚ ਦਾਖਲਾ ਲਿਆ ਸੀ। ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਉਹ ਪੰਜਾਬੀ ਦੇ ਲੈਕਚਰਾਰ ਵਜੋਂ ਪੰਜਾਬੀ ਦੀਆਂ ਕਲਾਸਾਂ ਨੂੰ ਪੜ੍ਹਾਉਂਦੇ ਸਨ ਅਤੇ ਨਾਲ਼ ਹੀ ਕਾਲਜ ਦਾ ਸਾਹਿਤਕ ਮੈਗਜ਼ੀਨ The Ranbir ਦੇ ਸੰਪਾਦਕ ਵੀ ਰਹੇ। ਉਹ ਮੈਨੂੰ ਹਰ ਸਮੇਂ ਲਿਖਣ ਤੇ ਪੜ੍ਹਨ ਲਈ ਪ੍ਰੇਰਨਾ ਦਿੰਦੇ ਰਹੇ। ਉਹ ਕਾਲਜ ਵਿਚ ਪੰਜਾਬੀ ਦੀਆਂ ਹੋਰ ਕਲਾਸਾਂ ਲੈਂਦੇ ਪਰ ਸਾਡੀ ਪੰਜਾਬੀ ਦੀ ਕਲਾਸ ਨਹੀਂ ਸੀ ਲੈਂਦੇ। ਪਹਿਲਾਂ ਸਾਨੂੰ ਡਾਕਟਰ ਪ੍ਰੀਤਮ ਸੈਣੀ ਤੇ ਫਿਰ ਮੈਡਮ ਸਤਵੰਤ ਕੌਰ ਪੰਜਾਬੀ ਪੜ੍ਹਾਉਂਦੇ ਸਨ।

ਇਕ ਤਾਂ ਮੈਂ ਬਰਨਾਲਾ ਦਾ ਵਾਸੀ ਸੀ ਅਤੇ ਦੂਜਾ ਉਹਨਾਂ ਨੂੰ ਆਪਣਾ ਉਸਤਾਦ ਵੀ ਮੰਨਦਾ ਸੀ, ਜੋ ਅੱਜ ਵੀ ਮੰਨਦਾ ਹਾਂ । ਉਹਨਾਂ ਨੇ ਜਿੱਥੇ ਮੇਰੀਆਂ ਰਚਨਾਵਾਂ ਕਾਲਜ ਮੈਗਜ਼ੀਨ ਵਿੱਚ ਸ਼ਾਮਲ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ, ਉਥੇ ਮੈਨੂੰ ਲਿਖਣ ਲਈ ਹਮੇਸ਼ਾ ਪ੍ਰੇਰਨਾ ਦਿੰਦੇ ਰਹੇ, ਜਿਹੜੀ ਮੇਰੇ ਲਈ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜੀ। ਉਨ੍ਹਾਂ ਨੇ ਮੈਨੂੰ ਬਹੁਤ ਸਾਰੀਆਂ ਪੁਸਤਕਾਂ ਸਮੇਂ-ਸਮੇਂ ਸਾਹਿਤ ਨਾਲ਼ ਜੋੜਨ ਲਈ ਦਿੱਤੀਆਂ, ਜਿਨ੍ਹਾਂ ਵਿਚ ਅਜੇ ਹਨੇਰਾ ਹੈ (ਕਹਾਣੀ ਸੰਗ੍ਰਹਿ), ਚਿਣਗਾਂ (ਮਿੰਨੀ ਅਤੇ ਨਿੱਕੀ ਕਹਾਣੀ), ਕਿਰਨਾਂ ਦੇ ਸਿਰਨਾਵੇਂ, ਯੁੱਗ ਪੁਰਸ਼, (ਕਾਵਿ ਸੰਗ੍ਰਹਿ), ਅਸੀਂ ਤੁਸੀਂ (ਮਿੰਨੀ ਕਹਾਣੀ), ਵਿਚਾਰ ਦਰਸ਼ਨ, ਦੰਦ ਕਥਾਵਾਂ-ਅਮਰ ਕਹਾਣੀਆਂ, ਆਦਿ-ਅੰਤ (ਸਮੁੱਚੀਆਂ ਕਹਾਣੀਆਂ) ਆਧੁਨਿਕਤਾ ਦੇ ਉਤਰਕਾਲ ਦਾ ਕਹਾਣੀਕਾਰ ਡਾਕਟਰ ਜੋਗਿੰਦਰ ਸਿੰਘ ਨਿਰਾਲਾ (ਆਲੋਚਨਾ ਸੰਪਾਦਨ), ਕਥਾ ਪਰਿਕਰਮਾ (ਡਾਕਟਰ ਜੋਗਿੰਦਰ ਸਿੰਘ ਨਿਰਾਲਾ ਦੀ ਸਮੁੱਚੀ ਕਹਾਣੀ ਦੀ ਸੰਪਾਦਨਾ), ਤੀਜੀ ਅੱਖ (ਨਿਬੰਧ ਸੰਗ੍ਰਹਿ), ਸਤਿਅਮ ਸ਼ਿਵਮ ਸੁੰਦਰਮ (ਗੀਤ-ਪ੍ਰਗੀਤ) ਅਤੇ ਹੋਰ ਬਹੁਤ ਸਾਰਾ ਸਾਹਿਤ ਉਨ੍ਹਾਂ ਨੇ ਮੈਨੂੰ ਪ੍ਰੇਮ ਭੇਟ ਕੀਤਾ।

ਜਦੋਂ ਆਪਣੀ ਪੜ੍ਹਾਈ ਸੰਪੂਰਨ ਕਰਕੇ ਭਾਵ 1982 ਵਿਚ ਐੱਮ. ਏ. ਕਰਨ ਉਪਰੰਤ ਆਪਣੀ ਮੈਂ ਸਰਕਾਰੀ ਸੇਵਾ ਵਿਚ ਆਇਆ ਤਾਂ ਵੀ ਮੈਂ ਬਰਨਾਲਾ ਤੋਂ ਬਾਹਰ ਹੋਣ ਕਰਕੇ ਜਦੋਂ ਵੀ ਬਰਨਾਲੇ ਆਉਂਦਾ ਤਾਂ ਉਨ੍ਹਾਂ ਦੇ ਦੌਲਤ ਖਾਨੇ ਕੱਚਾ ਕਾਲਜ ਰੋਡ ਵਿਖੇ ਜ਼ਰੂਰ ਮਿਲਣ ਜਾਂਦਾ।

**—ਤੇਜਿੰਦਰ ਚੰਡਿਹੋਕ**

ਸਫ਼ਾ 3 ਦੀ ਬਾਕੀ

## ਕ੍ਰਾਂਤੀਕਾਰੀ ਚੇਤਨਾ ਦਾ ਬਿਰਤਾਂਤ...

ਪਹਿਲੂ ਕਹਿ ਸਕਦੇ ਹਾਂ, ਦਾ ਜ਼ਿਕਰ ਸਾਨੂੰ ਮਿਲਦਾ ਹੈ ।ਸਾਡੀ ਉਪਰੋਕਤ ਗੱਲ ਦੀ ਪੁਸ਼ਟੀ ਭੈਣ ਨਿਵੇਦਿਤਾ ਜਿਹੜੀ ਕਿ ਸਵਾਮੀ ਵਿਵੇਕਾਨੰਦ ਨਾਲ ਬਹੁਤ ਸਾਲ ਰਹੀ ਹੈ, ਉਹਨਾਂ ਦੀ ਵਿਚਾਰਧਾਰਾ ਨੂੰ ਹੋਰ ਤੀਖਣ ਕਰਦੀ ਹੈ ਮਹਾਂਰਿਸ਼ੀ ਅਰਵਿੰਦੋ ਦਾ ਵਿਚਾਰ ਹਥਿਆਰਬੰਦ ਜਨ ਕ੍ਰਾਂਤੀ ਸੀ। ਇੱਕਾ-ਦੁੱਕਾ ਵਾਰਦਾਤਾਂ ਵਿੱਚ ਉਹਨਾਂ ਦਾ ਯਕੀਨ ਨਹੀਂ ਸੀ। ਉਹਨਾਂ ਦਾ ਖਿਆਲ ਸੀ ਕਿ ਲੋਕਾਂ ਨੂੰ ਜਗਾਏ ਬਗੈਰ ਅਸੀਂ ਆਪਣੀ ਮੰਜ਼ਲ ਵੱਲ ਨਹੀਂ ਵਧ ਸਕਦੇ। ਸਮੂਹਿਕ ਹਥਿਆਰਬੰਦ ਘੋਲ ਉਹਨਾਂ ਦੀ ਸੂਚੀ ਵਿੱਚ ਪਹਿਲੀ ਥਾਂ 'ਤੇ ਸੀ। ਇਸੇ ਲਈ ਉਹ ਕਹਿੰਦੇ ਹਨ, ਘੱਟੋ-ਘੱਟ 30 ਸਾਲ ਦਿਨ-ਰਾਤ ਇੱਕ ਕਰਨਾ ਪਵੇਗਾ, ਸਿਰਫ ਤੇ ਸਿਰਫ ਜਨ ਜਾਗਰਨ ਵਾਸਤੇ ਹੀ ਸਿਰਫ ਨਿਹੱਥੀ ਤਿਆਰੀ ਵਾਸਤੇ ਹੀ। ਬਸ ਵੱਡੀ ਲੜਾਈ ਵੱਡੀ ਯੋਜਨਾ ਪੂਰਨ ਸਮਰਪਣ, ਪੂਰਨ ਬਲਿਦਾਨ, ਵੱਡਾ ਸੰਘਰਸ਼ ਤੇ ਵੱਡਾ ਧੰਮਲ ਧੀਰ ।(ਸਫਾ 123) ਇਸੇ ਤਿਆਰੀ ਵਾਸਤੇ ਜਤਿੰਦਰ ਨਾਥ ਬੈਨਰਜੀ ਤੇ ਉਹਨਾਂ ਦੇ ਹੋਰ ਸਾਥੀਆਂ ਰਾਹੀਂ ਅਰਵਿੰਦੋ ਇਸੇ ਹੀ ਜਨ ਜਾਗਰਨ ਵਿੱਚ ਲੱਗੇ ਹੋਏ ਸਨ। ਉਹਨਾਂ ਨੇ ਕਈ ਮੋਰਚਿਆਂ 'ਤੇ ਦੇਸ਼ ਭਗਤਾਂ ਨੂੰ ਨਵੀਂ ਦਿਸ਼ਾ ਦੇਣ ਲਈ ਰਾਸ਼ਟਰੀ ਯੱਗ ਵਿੱਚ ਸ਼ਬਦ ਸਮਗਰੀ ਅਰਪਿਤ ਕਰਕੇ ਇਸ ਦੇਸ਼ ਭਗਤੀ ਦੀ ਅਗਨੀ ਨੂੰ ਹੋਰ ਪ੍ਰਚੰਡ ਕੀਤਾ। ਉਨ੍ਹਾ ਭਵਾਨੀ ਮੰਦਰ ਨਾਂਅ ਦੇ ਇੱਕ ਕਿਤਾਬਚੇ ਰਾਹੀਂ ਲੋਕਾਂ ਨੂੰ ਜਗਾਣ ਦਾ ਕੰਮ ਆਰੰਭਿਆ। ਇਹ ਕਿਤਾਬਚਾ ਹਜ਼ਾਰਾਂ ਦੀ ਗਿਣਤੀ ਵਿੱਚ ਵਾਰੀ-ਵਾਰੀ ਕਈ ਸੰਸਕਰਨਾਂ ਵਿੱਚ ਛਪਿਆ ਅਤੇ ਲੱਖਾਂ ਦੀ ਗਿਣਤੀ ਵਿੱਚ ਪੜ੍ਹਿਆ ਗਿਆ। ਕਿਤਾਬਚੇ ਦੀ ਉੱਚ ਕੋਟੀ ਦੀ ਬੌਧਿਕ ਸ਼ਬਦਾਵਲੀ ਨੂੰ ਸਕੂਲਾਂ-ਕਾਲਜਾਂ ਦੇ ਦੇਸੀ ਗੁਰੂਜਨ ਆਪਣੇ ਵਿਲਾਇਤੀ ਸਾਥੀਆਂ ਨਾਲ ਵਿਚਾਰਦੇ ਖੁੱਲ੍ਹੀ ਬਗਾਵਤ ਦੇ ਇਸ ਘੋਸ਼ਣਾ ਪੱਤਰ ਦੇ ਕੁਝ ਅੰਸ਼ ਕੌਮੀ ਪੱਧਰ ਦੀਆਂ ਅਖਬਾਰਾਂ 'ਚ ਵੀ ਛਪੇ। (ਸਫਾ 138) ਅਧਿਆਤਮਿਕਤਾ ਵੱਲ ਮੁੜਦਿਆਂ ਉਹਨਾਂ ਦਾ ਖਿਆਲ ਸੀ ਕਿ ਅਧਿਆਤਮਕ ਸਾਧਨਾ ਰਾਹੀਂ ਦੇਸ਼ ਭਗਤੀ ਨੂੰ ਹੋਰ ਤੀਵਰ ਕੀਤਾ ਜਾ ਸਕਦਾ ਹੈ। ਉਹ ਕਾਂਗਰਸੀਆਂ ਦੀਆਂ ਪ੍ਰੇਅਰ, ਪਟੀਸ਼ਨ ਤੇ ਪ੍ਰੋਟੈਸਟ ਵਾਲੀ ਵਿਚਾਰਧਾਰਾ ਦੇ ਬਿਲਕੁਲ ਉਲਟ ਗਰਮਦਲੀਆਂ ਦੇ ਅੰਦੋਲਨ, ਹੜਤਾਲਾਂ, ਬਾਈਕਾਟ ਤੇ ਐਕਸ਼ਨਾਂ ਨਾਲ ਜੁੜੇ ਹੋਏ ਸਨ। ਬਾਰੀ-ਬਾਰਿਸ਼ਾਲ ਨਗਰ ਵਿੱਚ ਅਰਵਿੰਦੋ ਬੰਦੇ ਮਾਤਰਮ ਦੇ ਨਾਹਰੇ ਕਾਰਨ ਡਾਂਗਾਂ ਦੀ ਮਾਰ ਝੱਲਦੇ ਹਨ ।'ਬੰਦੇ ਮਾਤਰਮ' ਅਤੇ 'ਯੁਗਾਂਤਰ' ਰਾਹੀਂ ਦੇਸ਼ ਭਗਤੀ ਦੀ ਆਸਥਾ ਨੂੰ ਜਗਾਉਂਦੇ ਹਨ ਅਤੇ ਇਸ ਕਰਕੇ ਉਹਨਾਂ ਨੂੰ ਜੇਲ੍ਹ ਦੀ ਸਜ਼ਾ ਵੀ ਕੱਟਣੀ ਪੈਂਦੀ ਹੈ। ਇਹਨਾਂ ਬਾਰੇ ਸਰ ਐਡਵਰਡ ਬੇਕਰ ਕਹਿੰਦਾ ਹੈ-ਬੰਗਾਲ 'ਚ ਮੌਜੂਦਾ ਖਤਰਨਾਕ ਸਥਿਤੀ ਦਾ ਸਭ ਤੋਂ ਖਤਰਨਾਕ ਕਾਰਨ ਇਹੋ ਅਰਬਿੰਦੋ ਘੋਸ਼ ਹੈ। ਇਹ ਸਿੱਧ ਪੱਧਰਾ ਜਿਹਾ ਦਿਖਣ ਵਾਲਾ ਲੁਕਿਆ-ਛਿਪਿਆ ਜਿਹਾ ਬੰਦਾ ਕੋਈ ਸਧਾਰਨ ਆਗੂ ਨਹੀਂ, ਬਲਕਿ ਕ੍ਰਾਂਤੀ ਦੇ ਉਗਰ ਜਜ਼ਬਾਤਾਂ ਦਾ ਜਨਕ ਹੈ। ਬੰਗਾਲੀ ਬਾਗੀਆਂ ਦਾ ਇੱਕੋ-ਇੱਕ ਸਰਬ ਪ੍ਰਵਾਨਤ ਆਗੂ ਤੇ ਇਹ ਹੈਗਾ ਈ, ਸਗੋਂ ਪੂਰੇ ਹਿੰਦੁਸਤਾਨ 'ਚ ਰਾਜ ਧ੍ਰੋਹ ਦੇ ਸਿਧਾਂਤਾਂ ਦਾ ਸਭ ਤੋਂ ਵੱਧ ਸੰਕਰਮਣ ਇਸੇ ਖਤਰਨਾਕ ਸ਼ੈਅ ਨੇ ਫੈਲਾਇਆ ਹੈ।(ਸਫਾ 250) ਅਰਬਿੰਦੋ ਦੀਆਂ ਗਤੀਵਿਧੀਆਂ ਹੀ ਸਾਨੂੰ ਉਹਨਾਂ ਦੀ ਦੇਸ਼ ਭਗਤੀ ਨਾਲ ਪ੍ਰੀਚਿੱਤ ਕਰਾਉਂਦੀਆਂ ਹਨ।

ਉਹਨਾਂ ਦੀ ਮੁਰਾਰੀ ਬੰਬ ਖੜੀਅੰਤਰ ਵਿੱਚ ਸ਼ਮੂਲੀਅਤ, ਉਹਨਾਂ ਦੇ ਉਸ ਕੇਸ ਦੇ ਗਵਾਹ ਦੇ ਕਤਲ ਵਿੱਚ ਦੁਬਾਰਾ ਜੇਲ੍ਹ ਜਾਣਾ ਅਤੇ ਫੇਰ ਬਰੀ ਹੋਣਾ ਆਦਿ ਇਹ ਸਭ ਕੁਝ ਸਾਨੂੰ ਉਹਨਾਂ ਦੀ ਦੇਸ਼ ਭਗਤ ਹੋਣ ਦਾ ਸਬੂਤ ਦਿੰਦਾ ਹੈ। ਲੇਖਕ ਦਾ ਧਿਆਨ ਵੀ ਇਸੇ 'ਤੇ ਹੀ ਜ਼ਿਆਦਾ ਕੇਂਦਰਿਤ ਹੈ ਕਿ ਉਹ ਅਰਬਿੰਦੋ ਦੀ ਦੇਸ਼ ਭਗਤੀ ਨਾਲ ਸੰਬੰਧਤ ਘਟਨਾਵਾਂ ਨੂੰ ਅੱਗੇ ਲਿਆਵੇ। ਉਹਨਾਂ ਦੇ ਵਿਅਕਤੀਤਵ ਵਿੱਚ ਜਿੱਥੇ ਦੇਸ਼ ਭਗਤੀ ਹੈ, ਉਥੇ ਅਧਿਆਤਮਕਤਾ ਵੱਲ ਦਿਲਚਸਪੀ ਮੁੱਢ ਤੋਂ ਹੀ ਹੈ, ਜਿਹੜੀ ਹੌਲੀ-ਹੌਲੀ ਉਹਨਾਂ ਨੂੰ ਪੂਰਨ ਰੂਪ ਵਿੱਚ ਆਪਣੀ ਗ੍ਰਿਫਤ ਵਿੱਚ ਲੈ ਲੈਂਦੀ ਹੈ। ਉਹ ਇਸ ਅਧਿਆਤਮਕ ਰੰਗਣ ਵਿੱਚ ਇੰਨਾ ਰੰਗ ਜਾਂਦੇ ਹਨ ਕਿ ਉਹਨਾਂ ਨੂੰ ਹੁਣ ਕੋਈ ਵੀ ਆਪਣਾ ਤੇ ਪਰਾਇਆ ਨਹੀਂ ਲੱਗਦਾ। ਉਹਨਾਂ ਨੂੰ ਸਾਰਾ ਕੁਝ ਹੁਣ ਭਗਵਾਨ ਹੀ ਨਜ਼ਰ ਆਉਂਦਾ ਹੈ ਤੇ ਇਸੇ ਕਰਕੇ ਹੀ ਸ਼ਾਇਦ ਉਹਨਾਂ ਦੇ ਅੰਦਰ ਇਕਾਂਤ ਤੇ ਅਗਿਆਤਵਾਸ ਦੀ ਰੁਚੀ ਜਾਗਦੀ ਹੈ। ਉਹ ਪਹਿਲਾਂ ਚੰਦਨਪੁਰ ਤੇ ਫੇਰ ਅੰਤਿਮ ਸਾਹ ਤੱਕ ਇਕਾਂਤ ਪ੍ਰਦੇਸ਼ ਪਾਂਡੂਚੇਰੀ ਜਿਹੜੀ ਕਿ ਫਰੈਂਚ ਕਾਲੋਨੀ ਹੈ, ਵਿੱਚ ਆਪਣਾ ਅੰਤਲਾ ਜੀਵਨ ਬਤੀਤ ਕਰਦੇ ਹਨ।ਉਹ ਇੱਕ ਥਾਂ ਕਹਿੰਦੇ ਹਨ, ਉਸੇ ਅੰਤਰ ਦ੍ਰਿਸ਼ਟੀ ਦੇ ਪ੍ਰਭਾਵ ਹੇਠ ਮੈਂ ਬਾਕੀ ਕੈਦੀਆਂ ਨੂੰ ਦੇਖਿਆ, ਚੋਰ, ਡਾਕੂ, ਖੂੰਖਾਰ ਕਾਤਲ ਜ਼ਮਾਨੇ ਭਰ ਦੇ ਠੱਗ, ਉਹਨਾਂ ਸਭਨਾਂ ਵਿੱਚੋਂ ਵੀ ਮੈਨੂੰ ਭਗਵਾਨ ਵਾਸੂਦੇਵ ਦੇ ਹੀ ਦੀਦਾਰ ਹੋਣ ਲੱਗੇ ।(ਸਫਾ 282) ਯੋਗ ਸਾਧਨਾ ਦੇ ਦੌਰਾਨ ਹੀ ਮੈਨੂੰ ਦੋ ਆਦੇਸ਼ ਪ੍ਰਾਪਤ ਹੋਏ। ਪਹਿਲੇ ਆਦੇਸ਼ ਵਿੱਚ ਪ੍ਰਭੂ ਨੇ ਕਿਹਾ, ਤੈਨੂੰ ਪਹਿਲਾ ਆਦੇਸ਼ ਇਹੋ ਹੈ ਕਿ ਤੂੰ ਆਪਣੇ ਦੂਜੇ ਸਾਥੀਆਂ ਦੀ ਤਰ੍ਹਾਂ ਇਸ ਜੇਲ੍ਹ ਵਿੱਚ ਮਜਬੂਰਨ ਵਕਤ ਕਟੀ ਕਰਦਾ ਰਿਹਾਂ ਹੈਂ ਜਾ ਤੂੰ ਵੀ ਆਪਣਾ ਸਮਾਂ ਆਪਣੇ ਬਾਕੀ ਸਾਥੀਆਂ ਦੀ ਤਰ੍ਹਾਂ ਆਪਣੇ ਦੇਸ਼ ਲਈ ਕਸ਼ਟ ਸਹਿੰਦੇ ਹੋਏ ਹੀ ਬਤੀਤ ਕਰੇ।'ਬਸ ਤੂੰ ਹੁਣ ਇੱਥੋਂ ਬਾਹਰ ਨਿਕਲ ਕੇ ਉਹ ਕੰਮ ਕਰ, ਜਿਹੜਾ ਤੈਨੂੰ ਸੌਂਪਿਆ ਹੈ।' ਇਹਨਾਂ ਸਤਰਾਂ ਨੂੰ ਜੇਕਰ ਧਿਆਨ ਨਾਲ ਘੋਖੀਏ ਤਾਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਅਰਵਿੰਦੋ ਹੁਣ ਸੰਸਾਰਕ ਗਿਆਨ ਤੇ ਉਲਝਣਾਂ ਤੋਂ ਆਪਣੇ ਆਪ ਨੂੰ ਹਟਾ ਕੇ ਅਧਿਆਤਮਕਤਾ ਦੀ ਉਚੇਰੀ ਅਵਸਥਾ ਤੱਕ ਪਹੁੰਚਣਾ ਚਾਹੁੰਦੇ ਹਨ। ਇਹ ਪਰਿਵਰਤਨ ਉਨ੍ਹਾਂ ਦੇ ਜੇਲ੍ਹ ਜੀਵਨ ਦੇ ਇਕਾਂਤਵਾਸ ਅਤੇ ਉਸ ਇਕਾਂਤਵਾਸ ਵਿੱਚ ਲਗਾਏ ਗਏ ਧਿਆਨ ਅਤੇ ਯੋਗ ਕਿਰਿਆਵਾਂ ਕਾਰਨ ਪੈਦਾ ਹੁੰਦਾ ਹੈ। ਲੇਖਕ ਦੇ ਮੁਤਾਬਿਕ ਉਹਨਾਂ ਨੂੰ ਹੁਣ ਸਮਝ ਆ ਜਾਂਦੀ ਹੈ ਕਿ ਧਰਮ ਦਾ ਉਥਾਨ ਕਰਨ ਨਾਲ ਆਪਣੇ ਆਪ ਹੀ ਦੇਸ਼ ਦਾ ਉਥਾਨ ਹੋ ਜਾਵੇਗਾ। ਉਹਨਾਂ ਦੇ ਅਨੁਸਾਰ ਧਰਮ ਦਾ ਵਾਸਤਵਿਕ ਰੂਪ ਇਹ ਸੀ। ਇਹ ਹਿੰਦੂ ਧਰਮ ਉਹ ਸਦੀਵੀ ਸਨਾਤਨ ਧਰਮ ਹੈ, ਜਿਹੜਾ ਵਿਸ਼ਵ-ਵਿਆਪੀ ਹੈ ਅਤੇ ਸਭਨਾਂ ਨੂੰ ਗਲੇ ਲਗਾਉਂਦਾ ਹੈ। ਜੇਕਰ ਕੋਈ ਧਰਮ ਵਿਸ਼ਵ-ਵਿਆਪੀ ਨਹੀਂ ਤਾਂ ਉਹ ਸਦੀਵੀ ਸਨਾਤਨ ਹੋ ਹੀ ਨਹੀਂ ਸਕਦਾ। ਇਹੋ ਇਕ ਮਾਤਰ ਧਰਮ ਹੈ, ਜਿਹੜਾ ਮਨੁੱਖ ਜਾਤੀ ਨੂੰ ਭਗਵਾਨ ਦੀ ਨੇੜਤਾ ਦਾ ਨਿੱਘ ਮਾਨਣ ਦੇ ਸਮਰੱਥ ਬਣਾਉਂਦਾ ਹੈ। ਵਤਨ ਪ੍ਰਸਤੀ ਜਾਂ ਰਾਸ਼ਟਰਵਾਦ ਸਾਡੇ ਲਈ ਹੁਣ ਸਾਡਾ ਧਰਮ ਸਾਡਾ ਮੱਤ ਸਿਧਾਂਤ ਜਾਂ ਸਾਡੀ ਆਸਥਾ ਨਹੀਂ ਹੈ, ਬਲਕਿ ਹੁਣ ਸਾਡਾ ਸਨਾਤਨ ਧਰਮ ਹੀ ਸਾਡੇ ਲਈ ਸਾਡੀ ਰਾਸ਼ਟਰੀਅਤਾ ਹੈ। ਸਾਡੀ ਵਤਨਪ੍ਰਸਤੀ ਹੈ ।ਇਹ ਹਿੰਦੂ ਰਾਸ਼ਟਰ ਸਨਾਤਨ ਧਰਮ ਦੇ ਨਾਲ ਹੀ ਅਸਤਿਤਵ ਵਿੱਚ ਆਇਆ ਸੀ। ਇਸ ਦੇ ਨਾਲ ਹੀ ਗਤੀਸ਼ੀਲ ਹੁੰਦਾ ਹੈ ਅਤੇ ਇਸ ਨਾਲ ਹੀ ਇਹ ਫਲਦਾ-ਫੁਲਦਾ ਤੇ ਵਿਗਸਦਾ-ਮੌਲਦਾ ਹੈ। ਜਦੋਂ ਸਨਾਤਨ ਧਰਮ ਦਾ ਪਤਨ ਹੁੰਦਾ ਹੈ, ਉਦੋਂ ਹੀ ਇਸ ਦਾ ਵੀ ਪਤਨ ਹੁੰਦਾ ਹੈ ।(ਸਫਾ 288, 89)

ਅਸਲ ਵਿੱਚ 'ਉੱਤਰ ਪਾੜਾ' ਨਾਮਕ ਸਥਾਨ 'ਤੇ ਦਿੱਤਾ ਗਿਆ ਉਹਨਾਂ ਦਾ ਭਾਸ਼ਣ ਉਹਨਾਂ ਦੀ ਵਿਚਾਰਧਾਰਾ ਅਤੇ ਮੁੜ ਚਿੰਤਨ ਦੇ ਸੰਕੇਤ ਨੂੰ ਸਾਡੇ ਸਾਹਮਣੇ ਲਿਆਉਂਦਾ ਹੈ ।ਜੇਲ੍ਹ ਤੋਂ ਨਿਕਲਣ ਦੇ ਬਾਅਦ ਉਹ ਮਹਿਸੂਸ ਕਰਦੇ ਹਨ ਕਿ ਜਿਸ ਜ਼ੋਰ ਦੇ ਨਾਲ ਰਾਸ਼ਟਰ ਮੁਕਤੀ ਅੰਦੋਲਨ ਆਰੰਭ ਕੀਤਾ ਗਿਆ ਸੀ, ਉਸ ਦੀ ਜਵਾਲਾ ਸ਼ਾਂਤ ਹੋ ਰਹੀ ਸੀ। ਅਧਿਆਇ 30ਵਾਂ ਦੀ ਸ਼ੁਰੂਆਤ ਇਸ ਪੱਖੋਂ ਬਹੁਤ ਹੀ ਵਿਚਾਰਨ ਯੋਗ ਹੈ। ਹਰ ਪਾਸੇ ਕਾਂਗਰਸੀ ਘਾਹ ਉੱਗ ਆਇਆ ਸੀ। ਕ੍ਰਾਂਤੀ ਦੇ ਬੰਬਾਂ ਦੀ ਫਸਲ ਦੇਣ ਵਾਲੇ ਅੰਬਾਂ ਦੇ ਦਰੱਖਤਾਂ ਦੀਆਂ ਜੜ੍ਹਾਂ ਨੂੰ ਸ਼ਾਂਤੀ ਤੇ ਹਿੰਸਾ ਦੀਆਂ ਚਿੱਟੀਆਂ ਕੀੜੀਆਂ ਨੇ ਖੋਖਲਾ ਕਰ ਦਿੱਤਾ ਸੀ। ਉਹਨਾਂ ਦਰੱਖਤਾਂ ਦੇ ਤਣਿਆਂ ਦੀਆਂ ਖੋਡਾਂ ਵਿੱਚ ਤੁਸ਼ਟੀਕਰਨ ਦਾ ਦੁੱਧ ਪੀ ਕੇ ਪਲਦੇ ਜਹਾਦੀ ਨਾਗ ਫੁੰਕਾਰੇ ਮਾਰ ਰਹੇ ਸਨ! ਆਨੰਦ ਮੱਠ ਵਿੱਚ ਬੰਦੇ ਮਾਤਰਮ ਗਾਉਂਦੇ ਹਵਾਉਂਦੇ ਸੰਤ ਸਿਪਾਹੀ ਪੁਰਖਿਆਂ ਹੱਥ ਫੜੀ ਕ੍ਰਾਂਤੀ ਦੀ ਮਸ਼ਾਲ ਨੂੰ ਆਪਣੇ ਲਹੂ ਨਾਲ ਹੋਰ ਪ੍ਰਚੰਡ ਕਰਨਾ ਤਾਂ ਦੂਰ, ਤੀਜੀ ਪੀੜ੍ਹੀ ਹੁਣ ਉਸ ਦੀ ਜਗ-ਬੁਝ ਕਰਨ ਲੱਗੀ ਲਾਟ ਤੋਂ ਵੀ ਤ੍ਰਹਿੰਦੀ ਸੀ। (ਸਫਾ 435) ਅਜਿਹੇ ਵਾਤਾਵਰਨ ਤੋਂ ਉਦਾਸ ਹੋ ਕੇ ਅਰਵਿੰਦੂ ਕਹਿੰਦੇ ਹਨ, ਹਾਂ ਮੈਨੂੰ ਇੱਕ ਗੱਲ ਜ਼ਰੂਰ ਪਤਾ, ਜਿਵੇਂ ਉਸ ਸਰਵ ਸ਼ਕਤੀਮਾਨ ਈਸ਼ਵਰ ਨੇ ਉਹ ਵੰਦੇ ਮਾਤਰਮ ਦੀ ਧੁਨੀ ਬੁਲੰਦ ਕੀਤੀ ਸੀ, ਉਦੋਂ ਇੱਕ ਉਮੀਦ ਸਾਡੇ ਅੰਦਰ ਜਗਾਈ ਸੀ ।ਇਹ ਵੀ ਉਸੇ ਪਰਮ ਸੱਤਾ ਦੀ ਹੀ ਇੱਛਾ ਹੈ ਕਿ ਹੁਣ ਚੁਤਰਫਾ ਚੁੱਪ ਪੱਸਰੀ ਹੋਈ ਹੈ। ਜਿਹੜੀ ਈਸ਼ਵਰੀ ਤਾਕਤ ਉਸ ਜੈ ਜੈਕਾਰ ਅਤੇ ਉਸ ਅੰਦੋਲਨ ਦੇ ਪਿੱਛੇ ਕਾਰਜਸ਼ੀਲ ਸੀ, ਉਹੀ ਹੁਣ ਇਸ ਠਹਿਰਾਓ ਅਤੇ ਚੁੱਪ ਵਿੱਚ ਵੀ ਹੈ।ਉਸ ਨੇ ਅਜਿਹਾ ਇਸ ਲਈ ਕੀਤਾ ਤਾਂ ਕਿ ਰਾਸ਼ਟਰ ਇੱਕ ਪਲ ਛਿਣ ਲਈ ਰੁਕ ਕੇ ਆਪਣੇ ਅੰਦਰ ਝਾਤ ਮਾਰ ਸਕੇ ।(ਸਫਾ 279) ਇਸ ਤੋਂ ਬਾਅਦ ਉਹ ਚਿੰਤਨ ਤੇ ਮੰਨਣ ਲਈ ਅਗਿਆਤ ਵਾਸ ਦਾ ਸਹਾਰਾ ਲੈਂਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਅਜੇ ਪ੍ਰਭੂ ਇੱਛਾ ਨਹੀਂ ਕਿ ਦੇਸ਼ ਆਜ਼ਾਦ ਹੋਏ ।ਇਸ ਲਈ ਕਿਉਂਕਿ ਦੇਸ਼ ਦੀ ਬਹੁ ਸੰਖਿਆ ਅਜੇ ਵੀ ਸੁੱਤੀ ਪਈ ਹੈ। ਉਹਨਾਂ ਨੂੰ ਲੱਗਦਾ ਹੈ ਕਿ ਇਹਨਾਂ ਨੂੰ ਧਰਮ ਦੀ ਸਹਾਇਤਾ ਨਾਲ ਜਗਾਇਆ ਜਾ ਸਕਦਾ ਹੈ। ਇਸ ਲਈ ਉਹ 'ਧਰਮ ਰੱਖਸ਼ਣੀ ਸਭਾ' ਬਣਾਉਂਦੇ ਹਨ। ਉਹਨਾਂ ਦਾ ਖਿਆਲ ਹੈ ਕਿ ਸਨਾਤਨ ਧਰਮ ਜਿਹੜਾ ਵਿਸ਼ਵ ਦਾ ਧਰਮ ਹੈ, ਉਸ ਦਾ ਪੁਨਰ ਉਥਾਨ ਹੀ ਰਾਸ਼ਟਰ ਲਈ ਪ੍ਰੇਰਨਾ ਦਾ ਕੰਮ ਕਰੇਗਾ। ਉਹਨਾਂ ਦੇ ਖਿਆਲ ਅਨੁਸਾਰ ਇਹ ਈਸ਼ਵਰੀ ਆਦੇਸ਼ ਹੈ ਕਿ ਉਹ ਰਾਸ਼ਟਰ ਦੇ ਉਥਾਨ ਲਈ ਸਨਾਤਨ ਧਰਮ ਦਾ ਉਥਾਨ ਪਹਿਲਾਂ ਕਰਨ। ਸਫਾ ਦੋ ਸੌ ਛਿਆਸੀ ਉੱਪਰ ਇਹ ਦੋ ਆਦੇਸ਼ ਬੜੇ ਵਿਸਥਾਰ ਨਾਲ ਦਿੱਤੇ ਗਏ ਹਨ, ਜਿਨ੍ਹਾਂ ਨੂੰ ਘੋਖਣ ਤੋਂ ਪਤਾ ਚੱਲਦਾ ਹੈ ਕਿ ਅਰਵਿੰਦੋ ਕਿਵੇਂ ਅਧਿਆਤਮਕ ਰਾਸ਼ਟਰੀ ਚੇਤਨਾ ਨੂੰ ਵਿਚਾਰਧਾਰਾ ਦਾ ਕੇਂਦਰੀ ਬਿੰਦੂ ਬਣਾਉਂਦੇ ਹਨ।

ਇਹ ਨਾਵਲ ਅਗਰਭੂਮੀ ਵਿੱਚ ਭਾਵੇਂ ਅਰਬਿੰਦੋ ਘੋਸ਼ ਦੇ ਨਾਲ ਸੰਬੰਧਤ ਹੈ ਪਰ ਪਿੱਠ ਭੂਮੀ ਵਿੱਚ ਇਹ ਉਹਨਾਂ ਬੰਗਾਲੀ ਕ੍ਰਾਂਤੀਕਾਰੀਆਂ ਅਰਵਿੰਦੋ ਦੇ ਭਰਾ ਬਾਰਿੰਦਰ, ਹੋਰ ਕ੍ਰਾਂਤੀਕਾਰੀ ਜਿਵੇਂ ਬਿਪਨ ਚੰਦਰਪਾਲ, ਖੁਦੀ ਰਾਮ ਬੋਸ, ਪੁਰਫੁੱਲਚਾਕੀ, ਸਤਿੰਦਰ ਬੋਸ, ਕਨਹਾਈ ਲਾਲ ਦੱਤ, ਸੁਬਰਾਮਨੀਅਮ ਭਾਰਤੀ ਅਤੇ ਬਾਘਜਤੀਨ ਆਦਿ ਕ੍ਰਾਂਤੀਕਾਰੀਆਂ ਦੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿੱਚ ਯੋਗਦਾਨ ਦਾ ਜ਼ਿਕਰ ਕਰਦਾ ਹੈ।ਇਹ ਕ੍ਰਾਂਤੀਕਾਰੀ ਤਾਂ ਦਰਅਸਲ ਉਹ ਕ੍ਰਾਂਤੀਕਾਰੀ ਹਨ, ਜਿਹੜੇ ਬ੍ਰਿਟਿਸ਼ ਸਰਕਾਰ ਵਿਰੁੱਧ ਹਥਿਆਰਬੰਦ ਕਾਰਵਾਈਆਂ ਨਾਲ ਸਿੱਧੇ ਰੂਪ ਵਿੱਚ ਜੁੜੇ ਹੋਏ ਸਨ।

ਇਹਨਾਂ ਸਾਰਿਆਂ ਨੇ ਸ਼ਹਾਦਤਾਂ ਦਾ ਜਾਮ ਪੀਤਾ।ਕਈ ਸਿੱਧੇ ਰੂਪ ਵਿੱਚ ਇਹਨਾਂ ਦੇ ਮਦਦਗਾਰ ਸਨ, ਜਿਵੇਂ ਉਦਾਹਰਨ ਦੇ ਤੌਰ 'ਤੇ ਖਾਸੀ ਰਾਵ ਯਾਦਵ, ਚਿਤਰੰਜਨ ਦਾਸ, ਸਬੋਧ ਚੰਦਰ ਮਲਿਕ, ਸੁਰਿੰਦਰ ਬੈਨਰਜੀ, ਨਲਣੀ ਕਾਂਤ ਆਦਿ ਤੇ ਬਹੁਤੇ ਇਹਨਾਂ ਨਾਲ ਸਹਾਨਭੂਤੀ ਰੱਖਦੇ ਸਨ।ਲੇਖਕ ਨੇ ਛੋਟੀਆਂ-ਛੋਟੀਆਂ ਕਥਾਵਾਂ ਰਾਹੀਂ ਇਹਨਾਂ ਸ਼ਹੀਦਾਂ ਦੇ ਜੀਵਨ ਤੇ ਯੋਗਦਾਨ ਨੂੰ ਸਾਹਮਣੇ ਲਿਆਂਦਾ ਹੈ।ਪੰਜਾਬ ਤੇ ਬੰਗਾਲ ਹੀ ਇਹ ਉਹ ਦੋ ਸੂਬੇ ਨੇ, ਜਿੱਥੋਂ ਦੇ ਲੋਕ ਹਥਿਆਰਬੰਦ ਕ੍ਰਾਂਤੀ ਦਾ ਸਮਰਥਨ ਵੀ ਕਰਦੇ ਰਹੇ ਤੇ ਗਤੀਸ਼ੀਲ ਰਹਿੰਦਿਆਂ ਸ਼ਹਾਦਤਾਂ ਵੀ ਦਿੰਦੇ ਰਹੇ।ਇਸ ਨਾਵਲ ਵਿੱਚ ਇੱਕ ਨਾਂਅ ਅਰਵਿੰਦੋ ਦੇ ਸਕੇ ਭਰਾ ਬਾਰਿੰਦਰ ਦਾ ਉੱਭਰਦਾ ਹੈ। ਇਹ ਆਰੋ ਉਰਫ ਅਰਬਿੰਦੋ ਦਾ ਭਰਾ ਹੀ ਨਹੀਂ, ਸਗੋਂ ਸ਼ਿਸ਼, ਸਖਾ, ਸਲਾਹਕਾਰ ਤੇ ਇਥੋਂ ਤੱਕ ਕਿ ਕ੍ਰਾਂਤੀ ਨਾਲ ਸੰਬੰਧਿਤ ਸਾਰੀਆਂ ਗਤੀਵਿਧੀਆਂ ਨੂੰ ਸੰਚਾਲਿਤ ਕਰਨ ਵਾਲਾ ਵੀ ਹੈ।ਔਰ ਬਿੰਦੋ ਤੇ ਬਰਿੰਦਰ ਦੇ ਕਿਰਦਾਰ ਨੂੰ ਸਿਰਜਦਿਆਂ ਲੱਗਦਾ ਹੈ ਕਿ ਲੇਖਕ ਦੇ ਮਨ ਵਿੱਚ ਮਹਾਂਭਾਰਤ ਦੇ ਦੋ ਨਾਇਕ ਤੇ ਸਹਿ ਨਾਇਕ ਜਿਹੜੇ ਆਪਸ ਵਿੱਚ ਸਖਾ ਸ਼ਿਸ਼ ਤੇ ਯੋਧਾ ਮਸਲਨ ਭਗਵਾਨ ਕ੍ਰਿਸ਼ਨ ਤੇ ਅਰਜੁਨ ਦਿਮਾਗ ਵਿੱਚ ਰਹੇ ਹੋਣਗੇ।

ਇੱਕ ਚੰਗੀ ਕਹਾਣੀ ਵਿੱਚ ਕਥਾ ਰਸ ਪਾਠਕ ਨੂੰ ਰਚਨਾ ਨਾਲ ਜੋੜਦਾ ਹੈ। ਕਿਸੇ ਵੀ ਗੰਭੀਰ ਵਿਚਾਰ ਜਾਂ ਰੁਖੇ ਵਿਸ਼ੇ ਨੂੰ ਮਨੋਰੰਜਕ ਤਰੀਕੇ ਨਾਲ ਪੇਸ਼ ਕਰਨਾ ਹੀ ਕਥਾ ਰਸ ਹੈ ।ਕਲਪਨਾ ਤੇ ਯਥਾਰਥ ਦਾ ਸੁਮੇਲ ਹੀ ਇਹ ਰਸ ਪੈਦਾ ਕਰ ਸਕਦਾ ਹੈ। ਅਜਿਹਾ ਰਸ ਪੈਦਾ ਕਰਨ ਲਈ ਲੇਖਕ ਨੇ ਜਾਦੂਈ ਯਥਾਰਥ ਦਾ ਸਹਾਰਾ ਲਿਆ ਹੈ, ਜਿਸ ਨੂੰ ਯਥਾਰਥਵਾਦੀਆਂ ਨੇ ਕਦੇ ਨਕਾਰਿਆ ਸੀ, ਪਰ ਇੱਕ ਗੱਲ ਸਪੱਸ਼ਟ ਹੈ ਆਮ ਜੀਵਨ ਵਿੱਚ ਵਿਚਰਦੇ ਨਾਇਕ ਤੇ ਕਥਾ ਵਿਚਲੇ ਨਾਇਕ ਨਾਲ ਪਾਠਕਾਂ ਦਾ ਸੰਬੰਧ ਜੋੜਨ ਵਾਲਾ ਤੱਤ ਕਥਾ ਰਸ ਹੁੰਦਾ ਹੈ। ਰਸ ਨੂੰ ਕਾਇਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸੇ ਕਰਕੇ ਆਮ ਨਾਇਕ ਅਸਧਾਰਨ ਹੋ ਜਾਂਦਾ ਹੈ। ਇਸ ਰਸ ਨੂੰ ਕਾਇਮ ਰੱਖਣ ਲਈ ਇਸ ਇਤਿਹਾਸਕ ਜੀਵਨੀ ਦੇ ਲੇਖਕ ਨੇ ਭਵਿੱਖਵਾਣੀਆਂ (ਫੋਰਸ਼ੈਡੋਇੰਗ), ਰਹੱਸਮਈ ਵਾਤਾਵਰਨ, ਅਧਿਆਤਮਿਕਤਾ, ਯੋਗ ਤੇ ਧਿਆਨ ਤੇ ਚਮਤਕਾਰ ਰਾਹੀਂ ਕਥਾ ਰਸ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਖਾਸ ਕਰਕੇ ਅੰਤਲੇ ਅਧਿਆਏ ਵਿੱਚ ਮਾਰਨ ਤੰਤਰ ਤੇ ਜਾਦੂ ਟੂਣੇ ਦੀ ਗੱਲ ਕਰਕੇ ਕਥਾ ਰਸ ਨੂੰ ਹੋਰ ਤੀਬਰ ਕਰਦਾ ਹੈ । ਉਂਝ ਇਸ ਵਿਧੀ ਦਾ ਅਭਾਸ ਤਾਂ ਸਾਨੂੰ ਅਰਵਿੰਦੋ ਦੀਆਂ ਕੁਝ ਮਨ ਬਚਣੀਆਂ ਰਾਹੀਂ ਪਹਿਲਾਂ ਹੀ ਹੋਣ ਲੱਗ ਜਾਂਦਾ ਹੈ।ਫਿਰ ਅਚਾਨਕ ਇਕ ਦੇਵ ਦੂਤ ਪ੍ਰਗਟ ਹੁੰਦਾ ਹੈ....ਕਵਿਤਾ ਲਿਖ ਕੇ ਉਹ ਦੇਵ ਦੂਤ ਮੇਰੇ ਵੱਲ ਦੇਖ ਕੇ ਮੁਸਕਰਾਉਂਦਾ ਹੈ, 'ਲੈ ਇਹ ਤੇਰੇ ਲਈ' ਤੇ ਬਿਨਾਂ ਦੇਰ ਕੀਤਿਆਂ ਮੈਂ ਉਸ ਕਵਿਤਾ ਨੂੰ ਗੁਣਗੁਣਾਉਂਦੇ ਹੋਏ ਆਪਣੀ ਕਾਪੀ 'ਤੇ ਉਤਾਰ ਲੈਂਦਾ ਹਾਂ ।(ਸਫਾ 42) ਮਾਤਰ ਤਿੰਨ ਦਿਨ ਦੇ ਅਲਪ ਅਭਿਆਸ ਦੌਰਾਨ ਜਾਂ ਕਹਿ ਲਓ ਪਹਿਲੀ ਹੀ ਕੋਸ਼ਿਸ਼ ਵਿੱਚ ਮੈਨੂੰ ਜਿਸ ਪਰਾ ਮਾਨਸਿਕ ਜਿਸ ਪਰਾ ਇੰਦਰੀ ਆਨੰਦ ਦਾ ਅਹਿਸਾਸ ਹੋਇਆ, ਆਪਣੇ-ਆਪ ਵਿੱਚ ਚਮਤਕਾਰੀ ਸੀ (ਸਫਾ 213) ਇਸੇ ਤਰ੍ਹਾਂ ਰੈਕੀ ਵਿਧੀ ਰਾਹੀਂ ਗੁਰੂ ਭਾਈ ਨੂੰ ਠੀਕ ਕਰਨਾ, ਮੋਹਨਪੁਰੀ ਦਾ ਅਰਬਿੰਦੋ ਉੱਪਰ ਉਪਰੀਆਂ ਸ਼ਕਤੀਆਂ ਦਾ ਨਿਦਾਨ, ਅਰਵਿੰਦੂ ਦਾ ਮਾਂ ਕਾਲੀ ਦੀ ਮੂਰਤੀ ਨੂੰ ਜੀਵੰਤ ਵੇਖਣਾ, ਅਜਿਹੀਆਂ ਹੋਰ ਬਹੁਤ ਸਾਰੀਆਂ ਘਟਨਾਵਾਂ ਹਨ, ਜਿਨ੍ਹਾਂ ਦੇ ਨਾਲ ਉਸ ਨੇ ਇਸ ਕਥਾ ਨੂੰ ਉਸਾਰਨ ਦੀ ਕੋਸ਼ਿਸ਼ ਕੀਤੀ ਹੈ।ਇਸ ਨਾਵਲ ਵਿੱਚ ਬਹੁਤ ਸਾਰੇ ਪਾਤਰ ਅਜਿਹੇ ਵੀ ਹੋਣਗੇ ਜਿਹੜੇ ਗੈਰ ਇਤਿਹਾਸਿਕ ਹੋਣਗੇ ਪਰ ਉਹ ਸਮੇਂ ਦੇ ਅਨੁਕੂਲ ਇਸ ਤਰ੍ਹਾਂ ਘੜੇ ਗਏ ਹਨ ਕਿ ਉਹਨਾਂ ਵਿੱਚ ਗੈਰ ਇਤਿਹਾਸਿਕਤਾ ਦਾ ਪਤਾ ਲਗਾਉਣਾ ਮੁਸ਼ਕਿਲ ਲੱਗਦਾ ਹੈ। ਸਭ ਤੋਂ ਵੱਡੀ ਗੱਲ ਹੈ ਪਾਤਰਾਂ ਦੀ ਗਤੀਸ਼ੀਲਤਾ ਤੇ ਤਨਾਓ ਦਾ ਮੌਜੂਦ ਹੋਣਾ ।ਕਈ ਵਾਰੀ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਕਿ ਬ੍ਰਿਟਿਸ਼ ਸਰਕਾਰ ਅਰਵਿੰਦੋ ਜਾਂ ਬਰਿੰਦਰ ਨੂੰ ਗ੍ਰਿਫਤਾਰ ਕਰ ਲਏਗੀ, ਪਰ ਉਹ ਹਰ ਵਾਰੀ ਬਚ ਨਿਕਲਦੇ ਹਨ। ਇਸ ਤਰ੍ਹਾਂ ਦੀਆਂ ਕਈ ਖਾਸ ਤਕਨੀਕਾਂ ਰਾਹੀਂ ਉਸ ਨੇ ਇਸ ਨਾਵਲ ਨੂੰ ਰੌਚਕਮਈ ਬਣਾਇਆ ਹੈ।

ਇਤਿਹਾਸ ਨੂੰ ਗਲਪੀ ਬਿਰਤਾਂਤ ਵਿੱਚ ਘੜਨ ਲਈ ਲੇਖਕ ਨੇ ਫਲੈਸ਼ਬੈਕ, ਚਿੱਠੀ ਪੱਤਰ, ਭਵਿੱਖਬਾਣੀ ਅਤੇ ਸੁਪਨ ਵਿਧੀ ਆਦਿ ਦਾ ਸਹਾਰਾ ਲਿਆ ਹੈ। ਇਹ ਹੋਰ ਵੀ ਚੰਗਾ ਹੁੰਦਾ ਜੇਕਰ ਬੰਗਾਲ ਦੇ ਸੱਭਿਆਚਾਰਕ ਮਾਹੌਲ ਦੀ ਪੁਨਰ ਸਿਰਜਣਾ ਵੀ ਹੁੰਦੀ। ਇਤਿਹਾਸਿਕ ਨਾਵਲ ਯੁੱਧ ਤੇ ਰਾਜਨੀਤਿਕ ਸਥਿਤੀਆਂ ਜਾਂ ਪਰਿਸਥਿਤੀਆਂ ਨਾਲ ਸੰਬੰਧਤ ਹੀ ਨਹੀਂ, ਸਗੋਂ ਸੱਭਿਆਚਾਰਕ ਪੱਖਾਂ ਨੂੰ ਵੀ ਉਘਾੜਦਾ ਹੈ। ਇਸੇ ਤਰ੍ਹਾਂ ਨਿਰੋਲ ਠੇਠ ਪੰਜਾਬੀ ਮੁਹਾਵਰੇ ਵਾਲੀ ਬੋਲੀ ਖਾਸ ਕਰ ਮਲਵਈ ਉਪ ਭਾਸ਼ਾ ਵਿੱਚ ਇਸ ਨਾਵਲ ਨੂੰ ਲਿਖਿਆ ਗਿਆ ਹੈ।ਜਿਸ ਨਾਵਲ ਵਿੱਚ ਭਾਸ਼ਾ ਬਹੁਤ ਵਾਰ ਸਧਾਰਨ ਤਾਂ ਕੀ, ਅਤਿ ਸਧਾਰਨ ਹੋ ਜਾਂਦੀ ਹੈ, ਜਿਸ ਕਰਕੇ ਨਾਵਲ ਦਾ ਕਮਜ਼ੋਰ ਤੱਤ ਬਣ ਜਾਂਦੀ ਹੈ ।ਉਦਾਹਰਨ ਦੇ ਤੌਰ 'ਤੇ ਜਿਵੇਂ ਉਸ ਦੇ ਲਲੇ-ਭਬੇ ਕਰਨ ਦੀ ਹੈਸੀਅਤ ਹੈਗੀ ਆ ਭਲਾ ਇਸ ਮਲੰਗ ਦੀ, ਉਹਦੇ ਪੂਰੇ ਕਿੱਥੋਂ ਪਾਇਆ ਕਰੂ ।(ਸਫਾ 98) 'ਤੇ ਕੁਝ ਨਹੀਂ ਪਤਾ ਉਥੇ ਪੁਲਸ ਮੂਹਰੇ ਕਿਹਨੂੰ ਤਰੇਲੀਆਂ ਆਉਣ, ਕਿਹਦੀਆਂ ਲੱਤਾਂ ਕੰਬਣ ਤੇ ਕਿਹਦੀ ਧੋਤੀ ਗਿੱਲੀ ਹੋ ਜਾਏ ।(ਸਫਾ 195) ਬ੍ਰਿਟਿਸ਼ ਸਾਮਰਾਜ ਨਾਲ ਟੱਕਰ ਲੈਣ ਦਾ ਦੰਭ ਪਾਲਣ ਵਾਲੇ ਇਹ ਲੋਕ ਧੌੜੀ ਦੀ ਜੁੱਤੀ ਹੇਠ ਲੱਗੀ ਬਸ ਇੱਕ ਖੁਰੀ ਦੀ ਤਾਂ ਮਾਰ ਹਨ ਹੁਣ, ਹੁਣ ਨੀ ਕਈ ਸਾਲ ਉਠਦੀ ਇਹ ਮੂਤ ਦੀ ਝੱਗ ।(ਸਫਾ 2009) ਮੁਲਕ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲੇ ਨੇਤਾਵਾਂ ਵੱਲੋਂ ਚੱਡਿਆਂ 'ਚ ਪੂਛਾਂ ਲੈ ਕੇ ਲਗਾਈ ਦੌੜ ਵਰਗਾ ਨਜ਼ਾਰਾ ਮੈਂ ਪਹਿਲਾਂ ਕਦੇ ਨਹੀਂ ਸੀ ਦੇਖਿਆ (ਸਫਾ 210)

ਉਪਰੋਕਤ ਸਾਰੇ ਵਿਚਾਰ ਚਰਚਾ ਤੋਂ ਬਾਅਦ ਇੱਕ ਗੱਲ ਬੜੀ ਸਪੱਸ਼ਟ ਹੈ ਕਿ ਇਹ ਨਾਵਲ ਥੀਮਕ ਤੌਰ 'ਤੇ ਭਾਰਤ ਦੇ ਉਹਨਾਂ ਕ੍ਰਾਂਤੀਕਾਰੀਆਂ ਦੀ ਗੱਲ ਕਰਦਾ ਹੈ, ਜਿਨ੍ਹਾਂ ਬਾਰੇ ਭਾਰਤ ਦੇ ਦੂਸਰੇ ਸੂਬਿਆਂ ਦੇ ਲੋਕ ਅਜੇ ਪੂਰੀ ਤਰ੍ਹਾਂ ਨਾਲ ਨਹੀਂ ਜਾਣਦੇ।ਅਰਵਿੰਦੋ ਘੋਸ਼ ਬਾਰੇ ਲੋਕ ਥੋੜ੍ਹਾ-ਬਹੁਤਾ ਗਿਆਨ ਤਾਂ ਰੱਖਦੇ ਹਨ, ਪਰ ਹੋਰ ਬਹੁਤ ਸਾਰੇ ਕ੍ਰਾਂਤੀਕਾਰੀ ਜਿਨ੍ਹਾਂ ਦੀ ਚਰਚਾ ਇਸ ਨਾਵਲ ਵਿੱਚ ਹੋਈ ਹੈ, ਉਹਨਾਂ ਬਾਰੇ ਲੋਕ ਨਹੀਂ ਜਾਣਦੇ। ਮੇਰਾ ਆਪਣਾ ਖਿਆਲ ਹੈ ਕਿ ਭਾਰਤੀ ਆਜ਼ਾਦੀ ਦੇ ਲਈ ਕੀਤੀ ਹਥਿਆਰਬੰਦ ਕ੍ਰਾਂਤੀ ਦੇ ਇਤਿਹਾਸ ਨੂੰ ਸਮਝਣ ਲਈ ਇਹ ਨਾਵਲ ਬੜਾ ਉਪਯੋਗੀ ਸਾਬਤ ਹੋਏਗਾ।

ਮੋਬਾ. 98552-63576

ਅਨਿਲ ਰਾਜੀਮਵਾਲੇ

ਅਨੁ. ਐਮ ਐਸ ਭਾਟੀਆ

# ਅਰੁਣਾ ਆਸਫ਼ ਅਲੀ : 1942 ਦੇ ਅੰਦੋਲਨ ਦੀ ਨਾਇਕਾ




ਅਰੁਣਾ ਗਾਂਗੁਲੀ ਦਾ ਜਨਮ 16 ਜੁਲਾਈ 1909 ਨੂੰ ਕਾਲਕਾ ਵਿੱਚ ਇੱਕ ਬੰਗਾਲੀ ਬ੍ਰਹਮੋ ਪਰਵਾਰ ਵਿੱਚ ਹੋਇਆ। ਉਸ ਦੇ ਮਾਤਾ-ਪਿਤਾ ਬੰਗਾਲ ਤੋਂ ਕਾਲਕਾ ਚਲੇ ਗਏ ਸਨ, ਕਿਉਂਕਿ ਉਸ ਦੇ ਪਿਤਾ ਰੇਲਵੇ ਕੇਟਰਿੰਗ ਦੇ ਇੰਚਾਰਜ ਵਜੋਂ ਕੰਮ ਕਰਦੇ ਸਨ।

ਅਰੁਣਾ ਦੋ ਭੈਣਾਂ ਅਤੇ ਤਿੰਨ ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ। ਉਸ ਨੇ ਅਤੇ ਉਸ ਦੀ ਛੋਟੀ ਭੈਣ ਪੂਰਨਿਮਾ ਨੇ ਲਾਹੌਰ ਵਿੱਚ 'ਕਾਨਵੈਂਟ ਆਫ਼ ਸੈਕਰਡ ਹਾਰਟ' ਵਿੱਚ ਪੜ੍ਹਾਈ ਕੀਤੀ, ਕਿਉਂਕਿ ਉਸ ਦੇ ਪਿਤਾ ਉੱਥੇ ਹੀ ਇੱਕ ਪੱਤਰਕਾਰ ਬਣ ਗਏ ਸਨ। ਅਰੁਣਾ ਨੂੰ ਸਕੂਲ ਵਿੱਚ ਆਇਰੀਨ ਕਿਹਾ ਜਾਂਦਾ ਸੀ। ਅਧਿਆਤਮਵਾਦ ਅਤੇ 'ਅਣਦੇਖੇ' ਵਿੱਚ ਵਿਸ਼ਵਾਸ ਰੱਖਣ ਵਾਲੀ ਉਹ ਰੋਮਨ ਕੈਥੋਲਿਕ ਚਰਚ ਤੋਂ ਬਹੁਤ ਪ੍ਰਭਾਵਿਤ ਸੀ ਅਤੇ ਉਸ ਨੇ ਇੱਕ ਨੰਨ ਬਣਨ ਬਾਰੇ ਵੀ ਸੋਚਿਆ। ਇਸ ਕਰਕੇ ਉਸ ਦੇ ਮਾਤਾ-ਪਿਤਾ ਨੂੰ ਇਸ ਦਾ ਸਦਮਾ ਲੱਗਿਆ। ਉਸ ਨੂੰ ਨੈਨੀਤਾਲ ਭੇਜ ਦਿੱਤਾ ਗਿਆ ਅਤੇ ਇਸ ਵਾਰ ਇੱਕ ਪ੍ਰੋਟੈਸਟੈਂਟ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਉੱਥੇ ਹੀ ਉਸ ਦੇ ਪਿਤਾ ਨੇ ਇੱਕ ਹੋਟਲ ਖੋਲ੍ਹ ਲਿਆ। ਅਰੁਣਾ ਬਹੁਤ ਕੁਝ ਪੜ੍ਹਦੀ ਸੀ : ਕਲਾਸਿਕ, ਸਾਹਿਤ, ਫ਼ਿਲਾਸਫ਼ੀ, ਰਾਜਨੀਤੀ ਆਦਿ। ਉਸ ਨੇ ਬ੍ਰਹਮੋ ਵਿਚ ਵਿਆਹ ਕਰਨ ਤੋਂ ਇਨਕਾਰ ਕਰ ਦਿੱਤਾ, ਕਿਉਂਕਿ ਉਹ ਆਪਣੀ ਰੋਜ਼ੀ-ਰੋਟੀ ਆਪ ਕਮਾਉਣਾ ਚਾਹੁੰਦੀ ਸੀ। ਇਸ ਲਈ ਉਹ ਰਹਿਣ ਲਈ ਕਲਕੱਤਾ ਚਲੀ ਗਈ ਅਤੇ ਗੋਖਲੇ ਮੈਮੋਰੀਅਲ ਗਰਲਜ਼ ਸਕੂਲ ਵਿੱਚ ਪੜ੍ਹਾਉਣ ਲੱਗ ਪਈ। ਉਹ ਇੰਗਲੈਂਡ ਜਾਣਾ ਚਾਹੁੰਦੀ ਸੀ, ਪਰ ਫਿਰ ਉਸ ਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਆਇਆ।

**ਨਵੀਂ ਜ਼ਿੰਦਗੀ**

ਅਰੁਣਾ ਅਤੇ ਪੂਰਨਿਮਾ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਇਲਾਹਾਬਾਦ ਗਈਆਂ ਸਨ। ਜਦੋਂ ਪੂਰਨਿਮਾ ਦਾ ਵਿਆਹ ਦਿੱਲੀ ਵਿੱਚ ਬੈਨਰਜੀ ਨਾਲ ਹੋਇਆ ਤਾਂ ਉਸ ਦਾ ਦੋਸਤ ਆਸਫ਼ ਅਲੀ ਜੋ ਵਕੀਲ ਸੀ, ਉੱਥੇ ਆਇਆ ਸੀ ਅਤੇ ਉਹ ਅਰੁਣਾ ਨੂੰ ਮਿਲਿਆ। ਉਨ੍ਹਾਂ ਦੀ ਦੋਸਤੀ ਹੋਈ ਅਤੇ ਅੰਤ ਵਿੱਚ ਵਿਆਹ ਹੋ ਗਿਆ। ਇਕ ਤਾਂ ਵੱਖਰੇ ਭਾਈਚਾਰੇ ਦਾ ਹੋਣ ਕਰਕੇ ਅਤੇ ਦੂਜਾ ਉਮਰ ਵਿੱਚ ਵੱਡੇ ਅੰਤਰ ਕਾਰਨ ਸਾਰਿਆਂ ਨੇ ਵਿਆਹ ਦਾ ਵਿਰੋਧ ਕੀਤਾ। ਅਰੁਣਾ ਉਸ ਵੇਲੇ ਸਿਰਫ਼ 19 ਸਾਲ ਦੀ ਸੀ, ਜਦੋਂ ਕਿ ਆਸਫ਼ ਅਲੀ 41 ਸਾਲ ਦਾ ਸੀ।

**ਰਾਜਨੀਤੀ ਵਿੱਚ ਦਾਖਲਾ ਅਤੇ ਜੇਲ੍ਹ ਯਾਤਰਾ**

ਉਦੋਂ ਤੱਕ ਅਰੁਣਾ ਨੂੰ ਆਮ ਤੌਰ 'ਤੇ ਰਾਜਨੀਤੀ ਅਤੇ ਖਾਸ ਕਰਕੇ ਖਾਦੀ ਨਾਪਸੰਦ ਸੀ। ਇਸ ਦੌਰਾਨ ਗਾਂਧੀ ਜੀ ਨੇ ਆਪਣਾ ਲੂਣ ਦਾ ਸੱਤਿਆਗ੍ਰਹਿ ਸ਼ੁਰੂ ਕਰ ਦਿੱਤਾ। ਆਸਫ਼ ਅਲੀ ਇਸ ਵਿੱਚ ਸ਼ਾਮਲ ਹੋ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਰੁਣਾ ਵੀ ਇਸ ਵਿੱਚ ਸ਼ਾਮਲ ਹੋ ਗਈ ਅਤੇ ਇੱਕ ਭਾਸ਼ਣ ਵੀ ਦਿੱਤਾ। ਦਿੱਲੀ ਦੇ ਮੁੱਖ ਕਮਿਸ਼ਨਰ 'ਚੰਗੇ ਵਿਵਹਾਰ' ਅਤੇ ਰਾਜਨੀਤੀ ਵਿੱਚ ਭਾਗੀਦਾਰੀ ਨਾ ਕਰਨ ਦਾ ਵਾਅਦਾ ਚਾਹੁੰਦੇ ਸਨ, ਪਰ ਅਰੁਣਾ ਨੇ ਇਨਕਾਰ ਕਰ ਦਿੱਤਾ ਅਤੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ। ਰਿਹਾ ਹੋਣ 'ਤੇ ਉਸਦਾ ਬਹੁਤ ਵੱਡਾ ਸਵਾਗਤ ਹੋਇਆ; ਇੱਥੋਂ ਤੱਕ ਕਿ ਖਾਨ ਅਬਦੁਲ ਗ਼ਫ਼ਾਰ ਖਾਨ ਵੀ ਮਿਲਣ ਆਏ। ਉਸ ਨੂੰ 1932 ਵਿੱਚ ਦੁਬਾਰਾ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਉਸ ਨੇ 200 ਰੁਪਏ ਦਾ ਜੁਰਮਾਨਾ ਜਮ੍ਹਾਂ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ ਪੁਲਸ ਉਸ ਦੇ ਘਰੋਂ ਮਹਿੰਗੀਆਂ ਸਾੜ੍ਹੀਆਂ ਚੁੱਕ ਕੇ ਲੈ ਗਈ। ਉਸ ਨੂੰ ਦਿੱਲੀ ਅਤੇ ਅੰਬਾਲਾ ਜੇਲ੍ਹਾਂ ਵਿੱਚ ਬਹੁਤ ਹੀ ਮਾੜੀਆਂ ਹਾਲਤਾਂ ਵਿੱਚ ਰੱਖਿਆ ਗਿਆ। ਅੰਬਾਲਾ ਵਿੱਚ ਤਾਂ ਇਕਾਂਤ ਕੈਦ ਵਿੱਚ ਰੱਖਿਆ ਗਿਆ। ਰਿਹਾਈ ਤੋਂ ਬਾਅਦ ਉਹ ਲੱਗਭੱਗ ਦਸ ਸਾਲਾਂ ਲਈ ਰਾਜਨੀਤੀ ਤੋਂ ਦੂਰ ਰਹੀ, ਸਿਵਾਏ ਕੁਝ ਮਹਿਲਾ ਕਾਨਫਰੰਸਾਂ ਆਦਿ ਵਿੱਚ ਸ਼ਾਮਲ ਹੋਣ ਦੇ। ਉਸ ਨੇ ਦਿੱਲੀ ਪ੍ਰਦੇਸ਼ ਕਾਂਗਰਸ ਵਿੱਚ ਦੇਸ਼ਬੰਧੂ ਗੁਪਤਾ-ਆਸਫ਼ ਅਲੀ ਸਮੂਹ ਦਾ ਸਮਰਥਨ ਕੀਤਾ।



ਗਾਂਧੀ ਜੀ ਨੇ 1940 ਵਿੱਚ ਜੰਗ ਦੇ ਵਿਰੁੱਧ ਸੱਤਿਆਗ੍ਰਹਿ ਸ਼ੁਰੂ ਕੀਤਾ। ਉਹਨਾਂ ਨੇ ਅਰੁਣਾ ਨੂੰ ਸੱਤਿਆਗ੍ਰਹੀਆਂ ਵਿੱਚੋਂ ਇੱਕ ਵਜੋਂ ਚੁਣਿਆ। ਉਸ ਨੂੰ ਪਹਿਲਾਂ ਲਾਹੌਰ ਜੇਲ੍ਹ ਅਤੇ ਬਾਅਦ ਵਿੱਚ ਲਾਹੌਰ ਮਹਿਲਾ ਜੇਲ੍ਹ ਭੇਜ ਦਿੱਤਾ ਗਿਆ। ਉਸ ਨੇ ਜੇਲ੍ਹ ਅੰਦਰ ਬਹੁਤ ਕੰਮ ਕੀਤਾ। ਉਸ ਨੇ ਸੀ ਕਲਾਸ ਦੀ ਮੰਗ ਕੀਤੀ, ਜੋ ਉਸ ਨੂੰ ਦਿੱਤੀ ਗਈ ਅਤੇ ਉਸ ਨੂੰ ਇੱਕ ਵੱਖਰਾ ਕਮਰਾ ਮਿਲ ਗਿਆ, ਜਿਸ ਨੂੰ ਉਸ ਨੇ ਚੰਗੀ ਤਰ੍ਹਾਂ ਸਜਾਇਆ। ਉਹ ਮਹਿਲਾ ਕੈਦੀਆਂ ਨੂੰ ਹਫ਼ਤਾਵਾਰੀ ਖ਼ਬਰਾਂ ਸੁਣਾਉਂਦੀ ਸੀ।

**1942 : ਇਤਿਹਾਸ ਦੇ ਪੰਨਿਆਂ ਵਿੱਚ**

ਰਿਹਾਈ ਤੋਂ ਬਾਅਦ ਉਹ ਆਸਫ਼ ਅਲੀ ਦੇ ਨਾਲ 1942 ਵਿੱਚ ਬੰਬਈ ਵਿੱਚ ਕਾਂਗਰਸ ਸੈਸ਼ਨ ਵਿੱਚ ਗਈ। ਆਸਫ਼ ਅਲੀ ਇੱਕ ਮਹੱਤਵਪੂਰਨ ਨੇਤਾ ਸੀ। ਅਰੁਣਾ ਉੱਥੇ ਕਾਫ਼ੀ ਮਸ਼ਹੂਰ ਹੋ ਗਈ, ਹਰ ਕਿਸੇ ਨਾਲ ਗੱਲ ਕਰਦੀ ਸੀ, ਪਰ ਕਿਸੇ ਨੇ ਕਲਪਨਾ ਵੀ ਨਹੀਂ ਕੀਤੀ ਸੀ ਕਿ ਅਗਲੇ ਹੀ ਦਿਨ ਉਹ ਇਤਿਹਾਸ ਰਚ ਦੇਵੇਗੀ।

ਅਗਲੇ ਦਿਨ 9 ਅਗਸਤ 1942 ਨੂੰ ਮੁੱਖ ਕਾਂਗਰਸੀ ਆਗੂਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਿਵੇਂ ਹੀ ਉਸ ਨੂੰ ਇਸ ਬਾਰੇ ਪਤਾ ਲੱਗਾ, ਉਹ ਬੋਰੀ ਬਾਂਦਰ ਸਟੇਸ਼ਨ ਵੱਲ ਭੱਜੀ, ਜਿੱਥੋਂ ਰੇਲ ਗੱਡੀ ਕੈਦੀਆਂ ਨੂੰ ਲੈ ਕੇ ਰਵਾਨਾ ਹੋਣ ਵਾਲੀ ਸੀ। ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਜ਼ਬਰਦਸਤੀ ਰੇਲ ਗੱਡੀ ਵਿੱਚ ਪਹੁੰਚ ਗਈ ਅਤੇ ਉਸ ਨੇ ਨਹਿਰੂ, ਗਾਂਧੀ ਜੀ ਅਤੇ ਹੋਰਾਂ ਨੂੰ ਗੰਭੀਰ ਮੂਡ ਵਿੱਚ ਦੇਖਿਆ।

ਵੱਡੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਕਰਕੇ ਉਹ ਗੁੱਸੇ ਨਾਲ ਭੜਕ ਰਹੀ ਸੀ, ਜਿਸ ਨੂੰ ਉਹ 'ਪਰਲ ਹਾਰਬਰ ਵਿਧੀ' ਕਹਿੰਦੀ ਸੀ। ਭੜਕੀ ਹੋਈ ਉਹ ਹੁਣ ਮਸ਼ਹੂਰ ਗੋਵਾਲੀਆ ਟੈਂਕ ਮੈਦਾਨ ਗਈ, ਜਿੱਥੇ ਮੌਲਾਨਾ ਆਜ਼ਾਦ ਨੇ ਤਿਰੰਗਾ ਲਹਿਰਾਉਣਾ ਸੀ। ਉਸ ਨੇ ਇੱਕ ਪੁਲਸ ਅਧਿਕਾਰੀ ਨੂੰ ਝੰਡੇ ਨੂੰ ਉਤਾਰਨ ਦਾ ਹੁਕਮ ਦਿੰਦੇ ਸੁਣਿਆ। ਇਸ ਤੋਂ ਪਹਿਲਾਂ ਕਿ ਪੁਲਸ ਝੰਡਾ ਉਤਾਰ ਦਿੰਦੀ, ਅਰੁਣਾ ਨੇ ਅੱਗੇ ਵਧ ਕੇ ਝੰਡਾ ਲਹਿਰਾ ਦਿੱਤਾ। ਅੱਥਰੂ ਗੈਸ ਦੇ ਗੋਲੇ ਸੁੱਟੇ ਗਏ। ਭੀੜ ਨੇ ਜਲੂਸ ਦਾ ਰੂਪ ਧਾਰਨ ਕਰ ਲਿਆ ਅਤੇ ਕਾਂਗਰਸ ਦਫ਼ਤਰ ਵੱਲ ਚਲੀ ਗਈ। ਦਸ ਮਿੰਟਾਂ ਦੇ ਅੰਦਰ ਝੰਡਾ ਉਤਾਰ ਦਿੱਤਾ ਗਿਆ ਅਤੇ ਇੱਕ ਪੁਲਸ ਅਧਿਕਾਰੀ ਨੇ ਉਸ ਨੂੰ ਅੱਡੀ ਹੇਠ ਮਸਲ ਦਿੱਤਾ। ਉੱਥੇ ਹੀ ਅਰੁਣਾ ਆਸਫ਼ ਅਲੀ ਨੇ 'ਬ੍ਰਿਟਿਸ਼ ਰਾਜ ਨੂੰ ਉਖਾੜ ਸੁੱਟਣ ਤੱਕ ਲੜਨ' ਦੀ ਸਹੁੰ ਖਾਧੀ। ਲਾਠੀਚਾਰਜ ਅਤੇ ਗੋਲੀਬਾਰੀ ਹੋਈ।

ਅਰੁਣਾ ਦਿੱਲੀ ਵਾਪਸ ਆ ਗਈ ਅਤੇ ਤੁਰੰਤ ਭੂਮੀਗਤ ਹੋ ਗਈ। ਉਹ ਪੂਰੇ ਢਾਈ ਸਾਲ ਦੇਸ਼ ਭਰ ਵਿੱਚ ਘੁੰਮਦੀ ਰਹੀ, ਲੱਗਭੱਗ ਹਰ ਰੋਜ਼ ਇਨਕਲਾਬੀ ਦੇ ਰੂਪ ਵਿੱਚ। ਉਸ ਨੇ ਬਹੁਤ ਸਾਰੇ ਸਮੂਹਾਂ ਅਤੇ ਅੰਦੋਲਨਾਂ ਦਾ ਆਯੋਜਨ ਕੀਤਾ।

**ਗ੍ਰਿਫ਼ਤਾਰੀ ਲਈ ਇਨਾਮ**

ਬ੍ਰਿਟਿਸ਼ ਸਰਕਾਰ ਨੇ ਉਸ ਦੀ ਗ੍ਰਿਫ਼ਤਾਰੀ ਲਈ 2000 ਰੁਪਏ ਦਾ ਇਨਾਮ ਐਲਾਨਿਆ ਸੀ, ਪਰ ਉਹ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਰਹੀ। ਬ੍ਰਿਟਿਸ਼ ਅਫ਼ਸਰ ਨੇ ਆਪਣੇ ਉੱਚ ਅਧਿਕਾਰੀ ਨੂੰ ਦੱਸਿਆ ਕਿ ਦਿੱਲੀ ਦੇ 9 ਲੱਖ ਲੋਕਾਂ ਦੁਆਰਾ ਉਸ ਨੂੰ ਪਨਾਹ ਦਿੱਤੀ ਜਾ ਰਹੀ ਹੈ।

**ਕਾਂਗਰਸ ਵਰਕਿੰਗ ਕਮੇਟੀ ਦੇ ਮਤੇ ਨਾਲ ਮਤਭੇਦ**

ਕੈਦੀਆਂ ਦੀ ਰਿਹਾਈ ਤੋਂ ਬਾਅਦ 1945 ਵਿੱਚ ਕਾਂਗਰਸ ਦੀ ਕੇਂਦਰੀ ਵਰਕਿੰਗ ਕਮੇਟੀ ਨੇ ਇੱਕ ਮੀਟਿੰਗ ਕੀਤੀ। ਇਸ ਨੇ 1942 ਅਤੇ ਅਹਿੰਸਾ 'ਤੇ ਇੱਕ ਮਤਾ ਪਾਸ ਕੀਤਾ। ਵਾਇਸਰਾਏ ਨੇ ਕਾਂਗਰਸ 'ਤੇ ਪੂਰੇ ਦੇਸ਼ ਵਿੱਚ ਹਿੰਸਾ ਫੈਲਾਉਣ ਦਾ ਦੋਸ਼ ਲਗਾਇਆ। ਉਸੇ ਸਮੇਂ ਵਾਇਸਰਾਏ ਨੇ ਅਰੁਣਾ ਆਸਫ਼ ਅਲੀ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇੱਕ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਦੀ ਪਤਨੀ ਨੇ ਭੀੜ ਨੂੰ ਵੱਡੇ ਪੱਧਰ 'ਤੇ ਹਿੰਸਾ ਲਈ ਭੜਕਾਇਆ ਸੀ ਅਤੇ ਬ੍ਰਿਟਿਸ਼ ਸਰਕਾਰ ਦੇ ਯੁੱਧ-ਯਤਨਾਂ ਨੂੰ ਸਾਬੋਤਾਜ ਕਰ ਰਹੀ ਸੀ।

ਅਰੁਣਾ ਆਸਫ਼ ਅਲੀ ਨੇ ਵਾਇਸਰਾਏ ਦੇ ਪ੍ਰਚਾਰ ਦਾ ਵਿਰੋਧ ਕੀਤਾ। ਉਸ ਨੇ ਕੇਂਦਰੀ ਵਰਕਿੰਗ ਕਮੇਟੀ ਦੇ ਮਤੇ ਦੇ ਕੁਝ ਨੁਕਤਿਆਂ ਦਾ ਵੀ ਖੰਡਨ ਕੀਤਾ। ਉਸ ਨੇ 'ਭਾਰਤ ਦੇ ਕਿਸੇ ਹਿੱਸੇ' ਤੋਂ ਇੱਕ ਬਿਆਨ ਵਿੱਚ ਕਿਹਾ ਕਿ ਇਹ ਸੱਚ ਨਹੀਂ ਹੈ ਕਿ ਕਾਂਗਰਸੀ ਆਗੂਆਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਭੀੜ ਬੇਕਾਬੂ ਹੋ ਗਈ ਸੀ ਅਤੇ ਆਪਣੇ ਆਪ ਕਾਰਵਾਈ ਕਰ ਰਹੀ ਸੀ। ਪਿੱਛੇ ਰਹਿ ਗਏ ਆਗੂ ਆਪਣੇ ਕੰਮਾਂ ਵਿੱਚ ਕਾਂਗਰਸ ਦੇ ਮਤੇ ਦੀ ਪਾਲਣਾ ਕਰਨ ਲਈ ਕਾਫ਼ੀ ਜ਼ਿੰਮੇਵਾਰ ਸਨ। ਉਸ ਨੇ ਕਿਹਾ ਕਿ ਪੁਲਸ ਦਮਨ ਅਕਸਰ ਅਜਿਹੀ ਸਥਿਤੀ ਪੈਦਾ ਕਰਦਾ ਹੈ ਜਿਸ ਵਿੱਚ ਅਹਿੰਸਾ ਨੂੰ ਇਸ ਦੇ ਸਹੀ ਅਰਥਾਂ ਵਿੱਚ ਲਾਗੂ ਨਹੀਂ ਕੀਤਾ ਜਾ ਸਕਦਾ ਸੀ। ਕੇਂਦਰੀ ਵਰਕਿੰਗ ਕਮੇਟੀ ਨੇ ਪਿਛਲੇ ਤਿੰਨ ਸਾਲਾਂ ਦੀਆਂ ਘਟਨਾਵਾਂ ਨੂੰ ਘਟਾ ਕੇ ਦੇਖਿਆ ਸੀ।

**ਅਰੁਣਾ ਖੁੱਲ੍ਹੇਆਮ ਵਿਚ**

25 ਜਨਵਰੀ 1946 ਨੂੰ ਅਰੁਣਾ ਵਿਰੁੱਧ ਵਾਰੰਟ ਵਾਪਸ ਲੈ ਲਿਆ ਗਿਆ। ਉਹ ਕਲਕੱਤਾ ਗਈ ਅਤੇ ਦੇਸ਼ਬੰਧੂ ਪਾਰਕ ਵਿੱਚ ਇੱਕ ਵੱਡੀ ਮੀਟਿੰਗ ਨੂੰ ਸੰਬੋਧਨ ਕੀਤਾ, ਜਿਸ ਦੀ ਸਟੇਜ ਦੀ ਰਚਨਾ 'ਨਿਊ ਥੀਏਟਰਜ਼' ਦੇ ਮਸ਼ਹੂਰ ਕਲਾ ਨਿਰਦੇਸ਼ਕ 'ਸੌਰੇਨ ਸੇਨ' ਦੁਆਰਾ ਕੀਤੀ ਗਈ ਸੀ। ਵੇਵਲ ਦੀ ਆਲੋਚਨਾ ਕਰਦੇ ਹੋਏ ਉਸ ਨੇ ਕਿਹਾ ਕਿ ਭਾਰਤੀ ਹੀ ਆਪਣੀ ਆਜ਼ਾਦੀ ਦੀ ਮਿਤੀ ਤੈਅ ਕਰਨਗੇ, ਅੰਗਰੇਜ਼ ਨਹੀਂ। ਉਸ ਨੇ ਆਜ਼ਾਦੀ ਦੀ ਲੜਾਈ ਜਾਰੀ ਰੱਖਣ ਦੀ ਅਪੀਲ ਕੀਤੀ।

ਦਿੱਲੀ ਜਾਂਦੇ ਸਮੇਂ ਸਟੇਸ਼ਨਾਂ 'ਤੇ ਭਾਰੀ ਭੀੜ ਨੇ ਉਸ ਦਾ ਸਵਾਗਤ ਕੀਤਾ ਅਤੇ ਨਹਿਰੂ ਨੇ ਉਸ ਨੂੰ ਇਲਾਹਾਬਾਦ ਵਿੱਚ ਰੁਕਣ ਲਈ ਕਿਹਾ। ਉਹ ਖੁਦ ਉਸ ਨੂੰ ਲੈਣ ਲਈ ਸਟੇਸ਼ਨ 'ਤੇ ਪਹੁੰਚੇ।

ਉਸ ਨੂੰ ਕਰੋਲ ਬਾਗ਼ ਵਾਲਾ ਆਪਣਾ ਘਰ ਵਾਪਸ ਮਿਲ ਗਿਆ, ਜਿਸ ਨੂੰ ਸਰਕਾਰ ਨੇ ਜ਼ਬਤ ਕਰ ਲਿਆ ਸੀ। ਉਸ ਨੂੰ ਪੁਲਸ ਦੁਆਰਾ ਜ਼ਬਤ ਕੀਤੀ ਗਈ ਉਸ ਦੀ ਬੇਬੀ ਆਸਟਿਨ ਕਾਰ ਲਈ ਪੈਸੇ ਵੀ ਮਿਲੇ।

ਉਹ ਫਰਵਰੀ 1947 ਵਿੱਚ ਗਾਂਧੀ ਜੀ ਨੂੰ ਮਿਲਣ ਲਈ ਵਰਧਾ ਗਈ। ਨਾਗਪੁਰ ਵਿੱਚ ਉਸ ਨੇ 30 ਹਜ਼ਾਰ ਲੋਕਾਂ ਦੇ ਇੱਕ ਵੱਡੇ ਇਕੱਠ ਨੂੰ ਸੰਬੋਧਨ ਕੀਤਾ। ਉਸ ਨੇ ਗਾਂਧੀ ਜੀ ਦੀ ਬਹੁਤ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ 'ਰਾਸ਼ਟਰ ਪਿਤਾ' ਅਤੇ ਹਿੰਦੂ-ਮੁਸਲਿਮ ਏਕਤਾ ਦਾ ਪ੍ਰਤੀਕ ਦੱਸਿਆ। ਭਾਵੇਂ ਕੁਝ ਮੁੱਦਿਆਂ 'ਤੇ ਉਹ ਉਨ੍ਹਾਂ ਨਾਲ ਮਤਭੇਦ ਰੱਖਦੀ ਸੀ। ਉਹ 1946 ਦੇ ਰਾਇਲ ਇੰਡੀਅਨ ਨੇਵੀ ਵਿਦਰੋਹ ਤੋਂ ਬਹੁਤ ਪ੍ਰਭਾਵਿਤ ਹੋਈ ਸੀ ਅਤੇ ਇਸ ਮੁੱਦੇ 'ਤੇ ਉਨ੍ਹਾਂ ਦੇ ਗਾਂਧੀ ਜੀ ਨਾਲ ਗੰਭੀਰ ਮਤਭੇਦ ਸਨ।

**ਆਜ਼ਾਦੀ ਤੋਂ ਬਾਅਦ ਦੀਆਂ ਘਟਨਾਵਾਂ**

ਅਰੁਣਾ ਦਾ ਸੀ ਪੀ ਆਈ ਵਿੱਚ ਸ਼ਾਮਲ ਹੋਣਾ

1946 ਤੋਂ ਬਾਅਦ ਅਰੁਣਾ ਦਾ ਖੱਬੇ ਪੱਖ ਵੱਲ ਤਿੱਖਾ ਝੁਕਾਅ ਹੋ ਗਿਆ। ਉਹ 1947-48 ਵਿੱਚ ਦਿੱਲੀ ਪ੍ਰਦੇਸ਼ ਕਾਂਗਰਸ ਦੀ ਪ੍ਰਧਾਨ ਚੁਣੀ ਗਈ ਸੀ, ਪਰ 1948 ਵਿੱਚ ਕਾਂਗਰਸ ਛੱਡ ਦਿੱਤੀ ਅਤੇ ਸੋਸ਼ਲਿਸਟ ਪਾਰਟੀ ਵਿੱਚ ਸ਼ਾਮਲ ਹੋ ਗਈ। ਬਾਅਦ ਵਿੱਚ 1950 ਵਿੱਚ ਇੱਕ ਖੱਬਾ ਸਮਾਜਵਾਦੀ ਗਰੁੱਪ ਬਣਾਇਆ। ਉਹ ਏਦਾਤਾ ਨਾਰਾਇਣਨ ਅਤੇ ਰਜਨੀ ਪਾਮ ਦੱਤ ਨਾਲ ਮਾਸਕੋ ਗਈ। ਉਹ ਅਤੇ ਨਾਰਾਇਣਨ ਦੋਵੇਂ ਸੋਵੀਅਤ ਯੂਨੀਅਨ ਤੋਂ ਬਹੁਤ ਪ੍ਰਭਾਵਿਤ ਹੋਏ ਸਨ।

ਵਾਪਸੀ 'ਤੇ ਉਸ ਨੇ ਉਦਯੋਗਿਕ ਮਜ਼ਦੂਰਾਂ ਅਤੇ ਹੋਰ ਵਰਗਾਂ ਵਿੱਚ ਕੰਮ ਕੀਤਾ। ਉਸ ਨੇ ਟੈਕਸਟਾਈਲ ਮਜ਼ਦੂਰਾਂ ਵਿੱਚ ਮਾਰਕਸਵਾਦੀ ਸਟੱਡੀ ਸਰਕਲ ਸ਼ੁਰੂ ਕੀਤਾ। 1953-54 ਵਿੱਚ ਮਦੁਰਾਈ ਵਿੱਚ ਹੋਈ ਸੀ ਪੀ ਆਈ ਦੀ ਤੀਜੀ ਪਾਰਟੀ ਕਾਂਗਰਸ ਵਿੱਚ ਸ਼ਿਰਕਤ ਕੀਤੀ ਅਤੇ ਕੇਂਦਰੀ ਕਮੇਟੀ ਲਈ ਚੁਣੀ ਗਈ।

**ਮਹਿਲਾ ਅੰਦੋਲਨ ਵਿੱਚ**

ਅਰੁਣਾ ਆਸਫ਼ ਅਲੀ 1950 ਦੇ ਦਹਾਕੇ ਦੇ ਸ਼ੁਰੂ ਵਿੱਚ ਬੰਗਾਲ ਦੀ ਮਹਿਲਾ ਆਤਮ ਰਕਸ਼ਾ ਸਮਿਤੀ ਦੇ ਸੰਪਰਕ ਵਿੱਚ ਆਈ। ਉਹ 1952 ਵਿਚ ਇਸ ਦੀ ਸੂਬਾਈ ਕਾਨਫਰੰਸ ਵਿੱਚ ਮੁੱਖ ਮਹਿਮਾਨ ਸੀ। ਉਸ ਨੇ 1953 ਵਿੱਚ ਕੋਪਨਹੇਗਨ ਵਿੱਚ ਅੰਤਰਰਾਸ਼ਟਰੀ ਮਹਿਲਾ ਕਾਨਫਰੰਸ ਵਿੱਚ ਵੀ ਹਿੱਸਾ ਲਿਆ।

ਉਹ ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਵੂਮੈਨ ਦੀ ਸੰਸਥਾਪਕ ਮੈਂਬਰ ਸੀ। 1967 ਵਿੱਚ ਉਹ ਇਸ ਦੀ ਚੇਅਰਮੈਨ ਚੁਣੀ ਗਈ ਅਤੇ 1986 ਤੱਕ ਇਸ ਅਹੁਦੇ 'ਤੇ ਰਹੀ।

1956 ਵਿੱਚ ਸਟਾਲਿਨ ਬਾਰੇ ਮਸ਼ਹੂਰ 'ਖਰੁਸ਼ਚੇਵ ਰਿਪੋਰਟ' ਸਾਹਮਣੇ ਆਈ, ਜਿਸ ਨੇ ਪੂਰੀ ਦੁਨੀਆ ਵਿੱਚ ਹਲਚਲ ਪੈਦਾ ਕਰ ਦਿੱਤੀ। ਰਿਪੋਰਟ ਨੇ ਸਟਾਲਿਨ ਦੇ ਦੌਰ ਦੀਆਂ ਵਧੀਕੀਆਂ ਦਾ ਪਰਦਾਫਾਸ਼ ਕੀਤਾ। ਅਰੁਣਾ ਨੂੰ ਬਹੁਤ ਦੁੱਖ ਹੋਇਆ। ਉਹ ਇਹਨਾਂ ਬੇਇਨਸਾਫ਼ੀਆਂ ਨੂੰ ਨਾ ਤਾਂ ਬਰਦਾਸ਼ਤ ਕਰ ਸਕਦੀ ਸੀ ਅਤੇ ਨਾ ਹੀ ਇਹਨਾਂ ਨਾਲ ਸਮਝੌਤਾ ਕਰ ਸਕਦੀ ਸੀ। ਉਸ ਨੇ ਸੀ ਪੀ ਆਈ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ, ਪਰ ਅੰਤ ਤੱਕ ਉਹ ਪਾਰਟੀ ਨਾਲ ਜੁੜੀ ਰਹੀ।

**ਦਿੱਲੀ ਦੇ ਮੇਅਰ ਵਜੋਂ**

ਅਰੁਣਾ ਆਸਫ਼ ਅਲੀ 1958 ਵਿੱਚ ਦਿੱਲੀ ਦੀ ਮੇਅਰ ਚੁਣੀ ਗਈ ਸੀ। 80 ਸੀਟਾਂ ਵਾਲੀ ਦਿੱਲੀ ਨਗਰ ਨਿਗਮ ਵਿੱਚ ਨਾ ਤਾਂ ਕਾਂਗਰਸ ਅਤੇ ਨਾ ਹੀ ਜਨਸੰਘ ਨੂੰ ਬਹੁਮਤ ਮਿਲਿਆ। ਸੀ ਪੀ ਆਈ ਕੋਲ 8 ਸੀਟਾਂ ਸਨ। ਸੀ ਪੀ ਆਈ ਨੇ ਅਰੁਣਾ ਆਸਫ਼ ਅਲੀ ਦਾ ਸਮਰਥਨ ਕਰਨ ਦੀ ਪੇਸ਼ਕਸ਼ ਕੀਤੀ, ਜੇਕਰ ਕਾਂਗਰਸ ਵੀ ਅਜਿਹਾ ਕਰਦੀ ਹੈ। ਨਹਿਰੂ ਨਾਲ ਸਲਾਹ-ਮਸ਼ਵਰਾ ਕੀਤਾ ਗਿਆ ਅਤੇ ਕਾਂਗਰਸ ਸਹਿਮਤ ਹੋ ਗਈ। ਇਸ ਤਰ੍ਹਾਂ ਅਰੁਣਾ ਦਿੱਲੀ ਦੀ ਪਹਿਲੀ ਕਮਿਊਨਿਸਟ ਮੇਅਰ ਬਣ ਗਈ, ਹਾਲਾਂਕਿ ਉਹ ਰਸਮੀ ਤੌਰ 'ਤੇ ਸੀ ਪੀ ਆਈ ਵਿੱਚ ਨਹੀਂ ਸੀ।

ਇਹ ਜ਼ਿਕਰਯੋਗ ਹੈ ਕਿ ਉਸ ਸਮੇਂ ਹੀ 1958 ਵਿੱਚ ਬੰਬਈ ਵਿੱਚ ਇੱਕ ਹੋਰ ਕਮਿਊਨਿਸਟ ਮੇਅਰ ਸੀ, ਜਿਸ ਦਾ ਨਾਂਅ ਸੀ ਐੱਸ ਐੱਸ ਮਿਰਾਜਕਰ।

**'ਲਿੰਕ' ਅਤੇ 'ਪੈਟ੍ਰਿਅਟ' ਪੇਪਰ**

ਕਈ ਖੱਬੇ-ਪੱਖੀ, ਕਾਂਗਰਸੀ ਅਤੇ ਹੋਰ ਲੋਕ 1958 ਵਿੱਚ ਅੰਗਰੇਜ਼ੀ ਵਿੱਚ ਹਫਤਾਵਾਰੀ ਪੇਪਰ 'ਲਿੰਕ' ਪ੍ਰਕਾਸ਼ਤ ਕਰਨ ਲਈ ਇਕੱਠੇ ਹੋਏ। ਇਹ ਦੇਸ਼ ਦਾ ਇੱਕ ਪ੍ਰਮੁੱਖ ਹਫਤਾਵਾਰੀ ਬਣ ਗਿਆ। ਅਰੁਣਾ ਆਸਫ ਅਲੀ ਅਤੇ ਈ ਨਾਰਾਇਣਨ ਮੁੱਖ ਪ੍ਰਬੰਧਕਾਂ ਵਿੱਚੋਂ ਸਨ। ਬਾਅਦ ਵਿੱਚ ਇਸ ਸਮੂਹ ਨੇ ਭਾਰਤ ਦਾ ਪਹਿਲਾ ਖੱਬੇ-ਪੱਖੀ ਰੋਜ਼ਾਨਾ 'ਪੈਟ੍ਰਿਅਟ' ਵੀ ਪ੍ਰਕਾਸ਼ਤ ਕੀਤਾ, ਜਿਸ ਵਿੱਚ ਅਰੁਣਾ ਆਸਫ ਅਲੀ ਨੇ ਵੀ ਮਹੱਤਵਪੂਰਨ ਭੂਮਿਕਾ ਨਿਭਾਈ।

ਅਰੁਣਾ ਆਸਫ ਅਲੀ ਨੂੰ 1992 ਵਿੱਚ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ ਸੀ। 1997 ਵਿੱਚ ਉਨ੍ਹਾਂ ਨੂੰ ਮਰਨ ਉਪਰੰਤ 'ਭਾਰਤ ਰਤਨ' ਨਾਲ ਵੀ ਸਨਮਾਨਿਤ ਕੀਤਾ ਗਿਆ ਸੀ।ਉਨ੍ਹਾਂ ਦੀ ਮੌਤ 29 ਜੁਲਾਈ 1996 ਨੂੰ ਦਿੱਲੀ ਵਿੱਚ 87 ਸਾਲ ਦੀ ਉਮਰ ਵਿੱਚ ਹੋਈ।

---

# ਰਾਹੁਲ ਸਾਂਕਰਤਿਆਯਨ ਤੇ ਬਿਹਾਰ ਦਾ ਕਿਸਾਨ ਅੰਦੋਲਨ

ਰਾਮ ਨਿਹਾਲ ਗੁੰਜਨ

ਅਨੁਵਾਦ : ਨਿਰਮਲਜੀਤ

*(ਰਾਹੁਲ ਸਾਂਕਰਤਿਆਯਨ ਭਾਰਤੀ ਅਦਬ ਵਿੱਚ ਅਹਿਮ ਹਸਤਾਖਰ ਨੇ। ਉਹਨਾਂ ਨੇ ਆਪਣੀ ਕਲਮ ਨਾਲ ਭਾਰਤ ਦੇ ਅਦਬ ਦੀ ਤਸਵੀਰ ਨੂੰ ਘੜਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹੱਥਲਾ ਲੇਖ ਉਹਨਾਂ ਦੁਆਰਾ ਬਿਹਾਰ ਵਿੱਚ ਕਿਸਾਨ ਅੰਦੋਲਨ ਵਿੱਚ ਪਾਏ ਪੂਰਨਿਆਂ ਦੀ ਬਾਤ ਪਾਉਂਦਾ ਹੈ। ਰਾਹੁਲ ਦੁਆਰਾ ਕਿਸਾਨ ਸੰਘਰਸ਼ ਬਾਰੇ ਕੀਤੀਆਂ ਟਿੱਪਣੀਆਂ ਹਾਲੇ ਵੀ ਓਨੀਆਂ ਹੀ ਸਾਰਥਿਕ ਹਨ। ਇਹ ਲੇਖ ਮੂਲ ਰੂਪ ਵਿੱਚ ਹਿੰਦੀ ਵਿੱਚ ਰਾਮ ਨਿਹਾਲ ਗੁੰਜਨ ਦੁਆਰਾ ਲਿਖਿਆ ਗਿਆ ਹੈ।)*

ਰਾਹੁਲ ਸਾਂਕਰਤਿਆਯਨ ਦੀ ਚਰਚਾ ਅਕਸਰ ਉਸ ਦੀ ਵਿਸ਼ਾਲ ਵਿਦਵਤਾ ਅਤੇ ਘੁਮਕੜੀ ਨੂੰ ਲੈ ਕੇ ਕੀਤੀ ਜਾਂਦੀ ਹੈ, ਪਰ ਇਹ ਉਸ ਦੇ ਮੁਲਾਂਕਣ ਦਾ ਸਿਰਫ ਇੱਕ ਪਹਿਲੂ ਹੈ, ਦੂਸਰਾ ਪਹਿਲੂ, ਜੋ ਉਸ ਤੋਂ ਘੱਟ ਮਹੱਤਵਪੂਰਨ ਨਹੀਂ ਹੈ, ਇਸ ਪ੍ਰਸੰਗ ਵਿੱਚ ਵਿਚਾਰਨਯੋਗ ਹੈ। ਇਹ ਸੱਚ ਹੈ ਕਿ ਰਾਹੁਲ ਜੀ ਨੇ ਸ਼ੁਰੂ ਵਿੱਚ ਬੌਧਿਕ ਜਗਿਆਸਾ ਤਹਿਤ ਦੇਸ਼-ਵਿਦੇਸ਼ ਦੀਆਂ ਯਾਤਰਾਵਾਂ ਕੀਤੀਆਂ ਅਤੇ ਸੰਸਕ੍ਰਿਤ ਦੇ ਦੁਰਲੱਭ ਗ੍ਰੰਥਾਂ ਅਤੇ ਹੱਥ ਲਿਖਤਾਂ (ਖਰੜਿਆਂ) ਨੂੰ ਮੁੜ ਸੁਰਜੀਤ ਕੀਤਾ। ਇਸ ਨਾਲ ਬਿਨਾਂ ਸ਼ੱਕ ਭਾਰਤੀ ਗਿਆਨ-ਵਿਗਿਆਨ ਦੇ ਖੇਤਰ ਵਿੱਚ ਰਾਹੁਲ ਜੀ ਦੇ ਯੋਗਦਾਨ ਦੀ ਚਰਚਾ ਵੀ ਹੋਈ। ਰਾਹੁਲ ਨੇ ਆਪਣੀ ਸਿਰਜਣਾਤਮਕ ਸਾਹਿਤ ਜ਼ਰੀਏ ਇਸ ਯੋਗਦਾਨ ਨੂੰ ਮਹੱਤਵ ਪ੍ਰਦਾਨ ਕੀਤਾ, ਪਰ ਰਾਹੁਲ ਦੇ ਸਿਰਜਣਾਤਮਕ ਯੋਗਦਾਨ ਦੇ ਉਸ ਪੱਖ ਨੂੰ ਹਾਲੇ ਵੀ ਘੱਟ ਹੀ ਵਿਚਾਰਿਆ ਗਿਆ ਹੈ, ਜੋ ਉਸ ਦੇ ਸਮਾਜਿਕ-ਰਾਜਨੀਤਿਕ ਚਿੰਤਨ ਦਾ ਕੇਂਦਰੀ-ਬਿੰਦੂ ਰਿਹਾ ਹੈ ਅਤੇ ਉਹ ਹੈ, ਮਜ਼ਦੂਰ-ਕਿਸਾਨ ਸੰਘਰਸ਼ ਅਤੇ ਇਸ ਵਿੱਚ ਉਸ ਦੇ ਸਿਰਜਣਾਤਮਕ ਅਤੇ ਸਮਾਜਿਕ ਚਿੰਤਨ ਦੀ ਅਹਿਮ ਭੂਮਿਕਾ।

ਰਾਹੁਲ ਸਾਂਕਰਤਿਆਯਨ ਆਪਣੇ ਜੀਵਨ ਦੇ ਸ਼ੁਰੂਆਤੀ ਪੜਾਅ ਵਿੱਚ ਦੇਸ਼ ਭ੍ਰਮਣ ਅਤੇ ਜੀਵਨ ਦੇ ਅਮਲੀ ਅਨੁਭਵਾਂ ਦੇ ਜ਼ੋਰ 'ਤੇ ਸਮਾਜ ਦੇ ਉਸ ਚਿੰਤਨ ਨਾਲ ਮੁੱਖ ਰੂਪ ਵਿੱਚ ਜੁੜੇ, ਜਿਸ ਨੇ ਵਿਆਪਕ ਜਨਤਾ ਦੇ ਹਿੱਤ ਵਿੱਚ ਉਸ ਨੂੰ ਮਾਰਕਸਵਾਦ ਦੇ ਅਧਿਐਨ ਤੋਂ ਲੈ ਕੇ ਜਨਜੀਵਨ ਵਿੱਚ ਇਨਕਲਾਬੀ ਚੇਤਨਾ ਦੀ ਸ਼ੁਰੂਆਤ ਕਰਨ ਦੇ ਲਈ ਸਮਾਜਿਕ-ਰਾਜਨੀਤਿਕ ਅੰਦੋਲਨਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਉਸ ਦਾ ਇੱਕ ਚੰਗਾ ਸਿੱਟਾ ਇਹ ਹੋਇਆ ਕਿ ਰਾਹੁਲ ਦਾ ਇਨ੍ਹਾਂ ਲੋਕ-ਸੰਘਰਸ਼ਾਂ ਨਾਲ ਸਿੱਧਾ ਰਾਬਤਾ ਹੋਇਆ। ਰਾਹੁਲ ਦਾ ਮੁਢਲਾ ਜੀਵਨ ਜਿਸ ਤਰ੍ਹਾਂ ਦਾ ਅਧਿਆਤਮਕ ਚਿੰਤਨ ਨਾਲ ਗ੍ਰਸਿਆ ਹੋਇਆ ਸੀ, ਉਸ ਤੋਂ ਉਹ ਹੌਲੀ-ਹੌਲੀ ਮੁਕਤ ਹੁੰਦਾ ਗਿਆ, ਕਿਉਂਕਿ ਉਸ ਦਾ ਠੋਸ ਸਮਾਜਿਕ ਚਿੰਤਨ ਕਰਕੇ ਜ਼ਬਰਦਸਤ ਮੋਹ ਭੰਗ ਹੋਇਆ। ਇਹ ਕਾਰਨ ਹੈ ਕਿ ਉਸ ਸਮੇਂ ਦੌਰਾਨ ਵੀ ਉਨ੍ਹਾਂ ਨੇ ਆਪਣੇ ਸਮਾਜਿਕ ਚਿੰਤਨ ਦੇ ਅਨੁਕੂਲ ਸਮੂਹਿਕ ਹਿੱਤ ਵਿੱਚ ਕੰਮ ਕੀਤੇ ਸਨ। ਸਾਧੂ ਰੂਪੀ ਜੀਵਨ ਬਤੀਤ ਕਰਦੇ ਹੋਏ ਉਨ੍ਹਾਂ ਨੇ ਛਪਰਾ ਦੇ ਹੜ੍ਹ-ਪੀੜਤਾਂ ਅਤੇ ਦੀਨ-ਦੁਖੀਆਂ ਦੀ ਸੇਵਾ ਕੀਤੀ ਅਤੇ ਏਕਮਾਂ ਦੇ ਗਾਂਧੀ ਸਕੂਲ ਵਿੱਚ ਚਰਖੇ ਵੰਡੇ।

1915-21 ਦੇ ਦੌਰਾਨ ਹੀ ਰਾਹੁਲ ਦੇ ਵਿਚਾਰਾਂ ਵਿੱਚ ਸਮਾਜ ਦੀ ਇੱਕ ਨਵੀਂ ਧਾਰਨਾ ਜਨਮ ਲੈ ਚੁੱਕੀ ਸੀ। ਉਸ ਤੋਂ ਬਾਅਦ ਦਾ ਦੌਰ (1921-27) ਉਸ ਦੇ ਰਾਜਨੀਤਿਕ ਜੀਵਨ ਵਿੱਚ ਪ੍ਰਵੇਸ਼ ਦਾ ਸਮਾਂ ਮੰਨਿਆ ਜਾਂਦਾ ਹੈ। ਇਹ ਸਮਾਂ ਮਿਲਵਰਤਨ ਅੰਦੋਲਨ ਦਾ ਸੀ ਅਤੇ ਰਾਹੁਲ ਵੀ ਇਸ ਅੰਦੋਲਨ ਤੋਂ ਪ੍ਰਭਾਵਿਤ ਸੀ। ਉਹ ਗਾਂਧੀ ਜੀ ਤੋਂ ਵੀ ਡੂੰਘੀ ਤਰ੍ਹਾਂ ਪ੍ਰਭਾਵਿਤ ਸਨ, ਜਿਸ ਦੀ ਇੱਕ ਉਦਾਹਰਨ ਇਸ ਪ੍ਰਸੰਗ ਵਿੱਚ ਦਿੱਤੀ ਜਾ ਸਕਦੀ ਹੈ ਕਿ ਉਨ੍ਹਾਂ ਨੇ 'ਗਾਂਧੀ' ਨਾਂਅ ਦੇ ਸਾਰਥਕ ਪ੍ਰਯੋਗ ਦੁਆਰਾ ਧਾਰਮਿਕ ਅਨੁਸ਼ਠਾਨਾਂ ਵਿੱਚ ਪਸ਼ੂਬਲੀ ਜਾਂ ਸ਼ਰਾਬ, ਗਾਂਜਾ ਚੜ੍ਹਾਉਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਲਿਖਿਆ-ਹੁਣ ਸਾਰੇ ਦੇਵਤੇ ਗਾਂਧੀ ਬਾਬਾ ਦੇ ਨਾਲ ਹਨ। ਜੋ ਪਸ਼ੂ ਬਲੀ, ਸ਼ਰਾਬ, ਗਾਂਜਾ ਚੜ੍ਹਾਉਣਗੇ, ਉਹ ਤਬਾਹ ਹੋ ਜਾਵੇਗਾ। ਮੈਂ ਸ਼ਰਾਪ ਦਿੰਦਾ ਹਾਂ।-ਹਾਲਾਂਕਿ ਉਹ ਬਾਅਦ ਵਿੱਚ ਆਪਣੇ 'ਗਾਂਧੀ' ਸਿਰਲੇਖ ਹੇਠ ਲਿਖੇ ਲੇਖ ਵਿੱਚ 'ਗਾਂਧੀਵਾਦ ਦੀ ਸ਼ਵ ਪ੍ਰੀਖਿਆ' ਵੀ ਪੇਸ਼ ਕਰਦੇ ਹਨ। ਇਸ ਲੇਖ ਦੇ ਲਿਖੇ ਜਾਣ ਤੱਕ ਨਿਸ਼ਚਿਤ ਰੂਪ ਵਿੱਚ ਉਹਨਾਂ ਉੱਪਰੋਂ ਗਾਂਧੀਵਾਦ ਦਾ ਪ੍ਰਭਾਵ ਖਤਮ ਹੋ ਚੁੱਕਾ ਸੀ। ਉਸ ਲੇਖ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਉਹ ਮਜ਼ਦੂਰਾਂ ਅਤੇ ਕਿਸਾਨਾਂ ਦੇ ਹਿੱਤ ਵਿੱਚ ਇਸ ਨੂੰ ਪੂਰੀ ਤਰ੍ਹਾਂ ਬੇਕਾਰ ਸਮਝਦੇ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਕਿਸੇ ਸਮੱਸਿਆ 'ਤੇ ਸਾਫ਼-ਸਾਫ਼ ਨਾ ਸੋਚਣਾ, ਮੁਸ਼ਕਲਾਂ ਨੂੰ ਗ਼ੈਰ-ਪ੍ਰਮਾਣਿਤ ਸਾਧਨਾ 'ਤੇ ਛੱਡੀ ਰੱਖਣਾ, ਬਸ ਇਹ ਗਾਂਧੀਵਾਦ ਦਾ ਅਸਲ ਸਰੂਪ ਹੈ। (ਦਿਮਾਗੀ ਗੁਲਾਮੀ, ਪੰਨਾ-14) ਦੂਜੇ ਪਾਸੇ, ਉਹ ਧਰਮ ਅਤੇ ਰੱਬ ਦੀ ਖਿਲਾਫਤ ਕਰਨਾ ਵੀ ਮਜ਼ਦੂਰ ਅਤੇ ਕਿਸਾਨ ਵਰਗ ਵਿੱਚ ਕ੍ਰਾਂਤੀ ਦੀ ਚੇਤਨਾ ਪੈਦਾ ਕਰਨ ਲਈ ਜ਼ਰੂਰੀ ਸਮਝਦੇ ਸਨ। ਉਨ੍ਹਾਂ ਨੇ ਇੱਕ ਲੇਖ ਵਿੱਚ ਲਿਖਿਆ ਸੀ- ਮਜ਼ਹਬ ਅਤੇ ਖੁਦਾ ਦੇ ਖਿਲਾਫ ਸਾਨੂੰ ਜ਼ਬਰਦਸਤ ਪ੍ਰਚਾਰ ਕਰਨਾ ਚਾਹੀਦਾ ਹੈ। ਕਿਸਾਨਾਂ ਅਤੇ ਮਜ਼ਦੂਰਾਂ ਨੂੰ ਆਪਣੀ ਜ਼ਿੰਦਗੀ ਦੀ ਰੋਜ਼-ਰੋਜ਼ ਦੀ ਕੜਵਾਹਟ ਦਾ ਏਨਾ ਅਨੁਭਵ ਹੁੰਦਾ ਹੈ ਕਿ ਸਮਝਾਉਣ ਉੱਤੇ ਉਹ ਧਰਮ ਦੀ ਧੋਖਾਧੜੀ ਨੂੰ ਸਮਝ ਸਕਦੇ ਹਨ। ਇੱਕ ਵਾਰ ਜੇ ਅਸੀਂ ਅਜਿਹੇ ਭਾਵ ਲੋਕਾਂ ਵਿੱਚ ਪੈਦਾ ਕਰ ਦਿੱਤੇ ਤਾਂ ਕਿਸਾਨ ਅਤੇ ਮਜ਼ਦੂਰ ਲੋਕਾਂ ਦੀ ਸਾਰੀ ਤਾਕਤ ਕ੍ਰਾਂਤੀ ਲਈ ਤਿਆਰ ਹੋ ਜਾਵੇਗੀ। (ਉਹੀ, ਪੰਨਾ-19)। ਇਸ ਤਰ੍ਹਾਂ ਰਾਹੁਲ ਜੀ ਨੇ ਆਪਣੀ ਪੁਸਤਕ ਤੁਮਹਾਰੀ ਕਸ਼ੈਅ (1939) ਵਿੱਚ ਸ਼ਾਮਲ ਲੇਖਾਂ ਦੇ ਰਾਹੀਂ ਵੀ ਰੱਬ, ਧਰਮ, ਜਾਤ-ਪਾਤ ਅਤੇ ਸ਼ੋਸ਼ਕ ਵਰਗ 'ਤੇ ਕਰਾਰਾ ਵਿਅੰਗ ਵਾਰ ਕੀਤਾ ਹੈ।

ਰਾਹੁਲ ਸਾਂਕਰਤਿਆਯਨ ਨੇ ਬਿਹਾਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਵਿਚਾਲੇ ਜ਼ਿਆਦਾਤਰ ਕੰਮ ਕੀਤਾ ਹੈ, ਕਿਉਂਕਿ ਉਨ੍ਹਾਂ ਦੀ ਕਰਮ-ਭੂਮੀ ਵੀ ਮੁੱਖ ਰੂਪ ਵਿੱਚ ਬਿਹਾਰ ਹੀ ਰਹੀ ਹੈ, ਇਸ ਲਈ ਬਿਹਾਰ ਵਿੱਚ ਉਹ ਜਿੱਥੇ ਵੀ ਗਏ, ਉੱਥੇ ਜਿਮੀਦਾਰੀ ਪ੍ਰਥਾ ਆਪਣੀ ਚਰਮ ਸੀਮਾ 'ਤੇ ਸੀ, ਰਾਹੁਲ ਜੀ ਨੇ ਆਪਣੀ ਅੱਖੀਂ ਵੇਖਿਆ ਸੀ ਕਿ ਇਸ ਵਿਵਸਥਾ ਵਿੱਚ ਕਿਸਾਨ ਅਤੇ ਮਜ਼ਦੂਰ ਸਭ ਤੋਂ ਵੱਧ ਪੀੜਤ ਸਨ। ਰਾਹੁਲ ਸਾਹਿਤ ਦੇ ਅਧਿਐਨ ਕਰਤਾ ਅਤੇ ਉਸ ਦੇ ਪਾਠਕ ਉਸ ਸਮੇਂ ਦੇ ਕਿਸਾਨ-ਮਜ਼ਦੂਰ ਸੰਘਰਸ਼ ਵਿੱਚ ਰਾਹੁਲ ਦੇ ਵਿਚਾਰਾਂ ਦੀ ਅਹਿਮੀਅਤ ਨੂੰ ਸਮਝ ਸਕਦੇ ਹਨ। ਰਾਹੁਲ ਜੀ ਨੇ ਕਈ ਨਿਬੰਧ ਤਾਂ ਬਿਹਾਰ ਦੇ ਕਿਸਾਨ ਅੰਦੋਲਨ ਦੇ ਦੌਰਾਨ ਜਾਂ ਉਸ ਤੋਂ ਪ੍ਰੇਰਿਤ ਹੋ ਕੇ ਲਿਖੇ ਸਨ। ਉਨ੍ਹਾਂ ਦੇ 'ਜਿਮੀਦਾਰਾ ਨਹੀਂ ਚਾਹੀਦੀ', 'ਕਿਸਾਨੋ ਸਾਵਧਾਨ!', 'ਖੇਤ ਮਜ਼ਦੂਰ' ਆਦਿ ਨਿਬੰਧਾਂ ਨੂੰ ਖਾਸ ਤੌਰ 'ਤੇ ਏਸੇ ਦ੍ਰਿਸ਼ਟੀ ਤੋਂ ਵੇਖਿਆ ਜਾਣਾ ਚਾਹੀਦਾ ਹੈ। ਇਨ੍ਹਾਂ ਲੇਖਾਂ ਦੁਆਰਾ ਰਾਹੁਲ ਨੇ ਸਾਮੰਤੀ ਵਿਵਸਥਾ ਦੇ ਖਿਲਾਫ ਆਪਣੇ ਅਧਿਕਾਰਾਂ ਦੀ ਲੜਾਈ ਲੜਨ ਦੇ ਲਈ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਤਿਆਰ ਹੋਣ ਦਾ ਸੱਦਾ ਦਿੱਤਾ ਸੀ। ਉਹਨਾਂ ਨੇ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਤ੍ਰਾਸਦਿਕ ਸਮਾਜਿਕ-ਆਰਥਿਕ ਸਥਿਤੀ ਨੂੰ ਵੇਖਿਆ ਸੀ, ਪਰ ਦੂਜੇ ਪਾਸੇ ਉਨ੍ਹਾਂ ਦੀ 'ਵਿਲੱਖਣ ਚੇਤਨਾ' ਨੂੰ ਲੈ ਕੇ ਪ੍ਰਸ਼ੰਸਾ ਵੀ ਕਰਦੇ ਸਨ। ਉਹ ਇਸ ਤੱਥ ਨੂੰ ਸਪੱਸ਼ਟ ਕਰਨਾ ਚਾਹੁੰਦੇ ਸਨ ਕਿ ਕਿਸਾਨ-ਮਜ਼ਦੂਰ ਪੂਰੀ ਤਰ੍ਹਾਂ ਚੇਤਨ ਹਨ। ਇਸ ਲਈ ਉਹ ਜ਼ਿਮੀਦਾਰਾਂ ਦੀ ਇੱਕ ਨਹੀਂ ਚੱਲਣ ਦੇਣਗੇ। ਉਹ ਇਹ ਵੀ ਜਾਣਦੇ ਸਨ ਕਿ ਕਾਂਗਰਸੀ ਨੇਤਾਵਾਂ ਦਾ ਵੀ ਉਨ੍ਹਾਂ 'ਤੇ ਹੁਣ ਕੋਈ ਅਸਰ ਨਹੀਂ ਹੋਣ ਵਾਲਾ, ਕਿਉਂਕਿ ਉਹ ਸਾਮੰਤਾਂ ਦੇ ਹਿੱਤ ਵਿੱਚ ਸੋਚਦੇ ਹਨ। ਇਸ ਲਈ ਉਨ੍ਹਾਂ ਨੂੰ ਸਾਵਧਾਨ ਕਰਦੇ ਹੋਏ ਉਨ੍ਹਾਂ ਨੇ ਲਿਖਿਆ ਸੀ-ਕਿਸਾਨੋ, ਸਾਵਧਾਨ ਹੋ ਜਾਓ ਅਤੇ ਅੱਖਾਂ ਖੋਲ੍ਹ ਕੇ ਦੇਖਦੇ ਰਹੋ ਕਿ ਤੁਹਾਡੇ ਨੁਮਾਇੰਦੇ ਤੁਹਾਡੇ ਵਿਰੁੱਧ ਕੋਈ ਕੰਮ ਨਾ ਕਰ ਸਕਣ। (ਉਹੀ, ਪੰਨਾ-38)

ਰਾਹੁਲ ਜੀ ਬਿਹਾਰ ਦੇ ਕਿਸਾਨਾਂ ਨੂੰ ਭਾਰਤੀ ਕਿਸਾਨਾਂ ਦਾ ਮਾਰਗ-ਦਰਸ਼ਕ ਮੰਨਦੇ ਸਨ, ਕਿਉਂਕਿ ਉਹ ਉਨ੍ਹਾਂ ਦੀ ਸੰਗਠਿਤ ਸ਼ਕਤੀ ਨੂੰ ਕਈ ਮੌਕਿਆਂ 'ਤੇ ਦੇਖ ਚੁੱਕੇ ਸਨ। ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਜੇ ਕਿਸਾਨ ਅਤੇ ਮਜ਼ਦੂਰ ਇਕੱਠੇ ਸਾਮੰਤੀ ਵਿਵਸਥਾ ਦੇ ਵਿਰੁੱਧ ਸੰਘਰਸ਼ ਛੇੜਨਗੇ ਤਾਂ ਉਹਨਾਂ ਦੀ ਜਿੱਤ ਯਕੀਨੀ ਹੈ। ਉਹ ਇਹ ਵੀ ਜਾਣਦੇ ਸਨ ਕਿ ਕਿਸਾਨ ਅੰਦੋਲਨ ਦੇ ਜ਼ੋਰ ਫੜਨ 'ਤੇ ਸਭ ਤੋਂ ਵੱਧ ਚਿੰਤਾ ਉਹਨਾਂ ਵੱਡੇ ਜਿਮੀਦਾਰਾਂ ਨੂੰ ਹੀ ਹੋਵੇਗੀ, ਇਸ ਲਈ ਉਹ ਕਿਸਾਨਾਂ ਵਿੱਚ ਭੇਦ-ਨੀਤੀ ਦਾ ਸਹਾਰਾ ਲੈ ਕੇ ਫੁੱਟ ਪੈਦਾ ਕਰਨਗੇ। ਰਾਹੁਲ ਜੀ ਨੇ ਕਈ ਅਜਿਹੇ ਲੋਕਾਂ ਨੂੰ ਦੇਖਿਆ ਸੀ, ਜੋ ਜਿਮੀਦਾਰਾਂ ਤੋਂ ਪੈਸੇ ਲੈ ਕੇ ਮਜ਼ਦੂਰਾਂ ਵਿਚਕਾਰ ਝੰਡੇ ਲੈ ਕੇ ਸ਼ਾਮਲ ਹੋ ਗਏ ਸਨ। ਇਸ ਲਈ ਉਨ੍ਹਾਂ ਦਾ ਸਾਰਾ ਜ਼ੋਰ ਇਸ ਗੱਲ 'ਤੇ ਸੀ ਕਿ ਕਿਸਾਨ-ਮਜ਼ਦੂਰ ਇੱਕਜੁੱਟ ਹੋ ਕੇ ਕ੍ਰਾਂਤੀ ਨੂੰ ਅੱਗੇ ਵਧਣ ਦੇਣ, ਬਸ ਇਹੀ ਖੇਤ ਮਜ਼ਦੂਰਾਂ ਦਾ ਉਦੇਸ਼ ਹੋਣਾ ਚਾਹੀਦਾ ਹੈ। (ਉਹੀ, ਪੰਨਾ-47) ਦੂਜੇ ਪਾਸੇ ਉਹ ਸੰਘਰਸ਼ ਦੇ ਸਿੱਟਿਆਂ ਨੂੰ ਵੀ ਜਾਣਦੇ ਸਨ, ਜਿਸ ਵੱਲ ਇਸ਼ਾਰਾ ਕਰਦੇ ਹੋਏ ਉਨ੍ਹਾਂ ਨੇ ਲਿਖਿਆ ਹੈ- ਕਿਸਾਨ, ਖੇਤ ਮਜ਼ਦੂਰ ਸਾਰੇ ਉਹਨਾਂ ਖੇਤਾਂ ਦੇ ਮਾਲਕ ਹੋਣਗੇ। ਸਿਰਫ ਖੇਤੀ ਨਾਲ ਹੀ ਤਾਂ ਸਾਰਾ ਕੰਮ ਨਹੀਂ ਹੋ ਸਕਦਾ। ਸਾਨੂੰ ਦੇਸ਼ ਦੇ ਕਾਰਖਾਨੇ ਅਤੇ ਮਿੱਲਾਂ ਦਾ ਪ੍ਰਸਾਰ ਕਰਨਾ ਪਵੇਗਾ ਤਾਂ ਕਿਤੇ ਜਾ ਕੇ ਸਾਡਾ ਆਰਥਿਕ ਦਲਿੱਦਰ ਦੂਰ ਹੋਵੇਗਾ। (ਉਹੀ ਪੰਨਾ-47)

ਕਿਸਾਨ-ਮਜ਼ਦੂਰ ਅੰਦੋਲਨ ਨੂੰ ਅੱਗੇ ਵਧਾਉਣ ਦੇ ਲਈ ਜੋ ਪਹਿਲਾਂ ਕੰਮ ਰਾਹੁਲ ਜੀ ਨੇ ਕੀਤਾ, ਉਹ ਸੀ ਵਿਚਾਰਧਾਰਕ ਪ੍ਰਯੋਗ, ਭਾਵ ਉਹਨਾਂ ਦੀ ਰਾਜਨੀਤਕ ਅਤੇ ਸਮਾਜਿਕ ਚੇਤਨਾ ਨੂੰ ਵਿਕਸਿਤ ਕਰਨ ਲਈ ਉਹਨਾਂ ਵਿਚਕਾਰ ਉਹ ਆਪਣੇ ਇਨਕਲਾਬੀ ਵਿਚਾਰ ਪਹੁੰਚਾਉਂਦੇ ਸਨ। ਉਨ੍ਹਾਂ ਆਪਣੀਆਂ ਰਚਨਾਵਾਂ ਦੇ ਮਾਧਿਅਮ ਰਾਹੀਂ ਧਾਰਮਿਕ ਰੂੜੀਆਂ, ਸਮਾਜਿਕ ਅਤੇ ਆਰਥਿਕ ਅਸਮਾਨਤਾ ਅਤੇ ਰਾਜਨੀਤਿਕ ਅੰਤਰ-ਵਿਰੋਧ ਦੀ ਖੁੱਲ੍ਹ ਕੇ ਚਰਚਾ ਕਰਦੇ ਹੋਏ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਦੇਸ਼ ਅਤੇ ਸਮਾਜ ਦੀ ਵਿਵਸਥਾ ਵਿੱਚ ਇਨਕਲਾਬੀ ਪਰਿਵਰਤਨ ਦੇ ਲਈ ਇਥੋਂ ਦੇ ਲੋਕ ਖਾਸ ਕਰਕੇ ਕਿਸਾਨ-ਮਜ਼ਦੂਰ ਵਰਗ ਦੀ ਇੱਕਜੁੱਟਤਾ ਜ਼ਰੂਰੀ ਹੈ। ਦੂਜੇ ਪਾਸੇ ਰਾਹੁਲ ਜੀ ਨੇ ਅਰਥ ਸ਼ਾਸਤਰੀਆਂ ਤੋਂ ਵੱਖਰੇ-ਵੱਖਰੇ ਵਿਚਾਰਾਂ ਦੇ



ਆਧਾਰ 'ਤੇ ਸਮਾਜ ਵਿੱਚ ਧਨ (ਪੈਸੇ) ਦੀ ਵਰਤੋਂ 'ਤੇ ਵਿਚਾਰ ਪੇਸ਼ ਕਰਦੇ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਧਨ ਉਹ ਹੈ, ਜੋ ਆਦਮੀ ਦੇ ਲਈ ਬਹੁਤ ਜ਼ਰੂਰੀ ਹੈ। ਖਾਣਾ, ਕੱਪੜੇ, ਘਰ ਇਹ ਹੁਣ ਉਹ ਚੀਜ਼ਾਂ ਹਨ, ਜਿਨ੍ਹਾਂ ਨੂੰ ਧਨ ਕਹਿਣਾ ਚਾਹੀਦਾ ਹੈ। ਅਸਲੀ ਧਨ ਦੇ ਉਤਪਾਦਕ ਉਹ ਹੀ ਹਨ, ਜੋ ਇਹਨਾਂ ਚੀਜ਼ਾਂ ਨੂੰ ਪੈਦਾ ਕਰਦੇ ਹਨ। ਕਿਸਾਨ ਅਸਲੀ ਧਨ ਦੇ ਉਤਪਾਦਕ ਹਨ, ਕਿਉਂਕਿ ਉਹ ਮਿੱਟੀ ਨੂੰ ਕਣਕ, ਚੌਲ, ਕਪਾਹ ਦੇ ਰੂਪ ਵਿੱਚ ਪਰਿਵਰਤਿਤ ਕਰ ਦਿੰਦਾ ਹੈ; ਉਹ ਦੋ ਘੰਟੇ ਰਾਤ ਰਹਿੰਦਿਆਂ ਖੇਤਾਂ ਵਿੱਚ ਪਹੁੰਚਦਾ ਹੈ; ਜੇਠ ਦੀਆਂ ਤਪਦੀਆਂ ਦੁਪਹਿਰਾਂ ਹੋਣ ਜਾਂ ਪੋਹ-ਮਾਘ ਦੀ ਸਵੇਰ ਦੀਆਂ ਹੱਡੀਆਂ ਕੰਬਾ ਦੇਣ ਵਾਲੀ ਠੰਢ, ਉਹ ਹਲ ਵਾਹੁੰਦਾ, ਢੀਆਂ ਫੇਰਦਾ ਹੈ। ਉਸ ਦਾ ਸਰੀਰ ਮੁੜ੍ਹਕੇ ਨਾਲ ਪੂਰਾ ਭਿੱਜ ਜਾਂਦਾ ਹੈ। ਉਸ ਦੇ ਇੱਕ-ਇੱਕ ਹੱਥ ਵਿੱਚ ਸੱਤ-ਸੱਤ ਛਾਲੇ ਪੈ ਜਾਂਦੇ ਹਨ। ਹਲ ਚਲਾਉਂਦੇ-ਚਲਾਉਂਦੇ ਉਸ ਦਾ ਸਾਹ ਫੁੱਲ ਜਾਂਦਾ ਹੈ, ਪਰ ਫਿਰ ਵੀ ਉਹ ਉਸੇ ਤਰ੍ਹਾਂ ਮਿਹਨਤ-ਮੁਸ਼ੱਕਤ ਕਰੀ ਜਾਂਦਾ ਹੈ। (ਤੁਮਹਾਰੀ ਕਸ਼ੈਅ, ਪੰਨਾ-5) ਇਸ ਲਈ ਰਾਹੁਲ ਜੀ ਨੂੰ ਇਹ ਦੇਖ ਕੇ ਦੁੱਖ ਹੁੰਦਾ ਸੀ ਕਿ ਧਨ ਦਾ ਉਤਪਾਦਨ ਕਿਸਾਨ-ਮਜ਼ਦੂਰ ਕਰਦੇ ਹਨ ਅਤੇ ਉਸ ਦਾ ਉਪਭੋਗ ਕਰਨ ਦਾ ਅਧਿਕਾਰ ਵੀ ਉਨ੍ਹਾਂ ਨੂੰ ਹੈ, ਜੋ ਮਿਹਨਤ ਨਹੀਂ ਕਰਦੇ।

ਇਸ ਪ੍ਰਸੰਗ ਵਿੱਚ ਉਨ੍ਹਾਂ ਨੇ ਇੱਕ ਥਾਂ ਲਿਖਿਆ ਹੈ-ਮਜ਼ਦੂਰ ਦੀਆਂ ਹੱਡੀਆਂ, ਪਸੀਨੇ ਅਤੇ ਚਿੰਤਾ ਨਾਲ ਬਣੀਆਂ ਇਹਨਾਂ ਚੀਜ਼ਾਂ ਦਾ ਉਪਭੋਗ (ਵਰਤੋਂ) ਕੌਣ ਕਰਦਾ ਹੈ? ਉਹ ਵੱਡੀਆਂ-ਵੱਡੀਆਂ ਤਨਖਾਹਾਂ ਲੈਣ ਵਾਲੇ ਨੌਕਰ, ਪ੍ਰੋਹਿਤ। (ਪੰਨਾ-6) ਇਸ ਤਰ੍ਹਾਂ ਮਜ਼ਦੂਰਾਂ ਨੂੰ ਉਚਿਤ ਮਜ਼ਦੂਰੀ ਨਹੀਂ ਮਿਲਦੀ, ਉਨ੍ਹਾਂ ਦਾ ਧਰਮ ਅਤੇ ਨਿਆਂ ਸਿਰਫ ਸਾਮੰਤਾਂ ਦੁਆਰਾ ਸ਼ੋਸ਼ਣ-ਅੱਤਿਆਚਾਰ ਇਸ ਤੱਥ ਦਾ ਸਬੂਤ ਹਨ ਕਿ ਹਿੰਦੁਸਤਾਨ ਵਿੱਚ ਧਰਮ ਅਤੇ ਨਿਆਂ ਸਿਰਫ ਸਾਮੰਤਾਂ ਅਤੇ ਪੂੰਜੀਪਤੀਆਂ ਦੇ ਲਈ ਰੱਖਿਆ-ਕਵਚ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਦੇਸ਼ ਵਿੱਚ ਛੋਟੇ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਸਾਮੰਤੀ ਜ਼ੁਲਮ ਵਧਦਾ ਜਾ ਰਿਹਾ ਹੈ ਅਤੇ ਇਸ ਲਈ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇੱਕਜੁੱਟ ਹੋ ਕੇ ਦੇਸ਼ ਵਿੱਚ ਇਨਕਲਾਬ ਕਰਨਾ ਚਾਹੀਦਾ ਹੈ।

ਰਾਹੁਲ ਸਾਂਕਰਤਿਆਯਨ ਦੀ ਦ੍ਰਿਸ਼ਟੀ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਨੂੰ ਲੈ ਕੇ ਵੱਡੀਆਂ ਤੋਂ ਵੱਡੀਆਂ ਸਮੱਸਿਆਵਾਂ 'ਤੇ ਵੀ ਸੀ ਅਤੇ ਉਹ ਆਪਣੇ ਲੇਖਾਂ ਅਤੇ ਭਾਸ਼ਣਾਂ ਵਿੱਚ ਵਾਰ-ਵਾਰ ਉਸ ਦਾ ਧਿਆਨ ਇਸ ਵੱਲ ਦਿਵਾਉਂਦੇ ਹੋਏ ਉਨ੍ਹਾਂ ਦੇ ਹੱਲ ਲਈ ਇਨਕਲਾਬੀ ਸਮਾਗਮ ਕਰਨ 'ਤੇ ਜ਼ੋਰ ਦਿੰਦੇ ਸਨ। ਰੂਸ ਤੋਂ ਪਰਤਣ ਪਿੱਛੋਂ ਰਾਹੁਲ ਜੀ ਉਥੋਂ ਦੀ ਵਿਵਸਥਾ ਤੋਂ ਬਹੁਤ ਸੰਤੁਸ਼ਟ ਸਨ। ਉੱਥੇ ਢਾਈ ਮਹੀਨੇ ਰਹਿਣ ਸਮੇਂ ਉਨ੍ਹਾਂ ਨੇ ਜੋ ਕੁਝ ਮਹਿਸੂਸ ਕੀਤਾ, ਉਹ ਹਿੰਦੁਸਤਾਨ ਦੇ ਲੋਕਾਂ ਲਈ ਇੱਕ ਆਦਰਸ਼ਕ ਸੁਪਨੇ ਵਾਂਗ ਸੀ, ਜਿਸ ਨੂੰ ਉਹ ਭਾਰਤ ਦੇ ਜਨ-ਜੀਵਨ ਵਿੱਚ ਪੂਰਾ ਹੁੰਦਾ ਦੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਰੂਸ ਵਿੱਚ ਦੇਖਿਆ ਕਿ ਲੋਕਾਂ ਦੀ ਆਰਥਿਕ ਅਵਸਥਾ, ਸਿੱਖਿਆ ਅਤੇ ਸੱਭਿਆਚਾਰ ਦਾ ਪੱਧਰ ਹਰ ਸਾਲ ਕੀ, ਹਰ ਮਹੀਨੇ ਉੱਚਾ ਹੁੰਦਾ ਜਾ ਰਿਹਾ ਹੈ। (ਦਿਮਾਗੀ ਗੁਲਾਮੀ, ਪੰਨਾ-49) ਇਸ ਲਈ ਉਹ ਚਾਹੁੰਦੇ ਸਨ ਕਿ ਹਿੰਦੁਸਤਾਨ ਦੇ ਮਜ਼ਦੂਰ-ਕਿਸਾਨ ਵੀ ਇਸ ਦ੍ਰਿਸ਼ਟੀ ਤੋਂ ਖੁਸ਼ਹਾਲ ਹੋਣ।

ਦੱਸਣ ਦੀ ਲੋੜ ਨਹੀਂ ਕਿ ਰਾਹੁਲ ਜੀ ਸਪੱਸ਼ਟ ਰੂਪ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਇਨਕਲਾਬੀ ਵਿਚਾਰਾਂ ਦੁਆਰਾ ਇੱਕ ਖੱਬੇ ਪੱਖੀ ਸੋਚ ਪੈਦਾ ਕਰਨਾ ਚਾਹੁੰਦੇ ਸਨ ਅਤੇ ਇਸ ਦੇ ਜ਼ਰੀਏ ਉਹ ਉਨ੍ਹਾਂ ਨੂੰ ਇਨਕਲਾਬ ਦੀ ਦਿਸ਼ਾ ਵਿੱਚ ਅੱਗੇ ਹੋਣ ਦੀ ਲੋੜ 'ਤੇ ਜ਼ੋਰ ਦੇ ਰਹੇ ਸਨ। ਬਿਹਾਰ ਦੇ ਕਿਸਾਨਾਂ ਦਾ ਅੰਦੋਲਨ ਬਹੁਤ ਦੂਰ ਤੱਕ ਰਾਹੁਲ ਅਤੇ ਕਿਸਾਨ-ਨੇਤਾ ਸਹਿਜਾਨੰਦ ਸਰਸਵਤੀ ਦੇ ਵਿਚਾਰਧਾਰਕ ਅਨੁਸ਼ਾਸਨ ਅਤੇ ਸਿੱਖਿਆ ਦੇ ਤਹਿਤ ਚੱਲਿਆ। ਜਿਹਨੀਂ ਦਿਨੀਂ ਰਾਹੁਲ ਬਿਹਾਰ ਦੇ ਕਿਸਾਨ ਅੰਦੋਲਨ ਵਿੱਚ ਸਰਗਰਮ ਸਨ, ਉਨ੍ਹਾਂ ਤੋਂ ਪਹਿਲਾਂ ਸਹਿਜਾਨੰਦ ਆਪਣੀ ਬੇਜੋੜ ਸੰਗਠਨਾਤਮਕ ਸ਼ਕਤੀ ਦੇ ਜ਼ੋਰ 'ਤੇ ਪਿੰਡ-ਪਿੰਡ ਵਿੱਚ ਕਿਸਾਨਾਂ ਨੂੰ ਇਕੱਠਾ ਕਰ ਰਹੇ ਸਨ। ਧਿਆਨ ਦੇਣ ਵਾਲੀ ਗੱਲ ਹੈ ਕਿ ਸਹਿਜਾਨੰਦ ਸਰਸਵਤੀ ਅਤੇ ਰਾਹੁਲ ਦੋਵਾਂ ਦਾ ਰਾਜਨੀਤਿਕ ਜੀਵਨ ਵਿੱਚ ਪ੍ਰਵੇਸ਼ ਲੱਗਭੱਗ ਇੱਕੋ ਜਿਹੀਆਂ ਸਥਿਤੀਆਂ ਵਿੱਚ ਹੋਇਆ ਸੀ। ਦੋਵਾਂ ਨੇ ਸ਼ੁਰੂ ਵਿੱਚ ਸਾਧੂ-ਸੰਨਿਆਸੀਆਂ ਵਾਲਾ ਜੀਵਨ ਜੀਵਿਆ ਅਤੇ ਬਾਅਦ ਵਿੱਚ ਗਾਂਧੀਵਾਦ ਤੋਂ ਵੀ ਪ੍ਰਭਾਵਿਤ ਹੋਏ, ਪਰ ਕਿਸਾਨ ਅਤੇ ਮਜ਼ਦੂਰ ਸੰਘਾਂ ਨੂੰ ਨੇੜਿਓਂ ਦੇਖਣ ਤੋਂ ਬਾਅਦ ਉਹ ਹੌਲੀ-ਹੌਲੀ ਗਾਂਧੀਵਾਦ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਖੱਬੇ ਪੱਖੀ ਵਿਚਾਰਧਾਰਾ ਨਾਲ ਜੁੜ ਗਏ। ਇਸੇ ਤਰ੍ਹਾਂ ਦੋਵੇਂ ਕਾਂਗਰਸ ਦੇ ਮੈਂਬਰ ਬਣੇ ਅਤੇ ਪਿੱਛੋਂ ਉਸ ਦੀਆਂ ਗਲਤ ਨੀਤੀਆਂ ਅਤੇ ਉਦੇਸ਼ਾਂ ਕਾਰਨ ਉਸ ਤੋਂ ਵੱਖ ਵੀ ਹੋ ਗਏ। ਰਾਹੁਲ 1922 ਵਿੱਚ ਕਾਂਗਰਸ ਸਕੱਤਰ ਬਣੇ ਅਤੇ 1939 ਤੱਕ ਆਉਂਦੇ-ਆਉਂਦੇ ਉਨ੍ਹਾਂ ਦਾ ਗਾਂਧੀਵਾਦ ਅਤੇ ਕਾਂਗਰਸ ਤੋਂ ਪੂਰੀ ਤਰ੍ਹਾਂ ਮੋਹ ਭੰਗ ਹੋ ਗਿਆ। ਅਸਲ ਵਿੱਚ ਕਾਂਗਰਸ ਸਰਕਾਰਾਂ ਬਣਨ ਤੋਂ ਪਹਿਲਾਂ ਕਿਸਾਨ ਸਭਾਵਾਂ ਕੰਮ ਕਰਨ ਲੱਗ ਪਈਆਂ ਸਨ। ਕਾਂਗਰਸ ਕਮੇਟੀਆਂ ਤੋਂ ਇਹਨਾਂ ਕਿਸਾਨ ਸਭਾਵਾਂ ਨੂੰ ਕੋਈ ਸਹਾਇਤਾ ਨਹੀਂ ਮਿਲਦੀ ਸੀ। ਉਨ੍ਹਾਂ ਦਾ ਇੱਕ ਮੁੱਖ ਕਾਰਨ ਸੀ ਕਿ ਕਾਂਗਰਸ ਵਿੱਚ ਜਿਮੀਦਾਰ ਘਰਾਣਿਆਂ ਦੇ ਲੋਕਾਂ ਦਾ ਵੀ ਪ੍ਰਵੇਸ਼ ਹੋਣਾ ਸ਼ੁਰੂ ਹੋ ਗਿਆ ਸੀ, ਜੋ ਕਿਸਾਨ ਸਭਾਵਾਂ ਦੇ ਸਾਮੰਤ ਵਿਰੋਧੀ ਰਵੱਈਏ ਤੋਂ ਨਾਖੁਸ਼ ਸਨ। ਕਾਂਗਰਸ ਕਮੇਟੀਆਂ ਦੇ ਸਾਹਮਣੇ ਵੋਟ ਦੀ ਰਾਜਨੀਤੀ ਮੁੱਖ ਸੀ, ਇਸ ਲਈ ਉਹ ਇਸ ਦੇ ਲਈ ਵੱਡੇ-ਵੱਡੇ ਵਾਅਦੇ ਵੀ ਕਰਦੀ ਸੀ। ਡਾ. ਰਾਮਵਿਲਾਸ ਸ਼ਰਮਾ ਨੇ ਅਗਸਤ 1941 ਵਿੱਚ ਲਿਖੇ ਆਪਣੇ ਇੱਕ ਲੇਖ, 'ਕਾਂਗਰਸੀ ਮੰਤਰੀ ਮੰਡਲ ਅਤੇ ਕਿਸਾਨ-ਅੰਦੋਲਨ' ਵਿਚ ਇਸ ਦੀ ਚਰਚਾ ਕਰਦੇ ਹੋਏ ਲਿਖਿਆ ਹੈ- ਬਿਹਾਰ ਕਿਸਾਨ ਸਭਾ ਦਾ ਜਨਮ ਨਵੰਬਰ 1929 ਵਿੱਚ ਹੋਇਆ ਸੀ, ਪਰ ਕਿਸਾਨ ਸਭਾਵਾਂ ਵਿੱਚ ਤੇਜ਼ੀ ਆਈ ਕਾਂਗਰਸੀ ਸਰਕਾਰਾਂ ਬਣਨ ਤੋਂ ਬਾਅਦ ਹੀ ਅਤੇ ਇਸ ਦੇ ਕਈ ਕਾਰਨ ਹੋ ਸਕਦੇ ਹਨ। ਇੱਕ ਤਾਂ ਇਹ ਕਿ ਕਿਸਾਨਾਂ ਨਾਲ ਵੱਡੇ-ਵੱਡੇ ਵਾਅਦੇ ਕਰਕੇ ਉਨ੍ਹਾਂ ਨੂੰ ਕਾਂਗਰਸ ਨੂੰ ਵੋਟ ਦੇਣ ਲਈ ਕਿਹਾ ਗਿਆ ਸੀ। ਚੋਣਾਂ ਦੇ ਸਮੇਂ ਇਸ ਗੱਲ 'ਤੇ ਕੋਈ ਜ਼ੋਰ ਨਾ ਦਿੱਤਾ ਗਿਆ ਕਿ ਵਿਧਾਨ ਸਭਾ ਦੇ ਅੰਦਰੋਂ ਕਾਂਗਰਸ ਉਹਨਾਂ ਲਈ ਗਿਣਵੇਂ-ਚੁਣਵੇਂ ਸੁਧਾਰ ਹੀ ਕਰ ਸਕਦੀ ਸੀ। ਉਸ ਸਮੇਂ ਤਾਂ ਅਜਿਹਾ ਦਿਖਾਇਆ ਗਿਆ ਕਿ ਕਾਂਗਰਸ ਦੇ ਸੱਤਾ ਵਿੱਚ ਆਉਂਦੇ ਹੀ ਉਨ੍ਹਾਂ ਦੀਆਂ ਸਾਰੀਆਂ ਬਿਪਤਾਵਾਂ ਦਾ ਅੰਤ ਹੋ ਜਾਵੇਗਾ। ਇਸ ਲਈ ਕਿਸਾਨਾਂ ਲਈ ਇਹ ਸੁਭਾਵਿਕ ਹੀ ਸੀ ਕਿ ਉਹ ਬਹੁਤ ਆਸਾਂ/ਉਮੀਦਾਂ ਤਹਿਤ ਕਾਂਗਰਸ ਦੇ ਮੰਤਰੀ ਮੰਡਲਾਂ ਨੂੰ ਬਣਦੇ ਦੇਖਦੇ। ਵੱਧ ਤੋਂ ਵੱਧ ਜੋ ਕੁਝ ਵੀ ਮੰਗਣ ਦਾ ਸਾਹਸ ਉਹ ਕਰ ਸਕਦੇ ਸੀ, ਉਨ੍ਹਾਂ ਨੇ ਕਾਂਗਰਸ ਸਰਕਾਰ ਅੱਗੇ ਰੱਖਿਆ। ਜਦੋਂ ਕਾਂਗਰਸ ਨੇ ਸੁਧਾਰ ਕਰਨ ਵਿੱਚ ਦੇਰੀ ਕੀਤੀ ਅਤੇ ਕਿਸਾਨਾਂ ਦੇ ਦੁੱਖਾਂ ਵਿੱਚ ਸੁਧਾਰ ਵੀ ਕੀਤੇ ਵੀ ਤਾਂ ਨਾ ਦੇ ਬਰਾਬਰ। ਨਾਲ ਹੀ ਕਿਸਾਨਾਂ ਤੇ ਜਿਮੀਦਾਰਾਂ ਦਾ ਅੱਤਿਆਚਾਰ ਵੀ ਵਧਿਆ ਤਾਂ ਆਪਣੇ-ਆਪ ਕਿਸਾਨ ਸਭਾਵਾਂ ਨੂੰ ਆਪਣੀਆਂ ਮੰਗਾਂ ਪੂਰੀਆਂ ਕਰਵਾਉਣ ਲਈ ਅੱਗੇ ਵਧਣਾ ਪਿਆ। (ਸਵਾਧੀਨਤਾ ਸੰਗਰਾਮ : ਬਦਲਤੇ ਪ੍ਰੀਪੇਕਸ਼, ਪੰਨਾ 43)

ਅਜਿਹੇ ਹੀ ਹਾਲਾਤ ਵਿੱਚ ਰਾਹੁਲ ਸਾਂਕਰਤਿਆਯਨ ਕਿਸਾਨ ਅੰਦੋਲਨ ਨਾਲ ਜੁੜ ਕੇ ਉਸ ਦੀ ਸਾਰੀ ਦਿਸ਼ਾ ਤੈਅ ਅਤੇ ਅਗਵਾਈ ਕਰਨ ਵਿੱਚ ਲੱਗ ਗਏ। ਇਸੇ ਸਿਲਸਿਲੇ ਵਿੱਚ 1940 ਵਿੱਚ ਉਹ ਮੋਤੀਹਾਰੀ ਵਿੱਚ ਆਯੋਜਿਤ ਕਿਸਾਨ ਅੰਦੋਲਨ ਦੇ ਪ੍ਰਧਾਨ ਬਣਾਏ ਗਏ। ਸਹਿਜਾਨੰਦ ਪਹਿਲਾਂ ਤੋਂ ਹੀ ਕਿਸਾਨ ਅੰਦੋਲਨ ਦੀ ਅਗਵਾਈ ਕਰਦੇ ਆ ਰਹੇ ਸਨ, ਇਸ ਲਈ ਉਨ੍ਹਾਂ ਨੇ ਕਈ ਵਾਰ ਇਸ ਦੇ ਸੰਮੇਲਨਾਂ ਨੂੰ ਆਪਣੀ ਪ੍ਰਧਾਨਗੀ ਨਾਲ ਨਿਵਾਜਿਆ ਸੀ।

ਬਿਹਾਰ ਵਿੱਚ ਕਿਸਾਨ ਅੰਦੋਲਨ ਦੀ ਸ਼ੁਰੂਆਤ ਬਹੁਤ ਪਹਿਲਾਂ ਹੀ ਹੋ ਚੁੱਕੀ ਸੀ ਅਤੇ ਉਸ ਦਾ ਵਿਕਾਸ ਚਾਰ ਮਾਰਚ, 1928 ਨੂੰ ਕਿਸਾਨ ਸਭਾ ਦੀ ਸਥਾਪਨਾ ਦੇ ਪਿੱਛੋਂ ਤੇਜ਼ੀ ਨਾਲ ਹੋਇਆ। ਇਸ ਲਈ ਰਾਹੁਲ ਅਤੇ ਸਹਿਜਾਨੰਦ ਦੀ ਕਿਸਾਨ-ਅੰਦੋਲਨ ਅਤੇ ਸੰਘਰਸ਼ ਵਿੱਚ ਜੋ ਭੂਮਿਕਾ ਨਜ਼ਰ ਆਉਂਦੀ ਹੈ, ਉਹ ਉਸ ਤੋਂ ਪਿੱਛੋਂ ਹੀ ਸ਼ੁਰੂ ਹੋਈ। ਸਹਿਜਾਨੰਦ 1948 ਤੱਕ ਕਾਂਗਰਸ ਦੇ ਮੈਂਬਰ ਬਣੇ ਰਹੇ, ਜਦਕਿ ਰਾਹੁਲ 1939 ਵਿੱਚ ਹੀ ਉਸ ਤੋਂ ਵੱਖ ਹੋ ਗਏ ਸੀ। ਰਾਹੁਲ ਕਿਸਾਨ ਸਭਾ ਦੀ ਮੋਤੀਹਾਰੀ ਬੈਠਕ ਦੇ ਬਾਅਦ ਹੀ ਯਾਨੀ 1940-42 ਦੇ ਦੌਰਾਨ ਜੇਲ੍ਹ 'ਚ ਭੇਜ ਦਿੱਤੇ ਗਏ, ਜਿੱਥੇ (ਹਜ਼ਾਰੀਬਾਗ ਅਤੇ ਦਿਓਲੀ ਦੀਆਂ ਜੇਲ੍ਹਾਂ ਵਿੱਚ) ਉਹ ਦੋ ਸਾਲ ਪੰਜ ਮਹੀਨੇ ਤੱਕ ਰਹੇ। ਉਸ ਸਮੇਂ ਤੋਂ ਹੀ ਰਾਹੁਲ ਕਿਸਾਨ-ਅੰਦੋਲਨਾਂ ਵਿੱਚ ਆਪਣੀ ਸਿਰਜਣਾਤਮਕ ਅਤੇ ਸੰਗਠਨਾਤਮਿਕ ਭੂਮਿਕਾ ਦੇ ਨਾਲ ਲਗਾਤਾਰ ਸਰਗਰਮ ਰਹੇ। ਹਾਲਾਂਕਿ 1931 ਦੇ ਨੇੜੇ-ਤੇੜੇ ਉਨ੍ਹਾਂ ਦੀਆਂ ਸਰਗਰਮੀਆਂ ਜ਼ਿਆਦਾ ਵਧ ਗਈਆਂ ਸਨ। ਉਸ ਸਮੇਂ ਦੀ ਉਹ ਬਿਹਾਰ ਦੇ ਛਪਰਾ, ਗਯਾ, ਮੁੰਗੇਰ ਆਦਿ ਜ਼ਿਲ੍ਹਿਆਂ ਦੇ ਮਹਾਰਾਜਗੰਜ, ਅਤਰਸਨ, ਏਕਮਾ, ਸਿੰਧਵਲੀਆ, ਛਿਤੌਲੀ, ਮਢੌਰਾ, ਹਰੀਨਗਰ, ਰਾਜਾਪੁਰ, ਸਾਸਾਮੂਸਾ, ਕੁਆੜੀ, ਕਟਯਾ, ਭੋਰੇ, ਬਸੇਆ, ਮਾਂਝੀ, ਜਯਜੋਰੀ, ਹਥੂਆ, ਅਮਵਾਰੀ ਆਦਿ ਪਿੰਡਾਂ ਵਿੱਚ ਘੁੰਮ-ਘੁੰਮ ਕੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਜਿਮੀਦਾਰਾਂ ਦੇ ਜ਼ੁਲਮ ਅਤੇ ਸ਼ੋਸ਼ਣ ਦੇ ਵਿਰੁੱਧ ਸੁਚੇਤ ਅਤੇ ਸੰਗਠਿਤ ਕਰਦੇ ਰਹੇ। ਇਸ ਮੁਹਿੰਮ ਵਿੱਚ ਰਾਹੁਲ ਦੇ ਨਾਲ ਕਾਰਿਆਨੰਦ ਸ਼ਰਮਾ, ਨਾਗਾਰੁਜਨ ਅਤੇ ਯਦੂਨੰਦਨ ਸ਼ਰਮਾ ਵੀ ਮੁੱਖ ਰੂਪ ਵਿੱਚ ਸ਼ਰੀਕ ਰਹੇ। ਇਸੇ ਕ੍ਰਮ ਵਿੱਚ ਰੈਪੂਰਾ, ਮੇਹਰਾਮ ਚੱਕ ਆਦਿ ਪਿੰਡਾਂ ਦੇ ਸੰਘਰਸ਼ਸ਼ੀਲ ਕਿਸਾਨਾਂ ਨੂੰ ਦੇਖ ਕੇ ਰਾਹੁਲ ਨੇ ਕਿਹਾ ਸੀ- ਇਨਕਲਾਬ ਤੇਰਾ ਸੁਆਗਤ ਹੈ। ਦੂਜਾ ਰਥੋੜਾ ਪਿੰਡ ਦੇ ਕਿਸਾਨਾਂ ਨੂੰ ਦੇਖ ਕੇ ਉਨ੍ਹਾਂ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ-ਕਿਸਾਨਾਂ ਵਿੱਚ ਹੁਣ ਕਮਾਲ ਦਾ ਏਕਾ ਹੋ ਗਿਆ ਸੀ। ਉਹ ਆਪਣੇ ਹੱਕਾਂ ਲਈ ਇਕਜੁੱਟ ਹੋ ਕੇ ਲੜਨ, ਜੇਲ੍ਹ ਜਾਣ ਅਤੇ ਮਰ ਜਾਣ ਲਈ ਤਿਆਰ ਸਨ। ਔਰਤਾਂ ਸਾਨੂੰ ਦੇਖ ਕੇ ਚਲੁ ਚਲੁ ਸਖੀਆ ਜੇਲ ਕੇ ਜਵੈਯਾ ਗੇ ਗਾ ਰਹੀਆਂ ਸਨ। ਦੱਸਣ ਦੀ ਲੋੜ ਨਹੀਂ ਨਾਗਾਰਜੁਨ ਨੇ ਵੀ ਆਪਣੇ ਨਾਵਲਾਂ- 'ਬਲਚਨਾਮਾ', 'ਰਤੀਨਾਥ ਦੀ ਚਾਚੀ', 'ਵਰੁਣ ਦੇ ਬੇਟੇ', 'ਬਾਬਾ ਬਟੇਸਰਨਾਥ' ਵਿੱਚ ਜੋ ਕਿਸਾਨ-ਸੰਘਰਸ਼ ਚਿਤਰਿਆ ਹੈ, ਉਸ ਦੀ ਪ੍ਰੇਰਨਾ ਇਹਨਾਂ ਕਿਸਾਨ ਅੰਦੋਲਨਾਂ ਤੋਂ ਹੀ ਮਿਲੀ ਸੀ।

ਸਮੁੱਚੇ ਕਿਸਾਨ-ਅੰਦੋਲਨ ਦੇ ਸਮੇਂ ਜਿਸ ਪਿੰਡ ਦੇ ਕਿਸਾਨ-ਸੰਘਰਸ਼ ਨੇ ਅੰਦੋਲਨ ਨੂੰ ਇੱਕ ਨਵਾਂ ਮੋੜ ਦਿੱਤਾ, ਉਹ ਸੀ ਅਮਵਾਰੀ ਦਾ ਕਿਸਾਨ ਵਿਦਰੋਹ। ਇਸ ਕਿਸਾਨ-ਸੰਘਰਸ਼ ਵਿੱਚ ਉਨ੍ਹਾਂ ਨੂੰ ਜਿਮੀਦਾਰਾਂ ਦੇ ਬੰਦਿਆਂ ਦੁਆਰਾ ਡਾਂਗਾਂ ਦੀ ਕੁੱਟ ਦੇ ਵਾਰ ਸਹਿਣੇ ਪਏ ਅਤੇ ਜੇਲ੍ਹ ਜਾਣਾ ਪਿਆ, ਜਿਸ ਦਾ ਵਿਰੋਧ ਲੋਕਾਂ, ਲੀਕਾਂ ਅਤੇ ਬੁੱਧੀਜੀਵੀਆਂ ਨੇ ਜਾਗੀਰਦਾਰੀ ਦੇ ਵਿਰੁੱਧ ਗੁੱਸਾ ਜ਼ਾਹਰ ਕਰਕੇ ਕੀਤਾ ਸੀ।

ਇਸੇ ਸੰਬੰਧ ਵਿੱਚ ਰਾਹੁਲ ਸਾਂਕਰਤਿਆਯਨ ਦਾ ਇੱਕ ਲੇਖ 'ਅਮਵਾਰੀ ਦੇ ਪੀੜਤ ਕਿਸਾਨ' ਸਿਰਲੇਖ ਹੇਠ ਪ੍ਰਕਾਸ਼ਿਤ ਹੋਇਆ ਸੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਹੈ- ਅੱਜ ਜੇਕਰ ਕਿਸੇ ਦੂਸਰੇ ਮੁਲਕ ਵਿੱਚ ਅਜਿਹੇ ਹਾਲਾਤ ਹੋਏ ਹੁੰਦੇ ਤਾਂ ਉਥੋਂ ਦੀ ਭੁੱਖਿਆਂ ਦੀ ਪਲਟਨ ਮਹਿਲਾਂ ਨੂੰ ਅੱਗ ਲਗਾ ਦਿੰਦੀ। 'ਜਨਤਾ' ਦੇ 13 ਅਪ੍ਰੈਲ, 1939 ਦੇ ਅੰਕ ਵਿੱਚ ਕਿਸਾਨ ਨੇਤਾ ਯਦੂਨੰਦਨ ਸ਼ਰਮਾ ਦਾ ਇੱਕ ਵਿਰੋਧ ਭਰਿਆ ਬਿਆਨ ਪ੍ਰਕਾਸ਼ਿਤ ਹੋਇਆ, ਜਿਸ ਵਿੱਚ ਕਿਹਾ ਗਿਆ ਕਿ ਕਿਸਾਨ-ਸਭਾਵਾਂ ਇਕ ਸੁਤੰਤਰ ਰਾਜਨੀਤਿਕ ਵਰਗ-ਸੰਘਰਸ਼ ਹੈ। ਲਾਲ ਝੰਡਾ ਸਮਾਜਿਕ ਇਨਕਲਾਬ ਅਤੇ ਸ਼ੋਸ਼ਿਤਾਂ ਦੀ ਏਕਤਾ ਦਾ ਪ੍ਰਤੀਕ ਹੈ। ਇਸੇ ਪ੍ਰਸੰਗ ਵਿੱਚ ਸਾਂਕਰਤਿਆਯਨ ਨੂੰ 'ਪਦਦਲਿਤਾਂ ਦਾ ਲੈਨਿਨ' ਵੀ ਕਿਹਾ ਗਿਆ ਹੈ।

ਉਸ ਸਮੇਂ ਰਾਹੁਲ ਜੀ ਆਪ ਵੀ 'ਕਿਸਾਨ-ਮਜ਼ਦੂਰ' ਨਾਂਅ ਹੇਠ ਇੱਕ ਪੱਤਰ ਦਾ ਪ੍ਰਕਾਸ਼ਨ ਕਰਨਾ ਚਾਹੁੰਦੇ ਸਨ, ਜਿਸ ਲਈ ਉਨ੍ਹਾਂ ਨੇ ਡਿਪਟੀ ਮੈਜਿਸਟਰੇਟ ਅੱਗੇ ਗੁਜਾਰਿਸ਼ ਵੀ ਕੀਤੀ ਸੀ, ਪਰ ਉਹ ਬਿਲਕੁਲ ਵੀ ਮਨਜ਼ੂਰ ਨਾ ਹੋਇਆ। ਇਸ ਲਈ ਉਹ 'ਜਨਤਾ' ਅਤੇ ਅਜਿਹੇ ਹੋਰ ਅਨੇਕ ਪੱਤਰ-ਪੱਤਰਕਾਵਾਂ ਵਿੱਚ ਅੰਦੋਲਨ ਨੂੰ ਅੱਗੇ ਲੈ ਜਾਣ ਵਾਲੇ ਲੇਖ ਲਿਖਦੇ ਰਹੇ।

ਇਸ ਵਿਚਾਲੇ ਰਾਹੁਲ ਜੀ ਬਿਹਾਰ ਵਿੱਚ ਚੱਲ ਰਹੇ ਵੱਖ-ਵੱਖ ਜਾਤੀਆਂ ਦੇ ਮਜ਼ਦੂਰ-ਸੰਗਠਨਾਂ ਦੀ ਬਜਾਏ ਉਨ੍ਹਾਂ ਦੀ ਸਾਂਝੇ ਸੰਗਠਨ 'ਤੇ ਜ਼ੋਰ ਦੇ ਰਹੇ ਸਨ, ਕਿਉਂਕਿ ਉਹ ਕਿਸਾਨ-ਅੰਦੋਲਨ ਨੂੰ ਵੀ ਰਾਸ਼ਟਰ ਦੀ ਮੁੱਖ ਧਾਰਾ ਨਾਲ ਜੋੜਨਾ ਚਾਹੁੰਦੇ ਸਨ, ਕਿਉਂਕਿ ਉਹ ਜਾਣਦੇ ਸਨ ਕਿ ਰਾਸ਼ਟਰੀ ਅੰਦੋਲਨਾਂ ਦੇ ਨਾਲ ਜੁੜ ਕੇ ਹੀ ਕਿਸਾਨ-ਅੰਦੋਲਨ ਵਿਸ਼ਾਲ ਬਣ ਸਕਦਾ ਹੈ। ਇਹ ਕਾਰਨ ਹੈ ਕਿ ਬਾਅਦ ਦੇ ਦਿਨਾਂ ਵਿੱਚ ਅੰਦੋਲਨ ਦਾ ਸੂਰਜ ਦੇਸ਼ ਪੱਧਰ ਦਾ ਵਿਆਪੀ ਹੋ ਗਿਆ ਸੀ। ਇਸ ਦੀ ਚਰਚਾ ਕਰਦੇ ਹੋਏ ਰਾਮ ਵਿਲਾਸ ਸ਼ਰਮਾ ਲਿਖਦੇ ਹਨ-ਬਿਹਾਰ ਦਾ ਕਿਸਾਨ-ਅੰਦੋਲਨ ਰਾਸ਼ਟਰੀ ਅੰਦੋਲਨ ਵਿੱਚ ਘੁਲ ਮਿਲ ਗਿਆ ਸੀ ਅਤੇ ਸਿੱਟਾ ਇਹ ਨਿਕਲਿਆ ਕਿ ਜਦ ਕਿਸਾਨ ਸਭਾਵਾਂ ਦੇ ਆਗੂ ਜੇਲ੍ਹ ਚਲੇ ਗਏ ਤਾਂ ਕਿਸਾਨ-ਅੰਦੋਲਨ ਆਪਣੇ ਆਪ ਬੰਦ ਹੋ ਗਿਆ। ਇਹੀ ਹਾਲ ਅਗਲੇ ਅੰਦੋਲਨ ਵਿੱਚ ਵੀ ਹੋ ਸਕਦਾ ਹੈ। ਬਿਨਾਂ ਕਿਸਾਨਾਂ ਦੇ ਰਾਸ਼ਟਰੀ ਅੰਦੋਲਨ ਦਾ ਕੋਈ ਅਰਥ ਨਹੀਂ। ਜਦੋਂ ਕੋਈ ਕੌਮੀ ਲੜਾਈ ਛਿੜੇਗੀ, ਤਦ ਕਿਸਾਨ ਕੌਮੀ ਤਾਕਤ ਨੂੰ ਵਧਾਉਣਗੇ ਅਤੇ ਉਨ੍ਹਾਂ ਦੀ ਲੜਾਈ ਇਕੱਲੀ ਅਤੇ ਵੱਖਰੀ ਨਹੀਂ ਹੋਵੇਗੀ।

ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਹੁਲ ਸਾਂਕਰਤਿਆਯਨ ਨੇ ਦਿਹਾਤੀ ਇਲਾਕਿਆਂ ਦੀਆਂ ਸਮਾਜਿਕ ਅਤੇ ਰਾਜਨੀਤਕ ਸਥਿਤੀਆਂ ਨੂੰ ਬਹੁਤ ਨੇੜਿਓਂ ਦੇਖਿਆ ਸੀ ਅਤੇ ਉਨ੍ਹਾਂ ਦਾ ਵਿਗਿਆਨਕ ਅਧਿਐਨ ਵਿਸ਼ਲੇਸ਼ਣ ਕੀਤਾ ਸੀ, ਜਿਸ ਲਈ ਵਰਤਮਾਨ ਪ੍ਰਸੰਗ ਵਿੱਚ ਰਾਹੁਲ ਸਾਂਕਰਤਿਆਯਨ ਦੀ ਪ੍ਰਸੰਗਿਕਤਾ ਹੋਰ ਵਧੇਰੇ ਵਧ ਗਈ ਹੈ।